Thinking Real Estate?
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage
MLS

BIG BAZAAR
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet
Mon to Sat. 11am to 3pm
Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455
Raj Shergill
rajsshergill@yahoo.com
Associate Broker

Twenty First Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 49, December 5, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਕਿਸਾਨ ਘੋਲ ਸਿਖਰ ਵੱਲ ਵਧਿਆ

## ਦਿੱਲੀ ਦੀ ਚੁਫੇਰਿਉਂ ਘੇਰਾਬੰਦੀ ਵਾਲਾ ਮਾਹੌਲ; ਮੋਦੀ ਸਰਕਾਰ ਦੀ ਅੜੀ ਕਾਇਮ

**ਚੰਡੀਗੜ੍ਹ:** ਮੋਦੀ ਸਰਕਾਰ ਦੀ ਅੜੀ ਕਾਰਨ ਖੇਤੀ ਕਾਨੂੰਨਾਂ ਖਿਲਾਫ ਉਠੀ ਰੋਹ ਦੀ ਲਹਿਰ ਸਿਖਰ ਤੱਕ ਪਹੁੰਚ ਗਈ ਹੈ। ਪੰਜਾਬ ਤੋਂ ਸ਼ੁਰੂ ਹੋਇਆ ਸੰਘਰਸ਼ ਹੁਣ ਦਿੱਲੀ ਦੀਆਂ ਬਰੂਹਾਂ ਉਤੇ ਹੈ ਅਤੇ ਗੱਲ ਹੁਣ ਆਰ-ਪਾਰ ਦੀ ਲੜਾਈ ਦੀ ਹੋ ਰਹੀ ਹੈ। ਦਿੱਲੀ ਦੀ ਚੁਫੇਰਿਉਂ ਘੇਰਾਬੰਦੀ ਹੋ ਗਈ ਹੈ। ਇਸ ਸਮੇਂ ਹਾਲਾਤ ਇਹ ਹਨ ਕਿ ਕਿਸਾਨ ਪੱਖੀ ਮਾਹੌਲ ਵੇਖ ਮੋਦੀ ਸਰਕਾਰ ਘਬਰਾ ਰਹੀ ਹੈ ਤੇ ਕਿਸਾਨਾਂ ਨੂੰ ਗੱਲਬਾਤ ਰਾਹੀਂ ਨਿਬੇੜੇ ਲਈ ਹਾਕਾਂ ਵੀ ਮਾਰ ਰਹੀ ਹੈ ਪਰ ਜਦੋਂ ਗੱਲ ਟੇਬਲ ਉਤੇ ਆਉਂਦੀ ਹੈ ਤਾਂ ਕਿਸਾਨ ਆਗੂਆਂ ਦੀ ਗੱਲ ਸੁਣਨ ਦੀ ਥਾਂ ਇਹ ਸਾਬਤ ਕਰਨ ਉਤੇ ਜ਼ੋਰ ਲੱਗ ਜਾਂਦਾ ਹੈ ਕਿ ਇਹ ਕਾਨੂੰਨ ਕਿਸਾਨਾਂ ਦੇ ਭਲੇ ਲਈ ਹਨ ਤੇ ਇਨ੍ਹਾਂ ਵਿਚ ਕੋਈ ਖਾਮੀ ਹੈ ਹੀ ਨਹੀਂ। ਮੋਦੀ ਦੇ ਕੁਝ ਮੰਤਰੀਆਂ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਵਿਚਾਲੇ ਹੋਈ ਤਾਜ਼ਾ ਮੀਟਿੰਗ ਵਿਚ ਵੀ ਇਹੀ ਹੋਇਆ ਹੈ ਤੇ ਗੱਲਬਾਤ ਬੇਸਿੱਟਾ ਰਹੀ ਹੈ।



ਅਸਲ ਵਿਚ, ਕੇਂਦਰ ਸਰਕਾਰ ਹੁਣ ਹਰ ਹਾਲ ਵਿਚ ਕਿਸਾਨਾਂ ਨੂੰ ਟਾਲ ਕੇ ਘਰੋ-ਘਰੀ ਤੋਰਨ ਉਤੇ ਜ਼ੋਰ ਲਾ ਰਹੀ ਹੈ। ਸਰਕਾਰ ਮਸਲੇ ਦੇ ਨਿਬੇੜੇ ਲਈ ਕਮੇਟੀ ਬਣਾਉਣ ਦੀ ਗੱਲ ਕਰ ਰਹੀ ਹੈ ਜਿਸ ਵਿਚ 4 ਤੋਂ 5 ਬੰਦੇ ਕਿਸਾਨ ਧਿਰਾਂ ਅਤੇ ਬਾਕੀ ਸਰਕਾਰੀ ਨੁਮਾਇੰਦੇ ਹੋਣ। ਕਿਸਾਨ ਆਗੂਆਂ ਦਾ ਖਦਸ਼ਾ ਹੈ ਕਿ ਇਹ ਸਿਰਫ ਸੰਘਰਸ਼ ਨੂੰ ਟਾਲਣ ਦੀ ਚਾਲ ਹੈ। ਕਿਸਾਨ ਆਗੂਆਂ ਦਾ ਤਰਕ ਹੈ ਕਿ ਖੇਤੀ ਕਾਨੂੰਨ ਕਿਸਾਨ ਮਾਰੂ ਹਨ ਤੇ ਇਸ ਬਾਰੇ ਹੁਣ ਕਿਸੇ ਧਿਰ ਨੂੰ ਭੁਲੇਖਾ ਨਹੀਂ ਰਹਿ ਗਿਆ, ਗੱਲ ਅਜਿਹੇ ਕਾਨੂੰਨਾਂ ਨੂੰ ਰੱਦ ਕਰਨ ਦੀ ਹੋ ਰਹੀ ਹੈ ਪਰ ਮੋਦੀ ਸਰਕਾਰ ਗੱਲਬਾਤ ਰਾਹੀਂ ਨਿਬੇੜੇ ਦੀ ਥਾਂ ਹਰ ਵਾਰ ਇਨ੍ਹਾਂ ਦੇ ਫਾਇਦੇ ਗਿਣਵਾ ਕੇ ਤੋਰ ਦਿੰਦੀ ਹੈ।

ਅਸਲ ਵਿਚ, ਮੋਦੀ ਸਰਕਾਰ ਨੂੰ ਹੁਣ ਇਹ ਸਾਫ ਜਾਪਣ ਲੱਗਾ ਹੈ ਕਿ ਹਾਲਾਤ ਵੱਸੋਂ ਬਾਹਰ ਹੋ ਰਹੇ ਹਨ। ਇਸ ਸਮੇਂ ਮੋਦੀ ਸਰਕਾਰ ਦੀ ਹਾਲਤ ਇਹ ਹੈ ਕਿ ਉਸ ਦੇ ਭਾਈਵਾਲ ਮੂੰਹ ਫੇਰਨ ਦੇ ਇਸ਼ਾਰੇ ਕਰ ਰਹੇ ਹਨ। ਹਰਿਆਣਾ ਵਿਚ ਕਈ ਆਜ਼ਾਦ ਵਿਧਾਇਕ ਸੋਮਵੀਰ ਸਾਂਗਵਾਨ ਜਿਨ੍ਹਾਂ ਨੇ ਭਾਜਪਾ ਦੀ ਖੱਟਰ ਸਰਕਾਰ ਨੂੰ ਸਮਰਥਨ ਦਿੱਤਾ ਸੀ, ਪਿੱਛੇ ਹਟ ਗਏ ਹਨ। ਮੁੱਖ ਭਾਈਵਾਲ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਵੀ ਭਾਜਪਾ ਨੂੰ ਸਮੇਂ ਦੇ ਹਿਸਾਬ ਨਾਲ ਚੱਲਣ ਦੇ ਡਰਾਵੇ ਦੇਣ ਲੱਗੀ ਹਨ। ਬਿਹਾਰ ਵਿਚ ਭਾਈਵਾਲੀ ਵਾਲੀ ਨਵੀਂ ਸਰਕਾਰ ਵਿਚ ਵੀ ਹਿਲਜੁਲ ਦੇ ਸੰਕੇਤ ਮਿਲ ਰਹੇ ਹਨ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਭਾਜਪਾ ਹਕੂਮਤ ਸਿਆਸੀ ਨਫਾ-ਨੁਕਸਾਨ ਵੇਖ ਮਸਲੇ ਦੇ ਛੇਤੀ ਨਿਬੇੜੇ ਲਈ ਤਾਂ ਕੋਸ਼ਿਸ਼ਾਂ ਕਰ ਰਹੀ ਹੈ ਪਰ ਉਸ ਨੂੰ ਆਪਣੀ ਅੜੀ ਟੁੱਟਣ ਦਾ ਵੀ ਝੋਰਾ ਹੈ। ਅਸਲ ਵਿਚ, ਪਿਛਲੇ ਕੁਝ ਸਮੇਂ ਵਿਚ ਭਾਜਪਾ ਦੇ ਹਰ ਫੈਸਲੇ- ਨੋਟਬੰਦੀ, ਜੀ.ਐਸ.ਟੀ., ਨਾਗਰਿਕਤਾ ਕਾਨੂੰਨ, ਜੰਮੂ ਕਸ਼ਮੀਰ ਵਿਚੋਂ ਧਾਰਾ 370 ਨੂੰ ਮਨਸੂਖ ਕਰਨ ਖਿਲਾਫ ਵੱਡੀ ਲਹਿਰ ਉਠੀ ਹੈ ਪਰ ਕੇਂਦਰੀ ਹਕੂਮਤ ਹਰ ਵਾਰ ਡੰਡੇ ਦੇ ਜ਼ੋਰ ਉਤੇ ਇਸ ਨੂੰ ਦਬਾਉਣ ਵਿਚ ਸਫਲ ਰਹੀ ਹੈ, ਤੇ ਇਸ ਵਾਰ ਵੀ ਕੋਸ਼ਿਸ਼ ਇਹੀ ਹੈ ਪਰ ਹੁਣ ਹਾਲਾਤ ਕੁਝ ਵੱਖਰੇ ਹਨ।

ਇਨ੍ਹਾਂ ਕਾਨੂੰਨਾਂ ਦੇ ਵਿਰੋਧ ਵਿਚ ਸ਼ੁਰੂ ਹੋਇਆ ਅੰਦੋਲਨ ਦਿਨ-ਪ੍ਰਤੀਦਿਨ ਗੰਭੀਰ ਰੂਪ ਧਾਰ ਰਿਹਾ ਹੈ। ਖੇਤੀ ਕਾਨੂੰਨਾਂ ਤੋਂ ਬਾਅਦ ਪਿਛਲੇ ਦੋ ਮਹੀਨਿਆਂ ਤੋਂ ਪੰਜਾਬ ਤੇ ਹਰਿਆਣਾ ਵਿਚ ਕਿਸਾਨ ਵਰਗ ਅੰਦਰ ਵੱਡੀ ਚਿੰਤਾ ਤੇ ਬੇਚੈਨੀ ਪੈਦਾ ਹੋਈ ਹੈ। ਬਹੁਤੀਆਂ ਸਿਆਸੀ ਪਾਰਟੀਆਂ ਵੀ ਇਸ ਕਿਸਾਨੀ ਘੋਲ ਨਾਲ ਆ ਖੜ੍ਹੀਆਂ ਹੋਈਆਂ ਹਨ। ਉਹ ਆਪੋ-ਆਪਣੇ ਢੰਗ ਨਾਲ ਇਸ ਦੀ ਹਮਾਇਤ ਕਰ ਰਹੀਆਂ ਹਨ।

ਉਧਰ, ਕਿਸਾਨ ਜਥੇਬੰਦੀਆਂ ਦੀਆਂ ਕੇਂਦਰ ਨਾਲ ਮੀਟਿੰਗਾਂ ਵੀ ਕੋਈ ਸਾਰਥਿਕ ਨਤੀਜੇ ਨਹੀਂ ਕੱਢ ਸਕੀਆਂ। ਮੋਦੀ ਸਰਕਾਰ ਨੇ ਵੀ ਆਪਣੀ ਤੈਅਸ਼ੁਦਾ ਨੀਤੀ ਅਨੁਸਾਰ ਮੋੜ ਕੱਟਣ ਦਾ ਯਤਨ ਨਹੀਂ ਕੀਤਾ। ਇਸ ਦੀ ਬਜਾਏ ਲਗਭਗ ਸਾਰੇ ਹੀ ਸਰਕਾਰੀ ਬੁਲਾਰੇ ਇਨ੍ਹਾਂ ਕਾਨੂੰਨਾਂ ਦੀ ਹਮਾਇਤ ਵਿਚ ਖੜ੍ਹੇ ਦਿਖਾਈ ਦਿੰਦੇ ਹਨ। ਭਾਰਤੀ ਜਨਤਾ ਪਾਰਟੀ ਇਨ੍ਹਾਂ ਸੂਬਿਆਂ ਵਿਚ ਬਚਾਅ ਦੀ ਰਾਜਨੀਤੀ 'ਤੇ ਆ ਖੜ੍ਹੀ ਹੋਈ ਹੈ। ਅਜਿਹੇ ਮਾਹੌਲ ਵਿਚ

*(ਬਾਕੀ ਸਫਾ 6 ਉਤੇ)*

## ਭਾਜਪਾ ਹਕੂਮਤ ਵਾਲੇ ਸੂਬੇ ਵੀ ਨਵੇਂ ਕਾਨੂੰਨਾਂ ਤੋਂ ਹੱਥ ਖੜ੍ਹੇ ਕਰਨ ਲੱਗੇ

**ਚੰਡੀਗੜ੍ਹ:** ਮੋਦੀ ਸਰਕਾਰ, ਇਸ ਦੇ ਕੁਝ ਭਾਈਵਾਲ ਤੇ ਸਰਕਾਰੀ ਤੰਤਰ ਭਾਵੇਂ ਇਹ ਸਾਬਤ ਕਰਨ ਉਤੇ ਪੂਰਾ ਟਿੱਲ ਲਾ ਰਿਹਾ ਹੈ ਕਿ ਖੇਤੀ ਕਾਨੂੰਨ ਕਿਸਾਨਾਂ ਲਈ ਲਾਹੇਵੰਦ ਹਨ, ਪਰ ਹੁਣ ਜਦੋਂ ਕਾਨੂੰਨਾਂ ਨੂੰ ਲਾਗੂ ਕਰਨ ਦਾ ਸਮਾਂ ਆਇਆ ਹੈ ਤਾਂ ਭਾਜਪਾ ਹਕੂਮਤ ਵਾਲੇ ਸੂਬੇ ਵੀ ਮੂੰਹ ਫੇਰਨ ਲੱਗੇ ਹਨ। ਇਸ ਦੀ ਤਾਜ਼ਾ ਮਿਸਾਲ ਹਰਿਆਣਾ ਦੀ ਮਨੋਹਰ ਲਾਲ ਖੱਟਰ ਸਰਕਾਰ ਨੇ ਪੇਸ਼ ਕੀਤੀ ਹੈ। ਖੱਟਰ ਸਰਕਾਰ ਨੇ ਖੇਤੀ ਕਾਨੂੰਨਾਂ ਨੂੰ ਵੰਗਾਰਦੇ ਹੋਏ ਐਲਾਨ ਕਰ ਦਿੱਤਾ ਹੈ ਕਿ ਉਹ ਰਾਜਸਥਾਨ ਤੋਂ ਆਏ ਬਾਜਰੇ ਦੀ ਫਸਲ ਦੀ ਖਰੀਦ ਆਪਣੇ ਸੂਬੇ ਦੀਆਂ ਮੰਡੀਆਂ ਵਿਚ ਨਹੀਂ ਹੋਣ ਦੇਵੇਗੀ, ਜਦ ਕਿ ਖੇਤੀ ਕਾਨੂੰਨਾਂ ਵਿਚ ਸਾਫ ਲਿਖਿਆ ਹੈ ਕਿ ਕਿਸੇ ਵੀ ਸੂਬੇ ਦੇ ਕਿਸਾਨ ਕਿਤੇ ਵੀ ਜਾ ਕੇ ਆਪਣੀ ਫਸਲ ਵੇਚ ਸਕਦੇ ਹਨ। ਖੱਟਰ ਦੀ ਅੜੀ ਤੋਂ ਬਾਅਦ ਦੋਵਾਂ ਸੂਬਿਆਂ ਦੀਆਂ ਸਰਕਾਰਾਂ ਆਹਮੋ-ਸਾਹਮਣੇ ਹੋ ਗਈਆਂ ਹਨ। ਯਾਦ ਰਹੇ ਕਿ ਪਿਛਲੇ ਦਿਨੀਂ ਝੋਨੇ ਦੇ ਸੀਜ਼ਨ ਵਿਚ ਪੰਜਾਬ ਵਿਚ ਵੀ ਬਾਹਰਲੇ ਸੂਬਿਆਂ ਤੋਂ ਫਸਲ ਆਉਣ ਦਾ ਰੌਲਾ ਪਿਆ ਸੀ। ਪੰਜਾਬ ਦੇ ਕਿਸਾਨਾਂ ਨੇ ਵੱਡੀ ਗਿਣਤੀ ਝੋਨੇ ਦੇ ਟਰੱਕ ਕਾਬੂ ਕਰ ਕੇ ਪੁਲਿਸ ਹਵਾਲੇ ਕੀਤੇ ਸਨ ਤੇ ਸਰਕਾਰ ਨੂੰ ਸਮੇਂ ਤੋਂ ਪਹਿਲਾਂ ਹੀ ਝੋਨੇ ਦੀ ਖਰੀਦ ਬੰਦ ਕਰਨੀ ਪਈ ਸੀ। ਹੁਣ ਇਹ ਤੈਅ ਹੈ ਕਿ ਨਵੇਂ ਕਾਨੂੰਨ ਸੂਬਿਆਂ ਵਿਚ ਟਕਰਾਅ ਵਾਲਾ ਮਾਹੌਲ ਪੈਦਾ ਕਰਨਗੇ।

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

WorldWide Travel, Inc
ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ
ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details

REGAL'S KLUB
The Outlet Store
Find Us On
Etsy
www.RegalsKlub.com
ਸਭ ਤੋਂ ਪਹਿਲਾ ਸੋਨੇ ਦਾ ਔਨਲਾਈਨ ਆਊਟਲੈਟ ਸਟੋਰ
ਘੱਟ ਕੀਮਤ • ਜ਼ਿਆਦਾ ਸੋਨਾ • ਮੁਫ਼ਤ ਡਲਿਵਰੀ
First Ever Gold Online Outlet Store
Low Price • More Gold • Free Delivery
RAJVEER SINGH GILL
ਰਾਜਵੀਰ ਸਿੰਘ ਗਿੱਲ
REGALSKLUB@GMAIL.COM
847·907·1525

# ਕਿਸਾਨ ਕਾਫਲਿਆਂ ਨੇ ਦਿੱਲੀ ਨੂੰ ਪਾਇਆ ਚੁਫੇਰਿਉਂ ਘੇਰਾ

**ਚੰਡੀਗੜ੍ਹ:** ਕਿਸਾਨ ਕਾਫਲਿਆਂ ਨੇ ਪੰਜਾਬ ਤੇ ਹਰਿਆਣਾ ਦੀਆਂ ਸਰਕਾਰੀ ਰੋਕਾਂ ਤੋੜ ਕੇ ਅੱਗੇ ਵਧਦੇ ਹੋਏ ਦਿੱਲੀ ਘੇਰ ਲਈ ਹੈ। ਹਜ਼ਾਰਾਂ ਦੀ ਗਿਣਤੀ 'ਚ ਟਰਾਲੀਆਂ ਤੇ ਹੋਰ ਵਾਹਨਾਂ ਰਾਹੀਂ ਪੁੱਜੇ ਕਿਸਾਨਾਂ ਨੇ ਦਿੱਲੀ ਹਾਈਵੇ ਉਪਰ ਸਿੰਘੂ ਬਾਰਡਰ, ਰੋਹਤਕ, ਦਿੱਲੀ ਰੋਡ ਅਤੇ ਟਿਕਰੀ



ਬਾਰਡਰ ਉਪਰ ਮੁਕੰਮਲ ਜਾਮ ਲਗਾ ਕੇ ਦਿੱਲੀ ਦੀ ਘੇਰਾਬੰਦੀ ਕੀਤੀ ਹੈ। ਇਸ ਕਰਕੇ ਦਿੱਲੀ ਨੂੰ ਆਉਣ-ਜਾਣ ਵਾਲੀ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਕੇ ਰਹਿ ਗਈ ਹੈ ਤੇ ਵਾਹਨਾਂ ਦੀਆਂ ਮੀਲਾਂ ਲੰਮੀਆਂ ਕਤਾਰਾਂ ਲੱਗ ਗਈਆਂ ਹਨ। ਮੋਦੀ ਸਰਕਾਰ ਵਲੋਂ ਦਿੱਲੀ ਹਾਈਵੇ ਉਪਰ ਅੰਨ੍ਹੇਵਾਹ ਹੰਝੂ ਗੈਸ ਤੇ ਪਾਣੀਆਂ ਦੀਆਂ ਬੁਛਾੜਾਂ ਨਾਲ ਕਿਸਾਨਾਂ ਦਾ ਸਵਾਗਤ ਕਰਨ ਬਾਅਦ ਜਦ ਕਿਸਾਨਾਂ ਦੇ ਹੌਸਲੇ ਬੁਲੰਦ ਰਹੇ ਤੇ ਉਹ ਭਾਰੀ ਰੋਕਾਂ ਤੋੜ ਕੇ ਦਿੱਲੀ ਵੱਲ ਵਧਣ ਲਈ ਤਤਪਰ ਹੋਏ ਤਾਂ ਸਰਕਾਰ ਵਲੋਂ ਕਿਸਾਨਾਂ ਨੂੰ ਲਾਂਘਾ ਦੇਣ ਤੇ ਬੁਰਾੜੀ (ਰਿੰਗ ਰੋਡ ਦਿੱਲੀ) ਨਿਰੰਕਾਰੀ ਮੈਦਾਨ 'ਚ ਇਕੱਤਰ ਹੋਣ ਦੀ ਪੇਸ਼ਕਸ਼ ਕੀਤੀ ਪਰ 30 ਕਿਸਾਨ ਜਥੇਬੰਦੀਆਂ ਤੇ ਬੀ.ਕੇ.ਯੂ. (ਉਗਰਾਹਾਂ) ਨੇ ਬੁਰਾੜੀ ਜਾਣ ਤੋਂ ਇਨਕਾਰ ਕਰਕੇ ਦਿੱਲੀ ਹਾਈਵੇ, ਰੋਹਤਕ-ਦਿੱਲੀ ਰੋਡ 'ਤੇ ਟਿਕਰੀ ਬਾਰਡਰ ਉੱਪਰ ਧਰਨੇ ਮਾਰ ਦਿੱਲੀ ਨੂੰ ਘੇਰਾ ਪਾ ਲਿਆ।

ਉਤਰ ਪ੍ਰਦੇਸ਼ ਦੇ ਕਈ ਕਿਸਾਨ ਸੰਗਠਨ ਨਵੇਂ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਦੇ ਅੰਦੋਲਨ ਦੇ ਸਮਰਥਨ 'ਚ ਦਿੱਲੀ-ਗਾਜੀਪੁਰ ਬਾਰਡਰ ਉਤੇ ਇਕੱਠੇ ਹੋ ਗਏ। ਪੰਜਾਬ ਵਿਚ ਕਿਸਾਨ ਅੰਦੋਲਨ ਦੀ ਚੜ੍ਹਤ ਕਾਰਨ ਭਾਰਤੀ ਜਨਤਾ ਪਾਰਟੀ ਤੋਂ ਸਿਵਾਏ ਸਾਰੀਆਂ ਪਾਰਟੀਆਂ ਨੂੰ ਕਿਸਾਨਾਂ ਦੇ ਹੱਕ ਵਿਚ ਸਿਆਸੀ ਪੈਂਤੜੇ ਲੈਣੇ ਪਏ ਹਨ। ਦੂਸਰੇ ਸੂਬਿਆਂ ਦੇ ਕਿਸਾਨ ਵੀ ਇਸ ਅੰਦੋਲਨ ਵਿਚ ਸ਼ਾਮਲ ਹੋ ਰਹੇ ਹਨ ਅਤੇ ਇਹ ਜਾਗਰੂਕਤਾ ਫੈਲ ਰਹੀ ਹੈ।

ਹਰਿਆਣਾ ਅਤੇ ਪੰਜਾਬ ਦੇ ਕਿਸਾਨ ਜਥੇ ਸਭ ਬੈਰੀਕੇਡ ਤੋੜਦੇ ਹੋਏ ਦਿੱਲੀ ਅਤੇ ਹੱਦ ਉਤੇ ਜਾ ਪਹੁੰਚੇ। ਇਸ ਵਿਚ ਹਰਿਆਣੇ ਦੇ ਕਿਸਾਨਾਂ ਨੇ ਮੋਹਰੀ ਭੂਮਿਕਾ ਨਿਭਾਈ ਜਦੋਂਕਿ ਪੰਜਾਬ ਦੇ ਕਿਸਾਨ ਹਰਿਆਣਾ ਪੁਲਿਸ ਵੱਲੋਂ ਪੰਜਾਬ-ਹਰਿਆਣਾ ਹੱਦ ਉਤੇ ਲਗਾਏ ਗਏ ਬੈਰੀਕੇਡਾਂ ਨੂੰ ਤੋੜ ਕੇ ਹਰਿਆਣਾ ਦੇ ਕਿਸਾਨਾਂ ਨਾਲ ਜਾ ਮਿਲੇ। ਦੋਹਾਂ ਸੂਬਿਆਂ ਦੇ ਕਿਸਾਨਾਂ ਦੀ ਇਕ-ਦੂਜੇ ਪ੍ਰਤੀ ਦਿਖਾਈ ਸਮਝ ਅਤੇ ਐਕਸ਼ਨ ਦੀ ਸਾਂਝ ਇਤਿਹਾਸਕ ਹੈ।

ਇਸ ਤੋਂ ਬਾਅਦ ਸਭ ਤੋਂ ਵੱਡੇ ਟਕਰਾਅ ਜੀਟੀ ਰੋਡ ਅਤੇ ਹਰਿਆਣਾ ਤੇ ਦਿੱਲੀ ਵਿਚਲੀ ਹੱਦ ਸਿੰਘੂ ਬਾਰਡਰ ਅਤੇ ਬਹਾਦਰ-ਟਿੱਕਰੀ ਬਾਰਡਰ ਉੱਤੇ ਹੋਏ। ਪਹਿਲਾਂ ਕਿਸਾਨਾਂ ਨੇ ਕਰਨਾਲ ਅਤੇ ਸਮਾਲਖਾ 'ਚ ਲੱਗੇ ਬੈਰੀਕੇਡਾਂ ਨੂੰ ਹਟਾਇਆ। ਪੰਜਾਬ ਤੋਂ ਬਹੁਤ ਵੱਡੀ ਗਿਣਤੀ ਵਿਚ ਪੁੱਜੇ ਕਿਸਾਨਾਂ ਨੇ ਦਿੱਲੀ ਅਤੇ ਸੋਨੀਪਤ ਵਿਚਕਾਰਲੇ ਸ਼ੰਭੂ ਬਾਰਡਰ ਉੱਤੇ ਹਰਿਆਣਾ ਦੇ ਕਿਸਾਨਾਂ ਨਾਲ ਮਿਲ ਕੇ ਵੱਡਾ ਹੰਭਲਾ ਮਾਰਿਆ। ਵੱਡੇ ਟਕਰਾਓ ਦੌਰਾਨ ਕਿਸਾਨ ਪੁਲਿਸ ਦੀਆਂ ਪਾਣੀ ਦੀਆਂ ਬੁਛਾੜਾਂ ਅਤੇ ਅੱਥਰੂ ਗੈਸ ਦਾ ਸਾਹਮਣਾ ਕਰਦੇ ਹੋਏ ਵੀ ਸ਼ਾਂਤਮਈ ਰਹੇ। ਕੇਂਦਰ ਸਰਕਾਰ ਅਤੇ ਦਿੱਲੀ ਪੁਲਿਸ ਨੂੰ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦੇ ਵੇਗ ਅਤੇ ਦ੍ਰਿੜ੍ਹਤਾ ਸਾਹਮਣੇ ਝੁਕਣਾ ਪਿਆ ਅਤੇ ਉਨ੍ਹਾਂ ਨੇ ਕਿਸਾਨਾਂ ਦੀ ਦਿੱਲੀ ਪ੍ਰਵੇਸ਼ ਕਰਨ ਦੀ ਮੰਗ ਨੂੰ ਮੰਨ ਲਿਆ। ਇਹ ਕਿਸਾਨਾਂ ਦੀ ਪਹਿਲੀ ਵੱਡੀ ਜਿੱਤ ਹੈ।

ਪੁਲਿਸ ਅਤੇ ਕਿਸਾਨਾਂ ਦਰਮਿਆਨ ਸਭ ਤੋਂ ਜ਼ਿਆਦਾ ਟਕਰਾਅ ਸ਼ੰਭੂ ਸਰਹੱਦ ਅਤੇ ਕਰਨਾਲ ਵਿਖੇ ਹੋਇਆ। ਸ਼ੰਭੂ ਤੋਂ ਬਾਅਦ ਕਿਸਾਨਾਂ ਨੇ ਜੱਦੋਜ਼ਹਿਦ ਮਗਰੋਂ ਕਰਨਾਲ ਮੋਰਚਾ ਵੀ ਫਤਹਿ ਕਰ ਲਿਆ। ਸ਼ੰਭੂ ਸਰਹੱਦ ਉਤੇ ਪੁਲਿਸ ਨੇ ਕਿਸਾਨਾਂ ਨੂੰ ਅੱਗੇ ਵੱਧਣ ਤੋਂ ਰੋਕਣ ਲਈ ਜਲ ਤੋਪਾਂ ਦੇ ਮੂੰਹ ਖੋਲ੍ਹ ਦਿੱਤੇ ਅਤੇ ਅੱਥਰੂ ਗੈਸ ਦੇ ਗੋਲਿਆਂ ਦਾ ਵੀ ਮੀਂਹ ਵਰ੍ਹਾਇਆ। ਕਿਸਾਨਾਂ ਨੇ ਪੁਲਿਸ ਦੇ ਇਨ੍ਹਾਂ ਹਮਲਿਆਂ ਦੀ ਪ੍ਰਵਾਹ ਨਾ ਕੀਤੀ ਅਤੇ ਪੁਲਿਸ ਰੋਕਾਂ ਹਟਾਉਣ ਦਾ ਕੰਮ ਜਾਰੀ ਰੱਖਿਆ। ਦੇਖਦਿਆਂ ਹੀ ਦੇਖਦਿਆਂ ਕਿਸਾਨਾਂ ਨੇ ਪੁਲਿਸ ਦੇ ਬੈਰੀਕੇਡ ਘੱਗਰ ਦਰਿਆ ਵਿਚ ਸੁੱਟ ਦਿੱਤੇ ਅਤੇ ਰਾਹ ਰੋਕਣ ਲਈ ਖੜ੍ਹੇ ਕੀਤੇ ਵਾਹਨ ਵੀ ਹਟਾ ਦਿੱਤੇ। ਇਸ ਤੋਂ ਬਾਅਦ ਕਿਸਾਨਾਂ ਦੇ ਕਾਫਲੇ ਦਿੱਲੀ ਵੱਲ ਵਧਣੇ ਸ਼ੁਰੂ ਹੋਏ ਅਤੇ ਫਿਰ ਕਤਾਰਾਂ ਦੇ ਰੂਪ ਵਿਚ ਟਰੈਕਟਰ-ਟਰਾਲੀਆਂ ਅਤੇ ਨਿੱਜੀ ਵਾਹਨਾਂ ਉਤੇ ਸਵਾਰ ਕਿਸਾਨਾਂ ਨੇ ਦਿੱਲੀ ਵੱਲ ਨੂੰ ਮੂੰਹ ਸਿੱਧੇ ਕਰ ਲਏ। ਹਰਿਆਣਾ ਸਰਕਾਰ ਦੀਆਂ ਹਦਾਇਤਾਂ ਉਤੇ ਪੁਲਿਸ ਨੇ ਸੜਕਾਂ 'ਤੇ ਮਿੱਟੀ ਦੇ ਵੱਡੇ ਢੇਰ, ਬੈਰੀਕੇਡ, ਪੱਥਰ ਅਤੇ ਵਾਹਨ ਖੜ੍ਹੇ ਕੀਤੇ ਹੋਏ ਸਨ। ਕੌਮੀ ਸ਼ਾਹਰਾਹ 'ਤੇ ਦਿਨ ਚੜ੍ਹਦਿਆਂ ਹੀ ਸ਼ੰਭੂ ਸਰਹੱਦ ਉਤੇ ਸਭ ਤੋਂ ਪਹਿਲਾਂ ਕਿਸਾਨਾਂ ਅਤੇ ਪੁਲਿਸ ਦਰਮਿਆਨ ਮਾਮੂਲੀ ਟਕਰਾਅ ਦੀਆਂ ਰਿਪੋਰਟਾਂ ਆਉਣ ਲੱਗ ਪਈਆਂ ਸਨ। ਉਸ ਤੋਂ ਬਾਅਦ ਰਤੀਆ, ਖਨੌਰੀ, ਸਰਦੂਲਗੜ੍ਹ ਆਦਿ ਥਾਵਾਂ ਉਤੇ ਰੋਕਾਂ ਨੂੰ ਵੀ ਕਿਸਾਨਾਂ ਨੇ ਹਟਾ ਦਿੱਤਾ ਤਾਂ ਕਿਸਾਨਾਂ ਦੇ ਹੌਸਲੇ ਵੱਧ ਗਏ। ਪੁਲਿਸ ਹੋਰ ਥਾਵਾਂ ਤੋਂ ਜਦੋਂ ਪਿਛਾਂਹ ਹਟਦੀ ਗਈ ਤਾਂ ਕਿਸਾਨ ਅਗਾਂਹ ਵਧਣ ਲੱਗੇ। ਹਰਿਆਣਾ ਦੇ ਕਿਸਾਨਾਂ ਨੇ ਵੀ ਪੰਜਾਬ ਦੇ ਕਿਸਾਨਾਂ ਦਾ ਸਵਾਗਤ ਕੀਤਾ ਅਤੇ ਰਸਤੇ ਖੋਲ੍ਹਣ 'ਚ ਭੂਮਿਕਾ ਨਿਭਾਈ। ਪੰਜਾਬ ਤੋਂ ਤੁਰੇ ਕਿਸਾਨਾਂ ਦੇ ਵੱਡੇ ਕਾਫਲਿਆਂ ਵਿਚ ਕਿਸਾਨਾਂ ਨੇ ਟੈਂਟ-ਤਰਪਾਲਾਂ ਅਤੇ ਲੰਮੇ ਸੰਘਰਸ਼ ਲਈ ਖਾਣੇ ਆਦਿ ਦਾ ਬਾਕਾਇਦਾ ਪ੍ਰਬੰਧ ਕੀਤਾ ਹੋਇਆ ਹੈ।

## ਕਿਸਾਨ ਬੀਬੀਆਂ ਨੇ ਸੰਭਾਲੀ ਧਰਨਿਆਂ ਦੀ ਕਮਾਨ

**ਬਰਨਾਲਾ:** ਕਿਸਾਨ ਜਥੇਬੰਦੀਆਂ ਵੱਲੋਂ ਪਿਛਲੇ ਕਈ ਦਿਨਾਂ ਤੋਂ ਭਾਜਪਾ ਆਗੂਆਂ ਦੇ ਘਰਾਂ ਦਾ ਘਿਰਾਓ ਜਾਰੀ ਹੈ। ਧਰਨੇ ਵਿਚ ਸ਼ਾਮਲ ਔਰਤਾਂ ਤੇ ਬੱਚਿਆਂ ਨੇ ਭਾਜਪਾ ਆਗੂਆਂ ਦਾ ਪਿੱਟ ਸਿਆਪਾ ਕੀਤਾ। ਕਿਸਾਨ ਯੂਨੀਅਨ (ਉਗਰਾਹਾਂ) ਦੇ ਬਲੌਰ ਸਿੰਘ ਛੰਨਾ ਨੇ ਕਿਹਾ ਕਿ ਜ਼ਿਲ੍ਹਾ ਭਾਜਪਾ ਆਗੂ ਯਾਦਵਿੰਦਰ ਸ਼ੰਟੀ ਅਤੇ ਭਾਜਪਾ ਦੀ ਸੂਬਾ ਮੈਂਬਰ ਅਰਚਨਾ ਦੱਤ ਦੇ ਘਰ ਅੱਗੇ ਜਾਂਦੇ ਰਾਹ ਨੂੰ ਦੋ ਘੰਟੇ ਲਈ ਪੂਰੀ ਤਰ੍ਹਾਂ ਜਾਮ ਰੱਖਿਆ ਗਿਆ ਅਤੇ ਘਰ ਸਾਹਮਣੇ ਪੱਕਾ ਮੋਰਚਾ ਲਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਦੋਂ ਤੱਕ ਕੇਂਦਰ ਦੀ ਮੋਦੀ ਸਰਕਾਰ ਖੇਤੀਬਾੜੀ ਕਾਨੂੰਨ ਰੱਦ ਨਹੀਂ ਕਰ ਦਿੰਦੀ, ਉਦੋਂ ਤੱਕ ਭਾਜਪਾ ਆਗੂਆਂ ਦੇ ਘਰਾਂ ਅੱਗੇ ਲਗਾਤਾਰ ਦਿਨ ਰਾਤ ਪਿੱਟ ਸਿਆਪਾ ਕੀਤਾ ਜਾਵੇਗਾ।



## ਕੇਂਦਰ ਫੌਰੀ ਕਿਸਾਨਾਂ ਦਾ ਮਸਲਾ ਹੱਲ ਕਰੇ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਖਿਆ ਕਿ ਉਹ ਆਪਣੇ ਰੁਝੇਵੇਂ ਛੱਡ ਕੇ, ਦੇਸ਼ ਦੇ ਸੰਘਰਸ਼ ਕਰ ਰਹੇ ਅੰਨਦਾਤੇ ਦੀਆਂ ਵਾਜਬ ਮੰਗਾਂ ਮੰਨ ਕੇ ਮਸਲੇ ਦਾ ਨਿਪਟਾਰਾ ਕਰਨ ਨੂੰ ਤਰਜੀਹ ਦੇਣ। ਪਾਰਟੀ ਅਨੁਸਾਰ ਕਿਸਾਨਾਂ ਦੀਆਂ ਖੇਤੀ ਕਾਨੂੰਨਾਂ ਬਾਰੇ ਮੰਗਾਂ ਬਿਲਕੁਲ ਵਾਜਬ ਤੇ ਸੰਵਿਧਾਨਕ ਹਨ। ਪ੍ਰਧਾਨ ਮੰਤਰੀ ਤੇ ਉਨ੍ਹਾਂ ਦੇ ਸਹਿਯੋਗੀਆਂ ਅਨੁਸਾਰ ਕਿਸਾਨਾਂ ਦੀਆਂ ਜਿਣਸਾਂ ਦੀ ਐਮ.ਐਸ.ਪੀ. ਅਨੁਸਾਰ ਯਕੀਨੀ ਖਰੀਦ ਜਾਰੀ ਰਹੇਗੀ। ਜੇ ਅਜਿਹਾ ਹੈ ਤਾਂ ਫਿਰ ਸਰਕਾਰ ਦੀ ਵਚਨਬੱਧਤਾ ਨੂੰ ਕਾਨੂੰਨੀ ਰੂਪ ਦੇਣ ਵਿਚ ਕੋਈ ਮੁਸ਼ਕਲ ਜਾਂ ਇਤਰਾਜ਼ ਨਹੀਂ ਹੋਣਾ ਚਾਹੀਦਾ।

ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੱਲੋਂ ਕਿਸਾਨਾਂ ਨੂੰ ਖਾਲਿਸਤਾਨੀ ਕਰਾਰ ਦੇਣ ਦੀ ਨਿਖੇਧੀ ਕੀਤੀ।

## ਮੰਗਾਂ ਮੰਨੇ ਜਾਣ ਤੱਕ ਦਿੱਲੀ ਨੂੰ ਸੀਲ ਰੱਖਣ ਕਿਸਾਨ: ਬੈਂਸ

**ਲੁਧਿਆਣਾ:** ਆਪਣੇ ਸਮਰਥਕਾਂ ਸਣੇ ਦਿੱਲੀ ਵਿਚ ਕਿਸਾਨਾਂ ਦਾ ਹੌਸਲਾ ਵਧਾ ਕੇ ਲੁਧਿਆਣਾ ਪੁੱਜੇ ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਜੇ ਉਹ ਆਪਣੀਆਂ ਮੰਗਾਂ ਮਨਵਾਉਣਾ ਚਾਹੁੰਦੇ ਹਨ ਤਾਂ ਦਿੱਲੀ ਦੀ ਹੱਦ ਨਾ ਛੱਡਣ ਤੇ ਉਥੇ ਹੀ ਡਟੇ ਰਹਿਣ। ਵਿਧਾਇਕ ਬੈਂਸ ਨੇ ਕਿਹਾ ਕਿ ਕਿਸਾਨਾਂ ਦਾ ਜੋਸ਼ ਦੇਖਣ ਵਾਲਾ ਹੈ, ਜਿਸ ਅੱਗੇ ਖੱਟਰ ਸਰਕਾਰ ਟਿਕ ਨਹੀਂ ਸਕੀ। ਇਹ ਕਿਸਾਨਾਂ ਦੀ ਪਹਿਲੀ ਫਤਹਿ ਹੈ। ਉਨ੍ਹਾਂ ਕਿਹਾ ਕਿ ਲਿੰਕ ਸੜਕਾਂ, ਜੀਟੀ ਰੋਡ ਅਤੇ ਕੌਮੀ ਸੜਕਾਂ ਉਤੇ ਰੋਕਾਂ ਖੜ੍ਹੀਆਂ ਕਰਨਾ ਕਾਨੂੰਨ ਜੁਰਮ ਹੈ, ਜੋ ਹਰਿਆਣਾ ਦੀ ਖੱਟਰ ਸਰਕਾਰ ਨੇ ਕੀਤਾ ਹੈ। ਇਸ ਵਿਰੁੱਧ ਲੋਕ ਇਨਸਾਫ ਪਾਰਟੀ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਹਰਿਆਣਾ ਸਰਕਾਰ ਦੇ ਨੁਮਾਇੰਦਿਆਂ ਅਤੇ ਅਧਿਕਾਰੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰੇਗੀ।

# ਕਿਸਾਨਾਂ ਉਤੇ ਹਰਿਆਣਾ ਸਰਕਾਰ ਦੇ ਜਬਰ ਦੀ ਚੁਫੇਰਿਉਂ ਨਿੰਦਾ

**ਨਵੀਂ ਦਿੱਲੀ:** ਦਿੱਲੀ ਵੱਲ ਕੂਚ ਕਰ ਰਹੇ ਪੰਜਾਬ ਦੇ ਕਿਸਾਨਾਂ ਉਤੇ ਹਰਿਆਣਾ ਪੁਲਿਸ ਦੇ ਤਸ਼ੱਦਦ ਦੀ ਹਰ ਪਾਸਿਉਂ ਨਿੰਦਾ ਹੋ ਰਹੀ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕਿਸਾਨਾਂ ਦੇ ਮੁੱਦੇ ਉਤੇ ਕੇਂਦਰ ਸਰਕਾਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਹੰਕਾਰ ਨੇ ਜਵਾਨਾਂ ਨੂੰ ਕਿਸਾਨਾਂ ਖਿਲਾਫ ਖੜ੍ਹਾ ਕਰ ਦਿੱਤਾ ਹੈ। ਪਾਰਟੀ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਦਿੱਲੀ ਆਉਣ ਵਾਲੇ ਪੂੰਜੀਪਤੀਆਂ ਲਈ ਲਾਲ ਕਾਲੀਨ ਵਿਛਾਏ ਜਾਂਦੇ ਹਨ, ਜਦੋਂਕਿ ਕਿਸਾਨਾਂ ਦੇ ਆਉਣ ਉਤੇ ਰੋਕਾਂ ਲਗਾਈਆਂ ਜਾ ਰਹੀਆਂ ਹਨ ਤੇ ਸੜਕਾਂ ਪੁੱਟੀਆਂ ਜਾ ਰਹੀਆਂ ਹਨ।

ਸ਼ਿਵ ਸੈਨਾ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਕੀਤੇ ਗਏ ਵਰਤਾਰੇ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਸ ਵੇਲੇ ਜਦੋਂ ਉਤਰ ਭਾਰਤ ਵਿੱਚ ਠੰਢ ਜ਼ੋਰਾਂ ਉਤੇ ਹੈ, ਅਜਿਹੇ ਵਿਚ ਕਿਸਾਨਾਂ ਉਤੇ ਠੰਢੇ ਪਾਣੀ ਦੀਆਂ ਬੁਛਾੜਾਂ ਮਾਰਨਾ ਕਰੂਰਤਾ ਹੈ। ਪਾਰਟੀ ਦੇ ਅਖਬਾਰ 'ਸਾਮਨਾ' ਵਿਚ ਪਾਰਟੀ ਨੇ ਕਿਹਾ, ''ਸਾਡੇ ਕਿਸਾਨਾਂ ਨਾਲ ਅਤਿਵਾਦੀਆਂ ਵਾਂਗ ਵਿਵਹਾਰ ਕੀਤਾ ਜਾ ਰਿਹਾ ਹੈ।''

ਦੱਸ ਦਈਏ ਕਿ ਸ਼ੰਭੂ ਸਰਹੱਦ ਉਤੇ ਪੁਲਿਸ ਨੇ ਕਿਸਾਨਾਂ ਨੂੰ ਅੱਗੇ ਵੱਧਣ ਤੋਂ ਰੋਕਣ ਲਈ ਜਲ ਤੋਪਾਂ ਦੇ ਮੂੰਹ ਖੋਲ੍ਹ ਦਿੱਤੇ ਅਤੇ ਅੱਥਰੂ ਗੈਸ ਦੇ ਗੋਲਿਆਂ ਦਾ ਵੀ ਮੀਂਹ ਵਰ੍ਹਾਇਆ। ਕਿਸਾਨਾਂ ਨੇ ਪੁਲਿਸ ਦੇ ਇਨ੍ਹਾਂ ਹਮਲਿਆਂ ਦੀ ਪ੍ਰਵਾਹ ਨਾ ਕੀਤੀ



ਅਤੇ ਪੁਲਿਸ ਰੋਕਾਂ ਹਟਾਉਣ ਦਾ ਕੰਮ ਜਾਰੀ ਰੱਖਿਆ। ਦੇਖਦਿਆਂ ਹੀ ਦੇਖਦਿਆਂ ਕਿਸਾਨਾਂ ਨੇ ਪੁਲਿਸ ਦੇ ਬੈਰੀਕੇਡ ਘੱਗਰ ਦਰਿਆ ਵਿਚ ਸੁੱਟ ਦਿੱਤੇ ਅਤੇ ਰਾਹ ਰੋਕਣ ਲਈ ਖੜ੍ਹੇ ਕੀਤੇ ਵਾਹਨ ਵੀ ਹਟਾ ਦਿੱਤੇ। ਇਸ ਤੋਂ ਬਾਅਦ ਕਿਸਾਨਾਂ ਦੇ ਕਾਫਲੇ ਦਿੱਲੀ ਵੱਲ ਵਧਣੇ ਸ਼ੁਰੂ ਹੋਏ ਅਤੇ ਫਿਰ ਕਤਾਰਾਂ ਦੇ ਰੂਪ ਵਿਚ ਟਰੈਕਟਰ-ਟਰਾਲੀਆਂ ਅਤੇ ਨਿੱਜੀ ਵਾਹਨਾਂ ਉਤੇ ਸਵਾਰ ਕਿਸਾਨਾਂ ਨੇ ਦਿੱਲੀ ਵੱਲ ਨੂੰ ਮੂੰਹ ਸਿੱਧੇ ਕਰ ਲਏ। ਹਰਿਆਣਾ ਸਰਕਾਰ ਦੀਆਂ ਹਦਾਇਤਾਂ ਉਤੇ ਪੁਲਿਸ ਨੇ ਸੜਕਾਂ 'ਤੇ ਮਿੱਟੀ ਦੇ ਵੱਡੇ ਢੇਰ, ਬੈਰੀਕੇਡ, ਪੱਥਰ ਅਤੇ ਵਾਹਨ ਖੜ੍ਹੇ ਕੀਤੇ ਹੋਏ ਸਨ। ਕੌਮੀ ਸ਼ਾਹਰਾਹ 'ਤੇ ਦਿਨ ਚੜ੍ਹਦਿਆਂ ਹੀ ਸ਼ੰਭੂ ਸਰਹੱਦ ਉਤੇ ਸਭ ਤੋਂ ਪਹਿਲਾਂ ਕਿਸਾਨਾਂ ਅਤੇ ਪੁਲਿਸ ਦਰਮਿਆਨ ਮਾਮੂਲੀ ਟਕਰਾਅ ਦੀਆਂ ਰਿਪੋਰਟਾਂ ਆਉਣ ਲੱਗ ਪਈਆਂ ਸਨ। ਉਸ ਤੋਂ ਬਾਅਦ ਰਤੀਆ, ਖਨੌਰੀ, ਸਰਦੂਲਗੜ੍ਹ ਆਦਿ ਥਾਵਾਂ ਉਤੇ ਰੋਕਾਂ ਨੂੰ ਵੀ ਕਿਸਾਨਾਂ ਨੇ ਹਟਾ ਦਿੱਤਾ ਤਾਂ ਕਿਸਾਨਾਂ ਦੇ ਹੌਸਲੇ ਵੱਧ ਗਏ। ਪੁਲਿਸ ਹੋਰ ਥਾਵਾਂ ਤੋਂ ਜਦੋਂ ਪਿਛਾਂਹ ਹਟਦੀ ਗਈ ਤਾਂ ਕਿਸਾਨ ਅਗਾਂਹ ਵਧਣ ਲੱਗੇ। ਹਰਿਆਣਾ ਦੇ ਕਿਸਾਨਾਂ ਨੇ ਵੀ ਪੰਜਾਬ ਦੇ ਕਿਸਾਨਾਂ ਦਾ ਸਵਾਗਤ ਕੀਤਾ ਅਤੇ ਰਸਤੇ ਖੋਲ੍ਹਣ 'ਚ ਭੂਮਿਕਾ ਨਿਭਾਈ। ਪੰਜਾਬ ਤੋਂ ਤੁਰੇ ਕਿਸਾਨਾਂ ਦੇ ਵੱਡੇ ਕਾਫਲਿਆਂ ਵਿਚ ਕਿਸਾਨਾਂ ਨੇ ਟੈਂਟ-ਤਰਪਾਲਾਂ ਅਤੇ ਲੰਮੇ ਸੰਘਰਸ਼ ਲਈ ਖਾਣੇ ਆਦਿ ਦਾ ਬਾਕਾਇਦਾ ਪ੍ਰਬੰਧ ਕੀਤਾ ਹੋਇਆ ਹੈ।

## ਹਰਿਆਣਾ ਪੁਲਿਸ ਵੱਲੋਂ ਦਸ ਹਜ਼ਾਰ ਕਿਸਾਨਾਂ ਖਿਲਾਫ ਕੇਸ ਦਰਜ

**ਡੱਬਵਾਲੀ:** ਇਥੇ ਸਿਟੀ ਪੁਲਿਸ ਨੇ ਪੰਜਾਬ-ਹਰਿਆਣਾ ਹੱਦ ਉਤੇ ਪੁਲਿਸ ਦਾ ਨਾਕਾ ਤੋੜ ਕੇ ਦਿੱਲੀ ਵੱਲ ਵਧਣ ਵਾਲੇ 10 ਹਜ਼ਾਰ ਕਿਸਾਨਾਂ ਖਿਲਾਫ 9 ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤਾ ਹੈ। ਇਹ ਮੁਕੱਦਮਾ ਸਿਟੀ ਪੁਲਿਸ ਮੁਖੀ ਈਸ਼ਵਰ ਸਿੰਘ ਦੀ ਸ਼ਿਕਾਇਤ ਉਤੇ ਦਰਜ ਹੋਇਆ ਹੈ, ਜਿਸ ਵਿਚ ਕਿਸੇ ਨੂੰ ਨਾਮਜ਼ਦ ਨਹੀਂ ਕੀਤਾ ਗਿਆ। ਇਸ 'ਚ ਮਹਾਮਾਰੀ ਐਕਟ, ਸਰਕਾਰੀ ਵਿਚ ਵਿਘਨ ਪਾਉਣ,147/149/186/188/332/353/427 ਅਤੇ ਸਰਕਾਰੀ ਜਾਇਦਾਦ ਨੁਕਸਾਨ ਰੋਕੂ ਐਕਟ ਦੀ ਧਾਰਾ 3 ਦੇ ਤਹਿਤ ਮੁਕੱਦਮਾ ਦਰਜ ਕੀਤਾ ਹੈ। ਖੇਤੀ ਕਾਨੂੰਨਾਂ ਖਿਲਾਫ ਭਾਕਿਯੂ ਏਕਤਾ ਉਗਰਾਹਾਂ ਦੇ ਹਜ਼ਾਰਾਂ ਕਾਰਕੁਨ ਹਰਿਆਣਾ ਪੁਲਿਸ ਦੀ ਸਖਤ ਨਾਕੇਬੰਦੀ ਤੇ ਰੋਕਾਂ ਨੂੰ ਖੇਰੂੰ-ਖੇਰੂੰ ਕਰਕੇ ਹਰਿਆਣਾ ਦੀ ਹੱਦ 'ਚ ਦਾਖਲ ਹੋ ਕੇ ਦਿੱਲੀ ਵੱਲ ਵਧ ਗਏ ਸਨ। ਉਸ ਦੌਰਾਨ ਪੁਲਿਸ ਮੂਕ ਦਰਸ਼ਕ ਬਣੀ ਰਹੀ।

## ਭਗਵੰਤ ਮਾਨ ਵੱਲੋਂ ਸੰਸਦ ਦਾ ਵਿਸ਼ੇਸ਼ ਇਜਲਾਸ ਸੱਦਣ ਦੀ ਮੰਗ

**ਸੰਗਰੂਰ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਕੇਂਦਰ ਸਰਕਾਰ ਨੂੰ ਸੰਸਦ ਦਾ ਤੁਰਤ ਵਿਸ਼ੇਸ਼ ਇਜਲਾਸ ਸੱਦਣ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਅਤੇ ਹਰਿਆਣਾ ਸਰਕਾਰ ਨੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕਰਕੇ ਸੰਵਿਧਾਨ ਦਿਵਸ ਮੌਕੇ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਹਨ, ਜੋ ਅਤਿ ਨਿੰਦਣਯੋਗ ਹੈ। ਦਿੱਲੀ ਜਾਣ ਤੋਂ ਪਹਿਲਾਂ ਗੱਲਬਾਤ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਭਾਜਪਾ ਨੇ ਜਿਸ ਤਰੀਕੇ ਨਾਲ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਉਸ ਤੋਂ ਜਾਪਦਾ ਹੈ ਕਿ ਉਹ ਸ਼ਾਂਤਮਈ ਅੰਦੋਲਨ ਨੂੰ ਹਿੰਸਕ ਬਣਾਉਣਾ ਚਾਹੁੰਦੀ ਸੀ, ਜਿਸ ਤੋਂ ਸੁਚੇਤ ਰਹਿਣ ਦੀ ਲੋੜ ਹੈ।

# ਕਿਸਾਨੀ ਘੋਲ 'ਚ ਕੁੱਦੇ ਅੰਨਦਾਤੇ ਲਈ ਦਿੱਲੀ ਨੇ ਖੋਲ੍ਹੇ ਦਿਲ

## ਹਰਿਆਣਾ ਤੇ ਦਿੱਲੀ ਵਿਚ ਆਮ ਲੋਕਾਂ ਵੱਲੋਂ ਪੰਜਾਬੀ ਕਿਸਾਨਾਂ ਦੀ ਆਓ-ਭਗਤ



**ਚੰਡੀਗੜ੍ਹ:** ਕਿਸਾਨੀ ਘੋਲ 'ਚ ਕੁੱਦੇ ਅੰਨਦਾਤੇ ਲਈ ਲੋਕਾਂ ਨੇ ਦਿਲ ਤੇ ਦਰ ਵੀ ਖੋਲ੍ਹ ਦਿੱਤੇ ਹਨ। ਦਿੱਲੀ ਦੀ ਜੂਹ 'ਚ ਬੈਠੇ ਕਿਸਾਨਾਂ ਨੂੰ ਹਰਿਆਣਾ ਤੇ ਦਿੱਲੀ ਵਾਸੀਆਂ ਨੇ ਪਲਕਾਂ ਉਤੇ ਬਿਠਾ ਲਿਆ ਹੈ। ਦਿੱਲੀ 'ਚ ਟਿਕਰੀ ਤੇ ਸਿੰਘੂ ਬਾਰਡਰ ਉਤੇ ਕਿਸਾਨਾਂ ਦਾ ਬਹੁਤ ਵੱਡਾ ਇਕੱਠ ਹੈ। ਕਿਸਾਨ ਅੰਦੋਲਨ ਨੇ ਕਈ ਫਾਸਲੇ ਵੀ ਮਿਟਾ ਦਿੱਤੇ ਹਨ। ਟਿਕਰੀ ਸੀਮਾ ਉਤੇ ਹੋਟਲ ਗੇਟਵੇਅ ਦੇ ਮਾਲਕ ਨਰਿੰਦਰ ਨੇ ਹੋਟਲ ਦੇ ਦਰ ਕਿਸਾਨਾਂ ਲਈ ਖੋਲ੍ਹ ਦਿੱਤੇ ਹਨ। ਨਰਿੰਦਰ ਆਖਦਾ ਹੈ ਕਿ ਅੰਨਦਾਤੇ ਦੇ ਅਹਿਸਾਨਾਂ ਅੱਗੇ ਇਹ ਮਾਮੂਲੀ ਸੇਵਾ ਹੈ। ਟਿਕਰੀ ਸੀਮਾ ਲਾਗੇ ਹਰਿਆਣਾ ਦੇ ਇਕ ਕਿਸਾਨ ਨੇ ਆਪਣਾ ਘਰ ਕਿਸਾਨਾਂ ਲਈ ਖੋਲ੍ਹ ਦਿੱਤਾ ਹੈ।

ਹਰਿਆਣਵੀਂ ਕਿਸਾਨ ਔਰਤਾਂ ਨੇ ਆਪੋ ਆਪਣੇ ਘਰਾਂ ਵਿਚ ਅੰਦੋਲਨਕਾਰੀ ਔਰਤਾਂ ਨੂੰ ਬੁਲਾ ਕੇ ਨਹਾਉਣ ਲਈ ਗਰਮ ਪਾਣੀ ਦੇਣਾ ਸ਼ੁਰੂ ਕਰ ਦਿੱਤਾ ਹੈ। ਮਹਿਲਾ ਕਿਸਾਨ ਆਗੂ ਗੁਰਪ੍ਰੀਤ ਕੌਰ ਦੱਸਦੀ ਹੈ ਕਿ ਦਿੱਲੀ ਮੋਰਚੇ ਨੇੜਲੇ ਕਿਸਾਨਾਂ ਨੇ ਆਪਣੀਆਂ ਖੇਤੀ ਮੋਟਰਾਂ ਚਲਾ ਦਿੱਤੀਆਂ ਹਨ। ਉਹ ਰਾਤ ਵੇਲੇ ਠੰਢ ਕਰਕੇ ਅੱਗ ਬਾਲ ਕੇ ਦਿੰਦੇ ਹਨ। ਦਿੱਲੀ ਦੇ ਸਨਅਤੀ ਮਾਲਕਾਂ ਨੇ ਸਾਂਝੇ ਤੌਰ ਉਤੇ ਟਿਕਰੀ ਅਤੇ ਸਿੰਘੂ ਬਾਰਡਰ 'ਤੇ ਦਿਨ ਰਾਤ ਦਾ ਚਾਹ ਦਾ ਲੰਗਰ ਚਲਾ ਦਿੱਤਾ ਹੈ। ਇਥੋਂ ਦੇ ਵਪਾਰੀ ਕੰਬਲਾਂ ਦੇ ਭਰੇ ਕੈਂਟਰ ਦੇ ਕੇ ਗਏ ਹਨ। ਡਾਕਟਰਾਂ ਨੇ ਕਿਸਾਨ ਮੋਰਚੇ ਵਿਚ ਦਿਨ ਰਾਤ ਦੀ ਸੇਵਾ ਸੰਭਾਲੀ ਹੋਈ ਹੈ। ਕੁੰਡਲੀ ਬਾਰਡਰ ਉਤੇ ਇਕ ਹੋਟਲ ਮਾਲਕ ਸੁਧੀਰ ਨੇ ਆਪਣਾ 'ਸੁਧੀਰ ਹੋਟਲ' ਕਿਸਾਨ ਔਰਤਾਂ ਲਈ ਖੋਲ੍ਹ ਦਿੱਤਾ ਹੈ। ਇਸ ਹੋਟਲ ਵਿਚ 100 ਜਣਿਆਂ ਦੇ ਠਹਿਰਨ ਲਈ ਵੱਡਾ ਹਾਲ ਹੈ, ਜੋ ਕਿਸਾਨ ਔਰਤਾਂ ਨੂੰ ਦਿੱਤਾ ਗਿਆ ਹੈ। ਦਿੱਲੀ ਦੇ ਇਕ ਵਪਾਰੀ ਨਰੇਸ਼ ਕੁਮਾਰ ਨੇ ਟਿਕਰੀ ਬਾਰਡਰ ਲਾਗੇ ਆਪਣਾ ਘਰ ਔਰਤਾਂ ਲਈ ਖੋਲ੍ਹ ਦਿੱਤਾ ਹੈ।

ਇਸ ਤੋਂ ਇਲਾਵਾ ਨੇੜਲੇ ਇਲਾਕਿਆਂ ਦੇ ਕਿਸਾਨ ਵੀ ਆਪਣੇ ਖੇਤਾਂ 'ਚੋਂ ਸਿੱਧੀ ਸਬਜ਼ੀ ਮੋਰਚਿਆਂ ਵਿਚ ਭੇਜ ਰਹੇ ਹਨ। ਕਿਸਾਨਾਂ ਨੇ ਦੱਸਿਆ ਕਿ ਕੁਝ ਦੁਕਾਨਦਾਰ ਗੈਸ ਸਿਲੰਡਰ ਵੀ ਦੇ ਕੇ ਗਏ ਹਨ। ਬੋਤਲਾਂ ਵਾਲਾ ਪਾਣੀ ਅਤੇ ਫਲਾਂ ਦੀ ਸੇਵਾ ਤਾਂ ਹੁਣ ਆਮ ਬਣ ਗਈ ਹੈ। ਹਾਲਾਂਕਿ ਕਿਸਾਨਾਂ ਨੇ ਦਿੱਲੀ ਸੀਲ ਕਰ ਦਿੱਤੀ ਹੈ ਪਰ ਫਿਰ ਵੀ ਦਿੱਲੀ ਦੇ ਬਾਸ਼ਿੰਦੇ ਕਿਸਾਨਾਂ ਦੀ ਖਿਦਮਤ ਵਿਚ ਜੁਟੇ ਹੋਏ ਹਨ। ਹਰਿਆਣਾ ਪੁਲਿਸ ਦਾ ਇਕ ਸਿਪਾਹੀ ਤਾਂ ਇਕ ਕਿਸਾਨ ਦੇ ਗਲ ਲੱਗ ਕੇ ਰੋ ਹੀ ਪਿਆ।

ਇਕ ਪੈਟਰੋਲ ਪੰਪ ਵਾਲੇ ਨੇ ਮੁਫਤ ਡੀਜ਼ਲ ਦੇਣਾ ਸ਼ੁਰੂ ਕਰ ਦਿੱਤਾ ਹੈ। ਹਰਿਆਣਾ ਦੇ ਪਿੰਡਾਂ 'ਚੋਂ ਕਿਸਾਨ ਔਰਤਾਂ ਸਾਗ ਬਣਾ ਕੇ ਮੋਰਚਿਆਂ ਵਿਚ ਲਿਜਾ ਰਹੀਆਂ ਹਨ। ਇਸੇ ਤਰ੍ਹਾਂ ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਵੀ ਇਨ੍ਹਾਂ ਮੋਰਚਿਆਂ ਵਿਚ ਜਾਣ ਲੱਗੇ ਹਨ। ਕਿਸਾਨ ਮੋਰਚਿਆਂ 'ਚ ਸਿਆਸੀ ਧਿਰਾਂ ਤਰਫੋਂ 'ਆਪ' ਦੀ ਰਸੋਈ ਅਤੇ ਕਾਂਗਰਸ ਰਸੋਈ ਵੀ ਚੱਲ ਰਹੀ ਹੈ ਪਰ ਕਿਸਾਨ ਧਿਰਾਂ ਵੱਲੋਂ ਕਿਸੇ ਸਿਆਸੀ ਧਿਰ ਨੂੰ ਮੂੰਹ ਨਹੀਂ ਲਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਹੀ ਕਈ ਟਰੈਕਟਰ ਮਕੈਨਿਕ ਵੀ ਖੁਦ ਸੇਵਾਵਾਂ ਦੇ ਰਹੇ ਹਨ।

## ਟਾਈਟਲਰ ਖਿਲਾਫ ਮੁੱਖ ਗਵਾਹ ਨੂੰ ਧਮਕੀਆਂ

**ਨਵੀਂ ਦਿੱਲੀ:** ਸਾਬਕਾ ਕਾਂਗਰਸੀ ਸੰਸਦ ਮੈਂਬਰ ਜਗਦੀਸ਼ ਟਾਈਟਲਰ ਦੀ ਸ਼ਮੂਲੀਅਤ ਵਾਲੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕੇਸ ਦੇ ਇਕ ਮੁੱਖ ਗਵਾਹ ਅਭਿਸ਼ੇਕ ਵਰਮਾ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਨੂੰ ਧਮਕੀਆਂ ਮਿਲ ਰਹੀਆਂ ਹਨ। ਵਰਮਾ ਵਲੋਂ ਮੈਦਾਨਗੜ੍ਹੀ ਪੁਲਿਸ ਸਟੇਸ਼ਨ 'ਚ ਦਿੱਤੀ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਇਸ ਕੇਸ 'ਚ ਗਵਾਹ ਵਜੋਂ ਉਸ ਨੂੰ ਧਮਕੀਆਂ ਮਿਲ ਰਹੀਆਂ ਹਨ।

## ਮੋਰਚੇ ਨੂੰ ਹਰ ਕਿਸੇ ਤੋਂ ਮਿਲ ਰਿਹੈ ਸਮਰਥਨ


**ਨਵੀਂ ਦਿੱਲੀ:** ਹਰਿਆਣਾ 'ਚ ਬਹਾਦਰਗੜ੍ਹ ਰੋਡ 'ਤੇ ਟਿਕਰੀ ਸਰਹੱਦ 'ਤੇ ਕਿਸਾਨਾਂ ਦਾ ਮੋਰਚਾ ਲੱਗਾ ਹੋਇਆ ਹੈ। ਹਜ਼ਾਰਾਂ ਟਰੈਕਟਰ-ਟਰਾਲੀਆਂ ਤੇ ਰਾਸ਼ਨ ਸਮੇਤ ਲੱਖਾਂ ਕਿਸਾਨ ਇਥੇ ਪਹੁੰਚ ਚੁੱਕੇ ਹਨ। ਇਕ ਤਰ੍ਹਾਂ ਨਾਲ ਦਿੱਲੀ ਦੀ ਚਾਰ-ਚੁਫੇਰਿਉਂ ਘੇਰਾਬੰਦੀ ਹੋ ਚੁੱਕੀ ਹੈ। ਕਿਸਾਨ ਮੋਰਚੇ ਨੂੰ ਦਿੱਲੀ ਤੇ ਹਰਿਆਣਾ ਦੇ ਲੋਕਾਂ ਵੱਲੋਂ ਪੂਰਨ ਸਹਿਯੋਗ ਦਿੱਤਾ ਜਾ ਰਿਹਾ ਹੈ। ਇੰਡਸਟਰੀ, ਆਮ ਦੁਕਾਨਦਾਰਾਂ, ਵੱਡੇ ਹਸਪਤਾਲਾਂ, ਹੋਟਲਾਂ ਪੈਟਰੋਲ ਪੰਪਾਂ ਆਦਿ ਵੱਲੋਂ ਹਰ ਤਰ੍ਹਾਂ ਦੀਆਂ ਲੋੜੀਂਦੀਆਂ ਸਹੂਲਤਾਂ ਕਿਸਾਨਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਮੋਰਚੇ ਵਿਚ ਪਹੁੰਚੀਆਂ ਕਿਸਾਨ ਬੀਬੀਆਂ ਲਈ ਪਖਾਨੇ ਵਗੈਰਾ ਦਾ ਪ੍ਰਬੰਧ ਕੀਤਾ ਗਿਆ ਹੈ। ਇਸੇ ਤਰ੍ਹਾਂ ਲੋਕਾਂ ਵਲੋਂ ਸਬਜ਼ੀਆਂ, ਫਲ, ਦੁੱਧ, ਰਾਸ਼ਨ ਅਤੇ ਠੰਢ ਤੋਂ ਬਚਣ ਲਈ ਗਰਮ ਕੰਬਲ ਤੇ ਗੱਦੇ ਵੰਡੇ ਜਾ ਰਹੇ ਹਨ।


ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ
ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ:
ਫੋਨ: 651-353-9584
49-

MEHAR INSURANCE
Health Insurance
Qualified Health Plans Under Affordable Care Act
Hurry! Only 45 Days.
Open Enrollment From 11-01-2020 to 12-15-2020
We also have short term Medical, Dental & Vision plans.
We are licensed in Indiana, Ohio & Texas.
Contact:
Ph: 317-900-5151
Fax: 317-900-5152
E-Mail: health@meharinsurance.com
Office Address:
12574 Promise Creek Ln.
Suite# 114
Fishers, IN 46038
www.meharinsurance.com

Baljinder Singh Saini

Low Interest Rates in History
No Cost Refinancing Available!

Madan Khatri
NMLS # 1980752
Call Madan Khatri
Ph: 847-530-1550
Madan@MoonstarMortgage.com
An Illinois Mortgage Loan Licensee
Who Can Work With You From Beginning to End!
Call Now For Quote.
Moonstar Mortgage Inc.
NMLS # 217352
Ph: 1-847-278-7220
MOONSTAR Mortgage
Licensed in IL, CA, NJ, IN, and MA
953 Plum Grove Road, Unit B, Schaumburg, IL 60173

Personalized Service-Committed To Quality
Solutions Financial Mortgage Company
Purchase & Refinance Your Home Loans

Cell 312-608-0006
2700 Patriot Blvd., Suite 110
Glenview IL 60026. Direct 312-608-0006
Office: 847-834-0100, Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@gosfmc.com
Web: www.gosfmc.com

# ਕਿਸਾਨੀ ਸੰਘਰਸ਼ ਨੇ ਪਾਈਆਂ ਭਾਈਚਾਰਕ ਸਾਂਝ ਦੀਆਂ ਨਵੀਆਂ ਪੈੜਾਂ

**ਚੰਡੀਗੜ੍ਹ:** ਪਹਿਲੀ ਅਕਤੂਬਰ ਤੋਂ ਸ਼ੁਰੂ ਹੋਏ ਕਿਸਾਨ ਅੰਦੋਲਨ ਨੇ ਦੋ ਮਹੀਨੇ ਦਾ ਸਫਰ ਪੂਰਾ ਕਰ ਲਿਆ ਹੈ ਜਿਸ ਦੌਰਾਨ ਸੰਘਰਸ਼ ਦੀ ਨਵੀਂ ਇਬਾਰਤ ਲਿਖੀ ਗਈ ਹੈ। ਬੇਸ਼ੱਕ ਖੇਤੀ ਕਾਨੂੰਨਾਂ ਦੀ ਵਾਪਸੀ ਦੀ ਮੰਜ਼ਿਲ ਤੱਕ ਕਿਸਾਨ ਘੋਲ ਹਾਲੇ ਨਹੀਂ ਪੁੱਜਾ ਪਰ ਇਸ ਦੇ ਬਾਵਜੂਦ ਸੰਘਰਸ਼ ਨੇ ਨਵੀਆਂ ਪੈੜਾਂ ਪਾ ਦਿੱਤੀਆਂ ਹਨ। ਕਿਸਾਨੀ ਘੋਲ ਨੇ ਸਿਆਸੀ ਧਿਰਾਂ ਨੂੰ ਨੁੱਕਰੇ ਲਾ ਦਿੱਤਾ ਹੈ। ਪਿੰਡਾਂ 'ਚ ਆਮ ਲੋਕਾਈ ਵਿਚ ਸਿਆਸੀ ਪਾੜਾ ਮਿਟਿਆ ਹੈ।

ਖੇਤੀ ਕਾਨੂੰਨਾਂ ਮਗਰੋਂ ਪ੍ਰਮੁੱਖ ਸਿਆਸੀ ਆਗੂ ਪਿੱਛੇ ਹਟ ਗਏ ਹਨ। ਨਤੀਜੇ ਵਜੋਂ ਮੌਜੂਦਾ ਘੋਲ ਵਿਚ ਸਭ ਤੋਂ ਵੱਧ ਗਿਣਤੀ ਵਿਚ ਇਸ ਪਿੰਡ ਤੋਂ ਕਿਸਾਨ ਤੁਰੇ ਹਨ। ਕਰੋਨਾ ਦੀ ਸੱਟ ਦੇ ਬਾਵਜੂਦ ਵਪਾਰੀ ਵਰਗ ਨੇ ਰੇਲ ਮਾਰਗਾਂ ਦੀ ਬੰਦੀ ਨੂੰ ਖਿੜੇ ਮੱਥੇ ਝੱਲਿਆ। ਪੰਜਾਬ ਦੇ ਪਿੰਡਾਂ ਵਿਚ ਲੋਕਾਈ ਦੀ ਸਾਂਝ ਵਧੀ ਹੈ। ਪਿੰਡਾਂ 'ਚ ਧੜੇਬੰਦੀ ਘਟੀ ਹੈ। ਜਵਾਨੀ ਦਾ ਕਿਸਾਨੀ ਘੋਲ 'ਚ ਮੋੜਾ ਇਕ ਨਵੀਂ ਲੀਕ ਪਾ ਰਿਹਾ ਹੈ ਜਿਸ ਕਾਰਨ ਪੰਜਾਬ ਵਿਚ ਪਿਛਲੇ ਸਮੇਂ ਦੌਰਾਨ ਚਿੱਟੇ ਨਾਲ ਹੋਣ ਵਾਲੀਆਂ ਮੌਤਾਂ ਘਟ ਗਈਆਂ ਹਨ। ਕਿਸਾਨ ਸੰਘਰਸ਼ ਨੇ ਸਾਫ-ਸੁਥਰੀ ਲੋਕ ਗਾਇਕੀ ਦੇ ਨਕਸ਼ ਬਣਾਏ ਹਨ। ਲੋਕਪੱਖੀ ਗਾਇਕੀ ਦੀ ਰਾਤ ਚੌਗੁਣੀ ਹੋਈ ਹੈ ਅਤੇ ਸਮਾਜਪੱਖੀ ਗੀਤ ਰਚੇ ਜਾਣ ਲੱਗੇ ਹਨ। ਲੋਕ ਗਾਇਕ ਪੰਮੀ ਬਾਈ ਆਖਦੇ ਹਨ ਕਿ ਕਿਸਾਨ ਘੋਲ ਵਜੋਂ ਗਾਇਕੀ ਉਤੇ ਲੱਗਦੇ ਦਾਗ ਵੀ ਧੋਤੇ ਗਏ ਹਨ ਅਤੇ ਇਨਕਲਾਬੀ ਗੀਤਕਾਰੀ ਮੁੜ ਸਫਾਂ 'ਚ ਪਰਤੀ ਹੈ।

ਖੇਤੀ ਕਾਨੂੰਨਾਂ ਦੀ ਸੱਟ ਨੇ ਲੋਕਾਂ ਵਿਚ ਸਮਝ ਦਾ ਪੱਧਰ ਉੱਚਾ ਕੀਤਾ ਹੈ। ਪੰਜਾਬ ਤੇ ਹਰਿਆਣਾ ਦੇ ਲੋਕਾਂ ਦੀ ਆਪਸੀ ਸਾਂਝ ਵਧੀ ਹੈ। ਵੱਡੀ ਪ੍ਰਾਪਤੀ ਇਹ ਰਹੀ ਹੈ ਕਿ ਕਿਸਾਨ ਧਿਰਾਂ ਦੀ ਆਪਸੀ



ਸਮਝ ਅਤੇ ਏਕਾ ਮਜ਼ਬੂਤ ਹੋਇਆ ਹੈ। ਏਡਾ ਲੰਮਾ ਘੋਲ ਅਤੇ ਪੂਰਨ ਸ਼ਾਂਤਮਈ ਤਰੀਕੇ ਨਾਲ ਚੱਲਣਾ, ਆਪਣੇ ਆਪ ਵਿਚ ਪ੍ਰਾਪਤੀ ਹੈ। ਔਰਤਾਂ ਤੇ ਨੌਜਵਾਨਾਂ ਦਾ ਵੱਡੇ ਪੱਧਰ ਉਤੇ ਘੋਲ ਵਿਚ ਕੁੱਦਣਾ ਸ਼ੁਭ ਸ਼ਗਨ ਰਿਹਾ ਹੈ।

ਕੋਈ ਵੀ ਹਿੰਸਕ ਘਟਨਾ ਪੂਰੇ ਅੰਦੋਲਨ ਦੌਰਾਨ ਨਹੀਂ ਵਾਪਰੀ। ਬੇਸ਼ੱਕ ਹੁਣ ਮੋਰਚਾ ਦਿੱਲੀ ਸ਼ਿਫਟ ਹੋ ਗਿਆ ਹੈ ਪਰ ਕਿਸਾਨ ਧਿਰਾਂ ਵੱਲੋਂ ਪੰਜਾਬ ਵਿਚ ਵੀ ਅੱਜ ਤੱਕ ਭਾਜਪਾ ਆਗੂਆਂ ਦੀ ਘੇਰਾਬੰਦੀ, ਟੌਲ ਪਲਾਜ਼ਿਆਂ ਉਤੇ ਧਰਨੇ, ਅੰਬਾਨੀ-ਅਡਾਨੀ ਦੇ ਕਾਰੋਬਾਰੀ ਅਦਾਰਿਆਂ ਅੱਗੇ ਪ੍ਰਦਰਸ਼ਨ ਜਾਰੀ ਹਨ।

## ਹੱਟੀਆਂ-ਭੱਠੀਆਂ 'ਤੇ ਹੋਣ ਲੱਗੇ ਦਿੱਲੀ ਧਰਨੇ ਦੇ ਚਰਚੇ

**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਨੂੰ ਦਿੱਤੀ ਜਬਰਦਸਤ ਚੁਣੌਤੀ ਨੂੰ ਇਕ ਵੱਡੀ ਜਿੱਤ ਵਜੋਂ ਦੇਖਿਆ ਜਾ ਰਿਹਾ ਹੈ। ਪੰਜਾਬ ਦੀਆਂ ਹੱਟੀਆਂ-ਭੱਠੀਆਂ ਉਤੇ ਕਿਸਾਨੀ ਅੰਦੋਲਨ ਦੇ ਹੀ ਚਰਚੇ ਹੋ ਰਹੇ ਹਨ। ਪਿੰਡਾਂ ਵਿਚ ਹੋਣ ਵਾਲੇ ਖੁਸ਼ੀ-ਗਮੀ ਦੇ ਸਮਾਗਮਾਂ 'ਚ ਵੀ ਲੋਕ ਪੰਜਾਬੀਆਂ ਵੱਲੋਂ ਦਿਖਾਈ ਗਈ ਦਲੇਰੀ ਦੇ ਕਿੱਸੇ ਬੜੇ ਚਾਅ ਨਾਲ ਸੁਣਦੇ ਤੇ ਸੁਣਾਉਂਦੇ ਹਨ। ਸੋਸ਼ਲ ਮੀਡੀਏ ਉਤੇ ਆਏ ਹਾਂ-ਪੱਖੀ ਹੁੰਗਾਰੇ ਨੇ ਵੀ ਲੋਕਾਂ ਵਿਚ ਜ਼ਬਰਦਸਤ ਜੋਸ਼ ਭਰਨ ਦਾ ਕੰਮ ਕੀਤਾ ਹੈ। ਪੰਜਾਬ ਦੇ ਕਿਸਾਨੀ ਅੰਦੋਲਨ ਦੀ ਬੀ.ਬੀ.ਸੀ., ਅਲ-ਜਜ਼ੀਰਾ ਅਤੇ ਅਮਰੀਕਾ ਦੀਆਂ ਵੱਡੀਆਂ ਅਖਬਾਰਾਂ ਨੇ ਵਿਸ਼ੇਸ਼ ਕਵਰੇਜ ਕੀਤੀ ਹੈ। ਕਿਸਾਨੀ ਅੰਦੋਲਨ ਨੂੰ ਕੌਮਾਂਤਰੀ ਮੀਡੀਆ ਨੇ ਵੀ ਜਿਸ ਤਰ੍ਹਾਂ ਨਾਲ ਪੇਸ਼ ਕੀਤਾ ਹੈ, ਉਸ ਨੇ ਦੇਸ਼ ਦੇ ਗੋਦੀ ਮੀਡੀਆ ਦੀ ਵੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।

## ਪੰਜਾਬ ਦੇ ਗੈਰ-ਭਾਜਪਾਈ ਸੰਸਦ ਮੈਂਬਰ ਨੂੰ ਕਿਸਾਨਾਂ ਦੀ ਹਮਾਇਤ ਦਾ ਸੱਦਾ

**ਜਲੰਧਰ:** ਆਮ ਆਦਮੀ ਪਾਰਟੀ ਦੇ ਬਾਗੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਭਾਜਪਾ ਨੂੰ ਛੱਡ ਕੇ ਪੰਜਾਬ ਦੇ ਸਾਰੇ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੂੰ ਦਿੱਲੀ ਵਿਚ ਚੱਲ ਰਹੇ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਅਣਐਲਾਨੀ ਐਮਰਜੈਂਸੀ ਥੋਪੀ ਹੋਈ ਹੈ, ਜਿਸ ਦਾ ਸਾਰੇ ਪੰਜਾਬੀਆਂ ਨੂੰ ਇਕਜੁੱਟ ਹੋ ਕੇ ਵਿਰੋਧ ਕਰਨਾ ਚਾਹੀਦਾ ਹੈ।

ਸ੍ਰੀ ਖਹਿਰਾ ਨੇ ਕਿਹਾ ਕਿ ਉਹ ਇਸ ਗੱਲ ਤੋਂ ਵਾਕਿਫ ਹਨ ਕਿ ਕਿਸਾਨ ਜਥੇਬੰਦੀਆਂ ਨੇ ਸਿਆਸੀ ਆਗੂਆਂ ਨੂੰ ਉਨ੍ਹਾਂ ਦੇ ਪ੍ਰਦਰਸ਼ਨ ਵਿਚ ਦਖਲਅੰਦਾਜ਼ੀ ਕਰਨ ਤੋਂ ਰੋਕਿਆ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਪੰਜਾਬ ਦੇ ਚੁਣੇ ਹੋਏ ਨੁਮਾਇੰਦੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਅਤੇ ਉਨ੍ਹਾਂ ਦੇ ਹੋ ਰਹੇ ਸ਼ੋਸ਼ਣ ਪ੍ਰਤੀ ਮੂਕ ਦਰਸ਼ਕ ਬਣ ਕੇ ਬੈਠੇ ਰਹਿਣ। ਉਨ੍ਹਾਂ ਆਖਿਆ ਕਿ ਹਰਿਆਣਾ ਅਤੇ ਕੇਂਦਰ ਦੀਆਂ ਭਾਜਪਾ ਸਰਕਾਰਾਂ ਨੇ ਦਿੱਲੀ ਪੁੱਜਣ ਦੀ ਕੋਸ਼ਿਸ਼ ਕਰਨ ਵਾਲੇ ਕਿਸਾਨਾਂ ਉਤੇ ਜਿਸ ਤਰ੍ਹਾਂ ਅੱਥਰੂ ਗੈਸ, ਪਾਣੀ ਦੀਆਂ ਤੋਪਾਂ ਅਤੇ ਬੈਰੀਕੇਡ ਲਗਾ ਕੇ ਤਸ਼ੱਦਦ ਕੀਤਾ ਹੈ, ਇਹ ਉਨ੍ਹਾਂ ਦੀ ਪੰਜਾਬ ਦੇ ਕਿਸਾਨਾਂ ਪ੍ਰਤੀ ਨਫਰਤ ਅਤੇ ਗੈਰ-ਸੰਵਿਧਾਨਕ ਵਤੀਰੇ ਦਾ ਖੁਲਾਸਾ ਕਰਦਾ ਹੈ। ਸ੍ਰੀ ਖਹਿਰਾ ਨੇ ਪੰਜਾਬ ਦੇ ਕਿਸਾਨਾਂ ਅਤੇ ਨੌਜਵਾਨਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਹਰ ਰੁਕਾਵਟ ਦਾ ਸ਼ਾਂਤਮਈ ਤਰੀਕੇ ਨਾਲ ਮੁਕਾਬਲਾ ਕਰ ਕੇ ਦਿੱਲੀ ਤੱਕ ਪਹੁੰਚ ਕੀਤੀ।

ਉਨ੍ਹਾਂ ਕਿਹਾ ਕਿ ਪੰਜਾਬੀਆਂ ਵੱਲੋਂ ਆਜ਼ਾਦੀ ਦੇ ਪਿਛਲੇ 73 ਸਾਲਾਂ ਦੌਰਾਨ ਦੇਸ਼ ਦੇ ਸਰਵਪੱਖੀ ਵਿਕਾਸ ਵਿਚ ਯੋਗਦਾਨ ਪਾਉਣ ਦੇ ਬਾਵਜੂਦ ਭਾਜਪਾ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਦੇਸ਼ ਦੇ ਦੁਸ਼ਮਣਾਂ ਵਾਲਾ ਵਤੀਰਾ ਕਰ ਰਹੀ ਹੈ।

## ਟਿਕਰੀ ਬਾਰਡਰ ਬਣਿਆ ਕਿਸਾਨ ਸੰਘਰਸ਼ ਦਾ ਵੱਡਾ ਕੇਂਦਰ

**ਬਹਾਦਰਗੜ੍ਹ:** ਕਿਸਾਨ ਸੰਘਰਸ਼ ਦਾ ਮੁੱਖ ਕੇਂਦਰ ਬਿੰਦੂ ਬਣਿਆ ਟਿੱਕਰੀ ਬਾਰਡਰ ਇਸ ਵੇਲੇ ਸਿਰਫ ਦਿੱਲੀ ਹੀ ਨਹੀਂ ਕੇਂਦਰ ਸਰਕਾਰ ਲਈ ਹੁਣ ਤੱਕ ਦੀ ਸਭ ਤੋਂ ਵੱਡੀ ਸਿਰਦਰਦੀ ਬਣਦਾ ਜਾ ਰਿਹਾ ਹੈ। ਇਸ ਬਾਰਡਰ ਤੋਂ ਰੋਹਤਕ ਵਾਲੇ ਪਾਸੇ ਆਉਂਦੇ ਲਾਂਘੇ ਤੱਕ ਤਕਰੀਬਨ 10 ਤੋਂ 12 ਕਿਲੋਮੀਟਰ ਤੱਕ ਕਿਸਾਨਾਂ ਨੇ ਲੰਬੀਆਂ ਕਤਾਰਾਂ, ਜਿਨ੍ਹਾਂ 'ਚ ਰਵਾਇਤੀ ਸਾਧਨ ਟਰੈਕਟਰ-ਟਰਾਲੀਆਂ ਦੀ ਬਹੁਤਾਤ ਦਿਖਾਈ ਦੇ ਰਹੀ ਹੈ, ਨੇ ਇਸ ਬਾਰਡਰ ਤੋਂ ਦਿੱਲੀ ਨੂੰ ਪੂਰੀ ਤਰ੍ਹਾਂ ਸੀਲ ਕਰ ਕੇ ਰੱਖ ਦਿੱਤਾ ਹੈ। ਬਹਾਦਰਗੜ੍ਹ ਮੈਟਰੋ ਸਟੇਸ਼ਨ ਨਜ਼ਦੀਕ ਕਿਸਾਨਾਂ ਦਾ ਪ੍ਰਦਰਸ਼ਨ ਭਾਵੇਂ ਬੇਹੱਦ ਜੋਸ਼ੀਲਾ ਦਿਖਾਈ ਦੇ ਰਿਹਾ ਸੀ ਪਰ ਆਗੂਆਂ ਨੇ ਨੌਜਵਾਨ ਵਲੰਟੀਅਰਾਂ ਨੂੰ ਅਨੁਸ਼ਾਸਨ ਦਾ ਪਾਠ ਪੜ੍ਹਾਉਂਦਿਆਂ ਪੂਰੇ ਸੰਜਮ 'ਚ ਰੱਖੇ ਜਾਣ ਲਈ ਵਾਰ-ਵਾਰ ਪ੍ਰੇਰਿਤ ਕੀਤਾ ਜਾ ਰਿਹਾ ਹੈ। ਜਥੇਬੰਦੀਆਂ ਨੇ ਐਲਾਨ ਕੀਤਾ ਕਿ ਦਿੱਲੀ ਨੂੰ ਜਾਂਦੇ ਸਾਰੇ ਰਸਤੇ ਪੂਰੀ ਤਰ੍ਹਾਂ ਸੀਲ ਕੀਤੇ ਜਾ ਰਹੇ ਹਨ। ਜ਼ਿਕਰਯੋਗ ਗੱਲ ਇਹ ਹੈ ਕਿ ਇਸ ਬਾਰਡਰ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਕਾਰਕੁਨਾਂ ਦੀ ਗਿਣਤੀ ਤੇ ਦਬਦਬਾ ਵਧੇਰੇ ਮੰਨਿਆ ਜਾ ਰਿਹਾ ਹੈ। ਬਹਾਦਰਗੜ੍ਹ ਦੇ ਮੈਟਰੋ ਸਟੇਸ਼ਨ ਟਿੱਕਰੀ ਬਾਰਡਰ, ਜਿਥੇ ਕਿਸਾਨਾਂ ਨੂੰ ਰੋਕਿਆ ਗਿਆ ਹੈ, ਦੇ ਦੂਜੇ ਪਾਸੇ ਦਿੱਲੀ ਪੁਲਿਸ ਵੱਡੇ ਦਲ-ਬਲ ਨਾਲ ਤਾਇਨਾਤ ਹੈ।







Moving to Indiana?
Contact Ray Dhaliwal @ 317-993-4987



for Free Consultation!!!
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.
Helpful in Easy and Accessible Home Loans at low Interest Rates.
*Ray Dhaliwal*
*Real Estate Broker*
CENTURY 21 SCHEETZ RAYD@C21Scheetz.com



*Rajwinder Gill*
*(Your Real Estate Pro.)*
*MBA (Finance)*
*Red 1 Realty*

"Serving All Your Real Estate Needs"
Columbus, Ohio is one of the fastest growing city in USA and With Best Schools.
ਜੇ ਤੁਸੀਂ ਕੋਲੰਬਸ, ਓਹਾਇਓ ਵਿਚ ਘਰ ਖਰੀਦਣਾ, ਵੇਚਣਾ ਜਾਂ ਕਿਸੇ ਵੀ ਤਰ੍ਹਾਂ ਦੀ ਇਨਵੈਸਟਮੈਂਟ ਕਰਨਾ ਚਾਹੁੰਦੇ ਹੋ ਤਾਂ ਸੰਪਰਕ ਕਰੋ:
ਰਾਜਵਿੰਦਰ ਗਿੱਲ, ਫੋਨ: 740-621-4455
Email: Realtorgill1@gmail.com
Website: www.gill-realty.com

## ਹਾਈ ਕੋਰਟ ਨੇ ਵਰਮਾ ਦੀ ਸੁਰੱਖਿਆ ਬਰਕਰਾਰ ਰੱਖਣ ਲਈ ਪੁਲਿਸ ਨੂੰ ਹੁਕਮ ਦਿੱਤੇ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਪੁਲਿਸ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ 1984 ਦੇ ਸਿੱਖ ਕਤਲੇਆਮ ਦੇ ਕੇਸ ਵਿਚ ਵਿਵਾਦਤ ਹਥਿਆਰ ਵਪਾਰੀ ਅਭਿਸ਼ੇਕ ਵਰਮਾ ਦੀ ਸੁਰੱਖਿਆ ਜਾਰੀ ਰੱਖੇ।

ਹਾਈ ਕੋਰਟ ਨੇ ਕਿਹਾ ਕਿ ਪੁਲਿਸ ਨੂੰ ਵਰਮਾ ਨੂੰ ਉਦੋਂ ਤੱਕ ਸੁਰੱਖਿਆ ਦੇਣਾ ਜਾਰੀ ਰੱਖੇ, ਜਦ ਤੱਕ ਸੀ.ਬੀ.ਆਈ. ਉਸ ਨੂੰ ਇਹ ਨਹੀਂ ਕਹਿੰਦੀ ਕਿ ਹੁਣ ਸੁਰੱਖਿਆ ਦੀ ਜ਼ਰੂਰਤ ਨਹੀਂ ਹੈ। ਸੀ.ਬੀ.ਆਈ. ਨੇ ਅਦਾਲਤ ਨੂੰ ਦੱਸਿਆ ਕਿ ਮਾਮਲੇ ਦੀ ਜਾਂਚ ਚੱਲ ਰਹੀ ਹੈ ਤੇ ਉਹ ਇਹ ਬਿਆਨ ਦੇਣ ਦੀ ਸਥਿਤੀ ਵਿਚ ਨਹੀਂ ਹੈ ਕਿ ਵਰਮਾ ਦੀ ਗਵਾਹ ਵਜੋਂ ਜ਼ਰੂਰਤ ਹੈ ਜਾਂ ਨਹੀਂ।

## ਦਿੱਲੀ ਕੂਚ ਨੂੰ ਮਿਲੇ ਹੁੰਗਾਰੇ ਪਿੱਛੋਂ ਸੰਘਰਸ਼ੀ ਜਥੇਬੰਦੀਆਂ ਦੇ ਹੌਸਲੇ ਬੁਲੰਦ

**ਨਵੀਂ ਦਿੱਲੀ:** ਸਿੰਘੂ ਬਾਰਡਰ ਉਤੇ ਡਟੀਆਂ ਕਿਸਾਨ ਜਥੇਬੰਦੀਆਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਉਹ ਆਪਣੇ ਰੁਖ ਉਤੇ ਕਾਇਮ ਰਹਿਣਗੀਆਂ। ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਤਿੰਨ ਖੇਤੀ ਕਾਨੂੰਨਾਂ, ਆਰਡੀਨੈਂਸ ਤੇ ਪਾਵਰ ਐਕਟ ਉਤੇ ਕਿਸੇ ਵੀ ਤਰ੍ਹਾਂ ਦੀ ਵਿਚਾਰ ਚਰਚਾ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਉਹ ਕਿਸਾਨਾਂ ਦੇ 'ਮਨ ਦੀ ਗੱਲ' ਸੁਣਨ ਜਾਂ ਫਿਰ ਨਤੀਜੇ ਭੁਗਤਣ ਲਈ ਤਿਆਰ ਰਹਿਣ।

ਕਿਸਾਨ ਜਥੇਬੰਦੀਆਂ ਨੇ ਕਿਹਾ ਹੈ ਕਿ ਇਨ੍ਹਾਂ ਕਾਨੂੰਨਾਂ ਬਾਰੇ ਵਿਚਾਰ-ਚਰਚਾ ਨਹੀਂ ਹੋ ਸਕਦੀ। ਸਾਡੀ ਮੰਗ ਇਹ ਕਾਨੂੰਨ ਵਾਪਸ ਲੈਣ ਦੀ ਹੈ ਅਤੇ ਸਾਨੂੰ ਯਕੀਨ ਹੈ ਕਿ ਅਜਿਹਾ ਹੋਵੇਗਾ। ਉਨ੍ਹਾਂ ਭਾਜਪਾ ਆਗੂਆਂ ਨੂੰ ਫਾਸ਼ੀਵਾਦੀ ਕਰਾਰ ਦਿੰਦਿਆਂ ਕਿਹਾ ਕਿ ਇਨ੍ਹਾਂ ਦਾ ਹਾਲ ਮੂੰਹ ਤੋਂ ਰਾਮ ਰਾਮ ਤੇ ਬਗਲ 'ਚ ਛੁਰੀ ਜਿਹਾ ਹੈ। ਸਰਕਾਰ ਵੱਲੋਂ ਕਿਸਾਨਾਂ ਦੇ ਗੁੰਮਰਾਹ ਹੋਣ ਸਬੰਧੀ ਕੀਤੇ ਜਾ ਰਹੇ ਦਾਅਵਿਆਂ ਬਾਰੇ ਸਾਂਝਾ ਕਿਸਾਨ ਮੋਰਚਾ ਦੇ ਆਗੂ ਯੋਗੇਂਦਰ ਯਾਦਵ ਨੇ ਕਿਹਾ ਕਿ ਸਰਕਾਰ ਦੀ ਪੋਲ ਹੁਣ ਖੁੱਲ੍ਹ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਇਸ ਅੰਦੋਲਨ ਦੀ ਅਗਵਾਈ ਪੰਜਾਬ ਦੇ ਕਿਸਾਨ ਕਰ ਰਹੇ ਹਨ ਪਰ ਸਾਰੇ ਦੇਸ਼ ਦੇ ਕਿਸਾਨ ਇਸ ਅੰਦੋਲਨ 'ਚ ਸ਼ਾਮਲ ਹਨ। ਸਰਕਾਰ ਵੱਲੋਂ ਇਸ ਅੰਦੋਲਨ ਨੂੰ ਬਿਨਾਂ ਆਗੂਆਂ ਦੇ ਹੋਣ ਦੇ ਦਾਅਵੇ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਦੀਆਂ 30 ਜਥੇਬੰਦੀਆਂ ਰੋਜ਼ਾਨਾ ਮੀਟਿੰਗ ਕਰ ਰਹੀਆਂ ਹਨ ਤੇ ਸਾਂਝਾ ਕਿਸਾਨ ਮੋਰਚਾ ਇਸ ਅੰਦੋਲਨ ਨੂੰ ਕੋਆਰਡੀਨੇਟ ਕਰ ਰਿਹਾ ਹੈ। ਜਥੇਬੰਦੀ ਨੇ ਇਸ ਦਾਅਵੇ ਨੂੰ ਵੀ ਨਕਾਰ ਦਿੱਤਾ ਇਹ ਅੰਦੋਲਨ ਕਾਂਗਰਸ ਚਲਾ ਰਹੀ ਹੈ।

ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਕਿਹਾ, 'ਅਸੀਂ ਪ੍ਰਧਾਨ ਮੰਤਰੀ ਨੂੰ ਦੱਸਣਾ ਚਾਹੁੰਦੇ ਹਾਂ ਕਿ ਜੇਕਰ ਉਨ੍ਹਾਂ ਦੀ ਸਰਕਾਰ ਇਹ ਸੋਚਦੀ ਹੈ ਕਿ ਉਹ ਇਸ ਅੜਿੱਕੇ ਨੂੰ ਲੰਮਾ ਖਿੱਚ ਕੇ ਸੰਘਰਸ਼ ਨੂੰ ਕਮਜ਼ੋਰ ਕਰ ਸਕਦੀ ਹੈ ਤਾਂ ਇਹ ਸਾਡੀ ਚਿਤਾਵਨੀ ਹੈ ਕਿ ਉਹ ਜੇਕਰ ਜਲਦੀ ਇਹ ਮਸਲਾ ਹੱਲ ਨਹੀਂ ਕਰਦੇ ਤਾਂ ਉਹ ਤਿੱਖੇ ਕਦਮ ਚੁੱਕਣ ਲਈ ਮਜਬੂਰ ਹੋਣਗੇ।' ਕਿਸਾਨ ਆਗੂਆਂ ਨੇ ਵੱਡੇ ਪੱਧਰ ਉਤੇ ਪ੍ਰਧਾਨ ਮੰਤਰੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਹ ਘਟੀਆ ਤੇ ਫਿਰਕੂ ਸਿਆਸਤ ਕਰਨੀ ਛੱਡ ਦੇਣ। ਬਲਬੀਰ ਸਿੰਘ ਰਾਜੇਵਾਲ ਨੇ ਦੇਸ਼ ਵਾਸੀਆਂ ਨੂੰ ਇਸ ਸ਼ਾਂਤਮਈ ਸੰਘਰਸ਼ 'ਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਕਹਿੰਦੇ ਕੁਝ ਹਨ ਪਰ ਕਰਦੇ ਕੁਝ ਹਨ। ਉਹ ਦੇਸ਼ ਨੂੰ ਕਾਰਪੋਰੇਟਾਂ ਕੋਲ ਵੇਚ ਰਹੇ ਹਨ।

## ਸੁਖਦੇਵ ਸਿੰਘ ਢੀਂਡਸਾ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਲਿਖਿਆ ਪੱਤਰ

**ਚੰਡੀਗੜ੍ਹ:** ਕੇਂਦਰ ਸਰਕਾਰ ਦੇ ਕਾਲੇ ਖੇਤੀ ਕਾਨੂੰਨਾਂ ਖਿਲਾਫ ਸ਼ਾਂਤਮਈ ਤਰੀਕੇ ਨਾਲ ਦਿੱਲੀ ਜਾ ਰਹੇ ਕਿਸਾਨਾਂ ਉਤੇ ਕੇਂਦਰ ਤੇ ਹਰਿਆਣਾ ਸਰਕਾਰ ਵਲੋਂ ਢਾਹੇ ਗਏ ਤਸ਼ੱਦਦ ਵਿਰੁੱਧ ਸ਼੍ਰੋਮਣੀ ਅਕਾਲੀ ਦਲ (ਡੈਮੋਕਰੇਟਿਕ) ਦੇ ਪ੍ਰਧਾਨ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਇਕ ਪੱਤਰ ਲਿਖ ਕੇ ਇਸ ਮਾਮਲੇ ਵਿਚ ਦਖਲ ਦੇਣ ਤੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਕੌਮੀ ਮਨੁੱਖੀ ਅਧਿਕਾਰ ਨੂੰ ਲਿਖੇ ਪੱਤਰ ਵਿਚ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਹਰਿਆਣਾ ਤੇ ਦਿੱਲੀ ਪੁਲਿਸ ਵਲੋਂ ਕਿਸਾਨਾਂ ਨੂੰ ਰੋਕਣ ਲਈ ਜਲ ਤੋਪਾਂ ਤੇ ਹੰਝੂ ਗੈਸ ਦੇ ਗੋਲਿਆਂ ਦੀ ਵਰਤੋਂ ਕੀਤੀ ਗਈ, ਜੋ ਕੇ ਮਨੁੱਖੀ ਅਧਿਕਾਰਾਂ ਦਾ ਘਾਣ ਹੈ।


SUPER TRAVEL
847-676-9090, 773-465-5566
*E-mail: supertravel2003@live.com*
Lowest Fares With Excellent Service
*United Airlines*
*British Airways*

*Etihad, Air India, KLM, Lufthansa, Delta, Qatar Airlines.*
For Emergency Call anytime at
847-673-3825
*EARLY BIRD SALE!!!!*
Domestic fares available



ਟਰੱਕ ਡਰਾਈਵਰਾਂ ਦੀ ਲੋੜ ਹੈ

ਕੈਂਟਨ, ਮਿਸ਼ੀਗਨ ਵਿਚ ਟਰੱਕ ਡਰਾਈਵਰਾਂ ਦੀ ਲੋੜ ਹੈ। ਰੋਜ਼ਾਨਾ ਕੰਮ, ਚੰਗੀ ਤਨਖਾਹ ਵੀਕਐਂਡ 'ਤੇ ਘਰ
Wanted CDL Truck Driver
In Canton, Michigan
East Daily Work, Good Pay
Week end Home.
ਸੰਪਰਕ ਕਰੋ
ਫੋਨ: 734-366-5300 ਜਾਂ 734-231-1871
49-


# Matrimonials

### ਲੜਕੀ ਦੀ ਲੋੜ ਹੈ

Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055 47-50

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 46-

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com 44-

### ਲੜਕੇ ਦੀ ਲੋੜ ਹੈ

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102 40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com 36-39


*Visit us on the web:* ***www.punjabtimesusa.com***


***To Advertise with Punjab Times Call: 847-359-0746***
*Visit us on the web:**wwwpunjabtimesusa.com***



ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ
ਸਿਨਸਿਨੈਟੀ (ਓਹਾਇਓ) ਇਲਾਕੇ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ।
ਵਾਜਬ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ, ਫੋਨ: 513-203-6315
43-



Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
*Residential & Commercial Loans*
(734) 330-8859 Mobile
(586) 802-7385 Fax
Balbir.Grewal@SistarMortgage.com
*Loans Available In Most States!*
**Refinance up to 125% value of the house.*
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.



Desi Bazar
Under new management.
*916 E. Main Street #118, Greenwood, IN, 46143*
***Tel: 317-888-2040, Fax: 317-887-6116***
Lakhvir S. Johal, Ph: 317-709-7800
Help Wanted in the Kitchen
*We specialize in all kind of Indian Groceries and Sweets*
• FRESH VEGETABLES EVERY THURSDAY
• FRESH GOAT MEAT
*10% off on all Gurudwara supplies and Religious programs!!*
We Are Open 7 Days a Week
ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਸਾਊਥਾਲ 'ਚ ਸੜਕ ਦਾ ਨਾਂ ਗੁਰੂ ਨਾਨਕ ਰੋਡ ਰੱਖਣ ਨੂੰ ਸਹਿਮਤੀ

**ਲੰਡਨ:** ਪੱਛਮੀ ਲੰਡਨ ਦੀ ਇਕ ਕੌਂਸਲ ਨੇ ਦੱਸਿਆ ਕਿ ਉਸ ਵੱਲੋਂ ਪੰਜਾਬੀ ਭਾਈਚਾਰੇ ਦੀ ਵੱਡੀ ਤਦਾਦ ਵਾਲੇ ਕਸਬੇ ਸਾਊਥਾਲ 'ਚ ਇਕ ਸੜਕ ਦਾ ਨਾਂ ਗੁਰੂ ਨਾਨਕ ਰੋਡ ਰੱਖਣ ਨੂੰ ਸਹਿਮਤੀ ਦਿੱਤੀ ਗਈ ਹੈ। ਇਹ ਐਲਾਨ ਦੁਨੀਆਂ ਭਰ 'ਚ ਗੁਰੂ ਨਾਨਕ ਦੇਵ ਦੇ ਮਨਾਏ ਜਾ ਰਹੇ 551ਵੇਂ ਪ੍ਰਕਾਸ਼ ਪੁਰਬ ਸਬੰਧੀ ਕੀਤਾ ਗਿਆ।

ਹੈਵਲੌਕ ਰੋਡ ਦਾ ਨਾਂ ਗੁਰੂ ਨਾਨਕ ਦੇਵ ਦੇ ਨਾਂ ਉਤੇ ਰੱਖਣ ਦਾ ਇਹ ਪ੍ਰਸਤਾਵ ਲੰਡਨ ਦੇ ਮੇਅਰ ਸਾਦਿਕ ਖਾਨ ਵੱਲੋਂ ਬਣਾਏ ਗਏ ਇਕ ਨਵੇਂ ਕਮਿਸ਼ਨ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ। ਏਲਿੰਗ ਕੌਂਸਲ ਨੇ ਦੱਸਿਆ ਕਿ ਹੈਵਲੌਕ ਰੋਡ ਦੇ ਕਿੰਗ ਸਟਰੀਟ ਅਤੇ ਮੈਰਿਕ ਰੋਡ ਦੇ ਵਿਚਕਾਰਲੇ ਹਿੱਸੇ, ਜਿਸ ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ ਵਾਲਾ ਹਿੱਸਾ ਵੀ ਸ਼ਾਮਲ ਹੈ, ਦਾ ਨਾਂ ਬਦਲਿਆ ਜਾਵੇਗਾ। ਇਹ ਨਾਮਕਰਨ 2021 ਦੀ ਸ਼ੁਰੂਆਤ 'ਚ ਲਾਗੂ ਹੋਵੇਗਾ, ਜਿਸ 'ਚ ਬਦਲਾਅ ਨਾਲ ਅਸਰਅੰਦਾਜ਼ ਹੋਣ ਵਾਲੇ ਘਰਾਂ, ਕਾਰੋਬਾਰਾਂ ਅਤੇ ਸੰਸਥਾਵਾਂ ਨੂੰ ਕੌਂਸਲ ਵੱਲੋਂ ਅਗਾਊਂ ਸੂਚਿਤ ਕੀਤਾ ਜਾ ਰਿਹਾ ਹੈ।

## ਲਾਹੌਰ ਦੁਨੀਆਂ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ

**ਲਾਹੌਰ:** ਪਾਕਿਸਤਾਨ ਦਾ ਲਾਹੌਰ ਸ਼ਹਿਰ ਇਕ ਵਾਰ ਫਿਰ ਦੁਨੀਆਂ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਵਿਚ ਸਿਖਰ ਉਤੇ ਰਿਹਾ ਹੈ। ਯੂ.ਐਸ. ਏਅਰ ਕੁਆਲਟੀ ਇੰਡੈਕਸ (ਏ.ਕਿਊ.ਆਈ.) ਵੱਲੋਂ ਹਵਾ ਪ੍ਰਦੂਸ਼ਣ ਸਬੰਧੀ ਜਾਰੀ ਅੰਕੜਿਆਂ ਮੁਤਾਬਕ, 'ਪਾਕਿਸਤਾਨ ਦੀ ਸਭਿਆਚਾਰਕ ਰਾਜਧਾਨੀ ਲਾਹੌਰ ਨੂੰ ਦੁਨੀਆਂ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਦਾ ਦਰਜਾ ਦਿੱਤਾ ਗਿਆ ਹੈ।'

ਇੰਡੈਕਸ ਅਨੁਸਾਰ ਲਾਹੌਰ 'ਚ ਪ੍ਰਦੂਸ਼ਕ ਤੱਤ (ਪੀ.ਐਮ.) ਦਰਜਾ 423 ਰਿਹਾ। ਏ.ਕਿਊ.ਆਈ. ਦੀ ਸੂਚੀ ਪਾਕਿਸਤਾਨ ਦੀ ਵਿੱਤੀ ਰਾਜਧਾਨੀ ਕਰਾਚੀ ਨੂੰ ਸੱਤਵੇਂ ਸਥਾਨ 'ਤੇ ਰੱਖਿਆ ਗਿਆ ਹੈ। ਭਾਰਤ ਦੀ ਰਾਜਧਾਨੀ ਦਿੱਲੀ ਨੂੰ 229 ਪੀ.ਐਮ. ਨਾਲ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ 'ਚ ਦੂਜੇ ਸਥਾਨ ਉਤੇ ਰੱਖਿਆ ਗਿਆ ਹੈ। ਜਦਕਿ ਨੇਪਾਲ ਦੀ ਰਾਜਧਾਨੀ ਕਾਠਮੰਡੂ ਨੂੰ 178 ਪੀ.ਐਮ. ਨਾਲ ਦੁਨੀਆਂ ਦਾ ਤੀਜਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਗਿਣਿਆ ਗਿਆ ਹੈ।

## ਭਾਰਤੀ-ਅਮਰੀਕੀ ਨੀਰਾ ਟੰਡਨ ਨੂੰ ਵ੍ਹਾਈਟ ਹਾਊਸ 'ਚ ਅਹਿਮ ਅਹੁਦਾ

**ਵਾਸ਼ਿੰਗਟਨ:** ਮੁਲਕ ਦੇ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਨੇ ਭਾਰਤੀ-ਅਮਰੀਕੀ ਨੀਰਾ ਟੰਡਨ (50) ਨੂੰ ਵ੍ਹਾਈਟ ਹਾਊਸ ਪ੍ਰਸ਼ਾਸਨ ਵਿਚ ਪ੍ਰਬੰਧਨ ਤੇ ਬਜਟ ਦਫਤਰ ਦਾ ਡਾਇਰੈਕਟਰ ਲਾਉਣ ਦੀ ਤਿਆਰੀ ਖਿੱਚ ਲਈ ਹੈ। ਮੀਡੀਆ ਰਿਪੋਰਟਾਂ ਮੁਤਾਬਕ ਉਪਰੋਕਤ ਅਹੁਦਾ ਵ੍ਹਾਈਟ ਹਾਊਸ ਦੇ ਸਿਖਰਲੇ ਅਹੁਦਿਆਂ 'ਚ ਸ਼ੁਮਾਰ ਹੈ। ਵ੍ਹਾਈਟ ਹਾਊਸ ਪ੍ਰਸ਼ਾਸਨ ਦੇ ਬਜਟ ਦੀ ਜ਼ਿੰਮੇਵਾਰੀ ਇਸ ਅਹੁਦੇ ਉਤੇ ਬਿਰਾਜਮਾਨ ਸ਼ਖਸ ਦੇ ਹੱਥ ਹੁੰਦੀ ਹੈ। ਅਮਰੀਕੀ ਸੈਨੇਟ ਦੀ ਮੋਹਰ ਨਾਲ ਟੰਡਨ ਇਸ ਅਹੁਦੇ ਉਤੇ ਨਿਯੁਕਤ ਹੋਣ ਵਾਲੀ ਪਹਿਲੀ ਗੈਰ-ਗੋਰੀ ਮਹਿਲਾ ਹੋਵੇਗੀ। ਇਸ ਦੌਰਾਨ ਬਾਇਡਨ ਨੇ ਵਿਦੇਸ਼ ਵਿਭਾਗ ਦੇ ਸਾਬਕਾ ਤਰਜਮਾਨ ਜੈੱਨ ਪਸਾਕੀ ਨੂੰ ਵ੍ਹਾਈਟ ਹਾਊਸ ਦਾ ਪ੍ਰੈੱਸ ਸਕੱਤਰ ਨਾਮਜ਼ਦ ਕੀਤਾ ਹੈ। ਬਾਇਡਨ ਦੀ ਟੀਮ ਨੇ ਸੰਚਾਰ ਵਿਭਾਗ ਵਿਚ ਕੁਝ ਹੋਰ ਨਿਯੁਕਤੀਆਂ ਵੀ ਕੀਤੀਆਂ ਹਨ।

# ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗੁਰੂ ਨਾਨਕ ਦਾ ਪ੍ਰਕਾਸ਼ ਪੁਰਬ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਦੇ 551ਵੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਚ ਵੱਡੀ ਗਿਣਤੀ ਸੰਗਤਾਂ ਨਤਮਸਤਕ ਹੋਈਆਂ। ਸੰਗਤਾਂ ਨੇ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ ਅਤੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਵਿਖੇ ਸੁੰਦਰ ਜਲੌਅ ਵੀ ਸਜਾਏ ਗਏ।

ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਨੇ ਗੁਰੂ ਸਾਹਿਬ ਦੇ ਜੀਵਨ ਅਤੇ ਫਲਸਫੇ ਉਤੇ ਚਾਨਣਾ ਪਾਉਂਦਿਆਂ ਸੰਗਤ ਨੂੰ ਗੁਰੂ ਸਾਹਿਬ ਦੇ ਉਪਦੇਸ਼ਾਂ ਉਤੇ ਚੱਲਣ ਦੀ ਪ੍ਰੇਰਨਾ ਦਿੱਤੀ। ਸ੍ਰੀ ਹਰਿਮੰਦਰ ਸਾਹਿਬ ਵਿਚ ਦੇਸ਼ ਵਿਦੇਸ਼ ਤੋਂ ਆਏ ਸ਼ਰਧਾਲੂਆਂ ਨੂੰ ਮੱਥਾ ਟੇਕਣ ਲਈ ਲਾਈਨਾਂ ਵਿਚ ਲਗ ਕੇ ਲੰਬਾ ਸਮਾਂ ਉਡੀਕ ਕਰਨੀ ਪਈ। ਕਰੋਨਾ ਦੇ ਦੂਜੇ ਪੜਾਅ ਦੇ ਚਲਦਿਆਂ ਅਤੇ ਸਰਕਾਰ ਵਲੋਂ ਦਿੱਤੀਆਂ ਹਦਾਇਤਾਂ ਦੇ ਬਾਵਜੂਦ ਘੱਟ ਗਿਣਤੀ ਸ਼ਰਧਾਲੂਆਂ ਨੇ ਹੀ ਮਾਸਕ ਪਾਏ। ਪ੍ਰਕਾਸ਼ ਪੁਰਬ ਦੇ ਪਵਿੱਤਰ ਦਿਹਾੜੇ ਉਤੇ ਸਵੇਰੇ ਸ਼ਹਿਰ ਦੇ ਵੱਖ-ਵੱਖ ਗੁਰਦੁਆਰਿਆਂ ਤੋਂ ਪ੍ਰਭਾਤ ਫੇਰੀਆਂ ਕੱਢੀਆਂ ਗਈਆਂ। ਸ਼ਾਮ ਵੇਲੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ, ਗੁਰਦੁਆਰਾ ਅਟੱਲ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਖੇ ਦੀਪਮਾਲਾ ਕੀਤੀ ਗਈ ਤੇ ਰਹਿਰਾਸ ਦੇ ਪਾਠ ਤੋਂ ਬਾਅਦ ਆਤਿਸ਼ਬਾਜ਼ੀ ਚਲਾਈ ਗਈ।

ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਤੇ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵਿਸ਼ਵ ਭਰ ਦੀਆਂ ਸੰਗਤਾਂ ਨੂੰ ਅਵਤਾਰ ਪੁਰਬ ਦੀ ਵਧਾਈ ਦਿੱਤੀ ਤੇ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਉਤੇ ਚੱਲਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਜੀ ਦੀਆਂ ਸਿੱਖਿਆਵਾਂ ਨੂੰ ਅਜੋਕੇ ਸਮੇਂ ਜ਼ਿੰਦਗੀ ਦਾ ਹਿੱਸਾ ਬਣਾਉਣ ਦੀ ਲੋੜ ਹੈ।

## ਬਾਇਡਨ ਵਲੋਂ ਕਰੋਨਾ ਕਾਲ ਦੌਰਾਨ ਲੰਗਰ ਸੇਵਾ ਲਈ ਸਿੱਖਾਂ ਦੀ ਸ਼ਲਾਘਾ

**ਵਾਸ਼ਿੰਗਟਨ:** ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਜੋਅ ਬਾਇਡਨ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਇਕ ਸਾਂਝੇ ਬਿਆਨ 'ਚ ਕਿਹਾ ਕਿ ਸਿੱਖ ਧਰਮ ਦੇ ਸੰਸਥਾਪਕ ਦਾ ਏਕਤਾ ਤੇ ਦਿਆ ਦਾ ਸਰਵ ਵਿਆਪਕ ਸੁਨੇਹਾ ਲੋਕਾਂ ਅਤੇ ਅਮਰੀਕੀਆਂ ਨੂੰ ਇਕ ਰਾਸ਼ਟਰ ਦੇ ਰੂਪ 'ਚ ਪ੍ਰੇਰਿਤ ਕਰਨ 'ਚ ਮਦਦ ਕਰ ਸਕਦਾ ਹੈ। ਉਨ੍ਹਾਂ ਅਮਰੀਕਾ ਸਮੇਤ ਦੁਨੀਆਂ ਭਰ 'ਚ ਵਸਦੇ ਸਿੱਖਾਂ ਨੂੰ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ।

ਉਨ੍ਹਾਂ ਕਿਹਾ ਕਿ ਪੰਜ ਸਦੀਆਂ ਤੋਂ ਵੀ ਵੱਧ ਸਮਾਂ ਹੋ ਗਿਆ ਹੈ ਜਦ ਗੁਰੂ ਨਾਨਕ ਦੇਵ ਜੀ ਦੀਆਂ ਅਧਿਆਤਮਕ ਗਿਆਨ, ਮਾਨਵਤਾ ਦੀ ਸੇਵਾ ਤੇ ਨੈਤਿਕ ਇਮਾਨਦਾਰੀ ਅਜਿਹੀਆਂ ਸਿੱਖਿਆਵਾਂ ਨੂੰ ਸਿੱਖ ਅਮਰੀਕਾ ਸਮੇਤ ਸਮੁੱਚ ਵਿਸ਼ਵ 'ਚ ਹਰ ਰੋਜ਼ ਮੰਨਦੇ ਹਨ, ਜਿਵੇਂ ਕਿ ਅਸੀਂ ਇਸ ਚੁਣੌਤੀ ਭਰੇ ਸਾਲ 'ਚ ਵੇਖਿਆ ਹੈ। ਉਨ੍ਹਾਂ ਕਿਹਾ ਕਿ ਕਰੋਨਾ ਮਹਾਮਾਰੀ ਦੌਰਾਨ ਗੁਰਦੁਆਰਿਆਂ ਵਲੋਂ ਨਿਭਾਈ ਗਈ ਲੰਗਰ ਸੇਵਾ ਤੇ ਹੋਰ ਸੇਵਾਵਾਂ ਲਈ ਅਸੀਂ ਅਮਰੀਕਾ 'ਚ ਵਸਦੇ ਸਾਰੇ ਸਿੱਖਾਂ ਦਾ ਧੰਨਵਾਦ ਕਰਦੇ ਹਾਂ।

# ਕਿਸਾਨ ਘੋਲ ਸਿਖਰ ਵੱਲ ਵਧਿਆ

*(ਸਫਾ ਇਕ ਦੀ ਬਾਕੀ)*

'ਦਿੱਲੀ ਚਲੋ' ਦੇ ਨਾਅਰੇ ਨੇ ਨਵੀਂ ਸਥਿਤੀ ਪੈਦਾ ਕਰ ਦਿੱਤੀ ਹੈ। ਪੰਜਾਬ ਦੇ ਕਿਸਾਨਾਂ ਦੇ ਦਿੱਲੀ ਵੱਲ ਨੂੰ ਕੂਚ ਵਿਚ ਹਰਿਆਣਾ ਸਰਕਾਰ ਵਲੋਂ ਪਾਈਆਂ ਗਈਆਂ ਵੱਡੀਆਂ ਰੁਕਾਵਟਾਂ ਨੇ ਬਲਦੀ ਉਤੇ ਤੇਲ ਪਾਉਣ ਦਾ ਹੀ ਕੰਮ ਕੀਤਾ ਹੈ। ਰੁਕਾਵਟਾਂ ਨੂੰ ਹਟਾਉਂਦਿਆਂ ਕਿਸਾਨਾਂ ਅਤੇ ਪੁਲਿਸ ਵਿਚਕਾਰ ਲਗਾਤਾਰ ਟਕਰਾਅ ਦਾ ਮਾਹੌਲ ਬਣਦਾ ਰਿਹਾ ਹੈ। ਇਸੇ ਤਲਖੀ ਭਰੇ ਮਾਹੌਲ ਵਿਚ ਦਿੱਲੀ ਦੀ ਸਰਹੱਦ ਉਤੇ ਵੱਖ-ਵੱਖ ਰਸਤਿਆਂ ਤੋਂ ਪੁੱਜੇ ਕਿਸਾਨਾਂ ਵਲੋਂ ਲਗਾਏ ਗਏ ਧਰਨਿਆਂ ਨੇ ਸਥਿਤੀ ਨੂੰ ਹੋਰ ਵੀ ਨਾਜ਼ੁਕ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ। ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਦਾ ਸਿਦਕ, ਸਿਰੜ, ਹਿੰਮਤ ਅਤੇ ਜੀਰਾਂਦ ਕਿਸਾਨ ਅੰਦੋਲਨ ਨੂੰ ਇਸ ਦੀ ਸਿਖਰ 'ਤੇ ਲੈ ਗਏ ਹਨ। ਦੂਸਰੇ ਸੂਬਿਆਂ ਦੇ ਕਿਸਾਨਾਂ ਨੇ ਵੀ ਪੰਜਾਬ ਤੋਂ ਉਠੀ ਆਵਾਜ਼ 'ਚ ਆਪਣੀ ਆਵਾਜ਼ ਮਿਲਾਈ ਹੈ ਤੇ ਕਿਸਾਨਾਂ ਦੀ ਸਰਬ-ਸਾਂਝੀ ਆਵਾਜ਼ ਉਹ ਨਾਦ ਬਣ ਗਈ ਹੈ, ਜੋ ਦੇਸ਼ ਦੀ ਰਾਜਧਾਨੀ ਵਿਚ ਗੂੰਜ ਰਿਹਾ ਹੈ, ਸਾਰੇ ਦੇਸ਼ ਵਿਚ ਸੁਣਾਈ ਦੇ ਰਿਹਾ ਹੈ।

ਮੁੱਕਦੀ ਗੱਲ ਇਹ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਚੱਲ ਰਿਹਾ ਕਿਸਾਨ ਅੰਦੋਲਨ ਨਵੀਆਂ ਕਰਵਟਾਂ ਲੈ ਰਿਹਾ ਹੈ। ਪੰਜਾਬ ਵਿਚ ਕਿਸਾਨਾਂ ਦਾ ਵਿਰੋਧ ਖੇਤੀ ਮੰਡੀਕਰਨ ਅਤੇ ਕੰਟਰੈਕਟ ਖੇਤੀ ਕਰਨ ਸਬੰਧੀ ਜਾਰੀ ਕੀਤੇ ਆਰਡੀਨੈਂਸਾਂ (ਜੋ ਹੁਣ ਕਾਨੂੰਨ ਬਣ ਗਏ ਹਨ) ਨਾਲ ਹੀ ਸ਼ੁਰੂ ਹੋ ਗਿਆ ਸੀ। ਪੰਜਾਬ ਵਿਚ ਕਿਸਾਨ ਅੰਦੋਲਨ ਦੀ ਚੜ੍ਹਤ ਕਾਰਨ ਭਾਰਤੀ ਜਨਤਾ ਪਾਰਟੀ ਤੋਂ ਸਿਵਾਏ ਸਾਰੀਆਂ ਪਾਰਟੀਆਂ ਨੂੰ ਕਿਸਾਨਾਂ ਦੇ ਹੱਕ ਵਿਚ ਸਿਆਸੀ ਪੈਂਤੜੇ ਲੈਣੇ ਪਏ ਹਨ। ਦੂਸਰੇ ਸੂਬਿਆਂ ਦੇ ਕਿਸਾਨ ਵੀ ਇਸ ਅੰਦੋਲਨ 'ਚ ਸ਼ਾਮਲ ਹੋ ਰਹੇ ਹਨ ਤੇ ਇਹ ਜਾਗਰੂਕਤਾ ਫੈਲ ਰਹੀ ਹੈ।

ਹੁਣ ਸਵਾਲ ਇਹ ਉਠ ਰਹੇ ਹਨ ਕਿ ਜੇਕਰ ਮੋਦੀ ਸਰਕਾਰ ਨੂੰ ਭਰੋਸਾ ਹੈ ਕਿ ਕਾਨੂੰਨ ਕਿਸਾਨਾਂ ਦਾ ਭਲਾ ਕਰਨਗੇ ਤਾਂ ਉਹ ਹੁਣ ਤੱਕ ਜਥੇਬੰਦੀਆਂ ਦਾ ਭਰੋਸਾ ਜਿੱਤਣ ਵਿਚ ਨਾਕਾਮ ਕਿਉਂ ਰਹੀ ਹੈ। ਉਸ ਦੇ ਆਪਣੇ ਭਾਈਵਾਲ ਸਰਕਾਰ ਦੀ ਨੀਅਤ ਉਤੇ ਸਵਾਲ ਕਿਉਂ ਚੁੱਕ ਰਹੇ ਹਨ। ਕਰੋਨਾ ਦੇ ਡਰਾਵੇ ਦੇ ਕੇ ਕਿਸਾਨਾਂ ਨੂੰ ਸ਼ਾਂਤਮਈ ਪ੍ਰਦਰਸ਼ਨ ਕਰਨ ਤੋਂ ਕਿਉਂ ਰੋਕਿਆ ਜਾ ਰਿਹਾ ਹੈ। ਕਿਸਾਨ ਆਪਣੀ ਗੱਲ ਰੱਖਣ ਲਈ ਦਿੱਲੀ ਸ਼ਾਂਤਮਈ ਕੂਚ ਕਰ ਰਹੇ ਹਨ, ਫਿਰ ਰਾਹ ਵਿਚ ਅੜਿੱਕੇ ਡਾਹੁਣ ਦੀ ਬਜਾਏ ਅੱਗੇ ਵਧ ਕੇ ਕਿਸਾਨਾਂ ਦੀ ਗੱਲ ਸੁਣਨ ਤੋਂ ਸਰਕਾਰ ਕਿਉਂ ਭੱਜ ਰਹੀ ਹੈ।

ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਸਰਕਾਰ ਦੇਸ਼ ਦੇ ਕਿਸਾਨਾਂ ਨੂੰ ਸਮਝ ਤੋਂ ਕੋਰੇ ਕਿਉਂ ਸਮਝਦੀ ਹੈ। ਕੋਵਿਡ-19 ਦੀ ਦਲੀਲ ਦਿੱਤੇ ਜਾਣ ਕਾਰਨ ਇਹ ਪ੍ਰਸ਼ਨ ਵੀ ਪੁੱਛੇ ਜਾ ਰਹੇ ਹਨ ਕਿ ਸਰਕਾਰ ਨੇ ਖੇਤੀ ਮੰਡੀਕਰਨ ਤੇ ਕੰਟਰੈਕਟ ਖੇਤੀ ਨਾਲ ਸਬੰਧਤ ਕਾਨੂੰਨ ਅਤੇ ਕਿਰਤੀਆਂ ਦੇ ਹੱਕਾਂ ਨੂੰ ਸੀਮਤ ਕਰਦੇ ਕੋਡ ਕੋਵਿਡ-19 ਦੀ ਮਹਾਮਾਰੀ ਦੌਰਾਨ ਹੀ ਕਿਉਂ ਬਣਾਏ।

ਸਵਾਲ ਹੈ ਕਿ ਜਦ ਅੰਨਾ ਹਜ਼ਾਰੇ ਅਤੇ ਬਾਬਾ ਰਾਮਦੇਵ ਨੂੰ ਜੰਤਰ ਮੰਤਰ ਅਤੇ ਰਾਮਲੀਲਾ ਮੈਦਾਨ ਵਿਚ ਅੰਦੋਲਨ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ ਤਾਂ ਕਿਸਾਨਾਂ ਨਾਲ ਅਜਿਹਾ ਵਰਤਾਓ ਕਿਉਂ ਕੀਤਾ ਜਾ ਰਿਹਾ ਹੈ।

## ਟਰੂਡੋ ਵੱਲੋਂ ਕਿਸਾਨਾਂ ਦੇ ਹੱਕ 'ਚ ਹਾਅ ਦਾ ਨਾਅਰਾ

**ਟੋਰਾਂਟੋ:** ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਹਮੇਸ਼ਾ ਸ਼ਾਂਤਮਈ ਪ੍ਰਦਰਸ਼ਨਾਂ ਦੇ ਅਧਿਕਾਰ ਦੀ ਰੱਖਿਆ ਕਰੇਗਾ। ਉਨ੍ਹਾਂ ਨਵੇਂ ਖੇਤੀਬਾੜੀ ਕਾਨੂੰਨਾਂ ਵਿਰੁੱਧ ਭਾਰਤ ਅੰਦਰ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਉਤੇ ਚਿੰਤਾ ਜਤਾਈ। ਉਹ ਇਸ ਮੁੱਦੇ 'ਤੇ ਆਪਣੇ ਵਿਚਾਰ ਜ਼ਾਹਰ ਕਰਨ ਵਾਲੇ ਭਾਰਤ ਤੋਂ ਬਾਹਰ ਦੁਨੀਆਂ ਦੇ ਪਹਿਲੇ ਨੇਤਾ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਮੌਕੇ ਕੈਨੇਡਾ ਵਿਚ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਸ੍ਰੀ ਟਰੂਡੋ ਨੇ ਕਿਹਾ ਕਿ ਜੇ ਉਹ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਵਿਰੋਧ ਪ੍ਰਦਰਸ਼ਨਾਂ ਬਾਰੇ ਭਾਰਤ ਤੋਂ ਆ ਰਹੀਆਂ ਖਬਰਾਂ"ਨੂੰ ਨਜ਼ਰਅੰਦਾਜ਼ ਕਰਦੇ ਹਨ ਤਾਂ ਇਹ ਗਲਤੀ ਹੋਵੇਗੀ।

ਉਨ੍ਹਾਂ ਆਪਣੇ ਟਵਿੱਟਰ ਅਕਾਊਂਟ 'ਤੇ ਪੋਸਟ ਕੀਤੀ ਵੀਡੀਓ ਵਿਚ ਕਿਹਾ, "ਸਥਿਤੀ ਬਹੁਤ ਚਿੰਤਾਜਨਕ ਹੈ ਅਤੇ ਅਸੀਂ ਪਰਿਵਾਰ ਅਤੇ ਦੋਸਤਾਂ ਬਾਰੇ ਚਿੰਤਤ ਹਾਂ। ਅਸੀਂ ਜਾਣਦੇ ਹਾਂ ਕਿ ਇਹ ਬਹੁਤ ਸਾਰੇ ਲੋਕਾਂ ਲਈ ਸੱਚਾਈ ਹੈ।" ਇਸ ਦੌਰਾਨ ਇਸ ਟਿੱਪਣੀ ਉਤੇ ਭਾਰਤੀ ਵਿਦੇਸ਼ ਮੰਤਰਾਲੇ ਨੇ ਸਖਤ ਇਤਰਾਜ਼ ਪ੍ਰਗਟਾਇਆ ਹੈ ਤੇ ਇਸ ਪ੍ਰਤੀਕਿਰਿਆ ਨੂੰ ਭਰਮਾਊ ਸੂਚਨਾ ਉਤੇ ਅਧਾਰਤ ਗੈਰਵਾਜਬ ਕਰਾਰ ਦਿੱਤਾ ਹੈ।

## ਕੈਨੇਡਾ ਵਲੋਂ ਕੌਮਾਂਤਰੀ ਸਫਰ ਸਬੰਧੀ ਪਾਬੰਦੀਆਂ ਜਾਰੀ ਰੱਖਣ ਦਾ ਐਲਾਨ

**ਓਟਾਵਾ:** ਮੁਲਕ ਵਿਚ ਕੋਵਿਡ- 19 ਮਹਾਮਾਰੀ ਦੀ ਦੂਜੀ ਲਹਿਰ ਦੌਰਾਨ ਇਸ ਵਾਇਰਸ ਦੀ ਲਾਗ ਫੈਲਣ ਤੋਂ ਰੋਕਣ ਲਈ ਕੈਨੇਡਾ ਨੇ ਕੌਮਾਂਤਰੀ ਸਫਰ ਉਤੇ ਲਾਈਆਂ ਪਾਬੰਦੀਆਂ ਜਾਰੀ ਰੱਖਣ ਦਾ ਐਲਾਨ ਕੀਤਾ ਹੈ।

ਬਿਆਨ 'ਚ 'ਜਨਤਕ ਸੁਰੱਖਿਆ ਅਤੇ ਹੰਗਾਮੀ ਹਾਲਾਤ ਨਾਲ ਨਜਿੱਠਣ ਬਾਰੇ ਮੰਤਰਾਲੇ' ਦੇ ਮੰਤਰੀ ਬਿੱਲ ਬਲੇਅਰ ਨੇ ਦੱਸਿਆ ਕਿ ਅਮਰੀਕੀ ਨਾਗਰਿਕਾਂ ਉਤੇ ਸਫਰ ਸਬੰਧੀ ਪਾਬੰਦੀਆਂ 21 ਦਸੰਬਰ ਤੱਕ ਜਾਰੀ ਰਹਿਣਗੀਆਂ ਜਦਕਿ ਹੋਰ ਮੁਲਕਾਂ ਤੋਂ ਆਉਣ ਵਾਲੇ ਲੋਕਾਂ ਉਤੇ ਪਾਬੰਦੀ 21 ਜਨਵਰੀ ਤੱਕ ਜਾਰੀ ਰਹੇਗੀ। ਬੀਤੀ 16 ਮਾਰਚ ਤੋਂ ਲਾਗੂ ਕੀਤੀਆਂ ਗਈਆਂ ਪਾਬੰਦੀਆਂ ਜ਼ਿਆਦਾਤਰ ਵਿਦੇਸ਼ੀ ਨਾਗਰਿਕਾਂ ਉਤੇ ਗੈਰ-ਜ਼ਰੂਰੀ ਸਫਰ ਲਈ ਕੈਨੇਡਾ ਆਉਣ 'ਤੇ ਪਾਬੰਦੀ ਲਾਉਂਦੀਆਂ ਹਨ।

ਹਾਲਾਂਕਿ ਕੈਨੇਡਿਆਈ ਨਾਗਰਿਕਾਂ ਦੇ ਪਰਿਵਾਰਕ ਮੈਂਬਰਾਂ, ਜ਼ਰੂਰੀ ਕੰਮ-ਕਾਜ ਵਾਲੇ ਕਾਮਿਆਂ ਅਤੇ ਕੌਮਾਂਤਰੀ ਵਿਦਿਆਰਥੀਆਂ ਸਮੇਤ ਕੁਝ ਹੋਰ ਵਰਗਾਂ ਨੂੰ ਇਨ੍ਹਾਂ ਪਾਬੰਦੀਆਂ ਤੋਂ ਛੋਟ ਦਿੱਤੀ ਗਈ ਹੈ।

## ਮਲੇਰੀਆ ਨੂੰ ਕਾਬੂ ਕਰਨ 'ਚ ਭਾਰਤ ਨੇ ਮਾਰੀ 'ਵੱਡੀ ਮੱਲ'

**ਸੰਯੁਕਤ ਰਾਸ਼ਟਰ:** ਵਿਸ਼ਵ ਸਿਹਤ ਸੰਗਠਨ (ਡਬਲਿਊ.ਐਚ.ਓ.) ਨੇ ਕਿਹਾ ਹੈ ਕਿ ਭਾਰਤ ਨੇ ਮਲੇਰੀਆ ਨਾਲ ਨਜਿੱਠਣ ਵਿਚ ਵੱਡੀ ਮੱਲ ਮਾਰੀ ਹੈ। ਦੱਖਣੀ-ਪੂਰਬੀ ਏਸ਼ੀਆ ਵਿਚ ਮਲੇਰੀਆ ਦੇ ਮਾਮਲੇ ਸਾਲ 2000 ਵਿਚ ਦੋ ਕਰੋੜ ਸਨ, ਜੋ ਪਿਛਲੇ ਸਾਲ ਘੱਟ ਕੇ 56 ਲੱਖ ਰਹਿ ਗਏ ਹਨ।

'ਵਰਲਡ ਮਲੇਰੀਆ ਰਿਪੋਰਟ 2020' ਅਨੁਸਾਰ ਸਾਲ 2019 ਵਿਚ ਦੁਨੀਆਂ ਭਰ ਵਿਚ ਮਲੇਰੀਆ ਦੇ 22.9 ਕਰੋੜ ਮਾਮਲੇ ਸਾਹਮਣੇ ਆਏ ਸਨ। ਭਾਰਤ ਵਿਚ ਮਲੇਰੀਆ ਨਾਲ ਹੋਣ ਵਾਲੀਆਂ ਮੌਤਾਂ ਦੇ ਮਾਮਲਿਆਂ ਵਿਚ ਵੀ ਗਿਰਾਵਟ ਆਈ ਹੈ। ਰਿਪੋਰਟ ਦੇ ਅਨੁਸਾਰ ਸਾਲ 2000 ਵਿਚ ਮਲੇਰੀਆ ਨਾਲ 29500 ਲੋਕਾਂ ਦੀ ਮੌਤ ਹੋਈ, ਪਿਛਲੇ ਸਾਲ ਇਹ ਗਿਣਤੀ 7700 ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਬੁੱਧੀਜੀਵੀ, ਲੇਖਕ ਤੇ ਰੰਗ ਕਰਮੀਆਂ ਵੱਲੋਂ ਕਿਸਾਨਾਂ ਦੇ ਹੱਕ 'ਚ ਹਾਅ ਦਾ ਨਾਅਰਾ

**ਨਵੀਂ ਦਿੱਲੀ:** ਦਿੱਲੀ ਦੇ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਅਤੇ ਰੰਗ ਕਰਮੀਆਂ ਨੇ ਕਿਸਾਨਾਂ ਉਤੇ ਕਿਰਤੀਆਂ ਦੇ ਸੰਘਰਸ਼ ਨੂੰ ਹਮਾਇਤ ਦੇਣ ਦਾ ਫੈਸਲਾ ਕੀਤਾ ਹੈ। ਇਕ ਸਾਂਝੇ ਬਿਆਨ ਵਿਚ ਇਨ੍ਹਾਂ ਕਿਹਾ ਹੈ ਕਿ ਭਾਵੇਂ ਉਹ ਆਪਣੀਆਂ ਰਚਨਾਵਾਂ ਅਤੇ ਕਲਾ-ਕ੍ਰਿਤਾਂ ਰਾਹੀਂ ਇਨ੍ਹਾਂ ਵਰਗਾਂ ਦੀ ਹੀ ਗੱਲ ਕਰਦੇ ਹਨ ਪਰ ਇਸ ਮੁਸ਼ਕਲ ਦੀ ਘੜੀ ਵਿਚ ਭੌਤਿਕ ਤੌਰ ਉਤੇ ਵੀ ਇਕਮੁਠ ਹਨ ਤੇ ਦੇਸ਼ ਦੇ ਅੰਨਦਾਤਿਆਂ ਨਾਲ ਚੱਟਾਨ ਵਾਂਗ ਖੜ੍ਹੇ ਹਨ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਜ਼ਿੱਦ ਤਿਆਗ ਕੇ ਕਿਸਾਨ ਜਥੇਬੰਦੀਆਂ ਦੇ ਲੀਡਰਾਂ ਨਾਲ ਮਿਲ ਬੈਠ ਕੇ ਇਸ ਮਸਲੇ ਦਾ ਹੱਲ ਲੱਭਣ। ਉਨ੍ਹਾਂ ਕਿਹਾ ਕਿ ਜਦੋਂ ਕਿਸਾਨਾਂ ਨੇ ਕੋਈ ਮੰਗ ਹੀ ਨਹੀਂ ਰੱਖੀ ਸੀ ਤਾਂ ਸਰਕਾਰ ਨੂੰ ਇਹ ਬਿੱਲ ਲਿਆਉਣ ਦੀ ਕੀ ਮਜਬੂਰੀ ਸੀ।

ਸਰਕਾਰਾਂ ਨੂੰ ਕਿਸਾਨਾਂ ਦੀ ਮਜਬੂਰੀ ਦਾ ਨਾਜਾਇਜ਼ ਫਾਇਦਾ ਉਠਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਕਿਸਾਨਾਂ ਦੀ ਤਾਕਤ ਨੂੰ ਘਟਾ ਕੇ ਨਹੀਂ ਦੇਖਣਾ ਚਾਹੀਦਾ। ਇਨ੍ਹਾਂ ਲੇਖਕਾਂ, ਪੱਤਰਕਾਰਾਂ ਤੇ ਰੰਗ ਕਰਮੀਆਂ ਵਿਚ ਗੁਰਬਚਨ ਸਿੰਘ ਭੁੱਲਰ, ਡਾ. ਮੋਹਨਜੀਤ, ਡਾ. ਵਨੀਤਾ, ਨਛੱਤਰ, ਡਾ. ਕਰਨਜੀਤ ਸਿੰਘ, ਪ੍ਰੋ. ਰਣਜੀਤ ਸਿੰਘ, ਸੁਭਾਸ਼ ਨੀਰਵ, ਕਵੀ ਗੁਰਚਰਨ ਸਿੰਘ, ਦਰਸ਼ਨ ਸਿੰਘ ਹਰਵਿੰਦਰ, ਚਰਨਜੀਤ ਸਿੰਘ ਰਾਹੀ, ਬਲਬੀਰ ਮਾਧੋਪੁਰੀ, ਡਾ. ਰਵੇਲ ਸਿੰਘ, ਰਵੀ ਤਨੇਜਾ, ਹਰਵਿੰਦਰ ਸਿੰਘ, ਜੁਗਿੰਦਰ ਅਮਰ, ਰੰਗ ਕਰਮੀ ਤਰਸੇਮ ਆਦਿ ਸ਼ਾਮਲ ਹਨ।

ਦਿੱਲੀ ਦੀਆਂ ਆਟੋ ਟੈਕਸੀ, ਬੱਸ ਅਪਰੇਟਰਾਂ ਤੇ ਹੋਰ ਸਬੰਧਤ ਯੂਨੀਅਨਾਂ ਨੇ ਕਿਸਾਨ ਅੰਦੋਲਨ ਦਾ ਸਮਰਥਨ ਕਰਦਿਆਂ ਕੇਂਦਰ ਸਰਕਾਰ ਨੂੰ ਅਲਟੀਮੇਟਮ ਦਿੰਦਿਆਂ ਸਾਰੀਆਂ ਸੇਵਾਵਾਂ ਰੋਕਣ ਦੀ ਚਿਤਾਵਨੀ ਦਿੱਤੀ। ਉਨ੍ਹਾਂ ਕਿਸਾਨਾਂ ਦੇ ਰਾਹਾਂ ਵਿਚ ਡੰਪਰ ਨਾ ਖੜ੍ਹੇ ਕਰਨ ਦੀ ਅਪੀਲ ਕੀਤੀ। ਹਰਿਆਣਾ ਆੜ੍ਹਤੀ ਐਸੋਸੀਏਸ਼ਨ ਵੱਲੋਂ ਵੀ ਕਿਸਾਨਾਂ ਦੇ ਅੰਦੋਲਨ ਨੂੰ ਸਮਰਥਨ ਦਿੱਤਾ ਗਿਆ ਹੈ।

ਸੁਪਰੀਮ ਕੋਰਟ ਦੇ ਵਕੀਲ ਨਵੇਂ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦਾ ਸਮਰਥਨ ਕੀਤਾ ਹੈ। ਸੀਨੀਅਰ ਵਕੀਲ ਤੇ ਸਾਬਕਾ ਵਿਧਾਇਕ ਐਚ.ਐਸ. ਫੂਲਕਾ ਵੱਲੋਂ ਐਲਾਨ ਕੀਤਾ ਗਿਆ ਕਿ ਸੁਪਰੀਮ ਕੋਰਟ ਦੇ ਵਕੀਲ ਕਿਸਾਨਾਂ ਦੇ ਹੱਕ 'ਚ ਹਨ। ਸ੍ਰੀ ਫੂਲਕਾ ਨੇ ਵੀ ਕਿਸਾਨਾਂ ਦਾ ਸਮਰਥਨ ਕੀਤਾ ਹੈ। ਉਨ੍ਹਾਂ ਕਿਹਾ, 'ਉਸ ਦੇ ਵਿਰੋਧ ਨੂੰ ਸਿਆਸੀ ਰੰਗਤ ਦੇਣਾ ਗਲਤ ਹੈ। ਉਨ੍ਹਾਂ ਦੀ ਮੰਗ ਨਿਆਇਕ ਹੈ ਤੇ ਸਰਕਾਰ ਇਹ ਸਵੀਕਾਰ ਕਰਨੀ ਚਾਹੀਦੀ ਹੈ।' ਇਸ ਦੌਰਾਨ, ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਕੇਂਦਰ ਸਰਕਾਰ ਨਿਰੰਕਾਰੀ ਮੈਦਾਨ ਨੂੰ ਦੂਜਾ ਸ਼ਾਹੀਨ ਬਾਗ ਬਣਾਉਣਾ ਚਾਹੁੰਦੀ ਹੈ ਪਰ ਉਹ ਅਜਿਹਾ ਨਹੀਂ ਹੋਣ ਦੇਣਗੇ।

## ਪੰਜਾਬ ਦੇ ਖਿਡਾਰੀ ਮੋੜਨਗੇ ਕੇਂਦਰੀ ਐਵਾਰਡ

**ਜਲੰਧਰ:** ਕਿਸਾਨਾਂ ਦੇ ਖਿਡਾਰੀ ਪੁੱਤ ਆਪਣੇ ਅਰਜੁਨ ਐਵਾਰਡ, ਪਦਮਸ੍ਰੀ ਤੇ ਦਰੋਣਾਚਾਰੀਆ ਸਮੇਤ ਕੇਂਦਰ ਸਰਕਾਰ ਵੱਲੋਂ ਦਿੱਤੇ ਸਨਮਾਨ ਕਿਸਾਨਾਂ ਨਾਲ ਕੀਤੇ ਜਾ ਰਹੇ ਧੱਕੇ ਵਿਰੁੱਧ ਵਾਪਸ ਕਰਨਗੇ। ਪਦਮਸ੍ਰੀ ਪਹਿਲਵਾਨ ਕਰਤਾਰ ਸਿੰਘ, ਅਰਜੁਨ ਐਵਾਰਡੀ ਸੱਜਣ ਸਿੰਘ ਚੀਮਾ, ਗੋਲਡਨ ਗਰਲ ਵਜੋਂ ਜਾਣੀ ਜਾਂਦੀ ਹਾਕੀ ਓਲੰਪੀਅਨ ਰਾਜਵੀਰ ਕੌਰ, ਸਾਬਕਾ ਕ੍ਰਿਕਟ ਕੋਚ ਪ੍ਰੋ. ਰਾਜਿੰਦਰ ਸਿੰਘ ਅਤੇ ਧਿਆਨ ਚੰਦ ਐਵਾਰਡੀ ਓਲੰਪੀਅਨ ਗੁਰਮੇਲ ਸਿੰਘ ਨੇ ਕਿਹਾ ਕਿ ਉਹ ਕਿਸਾਨਾਂ ਦੇ ਪੁੱਤ ਹਨ ਅਤੇ ਕਿਸਾਨ ਪਰਿਵਾਰਾਂ ਦੇ ਹੋਣ ਕਰਕੇ ਉਨ੍ਹਾਂ ਨੂੰ ਸੂਬੇ 'ਚ ਕਿਸਾਨਾਂ ਦੀ ਮਾੜੀ ਵਿੱਤੀ ਹਾਲਤ ਬਾਰੇ ਬਾਖੂਬੀ ਪਤਾ ਹੈ। ਅਰਜੁਨ ਐਵਾਰਡੀ ਸੱਜਣ ਸਿੰਘ ਚੀਮਾ ਨੇ ਕਿਹਾ ਕਿ 5 ਦਸੰਬਰ ਨੂੰ ਜਦੋਂ ਐਵਾਰਡ ਵਾਪਸ ਕਰਨ ਜਾਣਾ ਹੈ ਉਦੋਂ ਸੂਬੇ ਵਿਚੋਂ ਹੋਰ ਵੀ ਬਹੁਤ ਸਾਰੇ ਖਿਡਾਰੀਆਂ ਨੇ ਉਨ੍ਹਾਂ ਨਾਲ ਜਾਣ ਦੀ ਸਹਿਮਤੀ ਪ੍ਰਗਟਾਈ ਹੈ।

## ਪੰਜਾਬੀ ਗਾਇਕਾਂ ਵੱਲੋਂ ਕਿਸਾਨਾਂ ਦੇ ਅੰਦੋਲਨ ਨੂੰ ਸਮਰਥਨ

**ਚੰਡੀਗੜ੍ਹ:** ਦਿੱਲੀ ਦੀਆਂ ਸਰਹੱਦਾਂ ਉਤੇ ਕੇਂਦਰ ਦੇ ਨਵੇਂ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਗਾਇਕ ਕੰਵਰ ਗਰੇਵਾਲ, ਹਰਫ ਚੀਮਾ, ਸਿੱਧੂ ਮੂਸੇਵਾਲਾ ਅਤੇ ਬੱਬੂ ਮਾਨ ਸਮੇਤ ਕਈ ਪੰਜਾਬੀ ਗਾਇਕਾਂ ਵੱਲੋਂ ਸਮਰਥਨ ਦਿੱਤਾ ਜਾ ਰਿਹਾ ਹੈ।

ਗਾਇਕ ਕੰਵਰ ਗਰੇਵਾਲ ਨੇ ਲੋਕਾਂ ਨੂੰ ਸੋਸ਼ਲ ਮੀਡੀਆ ਰਾਹੀਂ ਕਿਸਾਨਾਂ ਨੂੰ ਵੱਧ ਤੋਂ ਵੱਧ ਸਮਰਥਨ ਦੇਣ ਲਈ ਪ੍ਰੇਰਿਤ ਕੀਤਾ ਹੈ। ਉਨ੍ਹਾਂ ਇਕ ਹੋਰ ਗਾਇਕ ਨਾਲ ਮਿਲ ਕੇ ਇਕ ਗੀਤ ਵੀ ਗਾਇਆ ਹੈ, ਜਿਸ ਰਾਹੀਂ ਉਹ ਕਿਸਾਨਾਂ ਨੂੰ ਵੱਡੀ ਗਿਣਤੀ 'ਚ ਇਕੱਠੇ ਹੋ ਕੇ ਦਿੱਲੀ ਜਾਣ ਲਈ ਆਖ ਰਹੇ ਹਨ।

## ਸ਼੍ਰੋਮਣੀ ਕਮੇਟੀ ਵਲੋਂ ਖੇਤੀ ਕਾਨੂੰਨ ਵਾਪਸ ਲੈਣ ਦੀ ਅਪੀਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਨਵ-ਨਿਯੁਕਤ ਪ੍ਰਧਾਨ ਬੀਬੀ ਜਗੀਰ ਕੌਰ ਨੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦੇ 551ਵੇਂ ਪ੍ਰਕਾਸ਼ ਪੁਰਬ ਮੌਕੇ ਦੇਸ਼ ਵਿਦੇਸ਼ ਦੀ ਸੰਗਤ ਨੂੰ ਵਧਾਈ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਪ੍ਰਕਾਸ਼ ਪੁਰਬ ਮੌਕੇ ਗੁਰੂ ਸਾਹਿਬ ਦੀ ਸੋਚ ਨੂੰ ਨਤਮਸਤਕ ਹੁੰਦਿਆਂ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕਰਨ। ਉਨ੍ਹਾਂ ਆਖਿਆ ਕਿ ਗੁਰੂ ਜੀ ਦੇ ਕਿਰਤ ਦੇ ਸਿਧਾਂਤ ਉਤੇ ਪਹਿਰਾ ਦੇਣ ਵਾਲੇ ਕਿਸਾਨਾਂ ਨੂੰ ਦਬਾਇਆ ਜਾਣਾ ਨਿੰਦਣਯੋਗ ਹੈ। ਉਨ੍ਹਾਂ ਇਸ ਮਾਮਲੇ ਵਿਚ ਕੇਂਦਰ ਸਰਕਾਰ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਅੱਜ ਦੀਆਂ ਸਰਕਾਰਾਂ ਕਿਸਾਨੀ ਹੱਕਾਂ ਨੂੰ ਬੇਰੁਖੀ ਨਾਲ ਦਬਾ ਰਹੀਆਂ ਹਨ। ਸਰਕਾਰ ਦੀ ਅੜੀ ਕਾਰਨ ਅੰਨਦਾਤਾ ਆਪਣੀ ਹੋਂਦ ਦੀ ਲੜਾਈ ਲੜਦਾ ਹੋਇਆ ਘਰੋਂ ਬੇਘਰ ਹੋ ਗਿਆ ਹੈ। ਉਨ੍ਹਾਂ ਸੰਗਤ ਨੂੰ ਗੁਰੂ ਨਾਨਕ ਦੇਵ ਦੇ ਉਪਦੇਸ਼ਾਂ ਉਤੇ ਚੱਲਣ ਦੀ ਪ੍ਰੇਰਣਾ ਦਿੰਦਿਆਂ ਕਿਹਾ ਕਿ ਗੁਰੂ ਸਾਹਿਬ ਸਮੁੱਚੇ ਵਿਸ਼ਵ ਦੇ ਮਹਾਨ ਕ੍ਰਾਂਤੀਕਾਰੀ ਦਾਰਸ਼ਨਿਕ ਤੇ ਰਹਿਬਰ ਸਨ, ਜਿਨ੍ਹਾਂ ਨੇ ਆਪਣੀ ਵਿਚਾਰਧਾਰਾ ਨਾਲ ਸਮਾਜ ਅੰਦਰ ਵੱਡੀ ਤਬਦੀਲੀ ਲਿਆਂਦੀ। ਉਨ੍ਹਾਂ ਨੇ ਲੋਕਾਂ ਦੀ ਗੁਲਾਮ ਹੋਈ ਮਾਨਸਿਕਤਾ ਨੂੰ ਆਪਣੇ ਵਿਚਾਰਾਂ ਨਾਲ ਆਜ਼ਾਦੀ ਦੇ ਰਾਹ ਤੋਰਿਆ। ਗੁਰੂ ਜੀ ਨੇ ਸਦੀਆਂ ਪਹਿਲਾਂ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ।

ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸੰਘਰਸ਼ਸ਼ੀਲ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਆਪਣੀਆਂ ਜ਼ਮੀਨਾਂ ਨੂੰ ਪੂੰਜੀਪਤੀਆਂ ਤੋਂ ਬਚਾਉਣ ਅਤੇ ਤਿੰਨ ਕੇਂਦਰੀ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਅਤੇ ਦੇਸ਼ ਦਾ ਢਿੱਡ ਭਰਨ ਵਾਲੇ ਕਿਸਾਨਾਂ ਨੂੰ ਭੁੱਖੇ ਮਰਨ ਲਈ ਨਹੀਂ ਛੱਡਿਆ ਜਾਵੇਗਾ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com






For All Your Commercial Real Estate Needs
*Gas Station *Commercial *Liquor Store *Hotel/Motel *Miscellaneous Store
MIDWAY Business Broker
We Build Your Dreams
MIDWAY REALTY GROUP
MIDWAY REALTY GROUP
For all your Residential Real Estate Needs
Join our team, we are hiring real estate agents.
We Build Your Dreams
We help you to
Home Selling
Home Buying
Rental / Lease
New Construction
Foreclosed / Short Sale
REO'S / HUD Property
WE WILL ASSIST YOU TO PROVIDE FUNDING FROM $25K TO 500K IN 48HRS
List your business at WWW.MBBBIZ.COM
AJEET SINGH : 847-529-9778
NICK VERMA : 630-664-1435




The Law Firm Of Fatima Johnson
3737 N. Meridian St., Ste 106, Indianapolis, IN 46208
vitalvisa THE LAW FIRM OF FATIMA JOHNSON
ਤੁਸੀਂ ਸਾਡੇ ਲਈ ਬਹੁਤ ਅਹਿਮ ਹੋ
Are you planning on going to your immigration interview or court alone? Don't do it!
ਕੀ ਤੁਸੀਂ ਇਕੱਲੇ ਇਮੀਗ੍ਰੇਸ਼ਨ ਇੰਟਰਵਿਊ ਜਾਂ ਅਦਾਲਤ ਜਾਣਾ ਚਾਹੁੰਦੇ ਹੋ? ਇੰਜ ਨਾ ਕਰੋ!
Did you enter the U.S. without a visa?
ਕੀ ਤੁਸੀਂ ਯੂਨਾਈਟਿਡ ਸਟੇਟ ਵਿਚ ਕਿਸੇ ਵੀਜ਼ੇ ਦੇ ਬਿਨਾ ਦਾਖਲ ਹੋਏ ਹੋ?
Do you have family members outside the U.S.?
ਕੀ ਤੁਹਾਡੇ ਪਰਿਵਾਰ ਦੇ ਮੈਂਬਰ ਅਮਰੀਕਾ ਤੋਂ ਬਾਹਰ ਹਨ?
Does your application keep getting denied?
ਕੀ ਤੁਹਾਡੀ ਦਰਖਾਸਤ ਵਾਰ ਵਾਰ ਰੱਦ ਹੋ ਰਹੀ ਹੈ?
We are experienced in.
•Deportation Defense •VAWA •Asylum •Work Permit
•Family and Marriage Based •Investor Visa (H1B, E-2, EB-5)
•SIJS (Special Immigration Juvenile Status)
Come talk to an experienced immigration attorany. Call to schedule an appointment today
ਇੱਕ ਤਜਰਬੇਕਾਰ ਇਮੀਗ੍ਰੇਸ਼ਨ ਅਟਾਰਨੀ ਨਾਲ ਗੱਲ ਕਰੋ। ਅੱਜ ਇਕ ਮੁਲਾਕਾਤ ਤੈਅ ਕਰਨ ਲਈ ਕਾਲ ਕਰੋ
Languages Spoken
•English •Hindi •Punjabi •Urdu •Spanish •French •Arabic •Chinese
ਅਸੀਂ ਅੰਗਰੇਜ਼ੀ, ਹਿੰਦੀ, ਪੰਜਾਬੀ, ਉਰਦੂ, ਸਪੈਨਿਸ਼, ਫਰੈਂਚ, ਅਰਬੀ ਤੇ ਚੀਨੀ ਬੋਲਦੇ ਹਾਂ
Licensed to Practice Immigration Law in all 50 States.
Ph: 317-252-0013
info@vitalvisa.com
*This is an attorney advertisement*

# ਭਾਜਪਾ ਨੇ ਖੇਤੀ ਕਾਨੂੰਨ ਨੂੰ 'ਕਿਸਾਨ ਪੱਖੀ' ਸਾਬਤ ਕਰਨ ਉਤੇ ਲਾਇਆ ਜ਼ੋਰ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਲੱਖਾਂ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨਾਂ ਦਰਮਿਆਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਦੇ ਨਵੇਂ ਕਾਨੂੰਨ ਕਿਸਾਨਾਂ ਦੀ ਭਲਾਈ ਲਈ ਹਨ। ਉਨ੍ਹਾਂ ਕਿਸਾਨਾਂ ਦੇ ਪ੍ਰਦਰਸ਼ਨ ਨੂੰ ਗੈਰ ਸਿਆਸੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ,"ਨਵੇਂ ਖੇਤੀ ਕਾਨੂੰਨ ਕਿਸਾਨਾਂ ਦੀ ਭਲਾਈ ਲਈ ਹਨ। ਲੰਬੇ ਸਮੇਂ ਮਗਰੋਂ ਕਿਸਾਨ ਬੰਦਸ਼ਾਂ ਤੋਂ ਮੁਕਤ ਹੋਣਗੇ। ਜਿਹੜੇ ਵੀ ਲੋਕ ਕਾਨੂੰਨਾਂ ਦਾ ਸਿਆਸੀ ਤੌਰ ਉਤੇ ਵਿਰੋਧ ਕਰਨਾ ਚਾਹੁੰਦੇ ਹਨ, ਉਹ ਕਰਦੇ ਰਹਿਣ। ਮੈਂ ਕਦੇ ਨਹੀਂ ਕਿਹਾ ਕਿ ਕਿਸਾਨਾਂ ਦਾ ਅੰਦੋਲਨ ਸਿਆਸੀ ਹੈ ਅਤੇ ਨਾ ਹੀ ਕਦੇ ਇਹ ਆਖਾਂਗਾ।"

ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਬਰੂਹਾਂ ਉਤੇ ਪਹੁੰਚ ਕੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਪ੍ਰਦਰਸ਼ਨਾਂ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਇਨ੍ਹਾਂ ਸੁਧਾਰਾਂ ਨੇ ਕਿਸਾਨਾਂ ਲਈ ਨਵੇਂ ਮੌਕਿਆਂ ਦੇ ਰਾਹ ਖੋਲ੍ਹ ਦਿੱਤੇ ਹਨ। ਆਕਾਸ਼ਵਾਣੀ 'ਤੇ ਮਾਸਿਕ 'ਮਨ ਕੀ ਬਾਤ' ਪ੍ਰੋਗਰਾਮ ਦੌਰਾਨ ਉਨ੍ਹਾਂ ਕਿਹਾ ਕਿ ਖੇਤੀ ਕਾਨੂੰਨ ਲਾਗੂ ਹੋਣ ਦੇ ਥੋੜ੍ਹੇ ਸਮੇਂ ਅੰਦਰ ਹੀ ਕਿਸਾਨਾਂ ਦੀਆਂ ਮੁਸ਼ਕਲਾਂ ਘਟਣੀਆਂ ਸ਼ੁਰੂ ਹੋ ਗਈਆਂ ਹਨ। ਉਨ੍ਹਾਂ ਮਹਾਰਾਸ਼ਟਰ ਦੇ ਕਿਸਾਨ ਦੀ ਮਿਸਾਲ ਦਿੱਤੀ ਜਿਸ ਨੂੰ ਖੇਤੀ ਕਾਨੂੰਨ ਦੀਆਂ ਧਾਰਾਵਾਂ ਕਾਰਨ ਵਪਾਰੀ ਤੋਂ ਰਕਮ ਵਾਪਸ ਮਿਲ ਗਈ ਜਦਕਿ ਪਹਿਲਾਂ ਉਹ ਪੈਸੇ ਦੇਣ ਤੋਂ ਟਾਲਾ ਵੱਟ ਰਿਹਾ ਸੀ। ਉਧਰ, ਨੀਤੀ ਆਯੋਗ ਦੇ ਮੈਂਬਰ (ਖੇਤੀ) ਰਮੇਸ਼ ਚੰਦ ਨੇ ਕਿਹਾ ਕਿ ਅੰਦੋਲਨ ਕਰ ਰਹੇ ਕਿਸਾਨ ਨਵੇਂ ਖੇਤੀ ਕਾਨੂੰਨਾਂ ਨੂੰ ਪੂਰੀ ਜਾਂ ਸਹੀ ਢੰਗ ਨਾਲ ਸਮਝ ਨਹੀਂ ਸਕੇ ਹਨ। ਉਨ੍ਹਾਂ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਇਹ ਕਾਨੂੰਨ ਕਿਸਾਨਾਂ ਦੀ ਆਮਦਨ ਵਧਾਉਣ ਦੇ ਸਮਰੱਥ ਹਨ। ਉਨ੍ਹਾਂ ਕਿਹਾ, 'ਇਨ੍ਹਾਂ ਕਾਨੂੰਨਾਂ ਦਾ ਮਕਸਦ ਉਹ ਨਹੀਂ ਹੈ ਜੋ ਕਿਸਾਨ ਸਮਝ ਰਹੇ ਹਨ। ਇਨ੍ਹਾਂ ਕਾਨੂੰਨਾਂ ਮਕਸਦ ਇਸ ਤੋਂ ਬਿਲਕੁਲ ਉਲਟ ਹੈ।' ਉਨ੍ਹਾਂ ਕਿਹਾ ਕਿ ਜੇਕਰ ਇਹ ਕਾਨੂੰਨ ਅਮਲ 'ਚ ਆਉਂਦੇ ਤਾਂ ਇਸ ਗੱਲ ਦੀ ਕਾਫੀ ਸੰਭਾਵਨਾ ਹੈ ਕਿ ਕਿਸਾਨਾਂ ਦੀ ਆਮਦਨ 'ਚ ਵਾਧਾ ਹੋਵੇਗਾ। ਕੁਝ ਸੂਬਿਆਂ ਵਿਚ ਤਾਂ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ।

ਸ੍ਰੀ ਮੋਦੀ ਨੇ ਕਿਹਾ,''ਕਿਸਾਨਾਂ ਦੀਆਂ ਮੰਗਾਂ, ਜਿਨ੍ਹਾਂ ਨੂੰ ਕਈ ਸਾਲਾਂ ਤੋਂ ਹਰੇਕ ਸਿਆਸੀ ਪਾਰਟੀ ਪੂਰਾ ਕਰਨ ਦੇ ਵਾਅਦੇ ਕਰਦੀ ਆ ਰਹੀ ਸੀ, ਹੁਣ ਪੂਰੀਆਂ ਹੋ ਗਈਆਂ ਹਨ। ਇਨ੍ਹਾਂ ਸੁਧਾਰਾਂ ਨਾਲ ਕਿਸਾਨ ਨਾ ਸਿਰਫ ਵੱਖ ਵੱਖ ਬੰਦਸ਼ਾਂ ਤੋਂ ਆਜ਼ਾਦ ਹੋ ਗਿਆ ਹੈ ਸਗੋਂ ਉਸ ਨੂੰ ਨਵੇਂ ਮੌਕੇ ਅਤੇ ਹੱਕ ਵੀ ਪ੍ਰਦਾਨ ਕੀਤੇ ਗਏ ਹਨ।'' ਆਪਣੇ ਸੰਬੋਧਨ ਦੌਰਾਨ ਸ੍ਰੀ ਮੋਦੀ ਨੇ ਕਿਹਾ ਕਿ ਅਫਵਾਹਾਂ ਅਤੇ ਦੁਚਿੱਤੀ ਦੇ ਮਾਹੌਲ ਤੋਂ ਦੂਰ ਕੋਈ ਵੀ ਸਹੀ ਸੂਚਨਾ ਕਿਸੇ ਵੀ ਖੇਤਰ ਦੇ ਲੋਕਾਂ ਲਈ ਵੱਡੀ ਤਾਕਤ ਹੁੰਦੀ ਹੈ।

ਉਧਰ, ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਵੀ ਕੇਂਦਰ ਦੀ ਆਲੋਚਨਾ ਕਰਦਿਆਂ ਦੇਸ਼ ਨੂੰ ਅਮੀਰਾਂ ਕੋਲ ਗਹਿਣੇ ਰੱਖਣ ਦਾ ਦੋਸ਼ ਲਾਇਆ। ਉਨ੍ਹਾਂ ਟਵੀਟ ਕੀਤਾ, 'ਅਤਿਵਾਦੀ ਕਹਿ ਕੇ ਕਿਸਾਨਾਂ ਦੀ ਬੇਇੱਜ਼ਤੀ ਕਰਨ ਨਾਲ ਭਾਜਪਾ ਦਾ 'ਘਟੀਆ ਚਿਹਰਾ' ਸਾਹਮਣੇ ਆਇਆ ਹੈ। ਭਾਜਪਾ, ਜੋ ਅਮੀਰਾਂ ਦਾ ਪੱਖ ਪੂਰਦੀ ਹੈ, ਖੇਤਾਂ, ਖੇਤੀ, ਛੋਟੇ ਉਦਯੋਗ, ਵਪਾਰ, ਸੜਕਾਂ, ਟਰਾਂਸਪੋਰਟ ਅਤੇ ਹੋਰ ਸਭ ਕੁਝ ਅਮੀਰਾਂ ਕੋਲ ਗਹਿਣੇ ਰੱਖਣ ਦੀ ਸਾਜ਼ਿਸ਼ ਕਰ ਰਹੀ ਹੈ।' ਉਨ੍ਹਾਂ ਕਿਹਾ, 'ਜੇਕਰ ਕਿਸਾਨ ਭਾਜਪਾ ਲਈ ਅਤਿਵਾਦੀ ਹਨ ਤਾਂ ਭਾਜਪਾ ਨੇਤਾਵਾਂ ਅਤੇ ਵਰਕਰਾਂ ਨੂੰ ਉਨ੍ਹਾਂ ਵੱਲੋਂ ਪੈਦਾ ਕੀਤਾ ਅਨਾਜ ਨਹੀਂ ਖਾਣਾ ਚਾਹੀਦਾ।'

## ਵਿਚੋਲੇ ਤੇ ਕਾਂਗਰਸ ਕਿਸਾਨਾਂ ਨੂੰ ਭੜਕਾ ਰਹੇ ਹਨ: ਭਾਜਪਾ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਨੇ ਕਿਹਾ ਕਿ ਦਿੱਲੀ ਦੀ ਹੱਦ 'ਤੇ ਚੱਲ ਰਹੇ ਕਿਸਾਨ ਸੰਘਰਸ਼ ਪਿੱਛੇ ਪੰਜਾਬ ਦੇ ਕਮਿਸ਼ਨ ਏਜੰਟ, ਵਿਚੋਲੇ ਤੇ ਕਾਂਗਰਸ ਸਮੇਤ ਕੁਝ ਸਿਆਸੀ ਪਾਰਟੀਆਂ ਹਨ। ਭਾਜਪਾ ਦੇ ਕੌਮੀ ਵਿੱਤੀ ਮਾਮਲਿਆਂ ਬਾਰੇ ਬੁਲਾਰੇ ਗੋਪਾਲ ਕ੍ਰਿਸ਼ਨ ਅਗਰਵਾਲ ਨੇ ਦਾਅਵਾ ਕੀਤਾ ਕਿ ਨਵੇਂ ਕਾਨੂੰਨਾਂ ਨਾਲ ਕਮਿਸ਼ਨ ਏਜੰਟਾਂ ਦਾ ਸਾਲਾਨਾ 6 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਵੇਗਾ। ਇਸੇ ਕਰਕੇ 25 ਹਜ਼ਾਰ ਕਮਿਸ਼ਨ ਏਜੰਟ ਆਮ ਕਿਸਾਨਾਂ ਨੂੰ ਭੜਕਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਨਵੇਂ ਕਾਨੂੰਨ ਕਿਸਾਨ ਪੱਖੀ ਹਨ ਤੇ ਕਿਸਾਨਾਂ ਤੱਕ ਇਨ੍ਹਾਂ ਕਾਨੂੰਨਾਂ ਬਾਰੇ ਸਹੀ ਜਾਣਕਾਰੀ ਨਹੀਂ ਪਹੁੰਚ ਰਹੀ।

# ਦਿੱਲੀ ਕੂਚ: ਕੈਪਟਨ ਅਤੇ ਖੱਟਰ ਆਪਸ ਵਿਚ ਉਲਝੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਆਪਸੀ ਸਿਆਸੀ ਜੰਗ ਵਿਚ ਉਲਝਣ ਲੱਗੇ ਹਨ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਆਖਿਆ ਕਿ ਜੇਕਰ ਕਰੋਨਾ ਕਾਰਨ ਹਰਿਆਣਾ ਵਿਚ ਸਥਿਤੀ ਵਿਗੜੀ ਤਾਂ ਉਸ ਲਈ ਪੰਜਾਬ ਸਰਕਾਰ ਜ਼ਿੰਮੇਵਾਰ ਹੋਵੇਗੀ।

ਉਨ੍ਹਾਂ ਮੁੜ ਗੱਲ ਦੁਹਰਾਈ ਕਿ ਉਨ੍ਹਾਂ ਅਮਰਿੰਦਰ ਨਾਲ ਗੱਲ ਕਰਨ ਦੀ ਕਈ ਵਾਰ ਕੋਸ਼ਿਸ਼ ਕੀਤੀ ਪਰ ਕੈਪਟਨ ਨੇ ਕਿਸੇ ਵੀ ਫੋਨ ਦਾ ਜੁਆਬ ਨਹੀਂ ਦਿੱਤਾ। ਮੁੱਖ ਮੰਤਰੀ ਖੱਟੜ ਦੇ ਸਿਆਸੀ ਸਕੱਤਰ ਨੇ ਤਾਂ ਖੱਟਰ ਵੱਲੋਂ ਅਮਰਿੰਦਰ ਸਿੰਘ ਨੂੰ ਕੀਤੀਆਂ ਫੋਨ ਕਾਲਾਂ ਦੀ ਸੂਚੀ ਵੀ ਜਨਤਕ ਕੀਤੀ ਹੈ। ਦੂਜੇ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੇਕਰ ਉਹ (ਖੱਟਰ) ਹਰਿਆਣਾ ਵਿਚ ਕਿਸਾਨਾਂ ਕਰਕੇ ਕਰੋਨਾ ਫੈਲਣ ਸਬੰਧੀ ਇੰਨੇ ਚਿੰਤਤ ਸਨ ਤਾਂ ਉਨ੍ਹਾਂ ਨੂੰ ਕਿਸਾਨਾਂ ਨੂੰ ਸੂਬੇ 'ਚ ਹੀ ਨਾ ਰੋਕ ਕੇ ਤੁਰਤ ਦਿੱਲੀ ਵੱਲ ਜਾਣ ਦੀ ਆਗਿਆ ਦੇਣੀ ਚਾਹੀਦੀ ਸੀ। ਅਮਰਿੰਦਰ ਨੇ ਕਿਹਾ ਕਿ ਖੱਟਰ ਸਰਕਾਰ ਨੇ ਪਿਛਲੇ ਕਈ ਦਿਨਾਂ ਤੋਂ ਕਿਸਾਨਾਂ ਨੂੰ ਜ਼ਬਰਦਸਤੀ ਅੱਗੇ ਵਧਣ ਤੋਂ ਰੋਕ ਕੇ ਸਰਹੱਦਾਂ ਬੰਦ ਕਰਕੇ ਰੱਖੀਆਂ। ਮੁੱਖ ਮੰਤਰੀ ਨੇ ਖੱਟਰ ਸਰਕਾਰ ਵੱਲੋਂ ਜਾਰੀ ਕੀਤੇ ਫੋਨ ਕਾਲ ਦੀ ਸੂਚੀ ਨੂੰ ਮੁਕੰਮਲ ਢਕਵੰਜ ਦੱਸਦਿਆਂ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਆਪਣੇ ਹੀ ਸਰਕਾਰੀ ਰਜਿਸਟਰ ਦਾ ਪੰਨਾ ਦਿਖਾਉਣ ਨਾਲ ਐਮ.ਐਲ. ਖੱਟੜ ਦੇ ਝੂਠਾਂ ਉਤੇ ਪਰਦਾ ਨਹੀਂ ਪੈ ਸਕਦਾ ਅਤੇ ਜੇਕਰ ਉਹ ਸੱਚਮੁੱਚ ਹੀ ਸੰਪਰਕ ਸਾਧਣਾ ਚਾਹੁੰਦੇ ਸਨ ਤਾਂ ਉਹ ਅਧਿਕਾਰਤ ਢੰਗ-ਤਰੀਕਾ ਵਰਤ ਸਕਦੇ ਸਨ ਜਾਂ ਫਿਰ ਉਨ੍ਹਾਂ ਦੇ ਮੋਬਾਈਲ ਉਤੇ ਕਾਲ ਕਰ ਸਕਦੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸਿਖਰਲੇ ਅਧਿਕਾਰੀ ਕਿਸਾਨ ਮੁੱਦੇ ਉਤੇ ਪਿਛਲੇ ਕਈ ਦਿਨਾਂ ਤੋਂ ਦੋਵਾਂ ਪਾਸਿਆਂ ਤੋਂ ਇਕ-ਦੂਜੇ ਦੇ ਸੰਪਰਕ ਵਿਚ ਸਨ, ਇਨ੍ਹਾਂ ਵਿਚੋਂ ਵੀ ਕਿਸੇ ਅਧਿਕਾਰੀ ਨੇ ਕਿਸੇ ਵੀ ਮੌਕੇ ਉਤੇ ਮੇਰੇ ਨਾਲ ਗੱਲ ਕਰਨ ਬਾਰੇ ਖੱਟਰ ਦੀ ਇੱਛਾ ਬਾਰੇ ਨਹੀਂ ਦੱਸਿਆ। ਹਰਿਆਣਾ ਦੇ ਮੁੱਖ ਮੰਤਰੀ ਨੂੰ ਝੂਠ ਬੋਲਣਾ ਬੰਦ ਕਰਨ ਲਈ ਆਖਿਆ।

ਕੈਪਟਨ ਨੇ ਕਿਹਾ ਕਿ ਅਸਲ 'ਚ ਹਰਿਆਣਾ ਦੇ ਮੁੱਖ ਮੰਤਰੀ ਕਿਸਾਨਾਂ ਨੂੰ ਦਬਾਉਣ ਦੇ ਯਤਨ ਵਿਚ ਸਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਉਤੇ ਖੱਟਰ ਦੇ ਝੂਠ ਨੂੰ ਹਰਿਆਣਾ ਦੇ ਕਿਸਾਨਾਂ ਨੇ ਖੁਦ ਹੀ ਜ਼ਾਹਿਰ ਕਰ ਦਿੱਤਾ ਹੈ। ਇਥੋਂ ਤੱਕ ਕਿ ਖੱਟਰ ਸੰਕਟ ਦੀ ਇਸ ਘੜੀ ਵਿਚ ਕਿਸਾਨਾਂ ਨਾਲ ਖੜ੍ਹਨ ਦੀ ਬਜਾਏ ਉਨ੍ਹਾਂ ਨੂੰ ਖਾਲਿਸਤਾਨੀ ਪੁਕਾਰ ਸਕਦਾ ਹੈ, ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਜਿਹੇ ਵਿਅਕਤੀ ਨੂੰ ਝੂਠ ਫੈਲਾਉਣ ਬਾਰੇ ਕੋਈ ਨੈਤਿਕ ਝਿਜਕ ਜਾਂ ਸ਼ਰਮ ਨਹੀਂ ਹੈ। ਦੂਜੇ ਪਾਸੇ ਖੱਟਰ ਨੇ ਕਿਹਾ ਹੈ ਕਿ ਜੋ ਭਾਸ਼ਾ ਅਮਰਿੰਦਰ ਸਿੰਘ ਵਰਤ ਰਹੇ ਹਨ, ਉਹ ਇਸ ਤਰ੍ਹਾਂ ਦੀ ਭਾਸ਼ਾ ਵਰਤਣ ਤੋਂ ਦੂਰ ਰਹਿਣਗੇ।

## ਖੱਟਰ ਨੇ ਕਿਸਾਨ ਪ੍ਰਦਰਸ਼ਨ 'ਤੇ ਖਾਲਿਸਤਾਨੀ ਸਬੰਧਾਂ ਦੇ ਦੋਸ਼ ਲਾਏ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਖਿਲਾਫ ਪ੍ਰਦਰਸ਼ਨਾਂ ਦੇ ਖਾਲਿਸਤਾਨੀ ਸਬੰਧਾਂ ਦੇ ਦੋਸ਼ ਲਾਏ। ਉਨ੍ਹਾਂ ਮੀਡੀਆ ਨੂੰ ਦੱਸਿਆ, ''ਸੂਬੇ ਨੂੰ ਕਿਸਾਨਾਂ ਦੇ ਕੌਮੀ ਰਾਜਧਾਨੀ ਅਤੇ ਆਸ-ਪਾਸ ਚੱਲ ਰਹੇ ਪ੍ਰਦਰਸ਼ਨ ਦੌਰਾਨ ਕੁਝ ਅਣਚਾਹੇ ਅਨਸਰਾਂ ਵਲੋਂ ਖਾਲਿਸਤਾਨ-ਪੱਖੀ ਨਾਅਰੇ ਲਾਉਣ ਦੀ ਵੀ ਜਾਣਕਾਰੀ ਮਿਲੀ ਹੈ।'' ਉਨ੍ਹਾਂ ਸਪੱਸ਼ਟ ਕੀਤਾ ਕਿ ਇਕ ਵਾਰ ਉਨ੍ਹਾਂ ਨੂੰ 'ਠੋਸ' ਜਾਣਕਾਰੀ ਮਿਲ ਜਾਵੇ ਤਾਂ ਉਹ ਹੋਰ ਵੇਰਵੇ ਸਾਂਝੇ ਕਰਨਗੇ। ਮੁੱਖੀ ਮੰਤਰੀ ਨੇ ਕਿਹਾ, ''ਸਾਨੂੰ ਜਾਣਕਾਰੀ ਮਿਲੀ ਹੈ ਕਿ ਭੀੜ ਵਿਚ ਕੁਝ ਅਜਿਹੇ ਅਣਚਾਹੇ ਅਨਸਰ ਵੀ ਸ਼ਾਮਲ ਹਨ। ਸਾਡੇ ਕੋਲ ਰਿਪੋਰਟਾਂ ਹਨ, ਜਿਨ੍ਹਾਂ ਦੇ ਪੁਖਤਾ ਹੋਣ ਉਤੇ ਖੁਲਾਸਾ ਕੀਤਾ ਜਾਵੇਗਾ। ਉਨ੍ਹਾਂ ਨੇ ਅਜਿਹੇ ਨਾਅਰੇ ਲਾਏ। ਵੀਡੀਓਜ਼ ਵਿਚ ਉਨ੍ਹਾਂ ਕਿਹਾ, 'ਜੇਕਰ ਇੰਦਰਾ ਗਾਂਧੀ ਨੂੰ ਇਹ ਕਰ ਸਕਦੇ ਹਾਂ ਤਾਂ ਮੋਦੀ ਨੂੰ ਕਿਉਂ ਨਹੀਂ ਕਰ ਸਕਦੇ।''

# ਸਿਆਸੀ ਹਮਾਇਤੀਆਂ ਨੂੰ ਧਰਨਿਆਂ ਦੇ ਨੇੜੇ ਵੀ ਨਹੀਂ ਆਉਣ ਦੇ ਰਹੀਆਂ ਸੰਘਰਸ਼ੀ ਜਥੇਬੰਦੀਆਂ

**ਨਵੀਂ ਦਿੱਲੀ:** ਕਿਸਾਨ ਜਥੇਬੰਦੀਆਂ ਵੱਲੋਂ ਧਰਨਿਆਂ ਵਿਚ ਸਿਆਸੀ ਆਗੂਆਂ ਨੂੰ ਨੇੜੇ ਨਹੀਂ ਲੱਗਣ ਦਿੱਤਾ ਜਾ ਰਿਹਾ। ਦਿੱਲੀ ਦੇ ਸਿੰਘੂ ਬਾਰਡਰ ਉਤੇ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਪੰਜਾਬ ਦੇ ਸਿਆਸੀ ਆਗੂਆਂ ਨੂੰ ਉਸ ਸਮੇਂ ਕਿਸਾਨਾਂ ਦੇ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਜਦੋਂ ਉਨ੍ਹਾਂ ਕਿਸਾਨ ਆਗੂਆਂ ਨਾਲ ਸਟੇਜ ਸਾਂਝੀ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਕਾਫੀ ਦੇਰ ਤੱਕ ਕਿਸਾਨ ਅੰਦੋਲਨ 'ਚ ਹੰਗਾਮਾ ਵੀ ਹੁੰਦਾ ਰਿਹਾ ਤੇ ਕਿਸਾਨਾਂ ਵਲੋਂ ਇਨ੍ਹਾਂ ਆਗੂਆਂ ਖਿਲਾਫ ਨਾਅਰੇਬਾਜ਼ੀ ਵੀ ਕੀਤੀ ਗਈ। ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਨਕੋਦਰ ਹਲਕੇ ਤੋਂ ਅਕਾਲੀ ਦਲ ਦੇ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਕਿਸਾਨਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ। ਇਹ ਦੋਵੇਂ ਆਗੂ ਕਿਸਾਨਾਂ ਨਾਲ ਸਟੇਜ ਸਾਂਝੀ ਕਰਨ ਜਾ ਰਹੇ ਸਨ ਪਰ ਕਿਸਾਨ ਆਗੂਆਂ ਨੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਦੇ ਹੋਏ ਕਿਹਾ ਕਿ ਉਹ ਇਕ ਆਮ ਕਿਸਾਨ ਵਾਂਗ ਧਰਨੇ ਵਿਚ ਸ਼ਮੂਲੀਅਤ ਕਰ ਸਕਦੇ ਹਨ ਪਰ ਉਨ੍ਹਾਂ ਨੂੰ ਸਟੇਜ ਤੋਂ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਕਿਸਾਨਾਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਆਗੂ ਜਰਨੈਲ ਸਿੰਘ ਨੂੰ ਵੀ ਸਟੇਜ 'ਤੇ ਚੜ੍ਹਨ ਨਹੀਂ ਦਿੱਤਾ ਗਿਆ ਸੀ। ਆਪਣੀ ਮਾਤਾ ਹਰਪਾਲ ਕੌਰ ਨੂੰ ਨਾਲ ਲੈ ਕੇ ਕਿਸਾਨਾਂ ਦੇ 'ਦਿੱਲੀ ਚੱਲੋ' ਅੰਦੋਲਨ ਵਿਚ ਸ਼ਾਮਲ ਹੋਣ ਲਈ ਸੰਗਰੂਰ ਤੋਂ ਰਵਾਨਾ ਹੋਏ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਭਗਵੰਤ ਮਾਨ ਨੂੰ ਖਨੌਰੀ ਹੱਦ 'ਤੇ ਹੀ ਹਰਿਆਣਾ ਵਿਚ ਦਾਖਲ ਹੋਣ ਤੋਂ ਪਹਿਲਾਂ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਕਿਸਾਨਾਂ ਨੂੰ ਕਿਹਾ ਕਿ ਉਹ ਸੰਸਦ ਮੈਂਬਰ ਤੋਂ ਪਹਿਲਾਂ ਕਿਸਾਨ ਦਾ ਬੇਟਾ ਹੈ ਅਤੇ ਕਿਸਾਨਾਂ ਦੇ ਨਾਲ ਹੈ। ਉਹ ਦਿੱਲੀ ਜਾ ਕੇ ਕਿਸਾਨਾਂ ਲਈ ਕੇਜਰੀਵਾਲ ਸਰਕਾਰ ਤੋਂ ਜਗ੍ਹਾ ਦਿਵਾਉਣਗੇ। ਕੇਜਰੀਵਾਲ ਸਰਕਾਰ ਕਿਸਾਨਾਂ ਲਈ ਲੰਗਰ, ਮੈਡੀਕਲ, ਪਾਣੀ ਆਦਿ ਜ਼ਰੂਰਤ ਦੀਆਂ ਸਭ ਸਹੂਲਤਾਂ ਦੇਵੇਗੀ ਪਰ ਕਿਸਾਨਾਂ ਨੇ ਭਗਵੰਤ ਮਾਨ ਦੀ ਇਕ ਨਾ ਸੁਣੀ ਅਤੇ ਕਿਹਾ ਕਿ ਉਹ ਖੇਖਣ ਕਰ ਰਿਹਾ ਹੈ। ਜੇਕਰ ਦਿੱਲੀ ਜਾਣਾ ਹੈ ਤਾਂ ਉਨ੍ਹਾਂ ਨਾਲ ਟਰੈਕਟਰ ਟਰਾਲੀਆਂ ਵਿਚ ਬੈਠ ਕੇ ਜਾਵੇ ਨਾ ਕਿ ਗੱਡੀ ਵਿਚ।



ਕਿਸਾਨਾਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਦਮ 'ਤੇ ਹਰਿਆਣਾ ਪੁਲਿਸ ਵਲੋਂ ਲਾਏ ਨਾਕੇ ਤੋੜੇ ਹਨ ਅਤੇ ਖੱਜਲ-ਖੁਆਰ ਹੋਏ ਹਨ। ਉਨ੍ਹਾਂ ਭਗਵੰਤ ਮਾਨ ਨੂੰ ਸਵਾਲ ਕੀਤਾ ਕਿ ਉਹ ਹੁਣ ਤੱਕ ਕਿੰਨੇ ਕੁ ਵਾਰ ਕਿਸਾਨ ਹਿਤਾਂ ਵਿਚ ਕਿਸਾਨ ਮੋਰਚਿਆਂ 'ਚ ਸ਼ਾਮਲ ਹੋਇਆ ਹੈ।

## ਟੌਲ ਪਲਾਜ਼ਿਆਂ ਤੇ ਪੈਟਰੋਲ ਪੰਪਾਂ 'ਤੇ ਧਰਨੇ ਜਾਰੀ

**ਭਵਾਨੀਗੜ੍ਹ:** ਕੇਂਦਰ ਦੀ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਜਥੇਬੰਦੀਆਂ ਦੇ ਸੱਦੇ ਉਤੇ ਦਿੱਲੀ ਮੋਰਚੇ ਵਿਚ ਵੱਡੀ ਗਿਣਤੀ ਵਿਚ ਇਲਾਕੇ ਦੇ ਕਿਸਾਨਾਂ ਦੀ ਸ਼ਮੂਲੀਅਤ ਦੇ ਬਾਵਜੂਦ ਟੌਲ ਪਲਾਜ਼ਾ ਮਾਝੀ , ਕਾਲਾਝਾੜ ਅਤੇ ਰਿਲਾਇੰਸ ਪੰਪ ਬਾਲਦ ਕਲਾਂ ਉਤੇ ਧਰਨੇ ਜਾਰੀ ਰੱਖੇ ਗਏ।

ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਸੁਖਦੇਵ ਸਿੰਘ ਘਰਾਚੋਂ, ਮੇਵਾ ਸਿੰਘ ਕਾਲਾਝਾੜ, ਬਲਵੀਰ ਸਿੰਘ ਨਾਗਰਾ ਅਤੇ ਚਰਨਜੀਤ ਕੌਰ ਰਾਜਪੁਰਾ ਦੀ ਅਗਵਾਈ ਹੇਠ ਟੌਲ ਪਲਾਜ਼ਾ ਕਾਲਾਝਾੜ ਅਤੇ ਪੈਟਰੌਲ ਪੰਪ ਬਾਲਦ ਕਲਾਂ ਵਿਖੇ ਧਰਨੇ ਦਿੱਤੇ ਗਏ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਤਿੰਨ ਖੇਤੀ ਕਾਨੂੰਨਾਂ ਅਤੇ ਬਿਜਲੀ ਕਾਨੂੰਨ ਨੂੰ ਰੱਦ ਕਰਵਾਉਣ ਤੱਕ ਜਾਰੀ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ। ਇਸੇ ਤਰ੍ਹਾਂ ਧੂਰੀ ਦੇ ਪਿੰਡ ਲੱਡਾ ਦੇ ਟੌਲ ਪਲਾਜ਼ਾ ਉਪਰ ਕਿਸਾਨ ਯੂਨੀਅਨ ਉਗਰਾਹਾਂ ਵੱਲੋਂ ਲਾਇਆ ਧਰਨਾ ਜਾਰੀ ਰਿਹਾ। ਇਸ ਮੌਕੇ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਕਿਸਾਨਾਂ ਦਾ ਸੰਘਰਸ਼ ਕੇਂਦਰ ਸਰਕਾਰ ਨੂੰ ਕਿਸਾਨਾਂ ਅੱਗੇ ਝੁਕਣ ਲਈ ਮਜਬੂਰ ਕਰ ਦੇਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਹਰ ਧੱਕੇਸ਼ਾਹੀ ਦਾ ਡਟਵਾਂ ਜਬਾਬ ਦਿੱਤਾ ਜਾ ਰਿਹਾ ਹੈ ਤੇ ਹੁਣ ਕਿਸਾਨਾਂ ਵੱਲੋਂ ਰਾਜਧਾਨੀ ਦੀਆਂ ਮੁੱਖ ਸੜਕਾਂ ਨੂੰ ਘੇਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਹਰ ਕਿਸਾਨ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹੈ।

## ਦਿੱਲੀ ਕੂਚ ਦੇ ਬਾਵਜੂਦ ਪੰਜਾਬ 'ਚ ਮੋਰਚੇ ਜਾਰੀ

**ਚੰਡੀਗੜ੍ਹ:** ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨੀ ਸੰਘਰਸ਼ ਨੂੰ ਦਿੱਲੀ ਤੱਕ ਲਿਜਾਣ ਤੋਂ ਬਾਅਦ ਵੀ ਪੰਜਾਬ ਵਿਚ ਕਿਸਾਨ ਜਥੇਬੰਦੀਆਂ ਵੱਲੋਂ ਵਿੱਢੇ ਮੋਰਚੇ ਜਾਰੀ ਹਨ। ਸੂਬੇ ਵਿਚ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਤਕਰੀਬਨ ਹਰੇਕ ਪਿੰਡ ਵਿਚੋਂ ਹੀ ਕਿਸਾਨਾਂ ਦੇ ਜਥੇ ਗਏ ਹਨ ਪਰ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਆਗੂਆਂ, ਰੇਲਵੇ ਸਟੇਸ਼ਨਾਂ ਦੇ ਨੇੜਲੇ ਪਾਰਕਾਂ, ਟੌਲ ਪਲਾਜ਼ਿਆਂ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਦੇ ਮੂਹਰੇ ਧਰਨੇ ਜਾਰੀ ਹਨ।

ਕਿਸਾਨ ਜਥੇਬੰਦੀਆਂ ਦੇ ਆਗੂ ਸੁਖਦੇਵ ਸਿੰਘ ਕੋਕਰੀ ਕਲਾਂ ਅਤੇ ਜਗਮੋਹਨ ਸਿੰਘ ਨੇ ਦੱਸਿਆ ਕਿ ਦਿੱਲੀ ਸੰਘਰਸ਼ ਦੇ ਮੱਦੇਨਜ਼ਰ ਜਥੇਬੰਦੀਆਂ ਦੇ ਕੁਝ ਆਗੂਆਂ ਨੂੰ ਸੂਬੇ ਵਿਚ ਚੱਲ ਰਿਹਾ ਸੰਘਰਸ਼ ਸਾਂਭਣ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਵਰਕਰਾਂ ਤੇ ਕਿਸਾਨਾਂ ਦੇ ਦਿੱਲੀ ਚਲੇ ਜਾਣ ਕਾਰਨ ਪੰਜਾਬ ਵਿਚ ਚੱਲ ਰਹੇ ਧਰਨਿਆਂ ਉਤੇ ਇਕੱਠ ਦਾ ਘਟਣਾ ਤਾਂ ਸੁਭਾਵਿਕ ਹੈ ਪਰ ਪ੍ਰਦਰਸ਼ਨ ਪਹਿਲਾਂ ਦੀ ਤਰ੍ਹਾਂ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪਹਿਲਾਂ ਤੋਂ ਹੀ 100 ਤੋਂ ਵੱਧ ਥਾਵਾਂ ਉਤੇ ਧਰਨਾ ਪ੍ਰਦਰਸ਼ਨ ਚੱਲ ਰਹੇ ਸਨ ਤੇ ਲਗਾਤਾਰ ਚਲਦੇ ਰਹਿਣਗੇ। ਸੂਬੇ ਵਿਚ ਲੱਗੇ ਧਰਨਿਆਂ ਨੂੰ ਵੀ ਦੂਜੀ ਤੇ ਤੀਜੀ ਕਤਾਰ ਦੇ ਕਿਸਾਨ ਆਗੂਆਂ ਵੱਲੋਂ ਸੰਬੋਧਨ ਕੀਤਾ ਜਾ ਰਿਹਾ ਹੈ। ਪੰਜਾਬ ਵਿਚ ਕਿਸਾਨ ਜਥੇਬੰਦੀਆਂ ਵੱਲੋਂ 24 ਸਤੰਬਰ ਤੋਂ ਸੰਘਰਸ਼ ਸ਼ੁਰੂ ਕੀਤਾ ਸੀ ਤੇ ਪਹਿਲੀ ਅਕਤੂਬਰ ਤੋਂ ਤਾਂ ਜਥੇਬੰਦੀਆਂ ਦੀ ਅਗਵਾਈ ਹੇਠ ਕਿਸਾਨ ਲਗਾਤਾਰ ਧਰਨੇ ਉਤੇ ਹੀ ਬੈਠੇ ਹਨ। ਉਧਰ, ਕਿਸਾਨ ਜਥੇਬੰਦੀਆਂ ਵੱਲੋਂ ਪਿੰਡਾਂ ਵਿਚ ਐਲਾਨ ਕੀਤਾ ਜਾ ਰਿਹਾ ਹੈ ਕਿ ਦਿੱਲੀ ਸੰਘਰਸ਼ ਵਿਚ ਸ਼ਾਮਲ ਕਿਸਾਨਾਂ ਦੇ ਪਰਿਵਾਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਮਦਦ ਦੀ ਜ਼ਰੂਰਤ ਹੈ ਤਾਂ ਜਥੇਬੰਦੀਆਂ ਦੇ ਪਿੰਡਾਂ ਵਿਚ ਵਰਕਰਾਂ ਤੇ ਆਗੂਆਂ ਨਾਲ ਰਾਬਤਾ ਕਾਇਮ ਕੀਤਾ ਜਾਵੇ। ਪਿੰਡਾਂ ਦੇ ਗੁਰੂ ਘਰਾਂ ਵਿਚ ਅਨਾਊਂਸਮੈਂਟ ਰਾਹੀਂ ਕਿਹਾ ਗਿਆ ਹੈ ਕਿ ਕਿਸੇ ਵੀ ਕਿਸਾਨ ਪਰਿਵਾਰ ਨੂੰ ਡਾਕਟਰੀ ਮਦਦ ਦੀ ਜ਼ਰੂਰਤ ਹੋਵੇ ਜਾਂ ਫਿਰ ਖੇਤ ਵਿਚ ਖੜ੍ਹੀ ਫਸਲ ਜਿਵੇਂ ਕਿ ਨਰਮਾ ਕਪਾਹ ਆਦਿ ਚੁਗਣਾ ਹੋਵੇ ਤਾਂ ਇਹ ਸੇਵਾ ਜਥੇਬੰਦੀ ਦੇ ਵਰਕਰਾਂ ਵੱਲੋਂ ਨਿਭਾਈ ਜਾਵੇਗੀ। ਸੁਖਦੇਵ ਸਿੰਘ ਕੋਕਰੀ ਨੇ ਕਿਹਾ ਕਿ ਦਿੱਲੀ ਸੰਘਰਸ਼ ਵਿਚ ਸ਼ਮੂਲੀਅਤ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਦੀ ਮਦਦ ਕਰਨੀ ਜਥੇਬੰਦੀ ਆਪਣਾ ਮੁਢਲਾ ਫਰਜ਼ ਸਮਝਦੀ ਹੈ ਤਾਂ ਜੋ ਕੇਂਦਰ ਸਰਕਾਰ ਨਾਲ ਲੜਾਈ ਲਈ ਮੋਰਚਿਆਂ ਵਿੱਚ ਡਟੇ ਕਿਸਾਨਾਂ ਦੇ ਹੌਸਲੇ ਬੁਲੰਦ ਰਹਿਣ।

## ਕਿਸਾਨੀ ਘੋਲ ਨੂੰ ਮਿਲ ਰਹੀ ਆਲਮੀ ਹਮਾਇਤ ਨੂੰ ਖੋਰਾ ਲਾਉਣ ਦੇ ਯਤਨ ਤੇਜ਼

**ਵੈਨਕੂਵਰ:** ਭਾਰਤ ਵਿਚ ਹੋਂਦ ਬਚਾਉਣ ਲਈ ਤਿੱਖੇ ਹੋਏ ਕਿਸਾਨੀ ਸੰਘਰਸ਼ ਨੂੰ ਮਿਲ ਰਹੀ ਆਲਮੀ ਹਮਾਇਤ ਨੂੰ ਖੋਰਾ ਲਾਉਣ ਦੇ ਯਤਨ ਵਜੋਂ ਭਾਰਤੀ ਖੁਫੀਆਤੰਤਰ ਵੱਲੋਂ ਵਿਦੇਸ਼ਾਂ ਵਿਚ ਸਰਗਰਮੀ ਫੜ ਕੇ ਉਥੋਂ ਦੇ ਪੰਜਾਬੀ ਰੇਡੀਓਜ਼ ਅਤੇ ਟੀਵੀ ਚੈਨਲਾਂ ਦੇ ਸਲਾਟ ਕਥਿਤ ਕਿਰਾਏ ਉਤੇ ਲੈ ਕੇ ਭਾਜਪਾ ਸਰਕਾਰ ਦਾ ਗੁਣਗਾਨ ਕਰਦਿਆਂ ਕਿਸਾਨੀ ਮੰਗਾਂ ਉਤੇ ਸਵਾਲ ਖੜ੍ਹੇ ਕੀਤੇ ਜਾਣ ਲੱਗੇ ਹਨ। ਖਾਸ ਗੱਲ ਇਹ ਕਿ ਖਰੀਦੇ ਸਲਾਟ ਦੇ ਪ੍ਰੋਗਰਾਮਾਂ ਦੇ ਮੇਜ਼ਬਾਨ ਵੀ ਉਹ ਲਾਏ ਗਏ ਹਨ, ਜਿਨ੍ਹਾਂ ਦੇ ਮਨਾਂ 'ਚ ਪੰਜਾਬ ਪ੍ਰਤੀ ਨਫਰਤ ਕੁੱਟ-ਕੁੱਟ ਕੇ ਭਰੀ ਹੋਈ ਹੈ।

ਇਹ ਵੀ ਪਤਾ ਲੱਗਾ ਹੈ ਕਿ ਭਾਰਤੀ ਸਫਾਰਤਖਾਨੇ ਵੱਲੋਂ ਰੇਡੀਓ ਤੇ ਟੀਵੀ ਚੈਨਲਾਂ ਦੇ ਭਾਰਤੀ ਮੂਲ ਦੇ ਮਾਲਕਾਂ ਉਤੇ ਕਥਿਤ ਆਪਣਾ ਅਸਰ ਰਸੂਖ ਵਰਤ ਕੇ ਉਨ੍ਹਾਂ ਕੋਲ ਆਪਣੇ ਖਾਸ ਬੰਦੇ ਭਰਤੀ ਕਰਵਾਏ ਗਏ ਹਨ, ਤਾਂ ਜੋ ਪ੍ਰੋਗਰਾਮਾਂ ਦੇ ਵਿਚ-ਵਿਚ ਕੁਝ ਅਜਿਹੀ ਗੱਲਬਾਤ ਕਰਵਾਈ ਜਾ ਸਕੇ ਜਿਸ ਨਾਲ ਵਿਦੇਸ਼ ਵੱਸੇ ਲੋਕਾਂ ਦੇ ਮਨ ਚ ਭਾਜਪਾ ਸਰਕਾਰ ਵਿਰੁੱਧ ਨਫਰਤ ਘਟਾਈ ਜਾਏ। ਉਧਰ, ਪੰਜਾਬੀ ਰੇਡੀਓ ਅਤੇ ਹੋਰ ਚੈਨਲਾਂ ਦੇ ਪ੍ਰੋਗਰਾਮਾਂ ਵਿਚ ਸਥਾਨਕ ਮੁੱਦਿਆਂ ਦੀ ਚਰਚਾ ਦੀ ਥਾਂ ਹੁਣ ਕਿਸਾਨ ਸੰਘਰਸ਼ ਨੇ ਲੈ ਲਈ ਹੈ ਤੇ ਬਹੁਤੇ ਕਾਲਰਾਂ ਵੱਲੋਂ ਸੰਘਰਸ਼ ਵਿਚ ਆਪਣੇ ਮਨ ਦੇ ਯੋਗਦਾਨ ਦੇ ਨਾਲ-ਨਾਲ ਵਿੱਤੀ ਮਦਦ ਭੇਜਣ ਬਾਰੇ ਦੱਸਿਆ ਜਾਂਦਾ ਹੈ ਤੇ ਹੋਰਾਂ ਨੂੰ ਵੀ ਆਪੋ-ਆਪਣੇ ਪਿੰਡਾਂ ਦੇ ਦਿੱਲੀ ਗਏ ਲੋਕਾਂ ਨੂੰ ਮਦਦ ਭੇਜਣ ਲਈ ਅਪੀਲਾਂ ਕੀਤੀਆਂ ਜਾਂਦੀਆਂ ਹਨ। ਸਰੀ ਵਿਚਲੀ ਮਨੀ ਟਰਾਂਸਫਰ ਵਾਲੀ ਏਜੰਸੀ ਵਾਲੇ ਨੇ ਦੱਸਿਆ ਕਿ ਪਿਛਲੇ ਦੋ ਕੁ ਹਫਤਿਆਂ ਤੋਂ ਪੰਜਾਬ ਪੈਸੇ ਭੇਜਣ ਵਿਚ ਤੇਜ਼ੀ ਆਈ ਹੈ।

# ਜਗੀਰ ਕੌਰ ਚੌਥੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬਣੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਵੋਟ ਰਾਹੀਂ ਬੀਬੀ ਜਗੀਰ ਕੌਰ ਨੂੰ ਸਿੱਖ ਸੰਸਥਾ ਦੀ ਪ੍ਰਧਾਨ ਚੁਣ ਲਿਆ ਗਿਆ ਹੈ। ਉਹ ਪਹਿਲਾਂ ਵੀ ਤਿੰਨ ਵਾਰ ਸਿੱਖ ਸੰਸਥਾ ਦੀ ਪ੍ਰਧਾਨ ਰਹਿ ਚੁੱਕੇ ਹਨ। ਉਨ੍ਹਾਂ ਨਾਲ ਸੁਰਜੀਤ ਸਿੰਘ ਭਿੱਟੇਵੱਡ ਨੂੰ ਸੀਨੀਅਰ ਮੀਤ ਪ੍ਰਧਾਨ, ਬਾਬਾ ਬੂਟਾ ਸਿੰਘ ਨੂੰ ਜੂਨੀਅਰ ਮੀਤ ਪ੍ਰਧਾਨ ਅਤੇ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੂੰ ਜਨਰਲ ਸਕੱਤਰ ਚੁਣਿਆ ਗਿਆ ਹੈ। ਬੀਬੀ ਜਗੀਰ ਕੌਰ ਵਿਰੋਧੀ ਪੰਥਕ ਧਿਰਾਂ ਦੇ ਉਮੀਦਵਾਰ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੂੰ 100 ਵੋਟਾਂ ਨਾਲ ਹਰਾ ਕੇ ਸਾਲ 2020-21 ਲਈ ਪ੍ਰਧਾਨ ਚੁਣੇ ਗਏ। ਬੀਬੀ ਜਗੀਰ ਕੌਰ, ਜੋ ਕਿ 1999-2000 ਅਤੇ 2004-2005 ਦੌਰਾਨ ਵੀ ਸ਼੍ਰੋਮਣੀ ਕਮੇਟੀ ਦੇ ਪਹਿਲੇ ਮਹਿਲਾ ਪ੍ਰਧਾਨ ਵਜੋਂ ਜ਼ਿੰਮੇਵਾਰੀ ਨਿਭਾਅ ਚੁੱਕੇ ਹਨ, ਨੂੰ ਕੁੱਲ ਪਈਆਂ 143 ਵੋਟਾਂ 'ਚੋਂ 120 ਵੋਟਾਂ ਪ੍ਰਾਪਤ ਹੋਈਆਂ, ਜਦੋਂ ਕਿ ਮਾਸਟਰ ਕਾਹਨੇਕੇ ਨੂੰ ਸਿਰਫ 20 ਵੋਟਾਂ ਮਿਲੀਆਂ। ਇਕ ਵੋਟ ਰੱਦ ਕਰਾਰ ਦਿੱਤੀ ਗਈ।

ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਏ ਜਨਰਲ ਇਜਲਾਸ ਵਿਚ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਨ੍ਹਾਂ ਅਹੁਦੇਦਾਰਾਂ ਤੋਂ ਇਲਾਵਾ ਅੰਤ੍ਰਿੰਗ ਕਮੇਟੀ ਦੇ 11 ਮੈਂਬਰ ਵੀ ਨਾਮਜ਼ਦ ਕੀਤੇ ਗਏ। ਇਨ੍ਹਾਂ ਵਿਚ ਬਲਦੇਵ ਸਿੰਘ ਚੂੰਘਾ, ਸੰਤ ਚਰਨਜੀਤ ਸਿੰਘ, ਸਤਵਿੰਦਰ ਸਿੰਘ ਟੌਹੜਾ, ਨਵਤੇਜ ਸਿੰਘ ਕਾਉਣੀ, ਅਜਮੇਰ ਸਿੰਘ ਖੇੜਾ, ਦਰਸ਼ਨ ਸਿੰਘ ਸ਼ੇਰਖਾਂ, ਭੁਪਿੰਦਰ ਸਿੰਘ ਭਲਵਾਨ, ਹਰਭਜਨ ਸਿੰਘ ਮਸਾਣਾ ਤੇ ਬੀਬੀ ਮਲਕੀਤ ਕੌਰ ਕਮਾਲਪੁਰ ਹਾਕਮ ਧਿਰ ਵਲੋਂ ਸ਼ਾਮਲ ਹਨ। ਵਿਰੋਧੀ ਧਿਰ ਦੇ ਦੋ ਮੈਂਬਰ ਮਿੱਠੂ ਸਿੰਘ ਕਾਹਨੇਕੇ ਅਤੇ ਅਮਰੀਕ ਸਿੰਘ ਸ਼ਾਹਪੁਰ ਨੂੰ ਵੀ ਅੰਤ੍ਰਿੰਗ ਕਮੇਟੀ ਮੈਂਬਰ ਚੁਣਿਆ ਗਿਆ ਹੈ। ਜਨਰਲ ਇਜਲਾਸ ਦੌਰਾਨ ਵਿਰੋਧੀ ਧਿਰਾਂ ਵਲੋਂ ਪ੍ਰਧਾਨ ਦੀ ਚੋਣ ਵਾਸਤੇ ਆਪਣਾ ਉਮੀਦਵਾਰ ਐਲਾਨੇ ਜਾਣ ਕਾਰਨ ਪ੍ਰਧਾਨ ਦੀ ਚੋਣ ਵੋਟਾਂ ਪਾ ਕੇ ਕੀਤੀ ਗਈ। ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਮੈਂਬਰਾਂ ਵਿਚੋਂ ਸਾਬਕਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ ਨੇ ਬੀਬੀ ਜਗੀਰ ਕੌਰ ਦਾ ਨਾਂ ਪ੍ਰਧਾਨ ਦੇ ਅਹੁਦੇ ਲਈ ਪੇਸ਼ ਕੀਤਾ, ਜਿਸ ਦੀ ਤਾਈਦ ਮਜੀਦ ਹਰਜਿੰਦਰ ਸਿੰਘ ਧਾਮੀ ਅਤੇ ਗੁਰਚਰਨ ਸਿੰਘ ਗਰੇਵਾਲ ਨੇ ਕੀਤੀ। ਇਸ ਦੌਰਾਨ ਵਿਰੋਧੀ ਧਿਰ ਵਲੋਂ ਅਮਰੀਕ ਸਿੰਘ ਸ਼ਾਹਪੁਰ ਨੇ ਪ੍ਰਧਾਨਗੀ ਦੀ ਚੋਣ ਵਾਸਤੇ ਮਿੱਠੂ ਸਿੰਘ ਕਾਹਨੇਕੇ ਦਾ ਨਾਂ ਪੇਸ਼ ਕੀਤਾ।

ਇਜਲਾਸ ਦੀ ਪ੍ਰਧਾਨਗੀ ਕਰ ਰਹੇ ਗੋਬਿੰਦ ਸਿੰਘ ਲੌਂਗੋਵਾਲ ਨੇ ਦੋਵਾਂ ਧਿਰਾਂ ਨੂੰ ਪ੍ਰਧਾਨ ਦੀ ਚੋਣ ਸਹਿਮਤੀ ਨਾਲ ਕਰਨ ਲਈ ਆਖਿਆ ਪਰ ਵਿਰੋਧੀ ਧਿਰ ਪ੍ਰਧਾਨ ਦੀ ਚੋਣ ਵੋਟਾਂ ਨਾਲ ਕਰਾਉਣ ਉਤੇ ਅੜ ਗਈ। ਇਸ ਉਤੇ ਪਰਚੀਆਂ ਰਾਹੀਂ ਵੋਟਾਂ ਪਾਈਆਂ ਗਈਆਂ। ਬੀਬੀ ਜਗੀਰ ਕੌਰ ਵਲੋਂ



ਗੁਰਚਰਨ ਸਿੰਘ ਗਰੇਵਾਲ ਅਤੇ ਮਿੱਠੂ ਸਿੰਘ ਕਾਹਨੇਕੇ ਵਲੋਂ ਜਸਵੰਤ ਸਿੰਘ ਪੜੈਣ ਚੋਣ ਨਿਗਰਾਨ ਨਿਯੁਕਤ ਕੀਤੇ ਗਏ। ਕੁੱਲ 143 ਮੈਂਬਰਾਂ ਨੇ ਵੋਟਾਂ ਪਾਈਆਂ। ਵੋਟਾਂ ਦੀ ਗਿਣਤੀ ਮਗਰੋਂ ਸ੍ਰੀ ਲੌਂਗੋਵਾਲ ਨੇ ਨਤੀਜੇ ਦਾ ਐਲਾਨ ਕੀਤਾ। ਬੀਬੀ ਜਗੀਰ ਕੌਰ ਨੂੰ 122 ਵੋਟਾਂ ਮਿਲੀਆਂ ਜਦੋਂਕਿ ਵਿਰੋਧੀ ਧਿਰ ਦੇ ਮਿੱਠੂ ਸਿੰਘ ਨੂੰ 20 ਵੋਟਾਂ ਪ੍ਰਾਪਤ ਹੋਈਆਂ ਅਤੇ ਇਕ ਵੋਟ ਤਕਨੀਕੀ ਗਲਤੀ ਕਾਰਨ ਰੱਦ ਹੋ ਗਈ। ਮਗਰੋਂ ਸਰਬਸੰਮਤੀ ਨਾਲ ਸੁਰਜੀਤ ਸਿੰਘ ਭਿੱਟੇਵੱਡ ਨੂੰ ਸੀਨੀਅਰ ਮੀਤ ਪ੍ਰਧਾਨ, ਬਾਬਾ ਬੂਟਾ ਸਿੰਘ ਨੂੰ ਜੂਨੀਅਰ ਮੀਤ ਪ੍ਰਧਾਨ ਅਤੇ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੂੰ ਜਨਰਲ ਸਕੱਤਰ ਚੁਣਿਆ ਗਿਆ। ਬੀਬੀ ਜਗੀਰ ਕੌਰ ਇਸ ਤੋਂ ਪਹਿਲਾਂ 1999 ਅਤੇ 2004 ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹਿ ਚੁੱਕੇ ਹਨ। ਪ੍ਰਧਾਨ ਦੀ ਚੋਣ ਮਗਰੋਂ ਇਜਲਾਸ ਦੀ ਕਾਰਵਾਈ ਬੀਬੀ ਜਗੀਰ ਕੌਰ ਵਲੋਂ ਚਲਾਈ ਗਈ। ਉਨ੍ਹਾਂ ਦੀ ਪ੍ਰਧਾਨਗੀ ਵਿਚ ਬਾਕੀ ਅਹੁਦੇਦਾਰਾਂ ਅਤੇ ਅੰਤ੍ਰਿੰਗ ਕਮੇਟੀ ਦੇ 11 ਮੈਂਬਰਾਂ ਦੀ ਚੋਣ ਕੀਤੀ ਗਈ। ਉਨ੍ਹਾਂ ਨੇ ਹੀ ਵੱਖ-ਵੱਖ 11 ਮਤੇ ਪੜ੍ਹੇ ਅਤੇ ਜੈਕਾਰਿਆਂ ਦੀ ਗੂੰਜ ਨਾਲ ਮਤੇ ਪਾਸ ਕੀਤੇ ਗਏ। ਇਸ ਮੌਕੇ ਸੰਬੋਧਨ ਕਰਦਿਆਂ ਬੀਬੀ ਜਗੀਰ ਕੌਰ ਨੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਸੱਦਾ ਦਿੱਤਾ ਕਿ ਧੜੇਬੰਦੀ ਨੂੰ ਖਤਮ ਕਰਕੇ ਗੁਰੂ ਘਰ ਨੂੰ ਸਮਰਪਿਤ ਹੁੰਦਿਆਂ ਸਿੱਖ ਸੰਸਥਾ ਦੇ ਵਿਕਾਸ ਲਈ ਕੰਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਤੀਤ ਦੀਆਂ ਗਲਤੀਆਂ ਸਬੰਧੀ ਵਾਦ-ਵਿਵਾਦ ਦੀ ਥਾਂ ਆਪਸ ਵਿਚ ਮਿਲ ਬੈਠ ਕੇ ਹੱਲ ਕੱਢਿਆ ਜਾਵੇ ਤਾਂ ਜੋ ਸਿੱਖ ਸੰਸਥਾ ਦਾ ਮਾਣ-ਸਨਮਾਨ ਕਾਇਮ ਰਹੇ। ਉਨ੍ਹਾਂ ਅਤੀਤ ਵਿਚ ਹੋਈਆਂ ਭੁੱਲਾਂ ਲਈ ਹਾਊਸ ਕੋਲੋਂ ਖਿਮਾ ਯਾਚਨਾ ਵੀ ਕੀਤੀ। ਇਸ ਮੌਕੇ ਸਿੰਘ ਸਾਹਿਬਾਨ ਵਲੋਂ ਨਵੀਂ ਚੁਣੀ ਪ੍ਰਧਾਨ ਅਤੇ ਟੀਮ ਦੇ ਬਾਕੀ ਮੈਂਬਰਾਂ ਸਮੇਤ ਸਾਬਕਾ ਪ੍ਰਧਾਨ ਨੂੰ ਸਿਰੋਪਾਉ ਦੇ ਕੇ ਸਨਮਾਨਤ ਕੀਤਾ ਗਿਆ।

## ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਸਮੁੱਚੀ ਟੀਮ ਬਦਲੀ

328 ਲਾਪਤਾ ਪਾਵਨ ਸਰੂਪਾਂ ਕਾਰਨ ਸਿੱਖ ਸੰਗਤ ਵਿਚ ਪੈਦਾ ਹੋਏ ਰੋਹ ਕਾਰਨ ਹਾਕਮ ਧਿਰ ਵਲੋਂ ਇਸ ਵਾਰ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਸਮੁੱਚੀ ਟੀਮ ਬਦਲ ਦਿੱਤੀ ਗਈ ਹੈ। ਇਸ ਰੋਹ ਦਾ ਸ਼ਿਕਾਰ ਗੋਬਿੰਦ ਸਿੰਘ ਲੌਂਗੋਵਾਲ ਵੀ ਬਣੇ ਹਨ, ਜੋ ਤਿੰਨ ਵਾਰ ਲਗਾਤਾਰ ਸਿੱਖ ਸੰਸਥਾ ਦੇ ਪ੍ਰਧਾਨ ਰਹੇ ਹਨ। ਨਵੀਂ ਟੀਮ ਵਿਚ ਮਾਝੇ ਦੁਆਬੇ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਪ੍ਰਧਾਨ ਬੀਬੀ ਜਗੀਰ ਕੌਰ ਕਪੂਰਥਲਾ ਜ਼ਿਲ੍ਹੇ ਤੋਂ ਅਤੇ ਸੀਨੀਅਰ ਮੀਤ ਪ੍ਰਧਾਨ ਤੇ ਜਨਰਲ ਸਕੱਤਰ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਹਨ।

### ਸਾਰੀਆਂ ਧਿਰਾਂ ਦਾ ਸਹਿਯੋਗ ਲਵਾਂਗੇ: ਜਗੀਰ ਕੌਰ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਕਮੇਟੀ ਦੀ ਨਵੀਂ ਬਣੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਆਖਿਆ ਕਿ ਪੰਥਕ ਮਸਲਿਆਂ ਦੇ ਹੱਲ ਲਈ ਸਾਰੀਆਂ ਧਿਰਾਂ ਦਾ ਸਹਿਯੋਗ ਲਿਆ ਜਾਵੇਗਾ ਅਤੇ ਮਿਲ ਬੈਠ ਕੇ ਮਸਲਿਆਂ ਦਾ ਹੱਲ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਬਿਆਨ ਵਿਚ ਉਨ੍ਹਾਂ ਕਿਹਾ ਕਿ ਸੰਸਥਾ ਵਿਚ ਬਿਹਤਰ ਵਿਚਾਰ ਪ੍ਰਬੰਧ ਉਸਾਰਨ ਦਾ ਯਤਨ ਕੀਤਾ ਜਾਵੇਗਾ। ਬੀਬੀ ਜਗੀਰ ਕੌਰ ਨੇ ਕਿਹਾ ਕਿ ਕੋਈ ਵੀ ਸੰਸਥਾ ਭਵਿੱਖ ਵਿਚ ਚੰਗੇ ਨਤੀਜੇ ਤਾਂ ਹੀ ਦੇ ਸਕਦੀ ਹੈ, ਜੇ ਉਸ ਨੂੰ ਸਭ ਦਾ ਸਹਿਯੋਗ ਮਿਲੇ। ਇਸ ਲਈ ਸ਼੍ਰੋਮਣੀ ਕਮੇਟੀ ਸਿੱਖ ਪੰਥ ਦੇ ਸ਼ਾਨਾਮੱਤੇ ਇਤਿਹਾਸ ਦੀ ਰੌਸ਼ਨੀ ਵਿਚ ਕਾਰਜਸ਼ੀਲ ਰਹੇਗੀ ਅਤੇ ਹਰ ਚੰਗੇ ਵਿਚਾਰ ਦਾ ਸਵਾਗਤ ਕਰੇਗੀ।

# ਮਾਸਟਰ ਤਾਰਾ ਸਿੰਘ ਤੇ ਟੌਹੜਾ ਰਹੇ ਸਭ ਤੋਂ ਲੰਮਾ ਸਮਾਂ ਪ੍ਰਧਾਨ



**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 95 ਸਾਲਾ ਇਤਿਹਾਸ ਦੌਰਾਨ ਪ੍ਰਧਾਨਗੀ ਕਰਨ ਵਾਲੇ 26 ਜਣਿਆਂ ਵਿਚੋਂ ਪਟਿਆਲਾ ਨਾਲ ਸਬੰਧਤ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਹੱਥ ਉਪਰ ਹੈ। ਉਹ ਸਭ ਤੋਂ ਵੱਧ (ਸਾਢੇ 28 ਸਾਲ) ਸਿੱਖਾਂ ਦੀ ਇਸ ਧਾਰਮਿਕ ਸੰਸਥਾ ਦੇ ਪ੍ਰਧਾਨ ਰਹੇ ਤੇ 31 ਮਾਰਚ 2004 ਨੂੰ ਆਖਰੀ ਸਾਹ ਵੀ ਪ੍ਰਧਾਨ ਵਜੋਂ ਹੀ ਲਿਆ। ਜਦਕਿ ਗੋਪਾਲ ਸਿੰਘ ਕੌਮੀ 17 ਜੂਨ 1933 ਤੋਂ 18 ਜੂਨ 1933 ਤੱਕ ਸਿਰਫ ਇਕ ਦਿਨ ਹੀ ਪ੍ਰਧਾਨ ਰਹੇ ਹਨ।ਵੱਧ ਸਮਾਂ ਪ੍ਰਧਾਨਗੀ ਕਰਨ ਵਾਲਿਆਂ ਵਿਚੋਂ ਮਾਸਟਰ ਤਾਰਾ ਸਿੰਘ 16 ਸਾਲ ਦੇ ਕਰੀਬ ਪ੍ਰਧਾਨ ਰਹੇ। ਉਹ ਪਹਿਲੀ ਵਾਰ 12 ਦਸੰਬਰ 1930 'ਚ ਦੂਜੇ ਪ੍ਰਧਾਨ ਬਣੇ ਤੇ ਅੰਤਿਮ ਵਾਰ 11 ਮਾਰਚ 1962 ਤੱਕ ਪ੍ਰਧਾਨ ਰਹੇ। ਅਵਤਾਰ ਸਿੰਘ ਮੱਕੜ ਨਵੰਬਰ 2005 ਤੋਂ ਨਵੰਬਰ 2016 ਤੱਕ 12 ਸਾਲ ਪ੍ਰਧਾਨ ਰਹੇ। ਜਦਕਿ ਸੰਤ ਚੰਨਣ ਸਿੰਘ ਨੇ ਸਵਾ 10 ਸਾਲ ਪ੍ਰਧਾਨਗੀ ਕੀਤੀ। ਉਨ੍ਹਾਂ ਦਾ ਕਾਰਜਕਾਲ 2 ਦਸੰਬਰ 1962 ਤੋਂ 30 ਨਵੰਬਰ 1972 ਤੱਕ ਰਿਹਾ। ਬਾਕੀ ਸਭ ਦਾ ਕਾਰਜਕਾਲ ਪੰਜ ਸਾਲਾਂ ਤੋਂ ਵੀ ਹੇਠਾਂ ਹੀ ਰਿਹਾ ਹੈ। 1960 ਵਿਚ ਮੈਂਬਰ ਬਣੇ ਗੁਰਚਰਨ ਸਿੰਘ ਟੌਹੜਾ ਜਨਵਰੀ 1973 'ਚ ਪਹਿਲੀ ਵਾਰ ਪ੍ਰਧਾਨ ਬਣੇ ਸਨ। ਇਸ ਦੌਰਾਨ ਚੋਣ ਤਾਂ ਹਰ ਸਾਲ ਹੁੰਦੀ ਰਹੀ ਪਰ ਉਹ ਮਾਰਚ 1986 ਤੱਕ 13 ਸਾਲ ਪ੍ਰਧਾਨ ਰਹੇ। ਅੱਠ ਮਹੀਨੇ ਲਈ ਭਾਵੇਂ ਕਾਬਲ ਸਿੰਘ ਪ੍ਰਧਾਨ ਬਣੇ ਪਰ ਨਵੰਬਰ 1986 ਤੋਂ ਨਵੰਬਰ 1990 ਤੱਕ ਚਾਰ ਸਾਲ ਟੌਹੜਾ ਹੀ ਮੁੜ ਪ੍ਰਧਾਨ ਰਹੇ। ਉਹ 1991 ਤੋਂ ਮਾਰਚ 1999 ਤੱਕ ਅੱਠ ਸਾਲ ਫੇਰ ਪ੍ਰਧਾਨ ਰਹੇ। ਸਾਲ 1999 'ਚ ਬਾਦਲ ਅਤੇ ਟੌਹੜਾ ਧੜਿਆਂ ਦਰਮਿਆਨ ਪਈ ਫੁੱਟ ਦੌਰਾਨ ਟੌਹੜਾ ਨੂੰ ਲਾਂਭੇ ਕੀਤਾ ਤੇ 16 ਮਾਰਚ 1999 ਨੂੰ ਬੀਬੀ ਜਗੀਰ ਕੌਰ ਨੂੰ ਪਹਿਲੀ ਮਹਿਲਾ ਪ੍ਰਧਾਨ ਬਣਨ ਦਾ ਮਾਣ ਹਾਸਲ ਹੋਇਆ। ਫੁੱਟ ਦੇ ਕਾਰਜਕਾਲ ਦੌਰਾਨ ਹੀ ਇਕ ਸਾਲ ਜਗਦੇਵ ਸਿੰਘ ਤਲਵੰਡੀ ਤੇ ਫੇਰ ਜੁਲਾਈ 2003 ਤੱਕ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੀ ਪ੍ਰਧਾਨ ਬਣੇ ਪਰ ਫਿਰ ਬਾਦਲ ਅਤੇ ਟੌਹੜਾ ਧੜਿਆਂ 'ਚ ਹੋਈ ਏਕਤਾ ਦੌਰਾਨ ਪ੍ਰੋ. ਬਡੂੰਗਰ ਨੂੰ ਅਸਤੀਫਾ ਦੇਣਾ ਪਿਆ ਤੇ ਜੁਲਾਈ 2003 ਵਿਚ ਗੁਰਚਰਨ ਸਿੰਘ ਟੌਹੜਾ ਇੱਕ ਵਾਰ ਫੇਰ ਪ੍ਰਧਾਨ ਚੁਣ ਲਏ ਗਏ ਤੇ ਆਖਰੀ ਸਾਹ ਤੱਕ ਪ੍ਰਧਾਨ ਰਹੇ।

## ਜਗੀਰ ਕੌਰ ਦੇ ਜੀਵਨ 'ਤੇ ਸੰਖੇਪ ਝਾਤ

ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਪ੍ਰਧਾਨ ਚੁਣੀ ਗਈ ਬੀਬੀ ਜਗੀਰ ਕੌਰ ਦਾ ਜਨਮ 15 ਅਕਤੂਬਰ 1954 ਨੂੰ ਜ਼ਿਲ੍ਹਾ ਜਲੰਧਰ ਦੇ ਪਿੰਡ ਭਟਨੂਰਾ ਵਿਚ ਗਿਰਧਾਰਾ ਸਿੰਘ ਅਤੇ ਮਾਤਾ ਪ੍ਰਸਿੰਨ ਕੌਰ ਦੇ ਘਰ ਹੋਇਆ। ਉਨ੍ਹਾਂ ਬੀ.ਐਸ.ਸੀ., ਬੀ.ਐਡ. ਤੱਕ ਉਚੇਰੀ ਸਿੱਖਿਆ ਪ੍ਰਾਪਤ ਕੀਤੀ। ਉਹ ਕੁਝ ਸਮਾਂ ਸਰਕਾਰੀ ਅਧਿਆਪਕ ਰਹੇ ਅਤੇ 1987 ਵਿਚ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਮਗਰੋਂ ਉਨ੍ਹਾਂ ਬਾਬਾ ਪ੍ਰੇਮ ਸਿੰਘ ਮੁਰਾਰੇ ਵਾਲਿਆਂ ਦੇ ਮੁੱਖ ਅਸਥਾਨ ਬੇਗੋਵਾਲ ਵਿਚ ਮੁੱਖ ਸੇਵਾਦਾਰ ਵਜੋਂ ਸੇਵਾ ਸੰਭਾਲੀ। 1996 ਵਿਚ ਉਹ ਭੁਲੱਥ ਹਲਕੇ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਬਣੇ ਅਤੇ 1997 ਵਿਚ ਇਸੇ ਹਲਕੇ ਤੋਂ ਪਹਿਲੀ ਵਾਰ ਅਕਾਲੀ ਵਿਧਾਇਕ ਚੁਣੇ ਗਏ। ਉਹ ਦੋ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹਿ ਚੁੱਕੇ ਹਨ। ਪਿਛਲੇ ਸਮੇਂ ਦੌਰਾਨ ਉਨ੍ਹਾਂ ਨੂੰ ਇਕ ਅਦਾਲਤੀ ਮਾਮਲੇ ਦਾ ਸਾਹਮਣਾ ਵੀ ਕਰਨਾ ਪਿਆ ਹੈ।

# ਸਿੱਖ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਇਜਲਾਸ ਵਿਰੁੱਧ ਧਰਨਾ

**ਅੰਮ੍ਰਿਤਸਰ:** ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਰੁੱਧ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ ਪਲਾਜ਼ਾ ਵਿਚ ਧਰਨਾ ਦਿੱਤਾ। ਇਸ ਦੌਰਾਨ ਉਨ੍ਹਾਂ ਲਾਪਤਾ ਪਾਵਨ ਸਰੂਪਾਂ ਦੇ ਮੁਲਜ਼ਮਾਂ ਖਿਲਾਫ ਕਾਰਵਾਈ ਮੰਗੀ। ਇਸ ਧਰਨੇ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ, ਜਥਾ ਸਿਰਲੱਥ ਖਾਲਸਾ ਅਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕਾਰਕੁਨ ਸ਼ਾਮਲ ਸਨ। ਇਨ੍ਹਾਂ ਨੇ ਬੁਰਜ ਅਕਾਲੀ ਫੂਲਾ ਸਿੰਘ ਤੋਂ ਦਰਬਾਰ ਸਾਹਿਬ ਤੱਕ ਮਾਰਚ ਕੀਤਾ ਅਤੇ ਮੁੜ ਘੰਟਾ ਘਰ ਗੇਟ ਅੱਗੇ ਧਰਨਾ ਦਿੱਤਾ। ਰੋਸ ਵਿਖਾਵੇ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਬੇਟੇ ਇਮਾਨ ਸਿੰਘ ਮਾਨ, ਬਲਬੀਰ ਸਿੰਘ ਮੁੱਛਲ, ਦਿਲਬਾਗ ਸਿੰਘ ਸੁਲਤਾਨਵਿੰਡ, ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਬਾਬਾ ਰਾਜਾ ਰਾਜ ਸਿੰਘ ਨਿਹੰਗ ਵਲੋਂ ਸਾਂਝੇ ਤੌਰ ਉਤੇ ਕੀਤੀ ਗਈ। ਕਾਰਕੁਨਾਂ ਨੇ ਖਾਲਿਸਤਾਨ ਪੱਖੀ ਨਾਅਰਿਆਂ ਵਾਲੇ ਝੰਡੇ ਚੁੱਕੇ ਹੋਏ ਸਨ। ਇਸ ਮੌਕੇ ਬੁਲਾਰਿਆਂ ਨੇ ਆਖਿਆ



ਕਿ ਸ਼੍ਰੋਮਣੀ ਕਮੇਟੀ ਮੋਰਚੇ ਨੂੰ ਤਹਿਸ-ਨਹਿਸ ਕਰਕੇ 328 ਸਰੂਪਾਂ ਦੇ ਮਾਮਲੇ ਤੋਂ ਧਿਆਨ ਭਟਕਾਉਣਾ ਚਾਹੁੰਦੀ ਹੈ ਪਰ ਇਸ ਸਬੰਧੀ ਸੰਘਰਸ਼ ਉਦੋਂ ਤਕ ਜਾਰੀ ਰਹੇਗਾ ਜਦੋਂ ਤਕ ਸ਼੍ਰੋਮਣੀ ਕਮੇਟੀ ਇਹ ਖੁਲਾਸਾ ਨਹੀਂ ਕਰਦੀ ਕਿ ਇਹ ਸਰੂਪ ਕਿਸ ਨੂੰ ਦਿੱਤੇ ਗਏ, ਕਿਸ ਦੇ ਕਹਿਣ ਉਤੇ ਦਿੱਤੇ ਗਏ ਅਤੇ ਹੁਣ ਕਿਥੇ ਹਨ। ਉਨ੍ਹਾਂ ਮੰਗ ਕੀਤੀ ਕਿ ਅਕਾਲ ਤਖਤ ਵੱਲੋਂ ਕਰਵਾਈ ਗਈ ਜਾਂਚ ਦੀ ਰਿਪੋਰਟ 'ਚ ਦੋਸ਼ੀ ਪਾਏ 16 ਅਧਿਕਾਰੀਆਂ ਅਤੇ ਕਰਮਚਾਰੀਆਂ ਖਿਲਾਫ ਕੇਸ ਦਰਜ ਕਰਵਾਇਆ ਜਾਵੇ। ਉਨ੍ਹਾਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ 'ਤੇ ਵੀ ਬਾਦਲ ਪਰਿਵਾਰ ਦਾ ਬੁਲਾਰਾ ਬਣਨ ਦਾ ਦੋਸ਼ ਲਾਇਆ।

# ਖੇਤੀ ਕਾਨੂੰਨ: ਕਿਸਾਨਾਂ ਦੇ ਹੱਕ ਵਿਚ ਡਟੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਸਦਨ ਦੇ ਮੈਂਬਰਾਂ ਨੇ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦੀ ਸਖਤ ਨਿਖੇਧੀ ਕਰਦਿਆਂ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਹਾਊਸ ਨੇ ਦਿੱਲੀ ਜਾ ਰਹੇ ਕਿਸਾਨਾਂ ਨੂੰ ਰੋਕਣ ਲਈ ਹਰਿਆਣਾ ਸਰਕਾਰ ਵੱਲੋਂ ਅਪਣਾਏ ਗਏ ਤਾਨਾਸ਼ਾਹੀ ਰਵੱਈਏ ਦਾ ਵੀ ਵਿਰੋਧ ਕੀਤਾ।

ਇਸ ਦੌਰਾਨ ਪਾਸ ਕੀਤੇ ਇਕ ਮਤੇ ਰਾਹੀਂ ਸਦਨ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਕਿਸਾਨ ਵਿਰੋਧੀ ਕਾਨੂੰਨ ਤੁਰਤ ਵਾਪਸ ਲਏ ਜਾਣ। ਬੀਬੀ ਜਗੀਰ ਕੌਰ ਵੱਲੋਂ ਪੇਸ਼ ਕੀਤੇ ਗਏ ਇਸ ਮਤੇ ਰਾਹੀਂ ਸ਼੍ਰੋਮਣੀ ਕਮੇਟੀ ਨੇ ਕਿਸਾਨ ਸੰਘਰਸ਼ ਦੀ ਹਮਾਇਤ ਕੀਤੀ। ਇਸ ਮਤੇ ਸਮੇਤ ਹੋਰ 11 ਮਤਿਆਂ ਨੂੰ ਸਮੁੱਚੇ ਹਾਊਸ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਇਸ ਦੌਰਾਨ ਇਕ ਮਤਾ ਪਾਸ ਕਰਕੇ ਉਨ੍ਹਾਂ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਕਿ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਮੌਕੇ ਯੂਨੀਵਰਸਿਟੀ ਸਥਾਪਤ ਕੀਤੀ ਜਾਵੇ। ਇਸ ਦੌਰਾਨ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਗੈਰ-



ਸੰਵਿਧਾਨਕ ਹਰਿਆਣਾ ਕਮੇਟੀ ਨੂੰ ਰੱਦ ਕਰਨ ਦੀ ਕਾਰਵਾਈ ਕੀਤੀ ਜਾਵੇ। ਇਕ ਹੋਰ ਮਤੇ ਰਾਹੀਂ ਦੇਸ਼ ਵਿਦੇਸ਼ ਵਿਚ ਸਿੱਖ ਕੌਮ ਦੀ ਪਛਾਣ ਖਤਮ ਕਰਨ ਅਤੇ ਸਿੱਖਾਂ ਉਤੇ ਹੁੰਦੇ ਨਸਲੀ ਹਮਲਿਆਂ ਦੀ ਨਿੰਦਾ ਕੀਤੀ ਗਈ। ਇਸ ਤੋਂ ਇਲਾਵਾ ਸੋਸ਼ਲ ਮੀਡੀਆ 'ਤੇ ਸਿੱਖ ਗੁਰੂ ਸਾਹਿਬਾਨ, ਸਿੱਖ ਸ਼ਹੀਦਾਂ, ਇਤਿਹਾਸ ਅਤੇ ਸਿੱਖ ਸਿਧਾਂਤਾਂ ਵਿਰੁੱਧ ਪ੍ਰਚਾਰ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਮੰਗੀ। 1984 ਦੀ ਸਿੱਖ ਨਸਲਕੁਸ਼ੀ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਹਾਊਸ ਨੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ।

ਇਸ ਤੋਂ ਇਲਾਵਾ ਹਾਊਸ ਨੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲੇ ਅਨਸਰਾਂ ਨੂੰ ਸਖਤ ਸਜ਼ਾਵਾਂ ਦੇਣ ਲਈ ਕਾਨੂੰਨ ਵਿਚ ਸੋਧ ਕਰਨ, ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਦੇ ਬੰਦ ਕੀਤੇ ਲਾਂਘੇ ਨੂੰ ਤੁਰਤ ਖੋਲ੍ਹਣ, ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਲੰਮੇ ਸਮੇਂ ਤੋਂ ਨਜ਼ਰਬੰਦ ਸਿੱਖਾਂ ਦੀ ਰਿਹਾਈ ਕਰਨ ਅਤੇ ਹਰਿਦੁਆਰ ਵਿਚ ਹਰਿ ਕੀ ਪਉੜੀ ਸਥਿਤ ਗੁਰਦੁਆਰਾ ਗਿਆਨ ਗੋਦੜੀ ਨੂੰ ਅਸਲ ਸਥਾਨ ਉਤੇ ਬਣਾਉਣ ਦੀ ਵੀ ਮੰਗ ਕੀਤੀ। ਇਕ ਮਤੇ ਰਾਹੀਂ ਉਨ੍ਹਾਂ ਸਿੱਖ ਜਗਤ ਨੂੰ ਅਪੀਲ ਕੀਤੀ ਕਿ ਸਿੱਖ ਬੱਚਿਆਂ ਨੂੰ ਸਿੱਖੀ ਦੇ ਗੌਰਵ ਦਾ ਪ੍ਰਤੀਕ ਦਸਤਾਰ ਨਾਲ ਜੋੜਨ ਲਈ ਯਤਨ ਕੀਤੇ ਜਾਣ। ਦੋ ਸ਼ੋਕ ਮਤਿਆਂ ਰਾਹੀਂ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਸੁਖਜਿੰਦਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਮੇਜਰ ਸਿੰਘ ਉਬੋਕੇ ਦੇ ਅਕਾਲ ਚਲਾਣੇ ਉਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

## ਸਰਕਾਰ ਘੋਲ ਨੂੰ 'ਦਿੱਲੀ ਬਨਾਮ ਪੰਜਾਬ' ਬਣਾਉਣਾ ਚਾਹੁੰਦੀ: ਜਥੇਦਾਰ

**ਤਲਵੰਡੀ ਸਾਬੋ:** ਖੇਤੀ ਕਾਨੂੰਨਾਂ ਖਿਲਾਫ ਦਿੱਲੀ ਜਾ ਰਹੇ ਕਿਸਾਨਾਂ ਉਤੇ ਹਰਿਆਣਾ ਪੁਲਿਸ ਵੱਲੋਂ ਤਸ਼ੱਦਦ ਕੀਤੇ ਜਾਣ ਦੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਨਿਖੇਧੀ ਕਰਦਿਆਂ ਇਸ ਦੀ ਤੁਲਨਾ ਅੰਗਰੇਜ਼ ਸਰਕਾਰ ਵੱਲੋਂ ਕੀਤੇ ਜਾਂਦੇ ਜਬਰ-ਜ਼ੁਲਮ ਨਾਲ ਕੀਤੀ ਹੈ। ਜਥੇਦਾਰ ਨੇ ਕਿਹਾ ਕਿ ਆਪਣੀ ਆਵਾਜ਼ ਕੇਂਦਰ ਤੱਕ ਪਹੁੰਚਾਉਣ ਲਈ ਸ਼ਾਂਤੀਪੂਰਵਕ ਢੰਗ ਨਾਲ ਦਿੱਲੀ ਜਾ ਰਹੇ ਕਿਸਾਨਾਂ 'ਤੇ ਠੰਢ ਵਿਚ ਪਾਣੀ ਦੀਆਂ ਬੌਛਾੜਾਂ ਕਰਨਾ ਧੱਕੇਸ਼ਾਹੀ ਦੀ ਹੱਦ ਹੈ। ਉਨ੍ਹਾਂ ਕਿਹਾ ਕਿ ਜੇ ਲੋਕਪਾਲ ਬਿੱਲ ਲਈ ਦਿੱਲੀ ਵਿਚ ਇੰਨਾ ਵੱਡਾ ਸੰਘਰਸ਼ ਕੀਤਾ ਜਾ ਸਕਦਾ ਹੈ ਤਾਂ ਫਿਰ ਦੇਸ਼ ਦੇ ਕਿਸਾਨ ਆਪਣੀ ਆਵਾਜ਼ ਦਿੱਲੀ ਜਾ ਕੇ ਕੇਂਦਰ ਸਰਕਾਰ ਅਤੇ ਸੰਸਦ ਤੱਕ ਕਿਉਂ ਨਹੀਂ ਪਹੁੰਚਾ ਸਕਦੇ। ਉਨ੍ਹਾਂ ਕਿਹਾ ਕਿ ਸਰਕਾਰ ਇਸ ਸੰਘਰਸ਼ ਨੂੰ 'ਦਿੱਲੀ ਬਨਾਮ ਪੰਜਾਬ' ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਤੋਂ ਸੁਚੇਤ ਹੋਣ ਦੀ ਲੋੜ ਹੈ।

# ਕੋਟਕਪੂਰਾ ਗੋਲੀ ਕਾਂਡ: ਜਾਂਚ ਟੀਮ ਨੂੰ ਗਵਾਹ ਪ੍ਰਭਾਵਿਤ ਹੋਣ ਦਾ ਖਦਸ਼ਾ

**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਇਥੇ ਸੈਸ਼ਨ ਜੱਜ ਸੁਮੀਤ ਮਲਹੋਤਰਾ ਦੀ ਅਦਾਲਤ ਵਿਚ ਅਰਜ਼ੀ ਦੇ ਕੇ ਖਦਸ਼ਾ ਜ਼ਾਹਰ ਕੀਤਾ ਹੈ ਕਿ ਕੋਟਕਪੂਰਾ ਗੋਲੀ ਕਾਂਡ ਵਿਚ ਕੁਝ ਮੁਲਜ਼ਮ, ਜੋ ਉੱਚ ਪੁਲਿਸ ਅਧਿਕਾਰੀ ਵੀ ਹਨ, ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ ਕਿਉਂਕਿ ਸਾਰੇ ਮੁਲਜ਼ਮ ਜ਼ਮਾਨਤ ਉਤੇ ਆਏ ਹੋਏ ਹਨ। ਇਸ ਲਈ ਮਾਮਲੇ ਦੀ ਤੁਰਤ ਸੁਣਵਾਈ ਸ਼ੁਰੂ ਕੀਤੀ ਜਾਵੇ। ਕਰੋਨਾ ਵਾਇਰਸ ਕਾਰਨ ਕੋਟਕਪੂਰਾ ਗੋਲੀ ਕਾਂਡ ਮਾਮਲੇ ਦੀ 22 ਮਾਰਚ 2020 ਤੋਂ ਬਾਅਦ ਕੋਈ ਸੁਣਵਾਈ ਨਹੀਂ ਹੋ ਸਕੀ।



ਮਾਮਲੇ ਦੀ ਪੜਤਾਲ ਕਰ ਰਹੇ ਅਧਿਕਾਰੀ ਨੇ ਜ਼ਿਲ੍ਹਾ ਅਟਾਰਨੀ ਰਜਨੀਸ਼ ਗੋਇਲ ਰਾਹੀਂ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਕਿਹਾ ਕਿ ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਸੌ ਤੋਂ ਵੱਧ ਗਵਾਹ ਹਨ। ਉਨ੍ਹਾਂ ਕਿਹਾ ਕਿ ਮਾਮਲੇ ਦੀ ਸੁਣਵਾਈ ਲਟਕਣ ਕਾਰਨ ਗਵਾਹਾਂ ਉਪਰ ਪ੍ਰਭਾਵ ਪੈਣ ਦਾ ਖਦਸ਼ਾ ਹੈ ਅਤੇ ਪੀੜਤਾਂ ਨੂੰ ਇਨਸਾਫ ਮਿਲਣ ਵਿਚ ਕਾਫੀ ਦੇਰ ਹੋ ਰਹੀ ਹੈ, ਜੋ ਅਕਤੂਬਰ 2015 ਤੋਂ ਇਨਸਾਫ ਦੀ ਆਸ ਵਿੱਚ ਹਨ। ਜਾਂਚ ਟੀਮ ਨੇ ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਐਸ.ਪੀ. ਬਲਜੀਤ ਸਿੰਘ, ਇੰਸਪੈਕਟਰ ਗੁਰਦੀਪ ਪੰਧੇਰ ਅਤੇ ਸਾਬਕਾ ਸੰਸਦ ਸਕੱਤਰ ਮਨਤਾਰ ਸਿੰਘ ਬਰਾੜ ਸਮੇਤ ਅੱਧੀ ਦਰਜਨ ਮੁਲਜ਼ਮਾਂ ਖਿਲਾਫ ਤੁਰਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

### ਦੋ ਪੁਲਿਸ ਅਧਿਕਾਰੀ ਜ਼ਮਾਨਤ ‘ਤੇ ਰਿਹਾਅ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਐਸ.ਪੀ. ਬਿਕਰਮਜੀਤ ਸਿੰਘ ਅਤੇ ਥਾਣਾ ਬਾਜਾਖਾਨਾ ਦੇ ਤਤਕਾਲੀ ਐਸ.ਐਚ.ਓ. ਅਮਰਜੀਤ ਸਿੰਘ ਕੁਲਾਰ ਨੂੰ ਇਥੋਂ ਦੀ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚੋਂ ਜ਼ਮਾਨਤ ਮਿਲ ਗਈ ਹੈ। ਜੁਡੀਸ਼ਲ ਮੈਜਿਸਟਰੇਟ ਸੁਰੇਸ਼ ਕੁਮਾਰ ਨੇ ਦੋਹਾਂ ਪੁਲਿਸ ਅਧਿਕਾਰੀਆਂ ਨੂੰ ਇਕ ਲੱਖ ਰੁਪਏ ਦਾ ਜ਼ਮਾਨਤਨਾਮਾ ਅਤੇ ਮੁਚੱਲਕਾ ਭਰਨ ਮਗਰੋਂ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ। ਦੋਵੇਂ ਪੁਲਿਸ ਅਧਿਕਾਰੀਆਂ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਨੇ ਅਗਾਊਂ ਜ਼ਮਾਨਤ ਦਿੰਦਿਆਂ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਹੋਣ ਦਾ ਹੁਕਮ ਦਿੱਤਾ ਸੀ। ਇਸ ਦੌਰਾਨ ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਵਿਚ ਪੇਸ਼ ਹੋ ਕੇ ਖੁਲਾਸਾ ਕੀਤਾ ਕਿ ਦੋਵੇਂ ਪੁਲਿਸ ਅਧਿਕਾਰੀਆਂ ਖਿਲਾਫ ਫੌਜਦਾਰੀ ਮੁਕੱਦਮਾ ਚਲਾਉਣ ਲਈ ਪੰਜਾਬ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ ਹੈ।

ਅਦਾਲਤ ਨੇ ਇਸ ਮਾਮਲੇ ਵਿਚ 18 ਦਸੰਬਰ 2020 ਲਈ ਸਾਰੇ ਮੁਲਜ਼ਮਾਂ ਦੇ ਵਕੀਲਾਂ ਨੂੰ ਨੋਟਿਸ ਭੇਜ ਕੇ ਅਦਾਲਤ ਵਿਚ ਹਾਜ਼ਰ ਹੋਣ ਲਈ ਕਿਹਾ ਹੈ। ਕੋਟਕਪੂਰਾ ਗੋਲੀ ਕਾਂਡ ਵਿਚ ਮੁਲਜ਼ਮ ਖਿਲਾਫ ਦੋਸ਼ ਆਇਦ ਹੋਣ ਦੇ ਮੁੱਦੇ ਉਤੇ ਬਹਿਸ ਹੋਣੀ ਹੈ, ਜੋ ਕਰੀਬ 18 ਮਹੀਨਿਆਂ ਤੋਂ ਲਟਕੀ ਹੋਈ ਹੈ। ਇਸੇ ਦਰਮਿਆਨ ਇਲਾਕਾ ਮੈਜਿਸਟਰੇਟ ਸੁਰੇਸ਼ ਕੁਮਾਰ ਨੇ ਐਸ.ਪੀ. ਬਿਕਰਮਜੀਤ ਸਿੰਘ ਤੇ ਥਾਣਾ ਬਾਜਾਖਾਨਾ ਦੇ ਸਾਬਕਾ ਐਸ.ਐਚ.ਓ. ਅਮਰਜੀਤ ਸਿੰਘ ਕੁਲਾਰ ਖਿਲਾਫ ਪੇਸ਼ ਹੋਏ ਚਲਾਨ ਨੂੰ ਸੁਣਵਾਈ ਲਈ ਸੈਸ਼ਨ ਕੋਰਟ ‘ਚ ਭੇਜ ਦਿੱਤਾ ਹੈ।

## ਮਾਣਹਾਨੀ ਮਾਮਲੇ ‘ਚ ਗਾਇਕ ਸਿੱਧੂ ਮੂਸੇਵਾਲਾ ਨੂੰ ਸੰਮਨ ਜਾਰੀ

**ਸੰਗਰੂਰ:** ਅਦਾਲਤ ਨੇ ਮਾਣਹਾਨੀ ਦੇ ਇਕ ਮਾਮਲੇ ‘ਚ ਵਕੀਲ ਵਲੋਂ ਦਾਅਵਾ ਕਰਨ ਉਤੇ ਚਰਚਿਤ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ ਤੇ ਹੋਰਨਾਂ ਨੂੰ ਸੰਮਨ ਜਾਰੀ ਕਰਦਿਆਂ 11 ਦਸੰਬਰ ਨੂੰ ਅਦਾਲਤ ‘ਚ ਪੇਸ਼ ਹੋਣ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਮਈ 2020 ਨੂੰ ਗਾਇਕ ਸਿੱਧੂ ਮੂਸੇਵਾਲਾ ਅਤੇ ਹੋਰਨਾਂ ਖਿਲਾਫ ਜ਼ਿਲ੍ਹਾ ਸੰਗਰੂਰ ਅਤੇ ਬਰਨਾਲਾ ਦੇ ਦੋ ਪੁਲਿਸ ਥਾਣਿਆਂ ‘ਚ ਹੋਏ ਦਰਜ ਮਾਮਲਿਆਂ ਤੋਂ ਬਾਅਦ ਸਿੱਧੂ ਮੂਸੇਵਾਲਾ ਦੇ ਆਏ ਗੀਤ ‘ਸੰਜੂ‘ ਵਿਚ ਉਸ ਵਲੋਂ ਵਕੀਲਾਂ ਖਿਲਾਫ ਇਤਰਾਜ਼ਯੋਗ ਸ਼ਬਦਾਵਲੀ ਦੀ ਵਰਤੋਂ ਕਰਦਿਆਂ ਗੀਤ ‘ਚ ‘ਅਵਾ ਤਵਾ ਬੋਲਦੇ ਵਕੀਲ ਸੋਹਣੀਏ‘ ਬੋਲਿਆ ਗਿਆ ਸੀ, ਜਿਸ ਨੂੰ ਲੈ ਕੇ ਸੰਗਰੂਰ ਦੇ ਵਕੀਲ ਗੁਰਿੰਦਰਪਾਲ ਨੇ ਇਸ ਨੂੰ ਵਕੀਲ ਭਾਈਚਾਰੇ ਦੇ ਇੱਜ਼ਤ ਮਾਣ ਨੂੰ ਠੇਸ ਪਹੁੰਚਾਉਣ ਵਾਲੀ ਮੰਨਦਿਆਂ ਸਿੱਧੂ ਮੂਸੇਵਾਲਾ ਨੂੰ ਕਾਨੂੰਨੀ ਨੋਟਿਸ ਭੇਜ ਕੇ 50 ਲੱਖ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ ਸੀ ਪਰ ਸਮਾਂ ਸੀਮਾ ਬੀਤ ਜਾਣ ਦੇ ਬਾਵਜੂਦ ਸਿੱਧੂ ਮੂਸੇਵਾਲਾ ਨੇ ਕਾਨੂੰਨੀ ਨੋਟਿਸ ਦਾ ਕੋਈ ਜਵਾਬ ਨਹੀਂ ਦਿੱਤਾ, ਜਿਸ ਤੋਂ ਬਾਅਦ



ਉਸ ਨੇ ਆਪਣੇ ਵਕੀਲਾਂ ਸੰਜੀਵ ਗੋਇਲ ਤੇ ਗੁਰਬਚਨ ਸਿੰਘ ਨਹਿਲ ਰਾਹੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਉਰਫ ਸਿੱਧੂ ਮੂਸੇਵਾਲਾ, ਨਵਕਰਨ ਬਰਾੜ (ਵੀਡੀਓਗਰਾਫਰ) ਮੋਹਾਲੀ, ਗੋਲਡ ਮੀਡੀਆ ਪ੍ਰੋਮੋਟਰ ਤੇ ਯੂ-ਟਿਊਬ ਖਿਲਾਫ ਅਦਾਲਤ ‘ਚ ਦਾਅਵਾ ਪੇਸ਼ ਕਰ ਦਿੱਤਾ। ਇਸ ਤੋਂ ਬਾਅਦ ਜੱਜ ਕਰੁਨ ਗਰਗ ਦੀ ਅਦਾਲਤ ਨੇ ਗਾਇਕ ਸਿੱਧੂ ਮੂਸੇਵਾਲਾ ਤੇ ਹੋਰਨਾਂ ਨੂੰ ਸੰਮਨ ਜਾਰੀ ਕਰਦਿਆਂ 11 ਦਸੰਬਰ ਨੂੰ ਅਦਾਲਤ ‘ਚ ਪੇਸ਼ ਹੋਣ ਲਈ ਕਿਹਾ ਹੈ।

## ਜੀ.ਐਸ.ਟੀ: ਪੰਜਾਬ ਸਰਕਾਰ ਨੇ ਕੇਂਦਰ ਦੀ ਤਜਵੀਜ਼ ਮੰਨੀ

**ਨਵੀਂ ਦਿੱਲੀ:** ਪੰਜਾਬ ਸਰਕਾਰ ਨੇ ਵਸਤਾਂ ਤੇ ਸੇਵਾ ਟੈਕਸ (ਜੀ.ਐਸ.ਟੀ.) ਦੇ ਸੰਕਟ ਨਾਲ ਨਜਿੱਠਣ ਲਈ ਕਰਜ਼ਾ ਲੈਣ ਬਾਰੇ ਕੇਂਦਰ ਸਰਕਾਰ ਦੀ ਤਜਵੀਜ਼ ਪ੍ਰਵਾਨ ਕਰ ਲਈ ਹੈ ਜਿਸ ਤਹਿਤ ਉਸ ਵਿਸ਼ੇਸ਼ ਯੋਜਨਾ ਤਹਿਤ 8,359 ਕਰੋੜ ਰੁਪਏ ਮਿਲਣਗੇ।

ਵਿੱਤ ਮੰਤਰਾਲੇ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਜੀ.ਐਸ.ਟੀ. ਦੇ ਲਾਗੂ ਹੋਣ ਨਾਲ ਹੋਏ ਮਾਲੀਏ ਦੇ ਘਾਟੇ ਨੂੰ ਪੂਰਾ ਕਰਨ ਲਈ ਪਹਿਲਾ ਬਦਲ ਸਵੀਕਾਰ ਕਰਨ ਦੀ ਸੂਚਨਾ ਦਿੱਤੀ ਹੈ। ਇਸ ਬਦਲ ਨੂੰ ਚੁਣਨ ਵਾਲੇ ਸੂਬਿਆਂ ਦੀ ਗਿਣਤੀ ਹੁਣ 26 ਹੋ ਗਈ ਹੈ। ਵਿਧਾਨ ਸਭਾ ਆਧਾਰਿਤ ਤਿੰਨ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਦਿੱਲੀ, ਜੰਮੂ ਕਸ਼ਮੀਰ ਅਤੇ ਪੁੱਡੂਚੇਰੀ) ਨੇ ਵੀ ਪਹਿਲੇ ਬਦਲ ਨੂੰ ਹੀ ਚੁਣਿਆ ਹੈ। ਕੇਂਦਰ ਸਰਕਾਰ ਨੇ ਪਹਿਲਾਂ ਹੀ ਸੂਬਿਆਂ ਵੱਲੋਂ ਚਾਰ ਕਿਸ਼ਤਾਂ ‘ਚ 24 ਹਜ਼ਾਰ ਕਰੋੜ ਰੁਪਏ ਉਧਾਰ ਲਏ ਹਨ ਅਤੇ ਇਹ ਰਕਮ 23 ਸੂਬਿਆਂ ਤੇ ਤਿੰਨ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ 23 ਅਕਤੂਬਰ, ਦੋ ਨਵੰਬਰ, ਨੌਂ ਨਵੰਬਰ ਤੇ 23 ਨਵੰਬਰ ਨੂੰ ਦਿੱਤੀ ਜਾ ਚੁੱਕੀ ਹੈ।

ਕਰਜ਼ਿਆਂ ਦੇ ਅਗਲੇ ਗੇੜ ਵਿਚ ਪੰਜਾਬ, ਕੇਰਲਾ ਤੇ ਪੱਛਮੀ ਬੰਗਾਲ ਨੂੰ ਵਿੱਤੀ ਮਦਦ




ਮਿਲੇਗੀ। ਇਸ ਹਫਤੇ ਦੀ ਸ਼ੁਰੂਆਤ ‘ਚ ਕੇਰਲਾ ਤੇ ਪੱਛਮੀ ਬੰਗਾਲ ਨੇ ਵੀ ਜੀ.ਐਸ.ਟੀ. ਦਾ ਘਾਟਾ ਪੂਰਾ ਕਰਨ ਲਈ ਇਸ ਕਰਜ਼ਾ ਯੋਜਨਾ ਦੇ ਬਦਲ ਨੂੰ ਸਵੀਕਾਰ ਕਰਨ ਸੂਚਨਾ ਕੇਂਦਰ ਸਰਕਾਰ ਨੂੰ ਦਿੱਤੀ ਸੀ। ਹੁਣ ਸਿਰਫ ਦੋ ਸੂਬੇ ਝਾਰਖੰਡ ਤੇ ਛੱਤੀਸਗੜ੍ਹ ਹੀ ਹਨ ਜਿਨ੍ਹਾਂ ਅਜੇ ਇਹ ਯੋਜਨਾ ਸਵੀਕਾਰ ਨਹੀਂ ਕੀਤੀ ਹੈ।

ਬਦਲ-1 ਦੀ ਚੋਣ ਕਰਨ ਵਾਲੇ ਸੂਬਿਆਂ ਨੂੰ ਜੀ.ਐਸ.ਟੀ. ਦੇ ਅਮਲ ‘ਚ ਆਉਣ ਕਾਰਨ ਹੋਏ ਨੁਕਸਾਨ ਦੀ ਪੂਰਤੀ ਲਈ ਕਰਜ਼ਾ ਲੈਣ ਦੀ ਵਿਸ਼ੇਸ਼ ਸਹੂਲਤ ਦਿੱਤੀ ਜਾਵੇਗੀ। ਨਾਲ ਹੀ ਇਹ ਬਦਲ ਚੁਣਨ ਵਾਲੇ ਸੂਬਿਆਂ ਨੂੰ ਆਤਮਨਿਰਭਰ ਭਾਰਤ ਮਿਸ਼ਨ ਤਹਿਤ ਕੁੱਲ ਰਾਜ ਘਰੇਲੂ ਉਤਪਾਦ (ਜੀ.ਐਸ.ਡੀ.ਪੀ.) ਦੇ 0.50 ਫੀਸਦ ਦੀ ਆਖਰੀ ਕਿਸ਼ਤ ਦਾ ਕਰਜ਼ ਬਿਨਾਂ ਕਿਸੇ ਸ਼ਰਤ ਦੇ ਲੈਣ ਦੀ ਇਜਾਜ਼ਤ ਹੋਵੇਗੀ। ਇਸ ਮਿਸ਼ਨ ਤਹਿਤ ਸੂਬੇ ਜੀ.ਐਸ.ਡੀ.ਪੀ. ਦਾ ਕੁੱਲ ਦੋ ਫੀਸਦ ਕਰਜ਼ਾ ਲੈ ਸਕਦੇ ਹਨ। ਮੰਤਰਾਲੇ ਨੇ ਕਿਹਾ ਕਿ ਪਹਿਲਾ ਬਦਲ ਚੁਣਨ ਨਾਲ ਪੰਜਾਬ ਸਰਕਾਰ 3033 ਕਰੋੜ ਰੁਪਏ ਦਾ ਵਾਧੂ ਕਰਜ਼ਾ (ਜੀ.ਐਸ.ਡੀ.ਪੀ. ਦੇ 0.5 ਫੀਸਦ ਤਹਿਤ) ਲੈ ਸਕੇਗੀ ਅਤੇ ਨਾਲ ਹੀ ਉਸ ਨੂੰ ਵੱਖਰੇ ਤੌਰ ਉਤੇ 8359 ਕਰੋੜ ਰੁਪਏ ਵਿਸ਼ੇਸ਼ ਕਰਜ਼ਾ ਯੋਜਨਾ ਤਹਿਤ ਮਿਲਣਗੇ।

## ਪੰਜਾਬ ‘ਚ ਇਸ ਸਾਲ 46.5 ਫੀਸਦ ਵੱਧ ਪਰਾਲੀ ਸਾੜੀ



**ਨਵੀਂ ਦਿੱਲੀ:** ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਅਨੁਸਾਰ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਪੰਜਾਬ ਵਿਚ ਸਭ ਤੋਂ ਵੱਧ ਪਰਾਲੀ ਸਾੜਨ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ। ਇਸ ਸਾਲ ਬੀਤੇ ਸਾਲ ਦੇ ਮੁਕਾਬਲੇ 46.5 ਫੀਸਦ ਵੱਧ ਪਰਾਲੀ ਸਾੜੀ ਗਈ। ਹਾਲਾਂਕਿ ਹਰਿਆਣਾ ਵਿਚ ਇਸ ਸਾਲ ਅਜਿਹੀਆਂ ਘਟਨਾਵਾਂ ਵਿਚ 28.6 ਫੀਸਦ ਦੀ ਕਮੀ ਆਈ ਹੈ। ਹਰ ਸਾਲ ਸਰਦੀਆਂ ਦੀ ਸ਼ੁਰੂਆਤ ਵੇਲੇ ਪੰਜਾਬ ਅਤੇ ਹਰਿਆਣਾ ਵਿਚ ਪਰਾਲੀ ਸਾੜਨ ਦੀ ਸ਼ੁਰੂਆਤ ਹੁੰਦੀ ਹੈ, ਜਿਸ ਨਾਲ ਦਿੱਲੀ ਵਿਚ ਭਾਰੀ ਹਵਾ ਪ੍ਰਦੂਸ਼ਿਤ ਹੋਣ ਦੀ ਸ਼ਿਕਾਇਤਾਂ ਕੀਤੀਆਂ ਜਾਂਦੀਆਂ ਹਨ। ਪ੍ਰਦੂਸ਼ਣ ਨਿਗਰਾਨ ਸੀ.ਪੀ.ਸੀ.ਬੀ. ਨੇ ਜਾਰੀ ਕੀਤੇ ਆਪਣੇ ਅੰਕੜਿਆਂ ਵਿਚ ਕਿਹਾ ਕਿ ਸਾਲ 2020 ਵਿਚ ਪੰਜਾਬ ਵਿਚ ਪਰਾਲੀ ਸਾੜਨ ਦੀਆਂ 76,537 ਘਟਨਾਵਾਂ ਹੋਈਆਂ ਜਦ ਕਿ ਸਾਲ 2019 ਵਿਚ ਇਹ 52225 ਸਨ।

## ਪੰਜਾਬ ਸਰਕਾਰ ਨੇ ਨਿਗਮ ਚੋਣਾਂ ਲਈ ਖਿੱਚੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 9 ਨਗਰ ਨਿਗਮਾਂ, 109 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਕਰਵਾਉਣ ਦੀ ਤਿਆਰੀ ਖਿੱਚ ਲਈ ਹੈ। ਇਸ ਸਬੰਧੀ ਸਥਾਨਕ ਸਰਕਾਰਾਂ ਵਿਭਾਗ ਦੇ ਚੋਣ ਦਫਤਰ ਨੇ ਪੰਜਾਬ ਚੋਣ ਕਮਿਸ਼ਨ ਨੂੰ ਇਕ ਪੱਤਰ ਲਿਖ ਕੇ 13 ਫਰਵਰੀ 2021 ਤੱਕ ਚੋਣ ਪ੍ਰਕ੍ਰਿਆ ਮੁਕੰਮਲ ਕਰਵਾਉਣ ਲਈ ਜ਼ਰੂਰੀ ਕਦਮ ਚੁੱਕਣ ਲਈ ਲਿਖ ਦਿੱਤਾ ਹੈ। ਇਸ ਸਬੰਧੀ ਜਾਰੀ ਕੀਤੇ ਨੋਟੀਫਿਕੇਸ਼ਨ ਅਨੁਸਾਰ 9 ਨਗਰ ਨਿਗਮਾਂ ਅਬੋਹਰ, ਬਟਾਲਾ, ਕਪੂਰਥਲਾ, ਐਸ.ਏ.ਐਸ. ਨਗਰ, ਹੁਸ਼ਿਆਰਪੁਰ, ਪਠਾਨਕੋਟ, ਫਗਵਾੜਾ, ਮੋਗਾ ਤੇ ਬਠਿੰਡਾ ਤੋਂ ਇਲਾਵਾ 109 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਨਾਲ-ਨਾਲ ਅੰਮ੍ਰਿਤਸਰ ਨਗਰ ਨਿਗਮ ਦੇ ਵਾਰਡ ਨੰ. 37 (ਪਿਛੜਾ ਵਰਗ) ਤੇ 2 ਨਗਰ ਪੰਚਾਇਤਾਂ ਹੁਸ਼ਿਆਰਪੁਰ ‘ਚ ਮਹਿਲਪੁਰ ਦੇ ਵਾਰਡ



ਨੰ: 1(ਮਹਿਲਾ) ਅਤੇ ਵਾਰਡ ਨੰ 11 (ਰਾਖਵੀਂ) ਦੇ ਇਲਾਵਾ ਲੁਧਿਆਣਾ ਦੇ ਮੁੱਲਾਂਪੁਰ ਦਾਖਾਂ ਦੇ ਵਾਰਡ ਨੰ 8 (ਜਨਰਲ) ਦੀ ਉਪ ਚੋਣ ਵੀ ਕਰਵਾਈ ਜਾਵੇਗੀ। ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਹੋਣ ਦੇ ਨਾਲ ਹੀ ਸਿਆਸੀ ਪਾਰਟੀਆਂ ‘ਚ ਹਲਚਲ ਦਾ ਮਾਹੌਲ ਪੈਦਾ ਹੋ ਗਿਆ ਦੱਸਿਆ ਜਾ ਰਿਹਾ ਹੈ।

### ਸਿੱਖ ਰੈਜੀਮੈਂਟ ਰਾਸ਼ਟਰਪਤੀ ਭਵਨ ‘ਚ ਆਰਮੀ ਗਾਰਡ ਵਜੋਂ ਤਾਇਨਾਤ

**ਨਵੀਂ ਦਿੱਲੀ:** ਥਲ ਸੈਨਾ ਦੀ ਸਿੱਖ ਰੈਜੀਮੈਂਟ ਨੂੰ ਰਾਸ਼ਟਰਪਤੀ ਭਵਨ ‘ਚ ਰਸਮੀ ਆਰਮੀ ਗਾਰਡ ਵਜੋਂ ਤਾਇਨਾਤ ਕਰ ਦਿੱਤਾ ਗਿਆ ਹੈ। ਸਿੱਖ ਰੈਜੀਮੈਂਟ ਦੀ ਛੇਵੀਂ ਬਟਾਲੀਅਨ ਨੂੰ ਪਹਿਲੀ ਗੋਰਖਾ ਰਾਈਫਲਜ਼ ਦੀ ਪੰਜਵੀਂ ਬਟਾਲੀਅਨ ਤੋਂ ਇਹ ਜ਼ਿੰਮੇਵਾਰੀ ਮਿਲੀ ਹੈ। ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਆਰਮੀ ਗਾਰਡ ਬਟਾਲੀਅਨ ਦੇ ਤਬਾਦਲਾ ਸਮਾਗਮ ਨੂੰ ਦੇਖਿਆ। ਰਾਸ਼ਟਰਪਤੀ ਭਵਨ ਨੇ ਬਿਆਨ ਜਾਰੀ ਕਰਕੇ ਕਿਹਾ ਕਿ ਆਰਮੀ ਗਾਰਡ ਬਟਾਲੀਅਨ ਵੱਖ-ਵੱਖ ਅਹਿਮ ਸਮਾਗਮਾਂ ਨੂੰ ਗਾਰਡ ਆਫ ਆਨਰ ਦੇਣ, ਗਣਤੰਤਰ ਦਿਵਸ ਪਰੇਡ, ਆਜ਼ਾਦੀ ਦਿਵਸ ਪਰੇਡ, ਬੀਟਿੰਗ ਰੀਟਰੀਟ ਸਮਾਗਮ ਆਦਿ ‘ਚ ਰਸਮੀ ਫਰਜ਼ ਨਿਭਾਉਂਦੀ ਹੈ।

### ਜੰਮੂ ਯੂਨੀਵਰਸਿਟੀ ‘ਚ ਗੁਰੂ ਨਾਨਕ ਚੇਅਰ ਸਥਾਪਤ

**ਜੰਮੂ:** ਜੰਮੂ ਤੇ ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਜੰਮੂ ਯੂਨੀਵਰਸਿਟੀ ਵਿਚ ਸਥਾਪਤ ਗੁਰੂ ਨਾਨਕ ਚੇਅਰ ਦਾ ਉਦਘਾਟਨ ਕੀਤਾ। ਸ੍ਰੀ ਸਿਨਹਾ ਨੇ ਕਿਹਾ ਕਿ ਜਲਦੀ ਹੀ ਗੋਜਰੀ ਤੇ ਪਹਾੜੀ (ਖੇਤਰੀ) ਭਾਸ਼ਾਵਾਂ ਦੇ ਪ੍ਰਚਾਰ ਪਾਸਾਰ ਲਈ ਵੀ ਚੇਅਰਾਂ ਸਥਾਪਤ ਕੀਤੀਆਂ ਜਾਣਗੀਆਂ।

ਉਪ ਰਾਜਪਾਲ ਨੇ ਕਿਹਾ, ‘ਦੇਸ਼ ਦੀ ਸੰਸਦ ਵਿਚ ਜੰਮੂ ਤੇ ਕਸ਼ਮੀਰ ਸਰਕਾਰੀ ਭਾਸ਼ਾਵਾਂ ਬਿੱਲ 2020 ਨੂੰ ਪਾਸ ਕਰਨ ਮੌਕੇ ਭਾਰਤ ਸਰਕਾਰ ਨੇ ਜੰਮੂ ਤੇ ਕਸ਼ਮੀਰ ਵਿਚ ਪੰਜਾਬੀ ਭਾਸ਼ਾ ਦੇ ਪ੍ਰਚਾਰ ਪਾਸਾਰ ਤੇ ਵਿਕਾਸ ਲਈ ਯਤਨ ਕਰਨ ਸਬੰਧੀ ਸਹਿਮਤੀ ਦਿੱਤੀ ਸੀ ਤੇ ਅੱਜ ਦਾ ਇਹ ਮੌਕਾ ਉਸ ਦਿਸ਼ਾ ਵਿਚ ਅਹਿਮ ਕਦਮ ਹੈ।’ ਉਨ੍ਹਾਂ ਕਿਹਾ ਕਿ ਗੁਰੂ ਨਾਨਕ ਚੇਅਰ ਸਥਾਪਤ ਕੀਤੇ ਜਾਣ ਨਾਲ ਵਿਦਿਆਰਥੀਆਂ ਦੇ ਅੰਦਰੂਨੀ ਤੇ ਬਾਹਰੀ ਵਿਕਾਸ ’ਚ ਮਦਦ ਮਿਲੇਗੀ।

## ਪੰਜਾਬ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਸੂਬੇ ਦੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਪਿਛਲੇ ਕਈ ਸਾਲਾਂ ਤੋਂ ਕੰਮ ਕਰ ਰਹੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਰਾਹ ਉਤੇ ਚੱਲ ਪਈ ਹੈ। ਇਸੇ ਮਕਸਦ ਲਈ ਸਰਕਾਰ ਨੇ ਪਿਛਲੀ ਬਾਦਲ ਸਰਕਾਰ ਵੱਲੋਂ ਬਣਾਏ ਐਂਪਲਾਈਜ਼ ਵੈੱਲਫੇਅਰ ਐਕਟ-2016 ਵਿਚਲੇ ਅੜਿੱਕੇ ਦੂਰ ਕਰਨ ਤੇ ਇਸ ਨੂੰ ਰੱਦ ਕਰਕੇ ਨਵਾਂ ਕਾਨੂੰਨ ਬਣਾਉਣ ਦੀ ਤਿਆਰੀ ਕਰ ਲਈ ਹੈ ਜਿਸ ਲਈ ਕੈਬਨਿਟ ਸਬ-ਕਮੇਟੀ ਬਣਾ ਦਿੱਤੀ ਹੈ।

ਇਸ ਕਮੇਟੀ ਵਿਚ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ, ਮਨਪ੍ਰੀਤ ਸਿੰਘ ਬਾਦਲ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ ਨੂੰ ਸ਼ਾਮਲ ਕੀਤਾ ਗਿਆ ਹੈ। ਸਰਕਾਰ ਦੇ ਪ੍ਰਸੋਨਲ ਵਿਭਾਗ ਵੱਲੋਂ ਜਾਰੀ ਪੱਤਰ ਮੁਤਾਬਕ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਸਬੰਧੀ ਉਕਤ ਕੈਬਨਿਟ ਸਬ-ਕਮੇਟੀ ਦੀ ਮੀਟਿੰਗ 4 ਦਸੰਬਰ ਨੂੰ ਪੰਜਾਬ ਭਵਨ ਵਿਚ ਰੱਖੀ ਗਈ ਹੈ। ਉਸ ਮੀਟਿੰਗ ਵਿਚ ਕਮੇਟੀ ਵੱਲੋਂ ਐਡਹਾਕ,



ਕੰਟਰੈਕਟ, ਡੇਲੀ ਵੇਜਿਜ਼, ਟੈਂਪਰੇਰੀ, ਵਰਕ-ਚਾਰਜਡ ਅਤੇ ਆਊਟ ਸੋਰਸਡ ਮੁਲਾਜ਼ਮਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਬਾਰੇ ਚਰਚਾ ਹੋਵੇਗੀ, ਇਸ ਦੇ ਨਾਲ ਹੀ ਕਰਮਚਾਰੀਆਂ ਦੀ ਗਿਣਤੀ ਅਤੇ ਵਿੱਤੀ ਵਿਸ਼ਿਆਂ ਉਤੇ ਰਿਪੋਰਟ ਪੇਸ਼ ਕੀਤੀ ਜਾਵੇਗੀ।

ਸਾਂਝਾ ਮੁਲਾਜ਼ਮ ਮੰਚ ਪੰਜਾਬ ਤੇ ਯੂ.ਟੀ. ਚੰਡੀਗੜ੍ਹ ਦੇ ਕਨਵੀਨਰ ਗੁਰਮੇਲ ਸਿੰਘ ਸਿੱਧੂ, ਪੰਜਾਬ ਠੇਕਾ ਪ੍ਰਣਾਲੀ ਯੂਨੀਅਨ ਦੇ ਜਨਰਲ ਸਕੱਤਰ ਆਸ਼ੀਸ਼ ਜੁਲਾਹਾ ਨੇ ਕਿਹਾ ਕਿ ਐਂਪਲਾਈਜ਼ ਵੈੱਲਫੇਅਰ ਐਕਟ ਤਾਂ ਸਾਲ 2017 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਤੋਂ ਇਕ ਸਾਲ ਪਹਿਲਾਂ ਬਾਦਲ ਸਰਕਾਰ ਨੇ ਵੀ ਬਣਾਇਆ ਸੀ। ਹੁਣ ਕੈਪਟਨ ਸਰਕਾਰ ਵੀ ਭਾਵੇਂ ਨਵਾਂ ਕਾਨੂੰਨ ਬਣਾ ਰਹੀ ਹੈ ਪਰ ਇਸ ਦਾ ਫਾਇਦਾ ਤਾਂ ਹੀ ਹੋਵੇਗਾ ਜੇਕਰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇ। ਉਨ੍ਹਾਂ ਮੰਗ ਕੀਤੀ ਕਿ ਪਿਛਲੇ 10 ਸਾਲਾਂ ਤੋਂ ਆਪਣੀਆਂ ਸੇਵਾਵਾਂ ਰੈਗੂਲਰ ਹੋਣ ਦੀ ਉਮੀਦ ਲਗਾਈ ਬੈਠੇ ਕੱਚੇ ਮੁਲਾਜ਼ਮਾਂ ਦੀ ਉਮੀਦ ਉਤੇ ਕੈਪਟਨ ਸਰਕਾਰ ਖਰੀ ਉੱਤਰੇ।

## ਕੌਮਾਂਤਰੀ ਯਾਤਰੀ ਉਡਾਨਾਂ 'ਤੇ ਰੋਕ 31 ਦਸੰਬਰ ਤੱਕ ਵਧਾਈ

**ਮੁੰਬਈ:** ਦੇਸ਼ ਦੇ ਹਵਾਬਾਜ਼ੀ ਸੁਰੱਖਿਆ ਰੈਗੂਲੇਟਰ ਡਾਇਰੈਕਟਰ ਜਨਰਲ ਸ਼ਹਿਰੀ ਹਵਾਬਾਜ਼ੀ ਨੇ ਨਿਰਧਾਰਤ ਕੌਮਾਂਤਰੀ ਕਮਰਸ਼ੀਅਲ ਯਾਤਰੀ ਉਡਾਨਾਂ ਉਤੇ ਰੋਕ 31 ਦਸੰਬਰ ਤੱਕ ਵਧਾ ਦਿੱਤੀ ਹੈ। ਇਕ ਸਰਕੂਲਰ ਮੁਤਾਬਕ ਇਹ ਰੋਕ ਕੌਮਾਂਤਰੀ ਢੋਆ-ਢੁਆਈ ਦੇ ਕੰਮ ਅਤੇ ਡਾਇਰੈਕਟਰ ਜਨਰਲ ਸ਼ਹਿਰੀ ਆਵਾਜਾਈ ਤੋਂ ਮਨਜ਼ੂਰੀ ਪ੍ਰਾਪਤ ਵਿਸ਼ੇਸ਼ ਉਡਾਨਾਂ ਉਤੇ ਲਾਗੂ ਨਹੀਂ ਹੋਵੇਗੀ। ਡੀ.ਜੀ.ਸੀ.ਏ. ਨੇ ਸਰਕੂਲਰ 'ਚ ਕਿਹਾ, "26-6-2020 ਨੂੰ ਜਾਰੀ ਕੀਤੇ ਗਏ ਸਰਕੂਲਰ ਵਿਚ ਅੰਸ਼ਕ ਤੌਰ ਉਤੇ ਕੁਝ ਬਦਲਾਅ ਕਰਦੇ ਹੋਏ, ਸਮਰੱਥ ਅਧਿਕਾਰੀ ਵੱਲੋਂ ਭਾਰਤ ਤੋਂ/ਭਾਰਤ ਲਈ ਨਿਰਧਾਰਤ ਕੌਮਾਂਤਰੀ ਕਮਰਸ਼ੀਅਲ ਯਾਤਰੀ ਉਡਾਨਾਂ ਉਤੇ ਰੋਕ ਸਬੰਧੀ ਸਰਕੂਲਰ ਦੀ ਮਿਆਦ 31 ਦਸੰਬਰ 2020 ਰਾਤ 11.59 ਵਜੇ ਤੱਕ ਵਧਾ ਦਿੱਤੀ ਗਈ ਹੈ।" ਸਰਕੂਲਰ 'ਚ ਇਹ ਵੀ ਕਿਹਾ ਗਿਆ ਹੈ ਕਿ ਸਮਰੱਥ ਅਧਿਕਾਰੀ ਵੱਲੋਂ ਕੇਸ ਤੋਂ ਕੇਸ ਦੇ ਆਧਾਰ ਉਤੇ ਕੁਝ ਚੋਣਵੇਂ ਰੂਟਾਂ 'ਤੇ ਕੌਮਾਂਤਰੀ ਉਡਾਨਾਂ ਦੀ ਮਨਜ਼ੂਰੀ ਦਿੱਤੀ ਜਾ ਸਕਦੀ ਹੈ।

# ਪਾਕਿ ਗੋਲਾਬਾਰੀ 'ਚ ਖਡੂਰ ਸਾਹਿਬ ਦੇ ਰਾਈਫਲਮੈਨ ਸਣੇ 2 ਜਵਾਨ ਹਲਾਕ

**ਸ੍ਰੀਨਗਰ:** ਪਾਕਿਸਤਾਨ ਫੌਜ ਵਲੋਂ ਕੀਤੀ ਗਈ ਜੰਗਬੰਦੀ ਦੀ ਉਲੰਘਣਾ 'ਚ ਭਾਰਤੀ ਫੌਜ ਦੇ 2 ਜਵਾਨ ਮਾਰੇ ਗਏ। 24 ਘੰਟਿਆਂ ਦੌਰਾਨ ਪ੍ਰਦੇਸ਼ 'ਚ ਵੱਖ-ਵੱਖ ਵਾਰਦਾਤਾਂ 'ਚ 5 ਜਵਾਨ ਮਾਰੇ ਗਏ ਹਨ। ਸੁੰਦਰਬਨੀ ਇਲਾਕੇ 'ਚ ਭਾਰਤੀ ਫੌਜ ਨੇ ਪਾਕਿਸਤਾਨ ਦੀ ਗੋਲੀਬਾਰੀ ਦੇ ਢੁਕਵਾਂ ਜਵਾਬ ਦਿੱਤਾ ਅਤੇ ਦੁਸ਼ਮਣ ਨੂੰ ਕਾਫੀ ਨੁਕਸਾਨ ਪਹੁੰਚਾਉਣ ਦਾ ਦਾਅਵਾ ਕੀਤਾ ਹੈ।

ਫੌਜੀ ਸੂਤਰ ਕਰਨਲ ਦਵਿੰਦਰ ਅਨੰਦ ਨੇ ਦੱਸਿਆ ਜ਼ਿਲ੍ਹਾ ਰਾਜੌਰੀ ਦੇ ਸੁੰਦਰਬਨੀ ਸੈਕਟਰ 'ਚ ਪਾਕਿ ਫੌਜ ਨੇ ਭਾਰੀ ਗੋਲੀਬਾਰੀ ਦਾ ਸਿਲਸਿਲਾ ਸ਼ੁਰੂ ਕਰਦਿਆਂ ਭਾਰਤੀ ਫੌਜ ਦੀਆਂ ਅਗਾਊਂ ਚੌਕੀਆਂ ਨੂੰ ਨਿਸ਼ਾਨਾ ਬਣਾਇਆ। ਭਾਰਤੀ ਫੌਜ ਵਲੋਂ ਜਵਾਬ ਦੇਣ ਉਤੇ ਪਾਕਿਸਤਾਨ ਨੇ ਸ਼ੈਲਿੰਗ ਸ਼ੁਰੂ ਕਰ ਦਿੱਤੀ, ਜਿਸ ਦੀ ਲਪੇਟ 'ਚ ਫੌਜ ਦੇ ਤਿੰਨ ਜਵਾਨ ਆ ਗਏ, ਜੋ ਗੰਭੀਰ ਜ਼ਖਮੀ ਹੋ ਗਏ। ਇਨ੍ਹਾਂ ਤਿੰਨਾਂ ਜਵਾਨਾਂ ਨੂੰ ਨੇੜੇ ਦੇ ਅਖਨੂਰ ਸਥਿਤ ਫੌਜੀ ਹਸਪਤਾਲ ਲੈ ਜਾਇਆ ਗਿਆ, ਜਿਥੇ ਰਾਈਫਲਮੈਨ ਸੁਖਬੀਰ ਸਿੰਘ ਅਤੇ ਨਾਇਕ ਪ੍ਰੇਮ



ਬਹਾਦਰ ਖੱਤਰੀ ਜਖਮਾਂ ਦੀ ਤਾਬ ਨਾ ਝੱਲਦੇ ਹੋਏ ਦਮ ਤੋੜ ਗਏ, ਜਦਕਿ ਤੀਜੇ ਜਵਾਨ ਦਾ ਇਲਾਜ ਜਾਰੀ ਹੈ।

ਸੁਖਬੀਰ ਸਿੰਘ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਖਡੂਰ ਸਾਹਿਬ ਇਲਾਕੇ ਦਾ ਰਹਿਣ ਵਾਲਾ ਸੀ, ਜਦਕਿ ਪ੍ਰੇਮ ਬਹਾਦਰ ਉੱਤਰ ਪ੍ਰਦੇਸ਼ ਦਾ ਵਸਨੀਕ ਸੀ। ਫੌਜੀ ਬੁਲਾਰੇ ਅਨੁਸਾਰ ਦੋਵੇਂ ਸ਼ਹੀਦ ਜਵਾਨ ਬਹਾਦਰ ਤੇ ਇਮਾਨਦਾਰ ਸਨ, ਜੋ ਆਖਰੀ ਗੋਲੀ ਤੱਕ ਦੇਸ਼ ਦੀ ਰੱਖਿਆ ਕਰਦੇ ਹੋਏ ਦੇਸ਼ ਤੋਂ ਕੁਰਬਾਨ ਹੋ ਗਏ।

ਗੈਰ-ਸਰਕਾਰੀ ਸੂਤਰਾਂ ਅਨੁਸਾਰ ਸੁਦੰਰਬਨੀ ਸੈਕਟਰ 'ਚ ਪਾਕਿਸਤਾਨ ਫੌਜ ਦੀ ਮਦਦ ਪ੍ਰਾਪਤ ਅਤਿਵਾਦੀ ਗਰੁੱਪ 'ਬੈਟ ਐਕਸ਼ਨ ਟੀਮ' ਦਾ ਹੱਥ ਹੈ। ਟੀਮ ਨੇ ਸਰਹੱਦ ਦੇ ਅੰਦਰ ਵੜ ਕੇ ਭਾਰਤ ਦੀ ਇਕ ਅਗਾਊਂ ਚੌਕੀ ਉਤੇ ਤਾਇਨਾਤ ਤਿੰਨ ਜਵਾਨਾਂ ਨੂੰ ਨਿਸ਼ਾਨਾ ਬਣਾਉਂਦਿਆਂ ਇਨ੍ਹਾਂ ਉਤੇ ਆਧੁਨਿਕ ਹਥਿਆਰਾਂ ਨਾਲ ਅੰਨ੍ਹੇਵਾਹ ਗੋਲੀਆਂ ਚਲਾਈਆਂ।

ਫੌਜ ਵਲੋਂ ਜਵਾਬੀ ਕਾਰਵਾਈ ਦੇ ਚੱਲਦਿਆਂ ਉਕਤ ਟੀਮ ਦੇ ਮੈਂਬਰ ਵਾਪਸ ਪਾਕਿਸਤਾਨੀ ਇਲਾਕੇ 'ਚ ਪਰਤ ਗਏ, ਹਾਲਾਂਕਿ ਫੌਜੀ ਬੁਲਾਰੇ ਕਰਨਲ ਦਵਿੰਦਰ ਅਨੰਦ ਨੇ ਇਸ ਨੂੰ ਜੰਗਬੰਦੀ ਦੀ ਉਲੰਘਣਾ ਦਾ ਮਾਮਲਾ ਦੱਸਦਿਆਂ ਕਿਹਾ ਕਿ ਫੌਜ ਦੇ 3 ਜਵਾਨ ਪਾਕਿਸਤਾਨ ਦੀ ਗੋਲੀਬਾਰੀ ਦੌਰਾਨ ਜਖਮੀ ਹੋ ਗਏ ਸਨ, ਜਿਨ੍ਹਾਂ 'ਚੋਂ 2 ਦਮ ਤੋੜ ਗਏ।

## ਭਾਰਤੀ ਅਰਥਚਾਰਾ ਲੀਹੇ ਪੈਣ ਦੀ ਆਸ ਬੱਝੀ

**ਨਵੀਂ ਦਿੱਲੀ:** ਭਾਰਤ ਦੀ ਅਰਥ ਵਿਵਸਥਾ ਜੁਲਾਈ-ਸਤੰਬਰ ਦੀ ਤਿਮਾਹੀ ਦੌਰਾਨ ਉਮੀਦ ਤੋਂ ਤੇਜ਼ੀ ਨਾਲ ਬਹਾਲ ਹੋਈ ਹੈ। ਨਿਰਮਾਣ ਕਾਰਜਾਂ 'ਚ ਵਾਧਾ ਹੋਣ ਨਾਲ ਜੀ.ਡੀ.ਪੀ. 'ਚ 7.5 ਫੀਸਦੀ ਦੀ ਗਿਰਾਵਟ ਘੱਟ ਹੋ ਗਈ ਹੈ ਅਤੇ ਖਪਤਕਾਰਾਂ ਦੀ ਮੰਗ 'ਚ ਉਛਾਲ ਆਉਣ ਦੇ ਚੱਲਦੇ ਹੋਰ ਸੁਧਾਰ ਹੋਣ ਦੀ ਉਮੀਦ ਵਧ ਗਈ ਹੈ।

ਕਰੋਨਾ ਮਹਾਮਾਰੀ ਦੌਰਾਨ ਤਾਲਾਬੰਦੀ ਕਾਰਨ ਅਪਰੈਲ 2020 ਤੋਂ ਮਾਰਚ 2021 ਦੇ ਵਿੱਤੀ ਸਾਲ ਦੀ ਪਹਿਲੀ ਤਿਮਾਹੀ ਅਪਰੈਲ ਤੋਂ ਜੂਨ 2020 ਦੌਰਾਨ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) 'ਚ 23.9 ਫੀਸਦੀ ਦੀ ਗਿਰਾਵਟ (ਸੰਕੁਚਨ) ਦਰਜ ਕੀਤੀ ਗਈ ਸੀ।

ਤਕਨੀਕੀ ਮੰਦੀ ਅੰਕੜਾ ਮੰਤਰਾਲੇ ਵਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਜੁਲਾਈ ਤੋਂ ਸਤੰਬਰ ਦੀ ਦੂਜੀ ਤਿਮਾਹੀ ਦੌਰਾਨ ਜੀ.ਡੀ.ਪੀ. ਦਾ ਸੰਕੁਚਨ 7.5 ਫੀਸਦੀ ਸੀ ਜੋ ਪਿਛਲੇ ਸਾਲ ਦੀ ਇਸੇ ਤਿਮਾਹੀ ਦੌਰਾਨ 4.4 % ਸੀ। ਇਸ ਪੱਖੋਂ ਮੋਦੀ ਸਰਕਾਰ ਦੀ ਤਿੱਖੀ ਆਲੋਚਨਾ ਹੋ ਰਹੀ ਸੀ।

## ਰਿਸ਼ਵਤਖੋਰੀ ਵਿਚ ਭਾਰਤ ਪੂਰੇ ਏਸ਼ੀਆ 'ਚੋਂ ਨੰਬਰ ਇਕ ਬਣਿਆ

**ਨਵੀਂ ਦਿੱਲੀ:** ਭ੍ਰਿਸ਼ਟਾਚਾਰ ਉਤੇ ਨਜ਼ਰ ਰੱਖਣ ਵਾਲੀ ਸੰਸਥਾ 'ਟਰਾਂਸਪੇਰੈਂਸੀ ਇੰਟਰਨੈਸ਼ਨਲ' ਦੀ ਰਿਪੋਰਟ ਦੇ ਅਨੁਸਾਰ ਏਸ਼ੀਆ ਵਿਚ ਭਾਰਤ ਵਿਚ ਸਭ ਤੋਂ ਵੱਧ ਰਿਸ਼ਵਤ ਦੀ ਦਰ ਹੈ ਅਤੇ ਲੋਕ ਜਨਤਕ ਸੇਵਾਵਾਂ ਲਈ ਜਾਣ-ਪਛਾਣ ਦੀ ਸਭ ਤੋਂ ਵੱਧ ਵਰਤੋਂ ਵੀ ਇਸੇ ਮੁਲਕ ਵਿਚ ਹੁੰਦੀ ਹੈ।

ਗਲੋਬਲ ਕੁਰੱਪਸ਼ਨ ਬੈਰੋਮੀਟਰ (ਜੀ.ਟੀ.ਬੀ.) - ਏਸ਼ੀਆ' ਅਨੁਸਾਰ ਲਗਭਗ 50 ਪ੍ਰਤੀਸ਼ਤ ਤੋਂ ਰਿਸ਼ਵਤ ਮੰਗੀ ਗਈ ਸੀ, ਜਦੋਂ ਕਿ ਨਿੱਜੀ ਸੰਪਰਕ ਵਰਤਣ ਵਾਲੇ 32 ਫੀਸਦੀ ਨੇ ਕਿਹਾ ਕਿ ਰਿਸ਼ਵਤ ਨਾ ਦੇਣ ਉਤੇ ਉਨ੍ਹਾਂ ਦਾ ਕੰਮ ਨਹੀਂ ਬਣਿਆ।

ਇਹ ਰਿਪੋਰਟ ਇਕ ਸਰਵੇਖਣ ਉਤੇ ਅਧਾਰਤ ਹੈ ਜੋ ਇਸ ਸਾਲ ਭਾਰਤ ਵਿਚ 17 ਜੂਨ ਤੋਂ 17 ਜੁਲਾਈ ਦੇ ਵਿਚਕਾਰ ਕੀਤਾ ਗਿਆ ਸੀ। ਇਸ ਵਿਚ 2,000 ਲੋਕ ਸ਼ਾਮਲ ਸਨ। ਇਹ ਅਧਿਐਨ 17 ਦੇਸ਼ਾਂ ਵਿਚ ਕੀਤਾ ਗਿਆ ਸੀ ਤੇ



ਇਸ ਵਿਚ ਕਰੀਬ 20,000 ਲੋਕਾਂ ਸ਼ਾਮਲ ਕੀਤਾ ਗਿਆ ਸੀ।

ਰਿਪੋਰਟ ਮੁਤਾਬਕ ਭਾਰਤ ਤੋਂ ਬਾਅਦ ਦੂਜਾ ਨੰਬਰ ਇੰਡੋਨੇਸ਼ੀਆ ਦਾ ਹੈ ਜਿਥੇ ਦਰ 37 ਫੀਸਦ ਹੈ। ਮਾਲਦੀਵ ਤੇ ਜਪਾਨ ਵਿਚ ਰਿਸ਼ਵਤ ਦਰ 2 ਫੀਸਦ ਹੈ, ਜੋ ਸਭ ਤੋਂ ਘੱਟ ਹੈ। ਦੱਖਣੀ ਕੋਰੀਆ ਵਿਚ ਇਹ ਦਰ 10 ਤੇ ਨੇਪਾਲ ਵਿਚ 12 ਫੀਸਦ ਹੈ।

# ਹਜ਼ਾਰਾਂ ਪ੍ਰਸੰਸਕਾਂ ਵੱਲੋਂ ਮੈਰਾਡੋਨਾ ਨੂੰ ਅੰਤਿਮ ਵਿਦਾਇਗੀ

**ਬਿਊਨਿਸ ਆਇਰਸ:** ਆਪਣੇ ਮਹਿਬੂਬ ਫੁਟਬਾਲ ਸੁਪਰਸਟਾਰ ਡੀਏਗੋ ਮੈਰਾਡੋਨਾ ਨੂੰ ਅੰਤਿਮ ਵਿਦਾਇਗੀ ਦੇਣ ਲਈ ਇਥੇ ਸੜਕਾਂ ਉਤੇ ਹਜ਼ਾਰਾਂ ਪ੍ਰਸੰਸਕ ਇਕੱਠੇ ਹੋ ਗਏ। ਨਮ ਅੱਖਾਂ ਅਤੇ ਹੱਥਾਂ ਵਿਚ ਅਰਜਨਟੀਨਾ ਦਾ ਝੰਡਾ ਫੜ ਕੇ ਉਹ ਫੁਟਬਾਲ ਦੇ ਗੀਤ ਗਾ ਰਹੇ ਸਨ। ਉਨ੍ਹਾਂ ਨੂੰ ਕਾਬੂ ਕਰਨ ਲਈ ਪੁਲਿਸ ਨੂੰ ਲਾਠੀਚਾਰਜ ਵੀ ਕਰਨਾ ਪਿਆ।

ਮੈਰਾਡੋਨਾ ਦੀ ਮ੍ਰਿਤਕ ਦੇਹ ਦੇ ਅੰਤਿਮ ਦਰਸ਼ਨ ਸ਼ਾਮ ਛੇ ਵਜੇ ਬੰਦ ਕਰ ਦਿੱਤੇ ਗਏ ਸਨ। ਇਸ ਤਰ੍ਹਾਂ ਉਨ੍ਹਾਂ ਦੀ ਇਕ ਝਲਕ ਪਾਉਣ ਲਈ ਉਤਸੁਕ ਦਰਸ਼ਕ ਭੜਕ ਗਏ ਅਤੇ ਕਬਰਸਤਾਨ ਦੇ ਗੇਟਾਂ 'ਤੇ ਤਣਾਅ ਵਾਲੀ ਸਥਿਤੀ ਬਣ ਗਈ। ਜਾਰਡਨ ਬੈੱਲਾ ਵਿਸਟਾ ਕਬਰਸਤਾਨ ਵਿਚ ਸਸਕਾਰ ਲਈ ਲਗਭਗ ਦੋ ਦਰਜਨ ਲੋਕ ਮੌਜੂਦ ਸਨ। ਮੈਰਾਡੋਨਾ ਨੂੰ ਉਸ ਦੇ ਮਾਤਾ-ਪਿਤਾ ਡਾਲਮਾ ਅਤੇ ਡੀਏਗੋ ਦੇ ਨੇੜੇ ਦਫਨਾਇਆ ਗਿਆ। ਉਸ ਦੀ ਅੰਤਿਮ ਯਾਤਰਾ ਵਿਚ ਪ੍ਰਸੰਸਕ ਫੁਟਬਾਲ ਦੇ ਗੀਤ ਗਾ ਰਹੇ ਸਨ, ਜਦਕਿ ਕੁਝ ਨੇ ਕੌਮੀ ਝੰਡਾ ਲਪੇਟਿਆ ਹੋਇਆ ਸੀ।

ਉਨ੍ਹਾਂ ਨੇ ਪਲਾਜ਼ਾ ਡੇਅ ਮਾਯੋ ਤੋਂ 20



ਬਲਾਕ ਦੀ ਦੂਰੀ ਉਤੇ ਲੰਮੀ ਲਾਈਨ ਬਣਾਈ ਹੋਈ ਸੀ। ਇਹ ਉਹੀ ਥਾਂ ਹੈ, ਜਿਥੇ ਮੈਰਾਡੋਨਾ ਦੀ ਅਗਵਾਈ ਹੇਠ 1986 ਵਿਚ ਵਿਸ਼ਵ ਕੱਪ ਜਿੱਤਣ ਦਾ ਜਸ਼ਨ ਮਨਾਇਆ ਗਿਆ ਸੀ। ਉਨ੍ਹਾਂ ਦੇ ਮਨੁੱਖੀ ਅਧਿਕਾਰ ਸੰਗਠਨ 'ਮਦਰ ਆਫ ਦਿ ਪਲਾਜ਼ਾ ਡੇਅ ਮਾਯੋ' ਦੇ ਦੋ ਰੁਮਾਲ ਵੀ ਮੈਰਾਡੋਨਾ ਦੀ ਮ੍ਰਿਤਕ ਦੇਹ ਕੋਲ ਰੱਖੇ ਗਏ। ਮੈਰਾਡੋਨਾ 1976 ਤੋਂ 1983 ਦੌਰਾਨ ਅਰਜਨਟੀਨਾ ਵਿਚ ਫੌਜੀ ਤਾਨਾਸ਼ਾਹੀ ਦੌਰਾਨ ਬੱਚਿਆਂ ਦੇ ਲਾਪਤਾ ਹੋਣ ਦੇ ਵਿਰੋਧ ਵਿਚ ਵਰ੍ਹਿਆਂ ਤੱਕ ਇਹ ਰੁਮਾਲ ਬੰਨ੍ਹ ਕੇ ਖੇਡਿਆ ਸੀ।

# ਕਿਸਾਨ ਅੰਦੋਲਨ ਅਹਿਮ ਪੜਾਅ ਉਤੇ

ਪ੍ਰਿੰ. ਸਰਵਣ ਸਿੰਘ

ਇਸ ਵੇਲੇ ਕੁੱਲ ਦੁਨੀਆਂ ਦੇ ਪੰਜਾਬੀਆਂ ਅਤੇ ਬਹੁਗਿਣਤੀ ਭਾਰਤੀਆਂ ਦੀ ਹਮਦਰਦੀ ਕਿਸਾਨਾਂ ਨਾਲ ਜੁੜ ਗਈ ਹੈ। ਸਾਡਾ ਵਿਦੇਸ਼ਾਂ ਵਿਚ ਬੈਠਿਆਂ ਦਾ ਦਿਲ ਵੀ ਕਿਸਾਨ ਅੰਦੋਲਨ ਨਾਲ ਧੜਕ ਰਿਹੈ। ਪੰਜਾਬ ਦੇ ਕਿਸਾਨਾਂ ਦਾ ਅੰਦੋਲਨ ਹੁਣ ਸਮੁੱਚੇ ਭਾਰਤ ਦੇ ਕਿਸਾਨਾਂ ਦਾ ਅੰਦੋਲਨ ਬਣ ਗਿਐ, ਜਿਸ ਦੀ ਚਰਚਾ ਗਲੋਬਲ ਪੱਧਰ 'ਤੇ ਹੋਣ ਲੱਗੀ ਹੈ। ਭਾਰਤ ਸਰਕਾਰ ਨੂੰ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਮਜਬੂਰ ਹੋਣਾ ਪਿਆ ਹੈ। ਵਿਚਲੀ ਗੱਲ ਇਹ ਹੈ ਕਿ ਸਰਕਾਰ ਦੇ ਇਕ ਪਾਸੇ ਧਨਾਢ ਕਾਰਪੋਰੇਟ ਹਨ, ਜਿਨ੍ਹਾਂ ਦੀਆਂ ਥੈਲੀਆਂ ਨਾਲ ਗੁਮਰਾਹਕੁਨ ਪ੍ਰਚਾਰ ਕਰ/ਕਰਵਾ ਕੇ ਤੇ ਹਰ ਹਰਬਾ ਵਰਤ ਕੇ ਚੋਣਾਂ ਜਿੱਤੀਆਂ ਸਨ ਅਤੇ ਅੱਗੋਂ ਵੀ ਜਿੱਤੀਆਂ ਜਾਣ ਦਾ ਲਾਲਚ ਹੈ। ਕਿੱਡੇ ਸਿਤਮ ਦੀ ਗੱਲ ਹੈ ਕਿ ਕਰੋੜਾਂ-ਅਰਬਾਂ ਦੀਆਂ ਥੈਲੀਆਂ ਨਾਲ ਸਰਕਾਰਾਂ ਬਣਾ ਲਈਆਂ ਜਾਂਦੀਆਂ ਹਨ, ਜਿਸ ਬਦਲੇ ਫਿਰ ਅਜਿਹੇ ਕਾਨੂੰਨ ਬਣਾ ਦਿੱਤੇ ਜਾਂਦੇ ਹਨ, ਜਿਨ੍ਹਾਂ ਨਾਲ ਅੰਬਾਨੀ-ਅੰਡਾਨੀ ਵਰਗੇ ਧਨਾਢ ਕਾਰਪੋਰੇਟ ਅਰਬਾਂ-ਖਰਬਾਂ ਹੋਰ ਕਮਾ ਜਾਂਦੇ ਹਨ। ਪੈਸੇ ਨਾਲ ਸੱਤਾ, ਸੱਤਾ ਨਾਲ ਪੈਸਾ! ਕਦ ਤਕ ਚੱਲੇਗੀ ਇਹ ਖੇਡ? ਪਰ ਹੁਣ ਸਥਿਤੀ ਅਜਿਹੀ ਬਣ ਚੱਲੀ ਹੈ ਕਿ ਦੂਜੇ ਪਾਸੇ ਦੇਸ਼ ਦੇ 62 ਕਰੋੜ ਕਿਸਾਨਾਂ ਦੀਆਂ ਵੋਟਾਂ ਦਿਸਣ ਲੱਗ ਪਈਆਂ ਹਨ, ਜਿਨ੍ਹਾਂ ਦਾ ਧਰਮ ਨਿਰਪੱਖ ਹੋ ਜਾਣ ਦਾ ਡਰ ਹੈ ਅਤੇ ਜੋ ਅਗਲੀ ਵਾਰ ਪਹਿਲਾਂ ਵਾਂਗ ਨਹੀਂ ਭੁਗਤਾਈਆਂ ਜਾ ਸਕਣਗੀਆਂ। 'ਚਾਣਕੀਏ' ਫਸ ਗਏ ਹਨ। ਇਕ ਪਾਸੇ ਅੰਬਾਨੀ-ਅੰਡਾਨੀ ਹਨ, ਦੂਜੇ ਪਾਸੇ ਕਿਸਾਨ। ਵੇਖਦੇ ਹਾਂ ਕੀਹਦੇ ਵੱਲ ਜਾਂਦੇ ਹਨ?

ਭਾਰਤ ਦੇ ਖੇਤੀ ਸੰਕਟ ਦਾ ਸਿੱਕੇਬੰਦ ਹੱਲ ਕੇਂਦਰ ਸਰਕਾਰ ਵੱਲੋਂ ਕਣਕ-ਝੋਨੇ ਵਾਂਗ ਮੱਕੀ, ਬਾਜਰਾ, ਗੁਆਰਾ, ਦਾਲਾਂ ਤੇ ਤੇਲ ਆਦਿ ਦੀਆਂ 23 ਫਸਲਾਂ ਲਾਹੇਵੰਦੇ ਸਮਰਥਨ ਮੁੱਲ 'ਤੇ ਪ੍ਰੋਕਿਓਰ ਕਰਨੀਆਂ ਕਾਨੂੰਨੀ ਤੌਰ 'ਤੇ ਲਾਜ਼ਮੀ ਕਰਨ ਵਿਚ ਹੈ। ਘੱਟੋ-ਘੱਟ ਕਣਕ, ਝੋਨਾ, ਬਾਸਮਤੀ, ਕਪਾਹ, ਕਮਾਦ, ਮੱਕੀ, ਤੇਲ ਤੇ ਦਾਲਾਂ ਆਦਿ ਠੋਸ ਫਸਲਾਂ ਲਾਜ਼ਮੀ ਪ੍ਰੋਕਿਓਰ ਕਰਨ ਦਾ ਕੇਂਦਰ ਸਰਕਾਰ ਫੌਰੀ ਕਾਨੂੰਨ ਬਣਾਏ। ਜਿਸ ਸਮੱਰਥਨ ਮੁੱਲ 'ਤੇ ਸਰਕਾਰ ਨੇ ਫਸਲ ਚੁੱਕਣੀ ਹੀ ਨਹੀਂ, ਉਸ ਦਾ ਮਤਲਬ ਕਿਸਾਨਾਂ ਨਾਲ ਧੋਖਾ ਕਰਨਾ ਹੈ। ਉਸ 'ਐਮ. ਐਸ. ਪੀ.' ਦੇ ਮੂੰਹ ਜ਼ਬਾਨੀ ਰੱਟੇ ਜਾਣ ਦਾ ਕਿਸਾਨਾਂ ਨੂੰ ਕੋਈ ਫਾਇਦਾ ਨਹੀਂ। ਮੂੰਹ ਜ਼ਬਾਨੀ ਦਿੱਤੀ ਗਈ ਐਮ. ਐਸ. ਪੀ. ਚੋਣ ਜੁਮਲੇ ਵਾਂਗ ਹੀ ਰਹਿ ਜਾਵੇਗੀ। ਫਸਲਾਂ ਦੀ ਐਮ. ਐਸ. ਪੀ. ਵੀ ਸਵਾਮੀਨਾਥਨ ਕਮੇਟੀ ਦੀ ਰਿਪੋਰਟ ਮੁਤਾਬਿਕ, ਲਾਗਤ ਤੋਂ ਡੂਢਾ ਭਾਅ ਦੇਣ ਦੀ ਮਿਥੀ ਜਾਵੇ, ਨਾ ਕਿ ਘੱਟ। ਇਹ ਨਾ ਹੋਵੇ ਕਿ ਅੱਗੇ ਤੋਂ ਐਮ. ਐਸ. ਪੀ. ਹੀ ਘਟਾ ਦਿੱਤੀ ਜਾਵੇ, ਯਾਨਿ ਅਜੋਕੇ ਭਾਅ ਤੋਂ ਅੱਗੇ ਵਧਾਈ ਹੀ ਨਾ ਜਾਵੇ! ਕਿਸਾਨੀ ਸਿਰ ਚੜ੍ਹੇ ਕਰਜ਼ੇ ਤਾਂ ਅਜੋਕੀ ਐਮ. ਐਸ. ਪੀ. ਵੀ ਨਹੀਂ ਲਾਹ ਰਹੀ। ਕਿਸਾਨੀ ਨੂੰ ਹੋਰਨਾਂ ਮੁਲਕਾਂ ਦੀਆਂ ਸਰਕਾਰਾਂ ਵਾਂਗ ਭਾਰਤ ਸਰਕਾਰ ਤੋਂ ਵਧੇਰੇ ਸਬਸਿਡੀਆਂ ਦੀ ਲੋੜ ਹੈ।

ਕਿਸਾਨਾਂ ਅਤੇ ਖੇਤੀਬਾੜੀ ਉਤੇ ਆਧਾਰਿਤ ਕਰੋੜਾਂ ਮਜ਼ਦੂਰਾਂ, ਕਾਰੀਗਰਾਂ, ਆੜ੍ਹਤੀਆਂ, ਮੁਲਾਜ਼ਮਾਂ, ਰੇਹੜੀਕਾਰਾਂ, ਛੋਟੇ ਵਪਾਰੀਆਂ, ਟਰਾਂਸਪੋਰਟਰਾਂ, ਤੇ ਦੁਕਾਨਦਾਰਾਂ ਦਾ ਭਲਾ ਭੀਖ ਮੰਗਣ ਵਰਗੀਆਂ ਭਰਮਾਊ 'ਸਹੂਲਤਾਂ' (ਜੋ ਕਿਰਤੀ ਕਾਮਿਆਂ ਨੂੰ ਮੰਗਤੇ ਬਣਾਉਣ ਤੇ ਪੰਜਾਬ ਦੇ ਉਜਾੜੇ ਵਾਂਗ ਦੇਸ਼ ਦਾ ਉਜਾੜਾ ਕਰਨ ਵਾਲੀਆਂ ਹੋਣ) ਲੈਣ ਵਿਚ ਨਹੀਂ, ਸਗੋਂ ਬਣਦੇ ਸੰਵਿਧਾਨਕ ਹੱਕ ਲੈਣ ਵਿਚ ਹੈ। ਘੱਟੋ-ਘੱਟ ਸਮਰਥਨ ਮੁੱਲ 'ਤੇ ਫਸਲਾਂ ਬਿਜਵਾ ਕੇ ਫਿਰ ਫਸਲਾਂ ਖਰੀਦਣੋਂ ਮੁੱਕਰੀ ਸਰਕਾਰ ਦਾ ਬੇਸ਼ਕ ਤਖਤਾ ਹੀ ਕਿਉਂ ਨਾ ਉਲਟਾਉਣਾ ਪਵੇ, ਪਲਟਾਉਣਾ ਬਣਦੈ। ਬਰਤਾਨਵੀ ਸਾਮਰਾਜ ਦਾ ਤਖਤਾ ਮੂਧਾ ਮਾਰਨ ਵਾਲੀ 'ਪਗੜੀ ਸੰਭਾਲ ਜੱਟਾ' ਵਰਗੀ ਐਜੀਟੇਸ਼ਨ ਨੂੰ ਫਿਰ ਯਾਦ ਕਰੋ।

ਜੇ ਪੰਜਾਬ ਤੇ ਹਰਿਆਣੇ ਵਿਚ ਸਮੱਰਥਨ ਮੁੱਲ 'ਤੇ ਮੱਕੀ ਹੀ ਖਰੀਦੀ ਜਾਵੇ ਤਾਂ ਪੰਜਾਬ ਤੇ ਹਰਿਆਣੇ ਦੇ ਕਿਸਾਨ ਝੋਨੇ ਦੀ ਥਾਂ ਮੱਕੀ ਵਧੇਰੇ ਬੀਜਣਗੇ। ਇਉਂ ਝੋਨੇ ਹੇਠਲਾ ਰਕਬਾ ਘਟਣ ਨਾਲ ਪਾਣੀ ਤੇ ਬਿਜਲੀ ਦੀ ਬੱਚਤ ਹੋਵੇਗੀ। ਐਸ. ਵਾਈ. ਐਲ. ਦਾ ਰੌਲਾ ਆਪੇ ਮੁੱਕ ਜਾਵੇਗਾ। ਬਾਸਮਤੀ ਦੀ ਫਸਲ ਝੋਨੇ ਤੋਂ ਘੱਟ ਪਾਣੀ ਲੈਂਦੀ ਹੈ। ਬਾਸਮਤੀ ਦਾ ਸਮੱਰਥਨ ਮੁੱਲ ਵੀ ਕੇਂਦਰ ਸਰਕਾਰ ਜ਼ਰੂਰ ਬੰਨ੍ਹੇ। ਰਾਜਸੀ ਪਾਰਟੀਆਂ ਨੂੰ ਵੋਟਾਂ ਵਟੋਰਨ ਦਾ ਜੁਗਾੜ ਛੱਡ ਕੇ, ਕਿਸਾਨ ਜਥੇਬੰਦੀਆਂ ਦੇ ਸੰਘਰਸ਼ ਦੀ ਮਦਦ ਕਰਨੀ ਚਾਹੀਦੀ ਹੈ। ਸਿਆਸੀ ਪਾਰਟੀਆਂ ਨੂੰ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਸਾਫ ਲਿਖਣਾ ਚਾਹੀਦੈ ਕਿ ਟਰੈਕਟਰਾਂ ਤੇ ਡੀਜ਼ਲ ਇੰਜਣਾਂ ਨੂੰ ਡੀਜ਼ਲ ਅੱਧੇ ਮੁੱਲ 'ਤੇ ਦਿੱਤਾ ਜਾਵੇਗਾ। ਕਣਕ ਝੋਨੇ ਵਾਂਗ ਜਿਨ੍ਹਾਂ 23 ਫਸਲਾਂ ਦੇ ਸਰਕਾਰੀ ਸਮੱਰਥਨ ਮੁੱਲ ਤੈਅ ਕੀਤੇ ਜਾਂਦੇ ਹਨ, ਜੇ ਸਰਕਾਰ ਸਾਰੀਆਂ ਫਸਲਾਂ ਸਮੱਰਥਨ ਮੁੱਲ 'ਤੇ ਨਹੀਂ ਖਰੀਦਦੀ ਤਾਂ ਸਰਕਾਰ ਦੇ ਖਿਲਾਫ ਹੋਰ ਵੀ ਤਿੱਖਾ ਸੰਘਰਸ਼ ਕਰ ਕੇ ਉਹਦੇ ਨਾਸੀਂ ਧੂੰਆਂ ਦੇਣਾ ਬਣਦੈ। ਇਹ ਕਿਸਾਨਾਂ ਦਾ ਸੰਵਿਧਾਨਕ ਹੱਕ ਹੈ। ਹੁਣ ਜਿਵੇਂ ਸਰਕਾਰ ਘੱਟੋ-ਘੱਟ ਸਮੱਰਥਨ ਭਾਅ ਬੰਨ੍ਹ ਕੇ ਵੀ ਬਹੁਤ ਸਾਰੀਆਂ ਖੇਤੀ ਜਿਣਸਾਂ ਖਰੀਦਣ ਤੋਂ ਭੱਜੀ ਹੋਈ ਹੈ, ਜੇ ਭਲਕ ਨੂੰ ਕਣਕ-ਝੋਨਾ ਖਰੀਦਣੋਂ ਵੀ ਭੱਜ ਗਈ ਤਾਂ ਪੰਜਾਬ ਹਰਿਆਣੇ ਦਾ ਤਾਂ ਕੱਖ ਵੀ ਨਹੀਂ ਰਹਿਣਾ? ਉਜਾੜਾ ਕੰਧ 'ਤੇ ਲਿਖਿਆ ਪਿਐ।

ਸੂਬਿਆਂ ਦੇ ਸੰਵਿਧਾਨਕ ਅਧਿਕਾਰ ਵਾਲੇ, ਪਰ ਕੇਂਦਰ ਸਰਕਾਰ ਵੱਲੋਂ ਕੋਵਿਡ-19 ਦੇ ਬਹਾਨੇ ਧੱਕੇ ਨਾਲ ਪਾਸ ਕੀਤੇ ਤਿੰਨੇ ਖੇਤੀ ਕਾਨੂੰਨ ਅਤੇ ਦੋ ਕਾਨੂੰਨ ਬਣਾਉਣ ਲਈ ਲਿਆਂਦੇ ਜਾ ਰਹੇ ਬਿੱਲ ਅਸਲੋਂ ਰੱਦ ਕਰ ਦੇਣ ਵਿਚ ਹੀ ਭਾਰਤ ਦਾ ਭਲਾ ਹੈ। ਇਸ ਸਮੇਂ ਸਮੂਹ ਲੋਕਾਂ, ਰਾਜਸੀ ਪਾਰਟੀਆਂ ਅਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਸੰਘਰਸ਼ ਦਾ ਸਿਖਰਲਾ ਨਿਸ਼ਾਨਾ 23 ਫਸਲਾਂ ਦੇ ਸਮੱਰਥਨ ਭਾਅ ਉਤੇ ਸਰਕਾਰ ਵੱਲੋਂ ਸਾਰੀਆਂ ਫਸਲਾਂ ਲਾਜ਼ਮੀ ਖਰੀਦੀਆਂ ਜਾਣ ਵੱਲ ਸੇਧਤ ਹੋਣਾ ਚਾਹੀਦੈ। ਕਿਸਾਨ ਅੰਦੋਲਨ ਪੰਜਾਬ ਦੀਆਂ ਜੂਹਾਂ ਤੋਂ ਫੈਲਦਾ ਹੁਣ ਪੂਰੇ ਭਾਰਤ ਦਾ ਅੰਦੋਲਨ ਬਣ ਰਿਹੈ। ਇਥੋਂ ਤਕ ਕਿ ਇਹਦੀ ਹਵਾ ਵਿਸ਼ਵ ਪੱਧਰ 'ਤੇ ਵੀ ਚੱਲਣੀ ਸ਼ੁਰੂ ਹੋ ਗਈ ਹੈ। ਵੇਖਣਾ ਕਿਤੇ ਆਪਣੀ ਤਾਕਤ ਨੂੰ ਸੀਮਤ ਨਾ ਸਮਝ ਬਹਿਣਾ। ਸਥਿਤੀ ਹੁਣ ਧਰਮਾਂ, ਜਾਤੀਆਂ, ਇਲਾਕਿਆਂ, ਗੁਆਂਢੀ ਦੇਸ਼ਾਂ ਨਾਲ ਸਹੇੜੀਆਂ ਬੇਲੋੜੀਆਂ ਦੁਸ਼ਮਣੀਆਂ ਤੇ ਸੌੜੇ ਸਿਆਸੀ ਸਰੋਕਾਰਾਂ ਤੋਂ ਉਪਰ ਉੱਠ ਚੱਲੀ ਹੈ। ਕਿਸਾਨ ਅੰਦੋਲਨ ਦੇਸ਼ ਦਾ ਲੋਕ ਅੰਦੋਲਨ ਬਣ ਚੱਲਿਐ।

ਆਓ, ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਦਿਹਾੜੇ ਉਤੇ ਮੁੜ ਅਹਿਦ ਕਰੀਏ ਕਿ ਸਰਬੱਤ ਦਾ ਭਲਾ ਹੀ ਸਾਡਾ ਮਿਸ਼ਨ ਹੈ ਅਤੇ ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਣਾ ਸਾਡਾ ਕਰਮ। ਨੌਜੁਆਨੋ ਚੌਕੰਨੇ ਰਹਿਣਾ। ਬਗਲਾਭਗਤ ਬਣਿਆ ਹਾਕਮ ਆਪਣੀਆਂ 'ਚਾਣਕੀਆ' ਚਾਲਾਂ ਨਾਲ ਜਿੱਤ ਦੇ ਰਾਹ ਪਏ ਸਾਡੇ ਸ਼ਾਂਤਮਈ ਅੰਦੋਲਨ ਨੂੰ ਕਿਤੇ ਧਰਮਾਂ, ਜਾਤੀਆਂ, ਸੂਬਿਆਂ ਤੇ ਫਿਰਕਿਆਂ ਦੇ ਨਾਂ ਉਤੇ ਹਿੰਸਾ ਦੇ ਰਾਹ ਨਾ ਪਾ ਦੇਵੇ। ਸਾਰੇ ਪਾਸੀਂ ਬਾਜ ਅੱਖ ਰੱਖਣੀ ਤੇ ਠਰੰਮਾ ਰੱਖਣਾ ਬੇਹੱਦ ਜ਼ਰੂਰੀ ਹੈ।

ਇਸ ਵੇਲੇ ਸਬਰ, ਸਿਦਕ, ਸਿਰੜ ਤੇ ਜੋਸ਼ ਨਾਲ ਹੋਸ਼ ਰੱਖਣ ਅਤੇ ਚੁਕੰਨੇ ਰਹਿਣ ਦੀ ਬੇਹੱਦ ਲੋੜ ਹੈ। ਸਭ ਤੋਂ ਵੱਡੀ ਤਾਕਤ ਕਿਰਤੀ ਕਿਸਾਨਾਂ ਦਾ ਏਕਾ ਹੈ। ਏਕੇ ਵਿਚ ਹੀ ਬਰਕਤ ਹੈ। ਸੰਘਰਸ਼ ਕਰਦੇ ਸਭਨਾਂ ਲੋਕਾਂ ਨੂੰ ਇਹ ਏਕਾ ਬਰਕਰਾਰ ਰੱਖਣ ਲਈ ਹਰ ਵੇਲੇ ਸੁਚੇਤ ਰਹਿਣਾ ਬਣਦਾ ਹੈ, ਨਾ ਕਿ ਵੱਖਰੀ ਡੁਗਡੁਗੀ ਵਜਾਉਣਾ। ਵੱਖਰਾ ਰਾਗ ਕਿਸੇ ਹੋਰ ਵੇਲੇ ਗਾਇਆ ਜਾ ਸਕਦੈ। ਹਾਜ਼ਰੀ ਤਾਂ ਸਟੇਜ 'ਤੇ ਚੜ੍ਹੇ ਬਿਨਾ ਵੀ ਲੱਗੀ ਜਾਂਦੀ ਹੈ। ਜ਼ਾਬਤੇ ਵਿਚ ਰਹੀਏ ਤੇ ਰੱਖੀਏ। 'ਕੱਠ ਦਾ ਕੋਈ ਨਾਜਾਇਜ਼ ਫਾਇਦਾ ਉਠਾਉਣ ਦਾ ਲਾਲਚ ਨਾ ਕਰੇ। ਉਨ੍ਹਾਂ ਸਭਨਾਂ ਅੰਦੋਲਨਕਾਰੀਆਂ ਨੂੰ ਸਲਾਮ ਹੈ, ਜੋ ਖੱਜਲ ਖੁਆਰੀਆਂ, ਬਿਮਾਰੀਆਂ ਅਤੇ ਠੰਢੇ ਮੌਸਮ ਦੀਆਂ ਅਨੇਕਾਂ ਤਕਲੀਫਾਂ ਵਿਚੋਂ ਲੰਘ ਰਹੇ ਹਨ। ਉਨ੍ਹਾਂ ਦੀ ਚੜ੍ਹਦੀ ਕਲਾ ਲਈ ਸਾਡੀਆਂ ਪਰਵਾਸੀਆਂ ਦੀਆਂ ਸ਼ੁਭ ਦੁਆਵਾਂ!

ਪੰਜਾਬ ਟਾਈਮਜ਼

*ਸਨਿਚਰਵਾਰ, 5 ਦਸੰਬਰ 2020*

# ਅੰਨਦਾਤੇ ਦੀ ਬੁਲੰਦ ਅਵਾਜ਼

ਪੰਜਾਬ ਤੋਂ ਉਠਿਆ ਕਿਸਾਨ ਘੋਲ ਪੜਾਅ-ਦਰ-ਪੜਾਅ ਅੱਗੇ ਵਧ ਰਿਹਾ ਹੈ ਅਤੇ ਹੁਣ ਇਸ ਦੇ ਸਮਰਥਨ ਦਾ ਘੇਰਾ ਹੋਰ ਮੋਕਲਾ ਹੋ ਰਿਹਾ ਹੈ। ਦੇਸ਼-ਵਿਦੇਸ਼ ਤੋਂ ਹਮਾਇਤ ਦੇ ਹੋਕਰੇ ਲੱਗ ਰਹੇ ਹਨ। ਇਥੋਂ ਤੱਕ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਕਿਸਾਨਾਂ ਦੇ ਹੱਕ ਵਿਚ 'ਹਾਅ ਦਾ ਨਾਅਰਾ' ਮਾਰਿਆ ਹੈ। ਕਿਸਾਨਾਂ ਨੇ ਜਦੋਂ ਦੇ ਦਿੱਲੀ ਡੇਰੇ ਲਾਏ ਹਨ, ਇਸ ਘੋਲ ਦਾ ਮੂੰਹ-ਮੁਹਾਂਦਰਾ ਵੀ ਕੁਝ ਬਦਲਣ ਲੱਗਾ ਹੈ। ਹਰਿਆਣਾ ਹੀ ਨਹੀਂ; ਉਤਰ ਪ੍ਰਦੇਸ਼, ਰਾਜਸਥਾਨ ਅਤੇ ਹੋਰ ਰਾਜਾਂ ਦੇ ਕਿਸਾਨ ਲਗਾਤਾਰ ਦਿੱਲੀ ਪੁੱਜ ਰਹੇ ਹਨ। ਦੂਜੇ ਬੰਨੇ ਮੋਦੀ ਸਰਕਾਰ ਵੀ ਆਪਣੇ ਪੈਂਤੜੇ 'ਤੇ ਅੜੀ ਹੋਈ ਹੈ। ਪ੍ਰਧਾਨ ਮੰਤਰੀ ਖੁਦ ਅਤੇ ਉਸ ਦੀ ਵਜ਼ਾਰਤ ਦੇ ਮੰਤਰੀ ਲਗਾਤਾਰ ਇਹ ਪ੍ਰਚਾਰ ਕਰ ਰਹੇ ਹਨ ਕਿ ਨਵੇਂ ਬਣਾਏ ਤਿੰਨ ਖੇਤੀ ਕਾਨੂੰਨ ਕਿਸਾਨਾਂ ਦੇ ਹੱਕ ਵਿਚ ਹਨ, ਕਿਸਾਨਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਹੁਣ ਤੱਕ ਕੇਂਦਰ ਸਰਕਾਰ ਅਤੇ ਕਿਸਾਨਾਂ ਵਿਚਕਾਰ ਤਿੰਨ ਮੀਟਿੰਗਾਂ ਹੋ ਚੁੱਕੀਆਂ ਹਨ ਅਤੇ ਚੌਥੀ ਲਈ ਵੀ ਤਾਰੀਕ ਤੈਅ ਕਰ ਲਈ ਗਈ ਹੈ ਪਰ ਅਜੇ ਤੱਕ ਸਰਕਾਰ ਇਸ ਗੱਲ 'ਤੇ ਨਹੀਂ ਆਈ ਹੈ ਕਿ ਇਹ ਕਾਨੂੰਨਾਂ ਬਾਰੇ ਕੋਈ ਗੱਲਬਾਤ ਕਰੇਗੀ। ਹਰ ਵਾਰ ਮੀਟਿੰਗ ਦਾ ਮੁੱਦਾ ਕਾਨੂੰਨਾਂ ਦੀ ਪੈਰਵਾਈ ਤੱਕ ਸੀਮਤ ਹੋ ਕੇ ਰਹਿ ਜਾਂਦਾ ਹੈ। ਹੁਣ ਤਾਂ ਸਗੋਂ ਸਰਕਾਰ ਦਾ ਇਹ ਪੈਂਤੜਾ ਸਾਹਮਣੇ ਆਇਆ ਹੈ ਕਿ ਇਹ ਕਿਸੇ ਵੀ ਸੂਰਤ ਵਿਚ ਇਸ ਕਿਸਾਨ ਨੂੰ ਕੌਮੀ ਘੋਲ ਨਹੀਂ ਬਣਨ ਦੇਣਾ ਚਾਹੁੰਦੀ ਹੈ। ਇਹ ਚਾਹੁੰਦੀ ਹੈ ਕਿ ਇਸ ਘੋਲ ਨੂੰ ਸਿਰਫ ਪੰਜਾਬ ਜਾਂ ਵੱਧ ਤੋਂ ਵੱਧ ਹਰਿਆਣਾ ਤੱਕ ਹੀ ਸੀਮਤ ਕਰ ਦਿੱਤਾ ਜਾਵੇ। ਅਜਿਹੀ ਸੂਰਤ ਵਿਚ ਕਿਸਾਨਾਂ ਨਾਲ ਨਜਿੱਠਣਾ ਸੌਖਾ ਹੋ ਜਾਵੇਗਾ ਕਿਉਂਕਿ ਜੇਕਰ ਗੱਲਬਾਤ ਪੰਜਾਬ ਤੋਂ ਬਾਹਰ ਜਾਂਦੀ ਹੈ ਤਾਂ ਹੋਰ ਮਸਲੇ ਵੀ ਇਸ ਕਿਸਾਨ ਘੋਲ ਦਾ ਹਿੱਸਾ ਬਣ ਸਕਦੇ ਹਨ, ਜਿਵੇਂ ਤੱਥ ਦੱਸਦੇ ਹਨ ਕਿ ਕਣਕ-ਝੋਨੇ ਦੀ ਸਰਕਾਰੀ ਖਰੀਦ ਸਿਰਫ ਪੰਜਾਬ-ਹਰਿਆਣਾ ਵਿਚ ਹੀ ਹੁੰਦੀ ਹੈ।

ਇਸ ਕਿਸਾਨ ਘੋਲ ਵਿਚ ਕੁੱਦੇ ਕਿਸਾਨ ਪੂਰੇ ਉਤਸ਼ਾਹ ਵਿਚ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਤਿੰਨੇ ਕਾਨੂੰਨ ਵਾਪਸ ਕਰਵਾ ਕੇ ਹੀ ਦਿੱਲੀ ਤੋਂ ਵਾਪਸ ਮੁੜਨਗੇ। ਮੋਦੀ ਸਰਕਾਰ ਇਸ ਮਾਮਲੇ ਵਿਚ ਕਸੂਤੀ ਫਸੀ ਹੋਈ ਹੈ। ਇਕ ਪਾਸੇ ਕਿਸਾਨ ਅੰਦੋਲਨ ਨਿੱਤ ਦਿਨ ਤਿੱਖਾ ਹੋ ਰਿਹਾ ਹੈ, ਦੂਜੇ ਪਾਸੇ ਇਸ ਦੇ ਭਾਈਵਾਲ ਇਸ ਨੂੰ ਸਵਾਲ ਕਰ ਰਹੇ ਹਨ। ਐਨ.ਡੀ.ਏ. ਵਿਚ ਸ਼ਾਮਿਲ ਰਾਸ਼ਟਰੀ ਲੋਕਤੰਤਰਿਕ ਪਾਰਟੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਕਿਹਾ ਹੈ ਕਿ ਤਿੰਨੇ ਖੇਤੀ ਕਾਨੂੰਨ ਤੁਰੰਤ ਵਾਪਸ ਲਏ ਜਾਣ। ਹਰਿਆਣਾ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਿਚ ਭਾਈਵਾਲ- ਜਨਨਾਇਕ ਜਨਤਾ ਪਾਰਟੀ ਦੇ ਪ੍ਰਧਾਨ ਅਤੇ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਦੇ ਪਿਤਾ ਅਜੈ ਚੌਟਾਲਾ ਨੇ ਸਾਫ ਕਹਿ ਦਿੱਤਾ ਹੈ ਕਿ ਕੇਂਦਰ ਸਰਕਾਰ ਨੂੰ ਸਰਕਾਰੀ ਭਾਅ 'ਤੇ ਫਸਲ ਖਰੀਦਣ ਬਾਰੇ ਲਿਖਤੀ ਭਰੋਸਾ ਦੇਣ ਦਾ ਕੋਈ ਹਰਜ ਨਹੀਂ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰੀ ਵਜ਼ਾਰਤ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਕਿਸਾਨ ਘੋਲ ਦੇ ਦਬਾਅ ਹੇਠ ਮਗਰੋਂ ਐਨ.ਡੀ.ਏ. ਨਾਲੋਂ ਨਾਤਾ ਤੱਕ ਤੋੜ ਲਿਆ ਸੀ। ਉਂਝ, ਇਸ ਮਸਲੇ 'ਤੇ ਆਮ ਆਦਮੀ ਪਾਰਟੀ ਨੇ ਇਕ ਵਾਰ ਫਿਰ ਇਤਿਹਾਸ ਦੁਹਰਾ ਦਿੱਤਾ ਹੈ ਅਤੇ ਇਸ ਦੀ ਦਿੱਲੀ ਸਰਕਾਰ ਨੇ ਤਿੰਨ ਖੇਤੀ ਕਾਨੂੰਨਾਂ ਵਿਚੋਂ ਇਕ ਲਾਗੂ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਹੁਣ ਤੱਕ ਖੇਤੀ ਬਿੱਲਾਂ ਦਾ ਵਿਰੋਧ ਕਰਦੇ ਆਏ ਹਨ ਅਤੇ ਪਾਰਟੀ ਦੀ ਪੰਜਾਬ ਇਕਾਈ ਜ਼ੋਰ-ਸ਼ੋਰ ਨਾਲ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰ ਰਹੀ ਹੈ। ਲੋਕ ਤਾਂ ਸਗੋਂ ਇਹ ਮੰਗ ਕਰ ਰਹੇ ਸਨ ਕਿ ਪੰਜਾਬ ਅਤੇ ਰਾਜਸਥਾਨ ਦੀ ਤਰਜ਼ 'ਤੇ ਅਰਵਿੰਦ ਕੇਜਰੀਵਾਲ ਦਿੱਲੀ ਵਿਚ ਕੇਂਦਰੀ ਖੇਤੀ ਕਾਨੂੰਨ ਰੱਦ ਕਰ ਕੇ ਆਪਣੇ ਖੇਤੀ ਕਾਨੂੰਨ ਲੈ ਕੇ ਆਉਣ।

ਉਂਜ, ਹੁਣ ਤੱਕ ਜੇ ਕਿਸਾਨ ਘੋਲ 'ਤੇ ਨਿਗਾਹ ਮਾਰੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਕਿਸਾਨ ਜਥੇਬੰਦੀਆਂ ਨੇ ਬੜੇ ਜ਼ਬਤ ਨਾਲ ਇਹ ਘੋਲ ਚਲਾਇਆ ਹੈ। ਪਹਿਲਾਂ-ਪਹਿਲ ਕੁਝ ਲੋਕਾਂ ਨੇ ਇਸ ਘੋਲ ਦਾ ਘੇਰਾ ਵਧਾ ਕੇ ਰਾਜਾਂ ਲਈ ਵੱਧ ਅਧਿਕਾਰਾਂ ਤੱਕ ਕਰਨ ਬਾਰੇ ਪ੍ਰਚਾਰ ਕੀਤਾ ਪਰ ਕਿਸਾਨ ਆਗੂਆਂ ਨੇ ਆਪਣਾ ਨਿਸ਼ਾਨਾ ਖੇਤੀ ਕਾਨੂੰਨ ਹੀ ਰੱਖੇ ਅਤੇ ਕਿਹਾ ਕਿ ਇਹ ਘੋਲ ਇਨ੍ਹਾਂ ਕਾਨੂੰਨਾਂ ਤੱਕ ਹੀ ਸੀਮਤ ਰੱਖਿਆ ਜਾਵੇਗਾ। ਇਸ ਪਹੁੰਚ ਕਾਰਨ ਇਨ੍ਹਾਂ ਆਗੂਆਂ 'ਤੇ ਬਹੁਤ ਸਾਰੀਆਂ ਊਜਾਂ ਵੀ ਲਾਈ ਗਈਆਂ ਅਤੇ 'ਕਿਤੇ ਵਿਕ ਨਾ ਜਾਣ' ਦੇ ਮਿਹਣੇ ਤੱਕ ਮਾਰੇ ਗਏ ਪਰ ਕਿਸਾਨ ਆਗੂਆਂ ਨੇ ਪ੍ਰਵਾਹ ਨਹੀਂ ਕੀਤੀ। ਕੁੱਲ ਮਿਲਾ ਕੇ ਪੰਜਾਬ ਦੀਆਂ ਇਨ੍ਹਾਂ 32 ਕਿਸਾਨ ਜਥੇਬੰਦੀਆਂ ਨੇ ਏਕਾ ਵੀ ਕਾਇਮ ਰੱਖਿਆ ਹੈ। ਹੁਣ ਇਨ੍ਹਾਂ ਆਗੂਆਂ 'ਤੇ ਘੋਲ ਨੂੰ ਸਿਰੇ ਲਾਉਣ ਦੀ ਪੂਰੀ ਜ਼ਿੰਮੇਵਾਰੀ ਹੈ। ਇਸ ਮੋੜ 'ਤੇ ਆਣ ਕੇ ਮੋਦੀ ਸਰਕਾਰ ਦੀ ਕੋਸ਼ਿਸ਼ ਹੈ ਕਿ ਇਨ੍ਹਾਂ ਜਥੇਬੰਦੀਆਂ ਨੂੰ ਨਿਖੇੜਿਆ ਜਾਵੇ ਅਤੇ ਇਸ ਘੋਲ ਨੂੰ ਦੇਸ਼ਵਿਆਪੀ ਬਣਨ ਤੋਂ ਰੋਕਿਆ ਜਾਵੇ। ਹੁਣ ਤੱਕ ਹੋਈਆਂ ਤਿੰਨ ਮੀਟਿੰਗਾਂ ਤੋਂ ਇਹੀ ਜ਼ਾਹਿਰ ਹੋ ਰਿਹਾ ਹੈ। ਇਸ ਗੱਲਬਾਤ ਵਿਚ ਮੋਦੀ ਸਰਕਾਰ ਇਕ ਲਿਹਾਜ ਨਾਲ ਇਹੀ ਸੁਨੇਹਾ ਦੇ ਰਹੀ ਹੈ ਕਿ ਇਹ ਤਿੰਨੇ ਖੇਤੀ ਕਾਨੂੰਨ ਵਾਪਸ ਨਹੀਂ ਲਵੇਗੀ। ਅਜਿਹੀ ਸੂਰਤ ਵਿਚ ਕਿਸਾਨ ਜਥੇਬੰਦੀਆਂ ਨੂੰ ਆਪਣੀ ਅਗਲੀ ਰਣਨੀਤੀ ਘੜਨੀ ਪਵੇਗੀ। ਕਿਸਾਨ ਜਥੇਬੰਦੀਆਂ ਲਈ ਸਭ ਤੋਂ ਵੱਡੀ ਵੰਗਾਰ ਇਸ ਘੋਲ ਵਿਚ ਕੁੱਦੇ ਲੋਕਾਂ ਦੀ ਵੀ ਹੈ। ਇਨ੍ਹਾਂ ਲੋਕਾਂ ਅੰਦਰ ਅਜੇ ਬਹੁਤ ਉਤਸ਼ਾਹ ਹੈ ਅਤੇ ਮੋਦੀ ਸਰਕਾਰ ਆਪਣੀ ਚਤੁਰਾਈ ਨਾਲ ਇਸ ਉਤਸ਼ਾਹ ਨੂੰ ਵੀ ਮੱਠਾ ਪਾਉਣਾ ਚਾਹੁੰਦੀ ਹੈ ਜਾਂ ਫਿਰ ਘੋਲ ਨੂੰ ਅਸਲ ਮੁੱਦਿਆਂ ਤੋਂ ਭਟਕਾਉਣਾ ਚਾਹੁੰਦੀ ਹੈ, ਜਿਵੇਂ ਇਸ ਨੇ ਖਾਲਿਸਤਾਨ ਦੀ ਮੰਗ ਨੂੰ ਇਸ ਘੋਲ ਨਾਲ ਜੋੜਨ ਦੀ ਕੋਝੀ ਕੋਸ਼ਿਸ਼ ਕੀਤੀ। ਜ਼ਾਹਿਰ ਹੈ ਕਿ ਲੋਕ ਡਟੇ ਹੋਏ ਹਨ ਅਤੇ ਆਉਣ ਵਾਲੇ ਦਿਨ ਕਿਸਾਨ ਆਗੂਆਂ ਲਈ ਕੰਡਿਆਂ ਉਤੇ ਤੁਰਨ ਵਾਂਗ ਹੋਣਗੇ। ਇਸ ਲਈ ਸਭ ਦੀਆਂ ਨਜ਼ਰਾਂ ਹੁਣ ਆਗੂਆਂ ਉਤੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਚਾਲੇ ਦਿੱਲੀ ਨੂੰ ਪਾਈਏ!*

ਖੇਤੀ ਵਾਲਾ ਕਿੱਤਾ ਐ ਸ਼ਾਹ-ਰਗ ਸਭ ਦੀ, ਆਪੋਂ ਵਿਚੀਂ ਪਾਟੀਏ ਨਾ ਮਿਲੀ ਚੱਲੀਏ।
ਹਾਕਮਾਂ ਦੀ ਅੜੀ ਤੋਂ ਮਾਯੂਸ ਹੋਈਏ ਨਾ, ਸੂਹੇ ਜਿਹੇ ਗੁਲਾਬ ਵਾਂਗੂੰ ਖਿਲੀ ਚੱਲੀਏ।
ਔਕੜਾਂ ਤੇ ਰੋਕਾਂ ਰਾਹ ਦੇ ਵਿਚ ਆਉਣ ਜੋ, ਗੰਨਿਆਂ ਦੇ ਵਾਂਗ ਯਾਰੋ ਛਿੱਲੀ ਚੱਲੀਏ।
ਵਧੀ ਚੱਲੋ ਅੱਗੇ 'ਨੀਤੀ' ਨੂੰ ਵਿਚਾਰ ਕੇ, ਆਵੇ ਨਾ ਖੜੋਤ ਦੱਬੀ 'ਕਿੱਲੀ' ਚੱਲੀਏ।
ਅਟਕ ਅਟਕਾਇਆ ਸੀਗਾ ਚੇਤੇ ਕਰਕੇ, ਪਹੁੰਚਾਂਗੇ ਕਿਨਾਰੇ ਬੇੜੀ ਠਿੱਲ੍ਹੀ ਚੱਲੀਏ।
ਕੋਨੇ ਕੋਨੇ ਵਿਚੋਂ ਨਾਹਰੇ ਏਹੀਓ ਗੂੰਜਦੇ, ਚਲੋ ਬਈ ਕਿਸਾਨ ਵੀਰੋ ਦਿੱਲੀ ਚੱਲੀਏ!

# ਕਿਵੇਂ ਬਦਲ ਸਕਦਾ ਹੈ ਪੰਜਾਬ ਦਾ ਮੂੰਹ-ਮੁਹਾਂਦਰਾ

***ਅੱਜਕੱਲ੍ਹ ਪੂਰੀ ਤਰ੍ਹਾਂ ਮਘੇ ਹੋਏ ਕਿਸਾਨ ਘੋਲ ਨੇ ਖੇਤੀ ਅਤੇ ਪੰਜਾਬ ਲਈ ਕਈ ਸੰਭਾਵਨਾਵਾਂ ਖੋਲ੍ਹੀਆਂ ਹਨ। ਉਘੇ ਅਰਥ ਵਿਗਿਆਨੀ ਡਾ. ਸੁੱਚਾ ਸਿੰਘ ਗਿੱਲ ਨੇ ਆਜ਼ਾਦੀ ਤੋਂ ਬਾਅਦ ਦੇ ਸਮੁੱਚੇ ਹਾਲਾਤ ਬਾਰੇ ਗੱਲ ਕਰਦਿਆਂ ਅੱਜ ਦੇ ਇਸ ਕਿਸਾਨ ਘੋਲ ਦੀ ਸਰਥਿਕਤਾ ਬਾਰੇ ਕੁਝ ਨੁਕਤੇ ਸਾਂਝੇ ਕੀਤੇ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। -ਸੰਪਾਦਕ***

**ਸੁੱਚਾ ਸਿੰਘ ਗਿੱਲ**
**ਫੋਨ: +91-98550-82857**

ਜਿਸ ਸੂਝ ਬੂਝ ਨਾਲ ਕਿਸਾਨ ਲੀਡਰਸ਼ਿਪ ਨੇ ਪਿਛਲੇ ਕੁਝ ਮਹੀਨਿਆਂ ਤੋਂ ਅੰਦੋਲਨ ਚਲਾਇਆ ਹੈ, ਉਸ ਤੋਂ ਇਹ ਆਸ ਬੱਝ ਗਈ ਹੈ ਕਿ ਇਹ ਲੀਡਰਸ਼ਿਪ ਪੰਜਾਬ ਦੇ ਚਾਰ ਦਹਾਕਿਆਂ ਤੋਂ ਚਲੇ ਆ ਰਹੇ ਖੇਤੀ ਸੰਕਟ ਅਤੇ ਨਾਲ ਵਾਤਾਵਰਨ ਵਿਚ ਆਏ ਵਿਗਾੜ ਨੂੰ ਵੀ ਹੱਲ ਕਰਨ ਦੇ ਸਮਰੱਥ ਹੈ। ਇਹ ਆਸ ਬੱਝਣੀ ਸੁਭਾਵਿਕ ਵੀ ਹੈ। ਇਹ ਇਸ ਕਰ ਕੇ ਹੈ ਕਿ ਪਹਿਲੀ ਵਾਰ ਇਹ ਸੰਭਵ ਹੋਇਆ ਹੈ ਕਿ ਸਾਰੀਆਂ ਜਥੇਬੰਦੀਆਂ ਵਲੋਂ ਕਿਸਾਨੀ ਮੁੱਦਿਆਂ ਨੂੰ ਲੈ ਕੇ ਆਪਸੀ ਸਹਿਮਤੀ ਬਣੀ ਅਤੇ ਇਨ੍ਹਾਂ ਮੁਦਿਆਂ ਉਪਰ ਸਫਲ ਅੰਦੋਲਨ ਚਲਾਇਆ ਹੈ। ਇਹ ਜਥੇਬੰਦੀਆਂ ਕੇਂਦਰ ਸਰਕਾਰ ਨਾਲ ਕਿਸਾਨੀ ਮੁੱਦਿਆਂ ਤੇ ਦੋ ਵਾਰ ਗੱਲਬਾਤ ਬੜੀ ਸਿਆਣਪ ਨਾਲ ਕਰ ਸਕੀਆਂ ਹਨ। ਇਸ ਤੋਂ ਇਲਾਵਾ ਪਹਿਲੀ ਵਾਰ ਇਹ ਅੰਦੋਲਨ ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ (ਭਾਜਪਾ ਨੂੰ ਛਡ ਕੇ) ਦੀ ਹਮਾਇਤ ਹਾਸਲ ਕਰ ਸਕਿਆ ਹੈ। ਐਸਾ ਘਟਨਾਕ੍ਰਮ ਅਤੇ ਐਸੀਆਂ ਹਾਲਤਾਂ ਪੰਜਾਬ ਵਿਚ ਪਹਿਲੀ ਵਾਰ ਪੈਦਾ ਹੋਈਆਂ ਹਨ ਜਦੋਂ ਕਿ ਕਿਸਾਨ ਲਹਿਰ, ਸਿਆਸੀ ਪਾਰਟੀਆਂ ਅਤੇ ਸਰਕਾਰ ਇਕੋ ਲੜੀ ਵਿਚ ਖੜ੍ਹੇ ਨਜ਼ਰ ਆ ਰਹੇ ਹਨ। ਐਸੀਆਂ ਹਾਲਤਾਂ ਵਿਚ ਕਿਸਾਨੀ ਸੰਕਟ ਦੇ ਹੱਲ ਅਤੇ ਇਸ ਨਾਲ ਜੁੜੇ ਵਾਤਾਵਰਨ (ਖਾਸ ਕਰ ਕੇ ਧਰਤੀ ਹੇਠ ਵਧ ਰਹੀ ਪਾਣੀ ਦੀ ਘਾਟ, ਜ਼ਮੀਨ ਦਾ ਜ਼ਹਿਰੀਕਰਨ ਤੇ ਹਵਾ ਦਾ ਪ੍ਰਦੂਸ਼ਣ) ਦੀਆਂ ਸਮਸਿਆਵਾਂ ਦੇ ਹੱਲ ਹੋਣ ਦੀ ਆਸ ਬੱਝਣੀ ਸੁਭਾਵਿਕ ਹੈ।

ਪੰਜਾਬ ਦੀ ਖੇਤੀ ਅਤੇ ਵਾਤਾਵਰਨ ਅਜ ਘੋਰ ਸੰਕਟ ਦੇ ਸ਼ਿਕਾਰ ਹਨ। ਇਨ੍ਹਾਂ ਦੋਵਾਂ ਸੰਕਟਾਂ ਦਾ ਆਪਸ ਵਿਚ ਗਹਿਰਾ ਸਬੰਧ ਵੀ ਹੈ। ਇਸ ਸਬੰਧ ਨੂੰ ਸਮਝਣ ਤੋਂ ਬਗੈਰ ਨਾ ਤਾਂ ਖੇਤੀ ਨੂੰ ਅਤੇ ਨਾ ਹੀ ਵਾਤਾਵਰਨ ਬਚਾਇਆ ਜਾ ਸਕਦਾ ਹੈ। ਜਦੋਂ 1960ਵਿਆਂ ਵਿਚ ਹਰੀ ਕ੍ਰਾਂਤੀ ਦਾ ਮੁੱਢ ਰਖਿਆ ਗਿਆ ਤਾਂ ਇਸ ਵਿਚ ਕਿਸਾਨਾਂ ਨੂੰ ਨਵੇਂ/ਸੁਧਰੇ ਹੋਏ ਬੀਜ, ਰਸਾਇਣਕ ਖਾਦਾਂ, ਯਕੀਨਨ ਸਿੰਜਾਈ ਅਤੇ ਕੀੜੇਮਾਰ ਦਵਾਈਆਂ ਦਾ ਇਕਠਿਆਂ ਇਸਤੇਮਾਲ ਕਰਨ ਲਈ ਸਲਾਹ ਦਿਤੀ ਗਈ। ਇਸ ਦੇ ਨਾਲ ਕਿਸਾਨਾਂ ਨੂੰ ਪ੍ਰਤੀ ਏਕੜ ਵੱਧ ਝਾੜ ਅਤੇ ਵੱਧ ਮੁਨਾਫੇ ਪ੍ਰਾਪਤ ਕਰਨ ਦਾ ਯਕੀਨ ਪੰਜਾਬ ਖੇਤੀ ਯੂਨੀਵਰਸਿਟੀ ਦੇ ਮਾਹਿਰਾਂ ਅਤੇ ਪੰਜਾਬ ਸਰਕਾਰ ਦੇ ਖੇਤਬਾੜੀ ਵਿਭਾਗ ਦੇ ਮੁਲਾਜ਼ਮਾਂ/ਅਫਸਰਾਂ ਵਲੋਂ ਦਿਤਾ ਗਿਆ। ਇਸ ਧਾਰਨਾਂ ਨੂੰ ਸਰਕਾਰੀ ਰੇਡੀਓ, ਅਖਬਾਰਾਂ ਅਤੇ ਪਿੰਡਾਂ ਵਿਚ ਲਗਾਏ ਸਰਕਾਰੀ ਕੈਂਪਾਂ ਰਾਹੀਂ ਖੂਬ ਪ੍ਰਚਾਰਿਆ ਗਿਆ ਅਤੇ ਪੂਰੀ ਸਫਲਤਾ ਨਾਲ ਲਾਗੂ ਕੀਤਾ ਗਿਆ। ਇਸ ਦੇ 15-20 ਸਾਲ ਕਾਫੀ ਚੰਗੇ ਨਤੀਜੇ ਮਿਲੇ। ਇਸ ਮਾਡਲ ਨਾਲ ਕਿਸਾਨਾਂ ਦੇ ਸਾਰੇ ਵਰਗਾਂ ਨੂੰ ਫਾਇਦਾ ਹੋਇਆ ਪਰ ਛੋਟੇ ਕਿਸਾਨਾਂ ਦੇ ਮੁਕਾਬਲੇ ਵੱਡੇ ਕਿਸਾਨਾਂ ਨੂੰ ਜ਼ਿਆਦਾ ਫਾਇਦਾ ਹੋਇਆ। ਖੇਤ ਮਜ਼ਦੂਰਾਂ ਦੀ ਮਜ਼ਦੂਰੀ ਦੀ ਦਰ/ਦਿਹਾੜੀ ਵੀ ਵਧੀ ਅਤੇ ਰੁਜ਼ਗਾਰ ਦੇ ਦਿਨਾਂ ਵਿਚ ਵਾਧਾ ਵੀ ਹੋਇਆ। ਜਦੋਂ 1970ਵਿਆਂ ਵਿਚ ਟਰੈਕਟਰ ਆਧਾਰਿਤ ਖੇਤੀ ਦਾ ਵਿਕਾਸ ਤੇਜ਼ੀ ਨਾਲ ਹੋਣ ਲੱਗਾ ਤਾਂ ਛੋਟੇ ਕਿਸਾਨ ਇਸ ਦੌੜ ਵਿਚ ਪਛੜਨ ਲੱਗੇ। ਇਸ ਦੇ ਨਾਲ ਇਸ ਸਮੇਂ ਪੰਜਾਬ ਦੇ ਕਿਸਾਨਾਂ ਨੂੰ ਕਣਕ ਤੋਂ ਬਾਅਦ ਅਗਲੀ ਫਸਲ ਝੋਨੇ/ਚੌਲਾਂ ਦੀ ਖੇਤੀ ਵਾਸਤੇ ਪ੍ਰੇਰਿਆ ਗਿਆ। ਇਨ੍ਹਾਂ ਦੋਵਾਂ ਫਸਲਾਂ ਦੀ ਖਰੀਦ ਵਾਸਤੇ ਕੇਂਦਰ ਸਰਕਾਰ ਵਲੋਂ ਘਟੋ-ਘਟ ਸਮਰਥਨ ਮੁੱਲ ਤੈਅ ਕਰਨ ਵਾਸਤੇ ਐਗਰੀਕਲਚਲ ਪ੍ਰਾਈਸ ਕਮਿਸ਼ਨ (ਹੁਣ ਕਮਿਸ਼ਨ ਫਾਰ ਐਗਰੀਕਲਚਲ ਕਾਸਟਸ ਐਂਡ ਪ੍ਰਾਈਸਸ) 1965 ਵਿਚ ਬਣਾਇਆ ਗਿਆ ਅਤੇ ਆਨਾਜ ਦੀ ਖਰੀਦ ਵਾਸਤੇ ਵਾਸਤੇ ਐਫ.ਸੀ.ਆਈ. ਬਣਾਈ। ਇਨ੍ਹਾਂ ਦੋਵਾਂ ਫਸਲਾਂ ਦਾ ਕੇਂਦਰ ਸਰਕਾਰ ਵਲੋਂ ਕਿਸਾਨਾਂ ਨੂੰ ਨਿਸ਼ਚਿਤ ਭਾਅ ਵੀ ਮਿਲਦਾ ਰਿਹਾ ਹੈ ਅਤੇ ਇਨ੍ਹਾਂ ਦੀ ਸਰਕਾਰੀ ਖਰੀਦ ਵੀ ਚਲਦੀ ਰਹੀ ਹੈ। ਪੰਜਾਬ ਸਰਕਾਰ ਵੱਲੋਂ ਸਰਕਾਰੀ ਮੰਡੀਆਂ ਅਤੇ ਖਰੀਦ ਕੇਂਦਰ ਸਥਾਪਤ ਕੀਤੇ ਗਏ ਅਤੇ 1970ਵਿਆਂ ਵਿਚ ਸਾਰੇ ਪਿੰਡਾਂ ਵਿਚ ਬਿਜਲੀ ਪਹੁੰਚਾਉਣ ਦਾ ਕੰਮ ਪੂਰਾ ਕਰ ਦਿਤਾ ਗਿਆ। ਇਸ ਤੋਂ ਬਾਅਦ ਕਿਸਾਨਾਂ ਨੂੰ ਟਿਊਬਵੈਲ ਲਗਾਉਣ ਵਾਸਤੇ ਸਸਤੇ ਦਰਾਂ ਤੇ ਕਰਜ਼ਿਆਂ ਦਾ ਪ੍ਰਬੰਧ ਕੀਤਾ ਗਿਆ। ਇਸ ਤੋਂ ਇਲਾਵਾ ਟਿਊਬਵੈਲਾਂ ਵਾਸਤੇ ਸਸਤੀਆਂ ਦਰਾਂ ਤੇ ਬਿਜਲੀ ਦੀ ਸਪਲਾਈ ਸ਼ੁਰੂ ਕੀਤੀ ਗਈ ਜਿਸ ਨੂੰ 1997 ਤੋਂ ਮੁਫਤ ਕਰ ਦਿਤਾ ਗਿਆ ਸੀ। ਕੇਂਦਰ ਸਰਕਾਰ ਵਲੋਂ ਰਸਾਣਿਕ ਖਾਦਾਂ ਅਤੇ ਅਤੇ ਕੀੜੇਮਾਰ ਦਵਾਈਆਂ ਉਪਰ ਚੋਖੀ ਸਬਸਿਡੀ ਦਾ ਪ੍ਰਬੰਧ ਕੀਤਾ ਗਿਆ। ਸੰਘਣੀ ਖੇਤੀ ਵਾਸਤੇ ਨਵੇਂ ਬੀਜਾਂ, ਰਸਾਣਿਕ ਖਾਦਾਂ, ਕੜੇਮਾਰ ਦਵਾਈਆਂ, ਝੋਨੇ ਦੀ ਫਸਲ ਉਗਾਉਣਾ, ਧਰਤੀ ਹੇਠਲਾ ਪਾਣੀ ਦਾ ਸਿੰਜਾਈ ਵਿਚ ਵਰਤੋਂ ਵੱਧ ਕਰਨਾ, ਭਾਵ ਹਰੀ ਕ੍ਰਾਂਤੀ ਨੂੰ ਕਾਮਯਾਬ ਕਰਨ ਵਾਸਤੇ ਪੰਜਾਬ ਸਰਕਾਰ, ਕੇਂਦਰ ਸਰਕਾਰ, ਖੇਤੀ ਮਾਹਿਰਾਂ,ਸਰਕਾਰੀ ਅਫਸਰਾਂ ਅਤੇ ਕਿਸਾਨਾਂ ਨੇ ਰਲ ਕੇ ਕੰਮ ਕੀਤਾ। ਕੇਂਦਰ ਸਰਕਾਰ ਵਲੋਂ ਲਾਗੂ 1991 ਵਿਚ ਨਵੀਂ ਆਰਥਿਕ ਨੀਤੀ, ਖਾਸ ਕਰ ਕੇ 2020 ਵਿਚ ਪਾਸ ਕੀਤੇ ਤਿੰਨ ਐਕਟਾਂ ਤੋਂ ਬਾਅਦ ਇਸ ਸਿਸਟਮ ਨੂੰ ਜਾਰੀ ਰਖਣ ਲਈ ਖਤਰਾ ਪੈਦਾ ਹੋ ਗਿਆ ਹੈ।

ਪੰਜਾਬ ਵਿਚ ਖੇਤੀ ਦੇ ਸੰਕਟ ਬਾਰੇ ਬਹਿਸ 1986 ਤੋਂ ਸ਼ੁਰੂ ਉਹ ਸਮੇਂ ਹੋ ਗਈ ਸੀ ਜਦੋਂ ਪੰਜਾਬ ਸਰਕਾਰ ਵਲੋਂ ਬਣਾਈ ਡਾਕਟਰ ਸਰਦਾਰਾ ਸਿੰਘ ਜੌਹਲ ਦੀ ਅਗਵਾਈ ਵਿਚ ਜੌਹਲ ਕਮੇਟੀ-1 ਦੀ ਰਿਪੋਰਟ ਪ੍ਰਕਾਸ਼ਿਤ ਹੋਈ ਸੀ। ਇਸ ਕਮੇਟੀ ਦਾ ਮੁੱਖ ਸੁਝਾਅ ਪੰਜਾਬ ਦੀ ਖੇਤੀ ਵਿਚ ਵੰਨ-ਸਵੰਨਤਾ ਲਿਆਉਣਾ ਦਸਿਆ ਗਿਆ ਸੀ। ਇਸ ਰਿਪੋਰਟ ਵਿਚ ਇਹ ਦਰਜ ਕੀਤਾ ਗਿਆ ਕਿ ਅਗਲੇ ਕੁਝ ਸਾਲਾਂ ਵਿਚ ਕੁੱਲ ਖੇਤੀ ਹੇਠ ਰਕਬੇ ਦਾ 20% ਹਿਸਾ ਕਣਕ ਅਤੇ ਝੋਨੇ ਤੋਂ ਹਟਾ ਕੇ ਨਵੀਆਂ/ਹੋਰ ਫਸਲਾਂ ਹੇਠ ਲਿਆਂਦਾ ਜਾਵੇ। ਕਮੇਟੀ ਦਾ ਅਨੁਮਾਨ ਸੀ ਕਿ ਇਸ ਦੇ ਸੁਝਾਵਾਂ ਨੂੰ ਮੰਨਣ ਨਾਲ ਰੁਜ਼ਗਾਰ ਦੇ ਕਾਫੀ ਮੌਕੇ ਪੈਦਾ ਹੋ ਜਾਣਗੇ, ਧਰਤੀ ਹੇਠਲੇ ਪਾਣੀ ਦੀ ਵਰਤੋਂ ਘਟਣ ਨਾਲ ਪੰਜਾਬ ਵਿਚ ਵਧ ਰਹੀ ਪਾਣੀ ਦੀ ਕਿਲੱਤ ਦੀ ਸਮਸਿਆ ਸੁਲਝਾਈ ਜਾ ਸਕੇਗੀ। ਸਾਰਿਆਂ ਤੋਂ ਉਪਰ ਨਵੀਆਂ ਫਸਲਾਂ ਤੋਂ ਕਿਸਾਨਾਂ ਨੂੰ ਜ਼ਿਆਦਾ ਆਮਦਨ ਪ੍ਰਾਪਤ ਹੋਵੇਗੀ। ਇਸ ਨਾਲ ਛੋਟੇ ਕਿਸਾਨਾਂ ਦੀ ਖੇਤੀ ਘਾਟੇ ਵਾਲੀ ਦੇ ਬਜਾਏ ਫਾਇਦੇਮੰਦ ਹੋ ਜਾਵੇਗੀ ਅਤੇ ਖੇਤ ਮਜ਼ਦੂਰਾਂ ਤੇ ਪੜ੍ਹੇ-ਲਿਖੇ ਬੇਰੁਜ਼ਗਾਰਾਂ ਨੂੰ ਨੌਕਰੀਆਂ ਮਿਲ ਜਾਣਗੀਆਂ। ਯਾਦ ਰੱਖਣ ਵਾਲੀ ਗਲ ਇਹ ਹੈ ਕਿ ਪੈਪਸੀ ਕੰਪਨੀ ਭਾਰਤ ਵਿਚ ਪੰਜਾਬ ਦੀ ਖੇਤੀ ਵਿਚ ਵੰਨ-ਸਵੰਨਤਾ ਲਿਆਉਣ ਦੇ ਨਾਮ ਤੇ ਹੀ ਆਈ ਸੀ ਪਰ ਜੌਹਲ ਕਮੇਟੀ-1 ਰਿਪੋਰਟ ਪੂਰੀ ਤਰ੍ਹਾਂ ਨਾਲ ਲਾਗੂ ਨਹੀਂ ਹੋ ਸਕੀ। ਇਕ ਤਾਂ ਪੰਜਾਬ ਦੇ ਹਾਲਾਤ ਕਾਫੀ ਖਰਾਬ ਸਨ। ਉਸ ਵਕਤ ਅਤਿਵਾਦ ਦਾ ਜ਼ੋਰ ਸੀ ਅਤੇ ਸਰਕਾਰ ਦੀ ਪਹਿਲ ਅਤਿਵਾਦ ਤੇ ਕਾਬੂ ਪਾਉਣਾ ਸੀ। ਦੂਜੇ ਪਾਸੇ ਕੇਂਦਰ ਸਰਕਾਰ ਨੂੰ ਅਜੇ ਪੰਜਾਬ ਦੀ ਕਣਕ ਅਤੇ ਝੋਨੇ ਦੀ ਦੇਸ਼ ਵਿਚ ਖਾਧ ਸੁਰਖਿਆ ਕਾਇਮ ਰੱਖਣ ਵਾਸਤੇ ਜ਼ਰੂਰਤ ਸੀ। ਇਸ ਕਰ ਕੇ ਸੂਬੇ ਵਿਚ ਗਵਰਨਰੀ ਰਾਜ ਸਮੇਂ ਇਨ੍ਹਾਂ ਸੁਝਾਵਾਂ ਵਲ ਕੋਈ ਗੰਭੀਰਤਾ ਨਹੀਂ ਦਿਖਾਈ ਗਈ।

2013 ਵਿਚ ਡਾਕਟਰ ਕਾਲਕਟ ਕਮੇਟੀ ਵਲੋਂ ਫਸਲੀ ਵੰਨ-ਸਵੰਨਤਾ ਦਾ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਨੂੰ ਪੰਜਾਬ ਸਰਕਾਰ ਨੇ ਵਿਚਾਰਿਆ ਹੀ ਨਹੀਂ। ਅਜ ਵੀ ਖੇਤੀ ਵੰਨ-ਸਵੰਨਤਾ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਬਾਰੇ ਕਈ ਮਾਹਿਰ ਅਤੇ ਲੇਖਕ ਸੁਝਾਅ ਦੇ ਰਹੇ ਹਨ। ਇਸ ਦੇ ਨਾਲ ਹੀ ਉਹ ਕੁਦਰਤੀ ਖੇਤੀ ਕਰਨ ਲਈ ਵੀ ਕਹਿੰਦੇ ਹਨ ਪਰ ਖੇਤੀ ਵੰਨ-ਸਵੰਨਤਾ ਦੇ ਪ੍ਰੋਗਰਾਮ ਨੂੰ ਨਾ ਤਾਂ ਕੇਂਦਰ ਸਰਕਾਰ ਵਲੋਂ ਹਮਾਇਤ ਮਿਲੀ ਹੈ ਅਤੇ ਨਾ ਕਿਸਾਨਾਂ ਵਲੋਂ ਕੋਈ ਖਾਸ ਹੁੰਗਾਰਾ ਮਿਲਿਆ ਹੈ। ਪੰਜਾਬ ਦੀ ਖੇਤੀ ਨੂੰ ਬਿਹਤਰ ਬਣਾਉਣ ਦਾ ਪਿਛਲੇ 30-35 ਸਾਲਾਂ ਵਿਚ ਕੋਈ ਖਾਸ ਪ੍ਰੋਗਰਾਮ ਲਾਗੂ ਨਾ ਹੋਣ ਦੇ ਕਾਰਨ ਜਰਾਇਤੀ ਸੰਕਟ ਸਮੇਂ ਦੇ ਨਾਲ ਹੋਰ ਜ਼ਿਆਦਾ ਗੰਭੀਰ ਹੁੰਦਾ ਗਿਆ ਹੈ। ਇਸ ਦੀ ਮਾਰ ਹੇਠ ਕਈ ਸੀਮਾਂਤ, ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਆ ਗਏ। ਕਿਸਾਨਾਂ ਦੀ ਖੇਤੀ ਘਾਟੇ ਦਾ ਸੌਦਾ ਬਣ ਗਈ ਹੈ ਅਤੇ ਖੇਤ ਮਜ਼ਦੂਰਾਂ ਦਾ ਰੁਜ਼ਗਾਰ ਮਸ਼ੀਨੀਕਰਨ ਨੇ ਕਾਫੀ ਘਟਾ ਦਿਤਾ ਹੈ। ਗਰੀਬ/ਛੋਟੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਸਿਰ ਕਰਜ਼ੇ ਦੀ ਪੰਡ ਚੜ੍ਹ ਗਈ। ਇਸ ਦਾ ਭਾਰ ਨਾ ਸਹਾਰਦੇ ਹੋਏ 1997-2017 ਵਿਚਾਲੇ 16606 ਕਿਸਾਨ ਅਤੇ ਖੇਤ ਮਜ਼ਦੂਰ ਆਤਮ ਹਤਿਆਵਾਂ ਦੇ ਸ਼ਿਕਾਰ ਹੋ ਗਏ।

ਹੁਣ ਸਾਂਝੀ ਖੇਤੀ ਦੇ ਦੋ ਮਾਡਲ ਦੇਸ਼ ਵਿਚ ਗੱਲਬਾਤ ਦਾ ਵਿਸ਼ਾ ਹਨ। ਇਕ ਮਾਡਲ ਪੁਰਾਣਾ ਹੈ ਅਤੇ ਕਈ ਦੇਸ਼ਾਂ ਤੇ ਭਾਰਤ ਦੇ ਕਈ ਇਲਾਕਿਆਂ ਵਿਚ ਕਾਮਯਾਬ ਰਿਹਾ ਹੈ। ਇਹ ਮਾਡਲ ਸਹਿਕਾਰੀ ਆਰਥਿਕ ਗਤੀਵਿਧੀਆਂ ਵਾਲਾ ਹੈ। ਇਹ ਦਖਣੀ ਕੋਰੀਆ ਅਤੇ ਜਾਪਾਨ ਦੀ ਖੇਤੀ ਵਿਚ ਖੂਬ ਕਾਮਯਾਬ ਸਿੱਧ ਹੋਇਆ ਹੈ। ਭਾਰਤ ਵਿਚ ਮਹਾਰਾਸ਼ਟਰ ਅਤੇ ਗੁਜਰਾਤ ਦੇ ਸੂਬਿਆਂ ਵਿਚ ਕ੍ਰਮਵਾਰ ਗੰਨਾ ਉਤਪਾਦਨ/ਖੰਡ ਮਿੱਲਾਂ ਅਤੇ ਦੁੱਧ ਉਤਪਾਦਨ/ਪ੍ਰਾਸੈਸਿੰਗ ਵਿਚ ਇਸ ਨੂੰ ਕਾਫੀ ਸਫਲਤਾ ਹਾਸਲ ਹੋਈ ਹੈ। ਪੰਜਾਬ ਵਿਚ ਇਸ ਦੀ ਸਫਲਤਾ ਦੁੱਧ ਦੀ ਪ੍ਰਾਸੈਸਿੰਗ ਮਿਲਕਫੈਡ ਦੇ ਜ਼ਰੀਆ ਸਾਰਿਆਂ ਨੂੰ ਪਤਾ ਹੈ। 1960ਵਿਆਂ ਅਤੇ 1970ਵਿਆਂ ਵਿਚ ਖੇਤੀ ਕਰਜ਼ਾ ਕੋਅਪਰੇਟਿਵ ਸੁਸਾਇਟੀਆਂ, ਪੰਜਾਬ ਦੇ ਪਿੰਡਾਂ ਵਿਚ ਕਾਫੀ ਸਫਲਤਾ ਨਾਲ ਕੰਮ ਕਰ ਰਹੀਆਂ ਸਨ। ਇਸ ਸਮੇਂ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਲਾਂਬੜਾ-ਕਾਗੜੀ ਮਲਟੀਪਰਪਸ ਕੋਅਪਰੇਟਿਵ ਸੁਸਾਇਟੀ ਸਫ਼ਲਤਾ ਨਾਲ ਕੰਮ ਕਰ ਰਹੀ ਹੈ। ਇਸ ਤੋਂ ਇਲਾਵਾ 1200 ਤੋਂ ਵੱਧ ਪਿੰਡਾਂ ਵਿਚ ਕੋਅਪਰੇਟਿਵ ਮਸ਼ੀਨਰੀ ਬੈਂਕ ਵੀ ਕੰਮ ਕਰ ਰਹੇ ਹਨ। ਦੂਜੇ ਕਿਸਮ ਦਾ ਸਾਂਝੀ ਖੇਤੀ ਦਾ ਮਾਡਲ ਭਾਰਤ ਦੇ ਯੋਜਨਾ ਕਮਿਸ਼ਨ ਨੇ ਬਾਰਵੀਂ ਪੰਜ ਸਾਲਾ ਯੋਜਨਾ (2012-2017) ਦੇ ਦਸਤਾਵੇਜ਼ ਵਿਚ ਪੇਸ਼ ਕਰ ਕੇ ਇਸ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਮਾਡਲ ਨੂੰ ਮੌਜੂਦਾ ਕੇਂਦਰ ਸਰਕਾਰ ਖੇਤੀ ਵਿਚ ਲਾਗੂ ਕਰਨ ਲਈ ਕਾਫੀ ਸਰਗਰਮ ਹੈ। ਇਸ ਮਾਡਲ ਨੂੰ ਉਤਸ਼ਾਹਿਤ ਕਰਨ ਵਾਸਤੇ ਨਾਬਾਰਡ ਨੂੰ ਨੋਡਲ ਏਜੰਸੀ ਬਣਾਇਆ ਹੈ। ਇਸ ਮਾਡਲ ਦਾ ਨਾਮ ਫਾਰਮਰਜ਼ ਪ੍ਰੋਡਿਊਸਰ ਆਰਗੇਨਾਈਜੇਸ਼ਨਜ ਰਖਿਆ ਗਿਆ ਹੈ।

ਸਾਂਝੀ ਖੇਤੀ ਨਾਲ ਕਿਸਾਨੀ ਦੇ ਵੱਡੇ ਹਿਸੇ ਨੂੰ ਕਣਕ-ਝੋਨੇ ਤੋ ਇਲਾਵਾ ਖੇਤੀ ਵੰਨ-ਸਵੰਨਤਾ ਦੇ ਪ੍ਰੋਗਰਾਮ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਨਾਲ ਸਾਂਝੇ ਤੌਰ ਤੇ ਮੰਡੀਕਰਨ ਦੇ ਜੋਖਮ ਨੂੰ ਘਟਾਇਆ ਜਾ ਸਕਦਾ ਹੈ ਅਤੇ ਸਰਕਾਰੀ/ਸਹਿਕਾਰੀ ਮਦਦ ਨਾਲ ਇਸ ਨੂੰ ਕੁਝ ਹੱਦ ਤਕ ਸਹਿਣ ਵੀ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਪੰਜਾਬ ਦੀ ਧਰਤੀ ਦਾ ਪਾਣੀ ਬਚਾਇਆ ਜਾ ਸਕਦਾ ਹੈ, ਨੌਜਵਾਨਾਂ ਵਾਸਤੇ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਪਰਾਲੀ, ਹੋਰ ਫਸਲਾਂ ਦੀ ਰਹਿੰਦ ਖੂੰਹਦ ਅਤੇ ਸ਼ਹਿਰੀ ਕੂੜੇ ਤੇ ਸੀਵਰੇਜ ਤੋ ਬਾਇਓ ਗੈਸ ਅਤੇ ਬਾਇਓ ਖਾਦ ਬਣਾ ਕੇ ਸਾਫ ਊਰਜਾ ਪੈਦਾ ਕਰਨ ਦੇ ਨਾਲ ਹਵਾ ਨੂੰ ਸਾਫ ਰਖਿਆ ਜਾ ਸਕਦਾ ਹੈ। ਕਿਸਾਨਾਂ ਦੀਆਂ ਫਸਲਾਂ ਦੀ ਰਹਿੰਦ ਖੂੰਹਦ ਨੂੰ ਨਾ ਸਾੜ ਕੇ ਉਸ ਵਾਸਤੇ ਬਾਇਓ ਗੈਸ ਦੇ ਪਲਾਟਾਂ ਵਿਚ ਇਸ ਦੀ ਮਾਰਕੀਟ ਪੈਦਾ ਕੀਤੀ ਜਾ ਸਕਦੀ ਹੈ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਆਤਮ ਹਤਿਆਵਾਂ ਨੂੰ ਰੋਕਿਆ ਜਾ ਸਕਦਾ ਹੈ। ਭੂਮੀਹੀਣ ਕਿਸਾਨਾਂ ਨੂੰ ਇਸ ਮਾਡਲ ਵਿਚ ਵਿਕਾਸ ਦੇ ਹਿਸੇਦਾਰ ਬਣਾਇਆ ਜਾ ਸਕਦਾ ਹੈ।

**ਮੋਦੀ ਸਰਕਾਰ ਦੇ ਲਿਆਂਦੇ ਤਿੰਨ ਕਾਲੇ ਖੇਤੀ ਕਾਨੂੰਨਾਂ ਖਿਲਾਫ ਚੱਲ ਰਿਹਾ ਕਿਸਾਨ ਸੰਘਰਸ਼ ਇਤਿਹਾਸਕ ਹੋ ਨਿਬੜਿਆ ਹੈ। ਪੜਾਅ-ਦਰ-ਪੜਾਅ ਅੱਗੇ ਵਧਦਿਆਂ ਪਹਿਲਾਂ ਪੰਜਾਬ ਭਰ ਵਿਚ ਸਰਗਰਮੀ, ਫਿਰ ਦਿੱਲੀ ਵੱਲ ਕੂਚ ਅਤੇ ਫਿਰ ਦਿੱਲੀ ਦੀ ਘੇਰਾਬੰਦੀ ਨੇ ਅੰਤਾਂ ਦੀ ਨਿਰਦਈ ਅਤੇ ਹਰ ਮਸਲੇ 'ਤੇ ਮਨਮਰਜ਼ੀ ਕਰਨ ਵਾਲੀ ਮੋਦੀ ਸਰਕਾਰ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਕਿਸਾਨ ਆਪਣੀ ਅਵਾਮੀ ਲਹਿਰ ਦੀ ਬਦੌਲਤ ਕੜਾਕੇ ਦੀ ਠੰਢ ਦੇ ਬਾਵਜੂਦ ਡਟੇ ਹੋਏ ਹਨ। ਉਨ੍ਹਾਂ ਦਾ ਤਹੱਈਆ ਹੈ ਕਿ ਹੁਣ ਉਹ ਕਾਲੇ ਕਾਨੂੰਨ ਵਾਪਸ ਕਰਵਾ ਕੇ ਹੀ ਮੁੜਨਗੇ। ਹੁਣ ਇਹ ਸੰਘਰਸ਼ ਸਮੁੱਚੇ ਦੇਸ਼ ਦਾ ਸੰਘਰਸ਼ ਬਣ ਗਿਆ ਹੈ। ਇਸ ਸਮੁੱਚੇ ਹਾਲਾਤ ਬਾਰੇ ਟਿੱਪਣੀ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ**


# ਦਿੱਲੀ ਦੇ ਤਖਤ ਨੂੰ ਵੰਗਾਰ ਰਿਹੈ ਕਿਸਾਨ ਸੰਘਰਸ਼

ਪਿਛਲੇ ਦੋ ਮਹੀਨਿਆਂ ਤੋਂ ਖੇਤੀ ਕਾਨੂੰਨਾਂ ਵਿਰੁਧ ਚੱਲ ਰਿਹਾ ਕਿਸਾਨ ਸੰਘਰਸ਼ ਦਿੱਲੀ ਵੱਲ ਕੂਚ ਕਰ ਕੇ ਮਹੱਤਵਪੂਰਨ ਮੁਕਾਮ 'ਤੇ ਪਹੁੰਚ ਗਿਆ ਹੈ। ਲੱਖਾਂ ਕਿਸਾਨ ਕਾਫਲਿਆਂ ਨੇ 25 ਅਤੇ 26 ਨਵੰਬਰ ਨੂੰ ਦਿੱਲੀ ਜਾ ਕੇ ਮੋਰਚੇ ਮੱਲ ਲਏ। ਉਹ ਭਲੀਭਾਂਤ ਜਾਣਦੇ ਸਨ ਕਿ ਉਹਨਾਂ ਦਾ ਇਹ ਕੂਚ ਬੇਹੱਦ ਮੁਸ਼ਕਿਲਾਂ ਭਰਿਆ ਹੋਵੇਗਾ। ਸੱਤਾ ਦੇ ਜਾਬਰ ਹਮਲੇ ਦਾ ਮੁਕਾਬਲਾ ਕਰਨ ਅਤੇ ਮੋਰਚਾ ਲੰਮਾ ਚਲਾਉਣ ਲਈ ਉਹ ਨਾ ਸਿਰਫ ਮਾਨਸਿਕ ਤੌਰ 'ਤੇ, ਸਗੋਂ ਹਰ ਪੱਖ ਤੋਂ ਪੂਰੀ ਤਿਆਰੀ ਕਰ ਕੇ ਪਿੰਡਾਂ ਤੋਂ ਰਵਾਨਾ ਹੋਏ। ਜ਼ਰੂਰਤ ਅਨੁਸਾਰ ਟਰਾਲੀਆਂ ਅਤੇ ਹੋਰ ਵਾਹਨਾਂ ਨੂੰ ਲੰਗਰ ਦੀ ਰਸਦ, ਬਾਲਣ, ਲਾਈਟਾਂ, ਬਾਰਸ਼ ਅਤੇ ਠੰਢ ਤੋਂ ਬਚਣ ਦੇ ਉਚੇਚੇ ਇੰਤਜ਼ਾਮਾਂ ਨਾਲ ਲੈਸ ਕਰ

**ਬੂਟਾ ਸਿੰਘ**
**ਫੋਨ: +91-94634-74342**

ਕੇ ਪੂਰੀ ਤਿਆਰੀ ਕੀਤੀ ਗਈ। ਇਹਨਾਂ ਕਾਫਲਿਆਂ ਨੂੰ ਦੇਖ ਕੇ ਸੱਚੀ ਹੀ ਦਿੱਲੀ ਫਤਹਿ ਕਰਨ ਨਿੱਕਲੀ ਜ਼ਾਬਤਾਬੱਧ ਫੌਜ ਦਾ ਝਓਲਾ ਪੈਂਦਾ ਹੈ। ਦਿੱਲੀ ਦਾ ਗਰੂਰ ਤੋੜਨ ਲਈ ਬੱਚਿਆਂ, ਨੌਜਵਾਨਾਂ, ਔਰਤਾਂ ਅਤੇ 80-80 ਸਾਲ ਦੇ ਬਜ਼ੁਰਗਾਂ ਦਾ ਠਾਠਾਂ ਮਾਰਦਾ ਜੋਸ਼ ਦੇਖਣ ਵਾਲਾ ਹੈ। ਜੂਝ ਮਰਨ ਦੇ ਜੋਸ਼, ਸੱਤਾ ਨਾਲ ਟੱਕਰ ਲੈਣ ਦੇ ਜਜ਼ਬੇ, ਤਹੱਮਲ ਅਤੇ ਸਿਰੜ ਨੇ ਜ਼ਰੂਰ ਹੀ ਭਗਵੇਂ ਆਗੂਆਂ ਨੂੰ ਕੰਬਣੀ ਛੇੜੀ ਹੋਵੇਗੀ ਜਿਹਨਾਂ ਦੀ ਇਕੋਇਕ ਮੁਹਾਰਤ ਝੂਠ, ਅਫਵਾਹਾਂ, ਛਲ-ਕਪਟ ਅਤੇ ਬੁਜ਼ਦਿਲ ਸਾਜ਼ਿਸ਼ਾਂ ਨਾਲ ਹਿੰਦੂ ਫਿਰਕੇ ਦੇ ਧਾਰਮਿਕ ਜਜ਼ਬਾਤ ਭੜਕਾ ਕੇ ਉਹਨਾਂ ਨੂੰ ਗੈਰ ਹਿੰਦੂ ਫਿਰਕਿਆਂ ਦੇ ਗਲ ਪਵਾਉਣ ਦੀ ਹੈ। ਉਹਨਾਂ ਨੇ ਸ਼ਾਇਦ ਕਦੇ ਸੁਫਨੇ ਵਿਚ ਵੀ ਨਹੀਂ ਸੋਚਿਆ ਹੋਣਾ ਕਿ ਪੰਜਾਬ ਦੀ ਅਵਾਮ ਇਸ ਤਰ੍ਹਾਂ ਲਲਕਾਰਾ ਮਾਰ ਕੇ ਪੂਰੇ ਮੁਲਕ ਦੀ ਹਿੱਕ ਉਪਰ ਦਨਦਨਾ ਰਹੇ ਫਾਸ਼ੀਵਾਦੀ ਰਥ ਦਾ ਪਹੀਆ ਜਾਮ ਕਰ ਦੇਵੇਗਾ।

ਤਾਨਾਸ਼ਾਹ ਸੱਤਾ ਨਾਲ ਜੁਝਾਰੂ ਕਿਸਾਨਾਂ ਦੀ ਪਹਿਲੀ ਟੱਕਰ ਪੰਜਾਬ-ਹਰਿਆਣਾ ਦੇ ਸਰਹੱਦੀ ਲਾਂਘਿਆਂ ਉਪਰ ਹੋਈ ਜਿੱਥੇ ਹਰਿਆਣੇ ਦੀ ਖੱਟਰ ਸਰਕਾਰ ਨੇ ਆਰ.ਐਸ.ਐਸ.-ਭਾਜਪਾ ਹਾਈਕਮਾਨ ਦੇ ਇਸ਼ਾਰੇ 'ਤੇ ਪੰਜਾਬ ਦੇ ਕਿਸਾਨਾਂ ਦੇ ਲੰਮੇ ਕੂਚ ਨੂੰ ਰੋਕਣ ਲਈ ਜੰਗੀ ਪੈਮਾਨੇ 'ਤੇ ਨਾਕਾਬੰਦੀ ਕੀਤੀ ਹੋਈ ਸੀ। ਸ਼ੰਭੂ, ਖਨੌਰੀ, ਡੱਬਵਾਲੀ ਸਮੇਤ ਹਰ ਮੁੱਖ ਸਰਹੱਦੀ ਲਾਂਘੇ ਉਪਰ ਵੱਡੀ ਤਾਦਾਦ 'ਚ ਪੁਲਿਸ ਫੋਰਸ ਲਗਾਈ ਹੋਈ ਸੀ। ਖਤਰਨਾਕ ਕੰਡੇਦਾਰ ਤਾਰ ਲਗਾ ਕੇ ਰਸਤੇ ਬੰਦ ਕੀਤੇ ਗਏ ਸਨ। ਇਸ ਗੈਰ ਕਾਨੂੰਨੀ ਕਾਰੇ ਤੋਂ ਆਰ.ਐਸ.ਐਸ.-ਭਾਜਪਾ ਦੇ ਮਨਸ਼ੇ ਨੰਗੇ ਹੋ ਗਏ ਕਿਉਂਕਿ ਮਨੁੱਖਾਂ ਅਤੇ ਪਸ਼ੂਆਂ ਲਈ ਜਾਨਲੇਵਾ ਹੋਣ ਕਾਰਨ ਇਹ ਤਾਰ ਲਗਾਉਣ ਦੀ ਕਾਨੂੰਨੀ ਤੌਰ 'ਤੇ ਮਨਾਹੀ ਹੈ। ਹਰ ਅੰਤਰ-ਰਾਜੀ ਲਾਂਘਾ ਕਿਸਾਨ ਟਾਕਰੇ ਦਾ ਮੋਰਚਾ ਬਣ ਗਿਆ। ਕਿਸਾਨ ਜੁਝਾਰੂਆਂ ਦੇ ਸਮੂਹਿਕ ਹੰਭਲੇ ਅੱਗੇ ਪੁਲਿਸ ਵੱਲੋਂ ਖੜ੍ਹੇ ਕੀਤੇ ਅੜਿੱਕੇ ਚੂਰ-ਚੂਰ ਹੋ ਗਏ। ਜਲ ਤੋਪਾਂ ਦੀਆਂ ਬੌਛਾੜਾਂ ਬੇਅਸਰ ਹੋ ਗਈਆਂ। ਬੈਰੀਕੇਡ ਹਵਾ ਵਿਚ ਉਛਾਲ ਦਿੱਤੇ ਗਏ। ਖੇਤਾਂ ਦੇ ਜਾਇਆਂ ਦੇ ਜੋਸ਼ ਅੱਗੇ ਰਾਜ ਮਾਰਗਾਂ ਉਪਰ ਖੜ੍ਹੇ ਕੀਤੇ ਮਿੱਟੀ ਦੇ ਉਚੇ ਉਚੇ ਟਿੱਲਿਆਂ, ਜੇ.ਸੀ.ਬੀ. ਮਸ਼ੀਨਾਂ ਨਾਲ ਪੁੱਟੇ ਡੂੰਘੇ ਖੱਡਿਆਂ ਅਤੇ ਕਰੇਨਾਂ ਨਾਲ ਲਗਾਏ ਬੜੇ ਬੜੇ ਪੱਥਰਾਂ ਦਾ ਕੀ ਜ਼ੋਰ ਚੱਲਣਾ ਸੀ। ਪੁਲਿਸ ਵੱਲੋਂ ਚਾਬੀਆਂ ਖੋਹ ਕੇ ਸੜਕਾਂ ਜਾਮ ਕਰਨ ਲਈ ਖੜ੍ਹਾਏ ਟਰੱਕ, ਟਰਾਲੇ ਅਤੇ ਹੋਰ ਵਾਹਨ ਜਦ ਜੁਗਤੀ ਕਿਸਾਨਾਂ ਨੇ ਬਿਨਾ ਚਾਬੀਆਂ ਦੇ ਸਟਾਰਟ ਕਰ ਕੇ ਪਾਸੇ ਕਰ ਦਿੱਤੇ ਤਾਂ ਸੱਤਾਧਾਰੀਆਂ ਦੇ ਬੂਟ ਚੱਟ ਪੁਲਿਸ ਅਧਿਕਾਰੀ ਬਿੱਟ ਬਿੱਟ ਦੇਖਦੇ ਰਹਿ ਗਏ। ਸੈਂਕੜੇ ਮੀਲ ਸਫਰ ਤੋਂ ਬਾਅਦ ਕਿਸਾਨ ਕਾਫਲਿਆਂ ਦਾ ਮੱਥਾ ਆਰ.ਐਸ.ਐਸ.-ਭਾਜਪਾ ਦੀ ਸ਼ਾਖਾ ਬਣ ਚੁੱਕੀ ਦਿੱਲੀ ਪੁਲਿਸ ਨਾਲ ਲੱਗਿਆ। ਹਰਿਆਣਾ-ਦਿੱਲੀ ਦੀਆਂ ਸਿੰਘੂ ਅਤੇ ਬਹਾਦਰ-ਟਿੱਕਰੀ




*ਦਿੱਲੀ ਵਿਚ ਇਕ ਨਾਕੇ ਉਤੇ ਇਕ ਕਿਸਾਨ ਉਤੇ ਲਾਠੀਆਂ ਵਰ੍ਹਾ ਰਿਹਾ ਸੁਰੱਖਿਆ ਕਰਮਚਾਰੀ ਅਤੇ (ਸੱਜੇ) ਇਸ ਵਧੀਕੀ ਬਾਰੇ ਉਘੇ ਕਾਰਟੂਨਿਸਟ ਆਰ. ਪ੍ਰਸਾਦ ਦਾ ਬਣਾਇਆ ਕਾਰਟੂਨ।*

ਸਰਹੱਦਾਂ ਉਪਰ ਭਾਰੀ ਜ਼ੋਰ-ਆਜ਼ਮਾਈ ਹੋਈ। ਹਰ ਸਾਜ਼ਿਸ਼ੀ ਤਰੀਕਾ ਇਸਤੇਮਾਲ ਕਰ ਕੇ ਕਿਸਾਨਾਂ ਨੂੰ ਇਕੱਠੇ ਹੋਣ ਤੋਂ ਰੋਕਣ ਦੀ ਸਿਰਤੋੜ ਵਾਹ ਲਾਈ ਗਈ। ਥਾਂ-ਥਾਂ ਅੱਥਰੂ ਗੈਸ ਦੀ ਗੋਲਾਬਾਰੀ ਅਤੇ ਹੋਰ ਜਾਬਰ ਤਰੀਕਿਆਂ ਨਾਲ ਕਾਫਲਿਆਂ ਦੇ ਹੌਸਲੇ ਪਸਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਖੁਫੀਆ ਏਜੰਸੀਆਂ ਅਤੇ ਪੁਲਿਸ ਵੱਲੋਂ ਦਿੱਲੀ ਦੇ ਗੁਰਦੁਆਰਿਆਂ, ਰੇਲਵੇ ਅਤੇ ਮੈਟਰੋ ਸਟੇਸ਼ਨਾਂ ਉਪਰ ਵਿਸ਼ੇਸ਼ ਨਜ਼ਰ ਰੱਖ ਕੇ ਅਤੇ ਹਰ ਪੰਜਾਬੀ ਨੁਹਾਰ ਵਾਲੇ ਬਾਹਰੋਂ ਆਏ ਬੰਦੇ ਦੀ ਬਾਰੀਕੀ 'ਚ ਪੁੱਛਗਿੱਛ ਕਰ ਕੇ ਅਤੇ ਸ਼ੱਕੀ ਜਾਪਦੇ ਦਾ ਪਿੱਛਾ ਕਰ ਕੇ ਪੂਰੀ ਦਹਿਸ਼ਤ ਪਾਈ ਗਈ। ਦਿੱਲੀ ਪੁਲਿਸ ਨੇ 9 ਸਟੇਡੀਅਮਾਂ ਨੂੰ ਆਰਜ਼ੀ ਜੇਲ੍ਹਾਂ ਬਣਾਉਣ ਲਈ ਪੂਰਾ ਜ਼ੋਰ ਲਗਾਇਆ ਤਾਂ ਜੋ ਕਿਸਾਨ ਕਾਫਲਿਆਂ ਨੂੰ ਇਕੱਠੇ ਹੋਣ ਤੋਂ ਪਹਿਲਾਂ ਹੀ ਵੱਖ-ਵੱਖ ਥਾਵਾਂ ਤੋਂ ਗ੍ਰਿਫਤਾਰ ਕਰ ਕੇ ਅੱਡ-ਅੱਡ ਥਾਵਾਂ ਉਪਰ ਡੱਕ ਦਿੱਤਾ ਜਾਵੇ। ਐਪਰ ਕਿਸਾਨਾਂ ਦੇ ਜੋਸ਼ ਅੱਗੇ ਸੱਤਾ ਦੀਆਂ ਜਾਬਰ ਪੇਸ਼ਬੰਦੀਆਂ ਬੇਵੱਸ ਹੋ ਗਈਆਂ। ਕੇਜਰੀਵਾਲ ਸਰਕਾਰ ਨੇ ਆਰਜ਼ੀ ਜੇਲ੍ਹਾਂ ਬਣਾਉਣ ਨੂੰ ਸਹਿਮਤੀ ਨਾ ਦੇ ਕੇ ਆਪਣਾ ਚਿਹਰਾ ਕਲੰਕਿਤ ਹੋਣ ਤੋਂ ਬਚਾ ਲਿਆ। ਉਸ ਨੂੰ ਪਤਾ ਹੈ ਕਿ ਇਸ ਦਾ ਮੁੱਲ ਉਹਨਾਂ ਨੂੰ ਪੰਜਾਬ ਦੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਤਾਰਨਾ ਪੈਣਾ ਸੀ। ਇਹ ਕਿਸਾਨ ਸੰਘਰਸ਼ ਦਾ ਦਬਾਓ ਹੈ ਜਿਸ ਕਰ ਕੇ ਭਾਜਪਾ ਤੋਂ ਬਿਨਾ ਤਮਾਮ ਹਾਕਮ ਜਮਾਤੀ ਪਾਰਟੀਆਂ ਸੰਘਰਸ਼ ਦੀ ਹਮਾਇਤ ਕਰਨ ਲਈ ਮਜਬੂਰ ਹਨ।

ਇਸ ਦੌਰਾਨ ਗੋਦੀ ਮੀਡੀਆ ਟੀਵੀ ਚੈਨਲ ਕਿਸਾਨ ਸੰਘਰਸ਼ ਬਾਰੇ ਅਫਵਾਹਾਂ ਫੈਲਾਉਣ, ਇਸ ਪਿੱਛੇ ਖਾਲਸਤਾਨੀ ਹੱਥ ਹੋਣ ਆਦਿ ਗ਼ਲਤ ਰਿਪੋਰਟਿੰਗ ਕਰ ਕੇ ਬੇਸ਼ਰਮੀ ਨਾਲ ਆਰ.ਐਸ.ਐਸ.-ਭਾਜਪਾ ਲਈ ਕੰਮ ਕਰਦੇ ਦੇਖੇ ਗਏ; ਲੇਕਿਨ ਸੰਜੀਦਾ ਪੱਤਰਕਾਰਾਂ ਅਤੇ ਗੰਭੀਰਤਾ ਨਾਲ ਪੱਤਰਕਾਰੀ ਕਰਨ ਵਾਲੇ ਮੀਡੀਆ ਦਾ ਕਿਸਾਨ ਸੰਘਰਸ਼ ਦੀ ਸੱਚੀ ਤਸਵੀਰ ਕਰਨਾ ਬਹੁਤ ਹੀ ਕਾਬਲ-ਏ-ਤਾਰੀਫ ਹੈ। ਬੇਸ਼ੱਕ ਡਿਜੀਟਲ ਯੁੱਗ ਵਿਚ ਦੁਨੀਆ ਨੂੰ ਗੁਮਰਾਹ ਕਰਨਾ ਸੌਖਾ ਨਹੀਂ, ਫਿਰ ਵੀ ਹਿੰਦੂਤਵ+ਕਾਰਪੋਰੇਟ ਗੱਠਜੋੜ ਦੇ ਪ੍ਰਚਾਰ-ਤੰਤਰ ਦਾ ਪਰਦਾਫਾਸ਼ ਕਰਨ 'ਚ ਮੀਡੀਆ ਦੇ ਸੰਜੀਦਾ ਹਿੱਸੇ ਦੇ ਗਿਣਨਯੋਗ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਹਰਿਆਣਾ ਸਰਕਾਰ ਦਾ ਦਿੱਲੀ ਜਾ ਰਹੇ ਕਿਸਾਨਾਂ ਨੂੰ ਰੋਕਣਾ ਪੂਰੀ ਤਰ੍ਹਾਂ ਗੈਰ ਕਾਨੂੰਨੀ ਸੀ ਕਿਉਂਕਿ ਪੰਜਾਬ ਜਾਂ ਹੋਰ ਸੂਬਿਆਂ ਦੇ ਕਿਸਾਨਾਂ ਦਾ ਇਹ ਸੰਘਰਸ਼ ਕੇਂਦਰ ਸਰਕਾਰ ਵਿਰੁਧ ਹੋਣ ਕਾਰਨ ਇਸ ਦਾ ਹਰਿਆਣਾ ਸਰਕਾਰ ਨਾਲ ਤਾਂ ਕੋਈ ਲੈਣਾ-ਦੇਣਾ ਹੀ ਨਹੀਂ ਸੀ। ਉਹ ਤਾਂ ਦਿੱਲੀ ਜਾ ਕੇ ਕੇਂਦਰ ਸਰਕਾਰ ਵਿਰੁਧ ਆਵਾਜ਼ ਉਠਾਉਣ ਲਈ ਹਰਿਆਣਾ ਵਿਚੋਂ ਲੰਘ ਰਹੇ ਸਨ। ਆਪਣੇ ਹੀ ਮੁਲਕ ਦੇ ਬਾਸ਼ਿੰਦਿਆਂ ਨੂੰ ਇੰਜ ਇਕ ਹਿੱਸੇ ਤੋਂ ਦੂਜੇ ਵਿਚ ਜਾਣ ਤੋਂ ਰੋਕਣ ਦੀ ਘਿਨਾਉਣੀ ਹਰਕਤ ਫਾਸ਼ੀਵਾਦੀ ਜ਼ਿਹਨੀਅਤ ਹੀ ਕਰ ਸਕਦੀ ਹੈ। ਹਰਿਆਣਾ ਦੇ ਹੁਕਮਰਾਨਾਂ ਨੇ ਪੰਜਾਬ ਨਾਲ ਪਹਿਲੀ ਵਾਰ ਦੁਸ਼ਮਣਾਨਾ ਰਵੱਈਆ ਨਹੀਂ ਅਪਣਾਇਆ। 1982 'ਚ ਏਸ਼ੀਅਨ ਖੇਡਾਂ ਮੌਕੇ ਭਜਨ ਲਾਲ ਸਰਕਾਰ ਨੇ ਆਪਣੀ ਆਵਾਜ਼ ਦਿੱਲੀ ਦੀ ਸੱਤਾ ਤੱਕ ਪਹੁੰਚਾਉਣ ਲਈ ਦਿੱਲੀ ਜਾ ਰਹੇ ਅਕਾਲੀ ਜੱਥਿਆਂ ਉਪਰ ਇੰਦਰਾ ਹਕੂਮਤ ਦੇ ਇਸ਼ਾਰੇ 'ਤੇ ਨਾ ਸਿਰਫ ਬੇਤਹਾਸ਼ਾ ਤਸ਼ੱਦਦ ਕੀਤਾ ਸੀ ਸਗੋਂ ਉਹਨਾਂ ਦੀ ਘੱਟਗਿਣਤੀ ਸਿੱਖ ਪਛਾਣ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾ ਕੇ ਜ਼ਲੀਲ ਕੀਤਾ ਗਿਆ ਸੀ। ਤਾਨਾਸ਼ਾਹ ਪਾਬੰਦੀਆਂ ਦੀਆਂ ਧੱਜੀਆਂ ਉਡਾ ਕੇ ਕਿਸਾਨਾਂ ਨੇ ਦੱਸ ਦਿੱਤਾ ਕਿ ਮੁਲਕ ਆਰ.ਐਸ.ਐਸ.-ਭਾਜਪਾ ਦੀ ਜਾਗੀਰ ਨਹੀਂ ਹੈ, ਇਹ ਭਾਰਤ ਦੇ ਲੋਕਾਂ ਦਾ ਹੈ।

ਉਦੋਂ ਬਹੁਗਿਣਤੀ ਮਾਨਸਿਕਤਾ ਦਾ ਫਿਰਕੂ ਪੱਤਾ ਚੱਲ ਗਿਆ ਸੀ, ਲੇਕਿਨ ਇਸ ਵਾਰ ਹਰਿਆਣੇ ਦੀ ਧਰਤੀ ਉਪਰ ਵੱਖਰਾ ਹੀ ਰੰਗ ਹੈ। ਮਸਲਾ ਕਿਸਾਨੀ ਦਾ ਹੋਣ ਕਾਰਨ ਹੁਣ ਸੰਘ ਬ੍ਰਿਗੇਡ ਦੀ ਫਿਰਕੂ ਪਾਟਕ ਪਾਊ ਚਾਲ ਕਾਮਯਾਬ ਨਹੀਂ ਹੋਈ। ਜੇ ਕੋਈ ਹੋਰ ਮਸਲਾ ਹੁੰਦਾ ਤਾਂ ਹਰਿਆਣੇ ਦੇ ਹਾਕਮ ਜਮਾਤੀ ਲਾਣੇ ਨੇ ਉਸ ਨੂੰ ਹਰਿਆਣਾ ਬਨਾਮ ਪੰਜਾਬ ਦਾ ਮਸਲਾ ਬਣਾ ਦੇਣਾ ਸੀ। ਇਸ ਵਾਰ ਹਰਿਆਣੇ ਦੇ ਲੋਕ, ਖਾਸ ਕਰ ਕੇ ਕਿਸਾਨ ਪੰਜਾਬ ਦੇ ਸੰਘਰਸ਼ਸ਼ੀਲ ਕਾਫਲਿਆਂ ਦੀ ਗੱਜ ਵੱਜ ਕੇ ਹਮਾਇਤ ਕਰ ਰਹੇ ਹਨ। ਉਹਨਾਂ ਦਾ ਹਾਰ ਪਾ ਕੇ ਸਵਾਗਤ ਕਰ ਰਹੇ ਹਨ। ਆਮ ਲੋਕ ਬੈਰੀਕੇਡ ਤੋੜਨ ਤੋਂ ਲੈ ਕੇ ਖਾਣ-ਪੀਣ ਦੇ ਇੰਤਜ਼ਾਮ ਕਰ ਕੇ ਦਿੱਲੀ ਜਾ ਰਹੇ ਕਾਫਲਿਆਂ ਨਾਲ ਤਹਿ-ਦਿਲੋਂ ਭਰਪੂਰ ਇਕਮੁੱਠਤਾ ਦਿਖਾ ਰਹੇ ਹਨ।

ਦਿੱਲੀ ਵਿਚ ਮੁਸਲਿਮ ਭਾਈਚਾਰਾ ਪੰਜਾਬੀ ਕਿਸਾਨਾਂ ਦੀ ਮੱਦਦ ਲਈ ਪੱਬਾਂ ਭਾਰ ਹੈ। ਮਸਜਿਦਾਂ ਵਿਚ ਲੰਗਰ ਦੇ ਇੰਤਜ਼ਾਮ ਕੀਤੇ ਹੋਣ ਦੇ ਸੰਦੇਸ਼ ਆ ਰਹੇ ਹਨ। ਉਹਨਾਂ ਦੀ ਅਪਣੱਤ ਸਮਝ ਆਉਂਦੀ ਹੈ। ਪੰਜਾਬ ਨੇ ਮਜ਼ਲੂਮਾਂ ਦੇ ਧਾਰਮਿਕ ਅਕੀਦੇ ਦੇ ਹੱਕ ਦੀ ਰਾਖੀ ਲਈ ਜਾਨਾਂ ਕੁਰਬਾਨ ਕਰਨ ਦੀ ਆਪਣੀ ਸ਼ਾਨਾਮੱਤੀ ਵਿਰਾਸਤ ਨੂੰ ਬੁਲੰਦ ਰੱਖਿਆ ਹੈ। ਪਿਛਲੇ ਸਾਲਾਂ 'ਚ ਕਸ਼ਮੀਰੀਆਂ ਅਤੇ ਮੁਸਲਿਮ ਘੱਟਗਿਣਤੀ ਉਪਰ ਹਿੰਦੂਤਵ ਫਾਸ਼ੀਵਾਦ ਦੇ ਹਮਲਿਆਂ ਵਿਰੁਧ ਪੰਜਾਬ 'ਚੋਂ ਉਠਦੀ ਰਹੀ ਆਵਾਜ਼ ਨੂੰ ਉਹ ਭੁੱਲੇ ਨਹੀਂ।

ਇਸ ਸੰਘਰਸ਼ ਨੇ ਭਾਰਤੀ ਸਟੇਟ ਦਾ ਤਾਨਾਸ਼ਾਹ ਚਿਹਰਾ ਮੁੜ ਬੇਪਰਦ ਕਰ ਦਿੱਤਾ। ਦੁਨੀਆ ਦਾ 'ਸਭ ਤੋਂ ਵੱਡਾ ਲੋਕਤੰਤਰ' ਹੋਣ ਦੇ ਦਾਅਵੇਦਾਰ ਸਟੇਟ ਵਿਚ ਪੂਰੀ ਤਰ੍ਹਾਂ ਸ਼ਾਂਤਮਈ ਕਿਸਾਨਾਂ ਨੂੰ ਆਪਣੀ ਆਵਾਜ਼ ਹੁਕਮਰਾਨਾਂ ਤੱਕ ਪਹੁੰਚਾਉਣ ਲਈ ਮੁਲਕ ਦੀ ਰਾਜਧਾਨੀ ਵਿਚ ਪਹੁੰਚਣ ਉਪਰ ਲਗਾਈਆਂ ਤਾਨਾਸ਼ਾਹ ਪਾਬੰਦੀਆਂ, ਪੁਰਅਮਨ ਕਿਸਾਨਾਂ ਉਪਰ ਜਲ ਤੋਪਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦੀਆਂ ਬੌਛਾੜਾਂ ਕੁਲ ਦੁਨੀਆ ਨੇ ਦੇਖ ਲਈਆਂ। ਸੰਘਰਸ਼ਸ਼ੀਲ ਕਿਸਾਨ ਕਾਫਲਿਆਂ ਦੇ ਜੁਝਾਰੂ ਜਜ਼ਬੇ ਨੇ ਫਾਸ਼ੀਵਾਦੀ ਮੋਦੀ ਸਰਕਾਰ ਦੇ ਮਨਸੂਬੇ ਫੇਲ੍ਹ ਕਰ ਕੇ ਦਿੱਲੀ ਵਿਚ ਦਾਖਲ ਹੋਣ ਦਾ ਹੱਕ ਸੱਤਾ ਤੋਂ ਸਮੂਹਿਕ ਤਾਕਤ ਦੇ ਜ਼ੋਰ ਖੋਹਿਆ ਹੈ। ਇਹ ਅੜੀਅਲ ਆਰ.ਐਸ.ਐਸ.-ਭਾਜਪਾ ਦੇ ਫਾਸ਼ੀਵਾਦੀ ਚਿਹਰੇ ਉਪਰ ਕਰਾਰੀ ਚਪੇੜ ਹੈ। ਹਿੰਦੂਤਵ ਬ੍ਰਿਗੇਡ ਵੱਲੋਂ ਥੋਪੇ ਕਾਲੇ ਕਾਨੂੰਨਾਂ ਦਾ ਕੀ ਬਣਦਾ ਹੈ, ਇਹ ਤਾਂ ਆਉਣ ਵਾਲੇ ਦਿਨਾਂ ਵਿਚ ਸਾਹਮਣੇ ਆਵੇਗਾ; ਲੇਕਿਨ ਆਰ.ਐਸ.ਐਸ.-ਭਾਜਪਾ ਗੈਂਗ ਜੋ ਕਦੇ ਕਸ਼ਮੀਰ, ਕਦੇ ਲੋਕ ਬੁੱਧੀਜੀਵੀਆਂ, ਕਦੇ ਯੂਨੀਵਰਸਿਟੀਆਂ, ਕਦੇ ਮੁਸਲਿਮ ਭਾਈਚਾਰੇ ਅਤੇ ਕਦੇ ਸੀ.ਏ.ਏ.-ਐਨ.ਆਰ.ਸੀ. ਵਿਰੁਧ ਪੁਰਅਮਨ ਆਵਾਜ਼ਾਂ ਨੂੰ ਬੇਕਿਰਕੀ ਨਾਲ ਕੁਚਲਦਾ ਦਰੜਦਾ ਆ ਰਿਹਾ ਸੀ ਅਤੇ ਖੁਦ ਨੂੰ ਅਜਿੱਤ ਸਮਝਦਾ ਸੀ, ਉਸ ਦਾ ਹੰਕਾਰ ਤੋੜ ਕੇ ਕਿਸਾਨ ਸੰਘਰਸ਼ ਨੇ ਸ਼ਾਨਦਾਰ ਇਤਿਹਾਸ ਰਚ ਦਿੱਤਾ ਹੈ। ਇਸ ਪੈੜ ਨੂੰ ਪਹੇ ਵਿਚ ਬਦਲਣ ਦਾ ਜ਼ਿੰਮਾ ਫਾਸ਼ੀਵਾਦ ਵਿਰੋਧੀ ਸੱਚੀਆਂ ਤਾਕਤਾਂ ਦਾ ਹੈ।

ਆਰ.ਐਸ.ਐਸ.-ਭਾਜਪਾ ਲੀਡਰਸ਼ਿਪ, ਜੋ ਥੋੜ੍ਹੇ ਦਿਨ ਪਹਿਲਾਂ ਕਿਸਾਨ ਸੰਘਰਸ਼ ਵਿਰੁਧ ਨਫਰਤ ਦੇ ਫੁੰਕਾਰੇ ਮਾਰ ਰਹੀ ਸੀ, ਉਸ ਨੂੰ ਲੱਖਾਂ ਦੀ ਤਾਦਾਦ 'ਚ ਕਿਸਾਨ ਲਾਮਬੰਦੀ ਅਤੇ ਉਹਨਾਂ ਦਾ ਲੜਾਕੂ ਰੌਂਅ ਦੇਖ ਕੇ ਦਿੱਲੀ ਵਿਚ ਰੈਲੀ ਕਰਨ ਦੀ ਇਜਾਜ਼ਤ ਦੇ ਕੇ ਥੁੱਕ ਕੇ ਚੱਟਣਾ ਪਿਆ। ਹੁਣ ਦਿੱਲੀ ਦੇ ਅੰਦਰ ਅਤੇ ਸਰਹੱਦੀ ਲਾਂਘਿਆਂ ਉਪਰ ਕਿਸਾਨ ਕਾਫਲਿਆਂ ਅਤੇ ਸੱਤਾਧਾਰੀਆਂ ਦੀ ਜ਼ੋਰ-ਆਜ਼ਮਾਈ ਦਾ ਪਿੜ ਬੱਝ ਗਿਆ ਹੈ। ਪਹਿਲਾਂ ਖੇਤੀ ਮੰਤਰੀ ਤੇ ਹੁਣ ਗ੍ਰਹਿ ਮੰਤਰੀ ਸੰਘਰਸ਼ ਛੱਡ ਕੇ ਗੱਲਬਾਤ ਦੇ ਸੱਦੇ ਦੇ ਰਿਹਾ ਹੈ। ਮੋਦੀ ਵਜ਼ਾਰਤ ਵੱਲੋਂ ਪਾਸ ਕੀਤੇ ਲੋਕ ਦੁਸ਼ਮਣ ਕਾਨੂੰਨ ਸਿਰਫ ਕਿਸਾਨੀ ਅਤੇ ਖੇਤੀ ਨੂੰ ਹੀ ਤਬਾਹ ਨਹੀਂ ਕਰਨਗੇ ਸਗੋਂ ਇਹਨਾਂ ਦੇ ਵਿਆਪਕ ਤਬਾਹਕੁਨ ਅਸਰ ਭਾਰਤ ਦੇ ਹੋਰ ਅਵਾਮ ਉਪਰ ਵੀ ਪੈਣੇ ਨਿਸ਼ਚਿਤ ਹਨ, ਇਹ ਹਕੀਕਤ ਅਵਾਮ ਨੂੰ ਸਮਝ ਪੈ ਚੁੱਕੀ ਹੈ ਅਤੇ ਉਹ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਦ੍ਰਿੜ ਹਨ। ਸੰਘ ਬ੍ਰਿਗੇਡ ਦੀਆਂ ਕਪਟੀ ਚਾਲਾਂ ਅਤੇ ਫਾਸ਼ੀਵਾਦੀ ਸਾਜ਼ਿਸ਼ਾਂ ਦੇ ਮੱਦੇਨਜ਼ਰ ਸੱਤਾ ਅਤੇ ਅਵਾਮ ਦਰਮਿਆਨ ਲੰਮੀ, ਪੇਚੀਦਾ ਲੜਾਈ ਤੈਅ ਹੈ। ਕਿਸਾਨ ਸੰਘਰਸ਼ ਮੁਲਕ ਦੇ ਹੋਰ ਸੂਬਿਆਂ 'ਚ ਫੈਲ ਰਿਹਾ ਹੈ। ਹੁਣ ਤੱਕ 400 ਤੋਂ ਉਪਰ ਕਿਸਾਨ ਅਤੇ ਵੱਡੇ ਫਾਰਮਰ ਦੀਆਂ ਜਥੇਬੰਦੀਆਂ ਸਾਂਝੇ ਸੰਘਰਸ਼ ਵਿਚ ਇਕੱਠੀਆਂ ਹੋਈਆਂ ਹਨ। ਇਹਨਾਂ ਦੇ ਜਮਾਤੀ ਹਿਤ ਅਤੇ ਇਹਨਾਂ ਦੇ ਸੱਤਾ ਅਤੇ ਸਟੇਟ ਨਾਲ ਰਿਸ਼ਤੇ ਵੱਖੋ-ਵੱਖਰੇ ਹੋਣ ਕਾਰਨ ਇਹਨਾਂ ਦੇ ਸੰਘਰਸ਼ ਦੇ ਭਵਿੱਖ-ਨਕਸ਼ੇ ਅਤੇ ਟੀਚੇ ਵੀ ਜ਼ਾਹਰਾ ਤੌਰ 'ਤੇ ਪਾਟਵੇਂ ਅਤੇ ਵੱਖੋ-ਵੱਖਰੇ ਹਨ। ਇਹ ਸੰਘਰਸ਼ ਦੇ ਤਿੱਖਾ ਅਤੇ ਫੈਸਲਾਕੁਨ ਬਣਨ ਵਿਚ ਬੜੀ ਰੁਕਾਵਟ ਹੈ। ਪੰਜਾਬ ਵਿਚ 31 ਕਿਸਾਨ ਜਥੇਬੰਦੀਆਂ ਦੇ ਤਿੰਨ ਵੱਖੋ-ਵੱਖਰੇ ਮੋਰਚੇ (29 ਕਿਸਾਨ ਜਥੇਬੰਦੀਆਂ, ਬੀ.ਕੇ.ਯੂ. (ਏਕਤਾ)-ਉਗਰਾਹਾਂ ਤੇ ਮਜ਼ਦੂਰ ਕਿਸਾਨ ਸੰਘਰਸ਼ ਕਮੇਟੀ) ਲੜਾਈ ਲੜ ਰਹੇ ਹਨ। ਲਿਹਾਜ਼ਾ ਉਹਨਾਂ ਦੀ ਇਕਜੁੱਟਤਾ ਅਤੇ ਸੰਘਰਸ਼ ਦੇ ਇਕਸੁਰ ਤਾਕਤ ਬਣ ਕੇ ਉਭਰਨ ਵਿਚ ਵੀ ਗੰਭੀਰ ਮੁਸ਼ਕਿਲਾਂ ਹਨ। ਇਹਨਾਂ ਤੋਂ ਇਲਾਵਾ, ਇਕ ਸ਼ੰਭੂ ਵਾਲਾ ਮੋਰਚਾ ਵੀ ਹੈ ਜੋ ਮੁੱਖ ਕਿਸਾਨ ਸੰਘਰਸ਼ ਨੂੰ ਆਪਣੇ ਸਿਆਸੀ ਏਜੰਡੇ ਦੇ ਰੰਗ ਵਿਚ ਰੰਗਣ ਲਈ ਯਤਨਸ਼ੀਲ ਹੈ।

ਲਿਹਾਜ਼ਾ, ਮੌਜੂਦਾ ਕਿਸਾਨ ਸੰਘਰਸ਼ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ। ਇਸ ਦੀ ਪੇਸ਼ਕਦਮੀ ਪੂਰੇ ਮੁਲਕ ਵਿਚ ਹਿੰਦੂਤਵ ਫਾਸ਼ੀਵਾਦ ਵਿਰੋਧੀ ਤਾਕਤਾਂ ਨੂੰ ਉਤਸ਼ਾਹਜਨਕ ਹੁਲਾਰਾ ਦੇਵੇਗੀ। ਇਸ ਜ਼ਰੀਏ ਉਠ ਰਹੇ ਅਵਾਮੀ ਉਭਾਰ ਨੂੰ ਲੋਕ ਦੁਸ਼ਮਣ ਹਿੰਦੂਤਵ+ਕਾਰਪੋਰੇਟ ਗੱਠਜੋੜ ਵਿਰੁਧ ਵਿਸ਼ਾਲ ਘੇਰੇ ਵਾਲੀ ਰਾਜਨੀਤਕ ਲੜਾਈ ਵਿਚ ਕਿਵੇਂ ਬਦਲਿਆ ਜਾਵੇ, ਇਹ ਸਭ ਤੋਂ ਮਹੱਤਵਪੂਰਨ ਸਵਾਲ ਹੈ। ਸੀ.ਏ.ਏ. ਵਿਰੁਧ ਅਵਾਮੀ ਉਭਾਰ ਅਤੇ ਹਾਲੀਆ ਕਿਸਾਨ ਉਭਾਰ ਨੇ ਬਾਖੂਬੀ ਸਾਬਤ ਕਰ ਦਿੱਤਾ ਹੈ ਕਿ ਰਵਾਇਤੀ ਪਾਰਲੀਮੈਂਟਰੀ ਸਿਆਸਤ ਹਿੰਦੂਤਵ+ਕਾਰਪੋਰੇਟ ਫਾਸ਼ੀਵਾਦ ਦਾ ਬਦਲ ਪੇਸ਼ ਨਹੀਂ ਕਰ ਸਕਦੀ। ਪਾਰਲੀਮੈਂਟਰੀ ਰਾਜਨੀਤਕ ਘੇਰੇ ਤੋਂ ਬਾਹਰਲੇ ਲੋਕ ਸੰਘਰਸ਼ ਹੀ ਅਸਲ ਬਦਲ ਬਣ ਕੇ ਉਭਰਨਗੇ। ਜੇ ਖਰੀਆਂ ਲੋਕਪੱਖੀ ਤਾਕਤਾਂ ਠੋਸ ਪਹਿਲਕਦਮੀ ਕਰਨ ਤਾਂ ਰੰਗ ਬਦਲ-ਬਦਲ ਕੇ ਆ ਰਹੀ ਗਲੀ-ਸੜੀ ਵੋਟ ਬਟੋਰੂ ਸਿਆਸਤ ਨੂੰ ਗੈਰ ਪ੍ਰਸੰਗਿਕ ਬਣਾਉਣ ਦਾ ਮੁੱਢ ਹੁਣ ਬੰਨ੍ਹਿਆ ਜਾ ਸਕਦਾ ਹੈ।

# ਕਿਸਾਨੀ ਸੰਘਰਸ਼ ਦੌਰਾਨ 'ਇੱਕ ਦੇਸ਼, ਇੱਕ ਚੋਣ' ਦਾ ਜੁਮਲਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰਣਨੀਤੀ ਇਹ ਰਹੀ ਹੈ, ਅਤੇ ਅੱਜ ਵੀ ਹੈ ਕਿ ਇੱਕ ਸਮੱਸਿਆ ਖੜ੍ਹੀ ਹੁੰਦੀ ਹੈ ਤਾਂ ਉਸ ਦਾ ਹੱਲ ਕੱਢਣ ਦੀ ਥਾਂ ਨਵਾਂ ਸ਼ੋਸ਼ਾ, ਅੱਜ-ਕੱਲ੍ਹ ਇਹੋ ਜਿਹੇ ਸ਼ਬਦ ਦੀ ਥਾਂ 'ਜੁਮਲਾ' ਆਖਿਆ ਜਾਂਦਾ ਹੈ, ਪੇਸ਼ ਕਰ ਕੇ ਬਹਿਸ ਦਾ ਰੁਖ ਹੋਰ ਪਾਸੇ ਮੋੜ ਦਿੱਤਾ ਜਾਂਦਾ ਹੈ। ਜਦੋਂ ਦੇਸ਼ ਵਿਚ ਮੋਦੀ ਸਰਕਾਰ ਦੇ ਬਣਾਏ ਨਾਗਰਿਕਤਾ ਸੋਧ ਕਾਨੂੰਨ ਬਾਰੇ ਬਹਿਸ ਹੋ ਰਹੀ ਸੀ ਤਾਂ ਅਚਾਨਕ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਦੀ ਧਾਰਾ ਤਿੰਨ ਸੌ ਸੱਤਰ ਤੋੜੀ ਤੇ ਉਸ ਰਾਜ ਦੇ ਦੋ ਹਿੱਸੇ ਕਰ ਦਿੱਤੇ ਸਨ। ਕਰੋਨਾ ਵਾਇਰਸ ਦੇ ਦਿਨਾਂ ਵਿਚ ਜਦੋਂ ਇਹ ਗੱਲ ਚਰਚਾ ਦਾ ਵਿਸ਼ਾ ਬਣਨ ਲੱਗੀ ਕਿ ਪ੍ਰਧਾਨ ਮੰਤਰੀ ਦੇ ਦਾਅਵੇ ਧਰੇ-ਧਰਾਏ ਰਹਿ ਗਏ ਤੇ ਮਹਾਮਾਰੀ ਵਧਦੀ ਜਾਂਦੀ ਹੈ ਤਾਂ ਕਿਸਾਨ ਭਾਈਚਾਰੇ ਨੂੰ ਠਿੱਬੀ ਲਾਉਣ ਵਾਲੇ ਤਿੰਨ ਆਰਡੀਨੈਂਸ ਅਚਾਨਕ ਜਾਰੀ ਕਰ ਦਿੱਤੇ ਸਨ। ਨਰਿੰਦਰ ਮੋਦੀ ਤੇ ਉਨ੍ਹਾਂ ਦੇ ਮੰਤਰੀ ਏਦਾਂ ਦਾ ਦਾਅਵਾ ਕਰਦੇ ਸਨ ਕਿ ਇਹ ਤਿੰਨ ਕਾਨੂੰਨ ਕਿਸਾਨਾਂ ਦਾ ਭਲਾ ਕਰਨ ਵਾਲੇ ਹਨ ਤੇ ਕਿਸਾਨ ਆਗੂ ਇਹ ਕਹੀ ਜਾਂਦੇ ਸਨ ਕਿ ਇਨ੍ਹਾਂ ਨੇ ਕਿਸਾਨਾਂ ਨੂੰ ਜਿਉਣ ਜੋਗੇ ਨਹੀਂ ਛੱਡਣਾ। ਇਸ ਬਾਰੇ ਕਿਸਾਨਾਂ ਨਾਲ ਗੱਲ ਕਰਨ ਦੀ ਥਾਂ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਜਿੱਥੇ ਧਰਨਾ ਲਾ ਕੇ ਬੈਠੇ ਸਨ, ਉਥੇ ਬੈਠੇ ਰਹਿਣ ਦਿੱਤਾ ਅਤੇ ਇਹੋ ਜਿਹਾ ਵਤੀਰਾ ਧਾਰਨ ਕਰ ਲਿਆ, ਜਿਵੇਂ ਉਸ ਨੂੰ ਉਨ੍ਹਾਂ ਦੇ ਮਰਨ-ਜਿਉਣ ਦੀ ਕੋਈ ਪ੍ਰਵਾਹ ਹੀ ਨਹੀਂ ਹੁੰਦੀ। ਸਬਰ ਦਾ ਪੈਮਾਨਾ ਭਰਨ ਲੱਗਾ ਤਾਂ ਕਿਸਾਨ ਆਪਣੇ ਦੇਸ਼ ਦੀ ਰਾਜਧਾਨੀ ਦਿੱਲੀ ਨੂੰ ਕੂਚ ਕਰਨ ਲੱਗ ਪਏ। ਐਨ ਇਸ ਮੌਕੇ ਮੋਦੀ ਨੇ ਨਵਾਂ ਮੁੱਦਾ ਛੇੜ ਦਿੱਤਾ ਹੈ। ਉਨ੍ਹਾਂ ਸਮੁੱਚੇ ਭਾਰਤ ਵਿਚ ਇੱਕੋ ਵਾਰ ਚੋਣਾਂ ਕਰਾਉਣ ਲਈ 'ਇੱਕ ਦੇਸ਼, ਇੱਕ ਚੋਣ' ਦਾ ਨਾਅਰਾ ਚੁੱਕ ਦਿੱਤਾ ਹੈ, ਜਿਸ ਨਾਲ ਭਾਰਤ ਦੇ ਸਾਰੇ ਰਾਜਾਂ ਵਿਚ ਇਹ ਬਹਿਸ ਛਿੜ ਗਈ ਹੈ ਕਿ ਇਹੋ ਜਿਹੀ ਚੋਣ ਕਿੱਦਾਂ ਦੀ ਹੋਵੇਗੀ ਤੇ ਕਦੋਂ ਹੋਵੇਗੀ?



ਪਹਿਲਾਂ ਭਾਰਤ ਦੇ ਲੋਕਾਂ ਨੂੰ ਇਹ ਸਮਝ ਨਹੀਂ ਸੀ ਆਇਆ ਕਿ ਜਦੋਂ ਲੋਕ ਕਰੋਨਾ ਦੇ ਜਾਲ ਵਿਚ ਫਸੇ ਹੋਏ ਸਨ, ਐਨ ਉਦੋਂ ਕਿਸਾਨਾਂ ਦੇ ਪੈਰਾਂ ਨੂੰ ਬੇੜੀਆਂ ਪਾਉਣ ਵਾਲੇ ਤਿੰਨ ਕਾਨੂੰਨ ਪਾਸ ਕਰਨ ਦੀ ਕੀ ਲੋੜ ਸੀ? ਇਸ ਕੰਮ ਲਈ ਕੁਝ ਸਮਾਂ ਉਡੀਕ ਕਿਉਂ ਨਹੀਂ ਸੀ ਕੀਤੀ ਜਾ ਸਕੀ? 'ਇਕ ਦੇਸ਼, ਇੱਕ ਚੋਣ' ਦਾ ਮੁੱਦਾ ਵੀ ਨਵਾਂ ਨਹੀਂ। ਇਸ ਬਾਰੇ ਪਹਿਲਾਂ ਕਦੇ-ਕਦਾਈਂ ਗੱਲ ਚੱਲਦੀ ਤੇ ਰੁਕਦੀ ਰਹੀ ਹੈ। ਫਿਰ ਇਸ ਨੂੰ ਇਸੇ ਵਕਤ, ਜਦੋਂ ਕਿਸਾਨੀ ਦੇ ਭਵਿੱਖ ਦਾ ਮੁੱਦਾ ਭਖਿਆ ਪਿਆ ਹੈ, ਅਗਲੀ ਰਾਜਨੀਤਕ ਬਹਿਸ ਲਈ ਏਜੰਡੇ ਵਜੋਂ ਪੇਸ਼ ਕਰਨ ਦੀ ਕੀ ਲੋੜ ਸੀ? ਕਾਹਲ ਕਰਨ ਦੀ ਥਾਂ ਇਹ ਮੁੱਦਾ ਕੁਝ ਚਿਰ ਪਿੱਛੋਂ ਵੀ ਉਠਾਇਆ ਜਾ ਸਕਦਾ ਸੀ, ਪਰ ਇੱਕ ਰਣਨੀਤੀ ਅਧੀਨ ਇਸ ਵੇਲੇ ਪੇਸ਼ ਕੀਤਾ ਗਿਆ ਹੈ।

ਚੋਣਾਂ ਨਾਲ ਸਬੰਧਤ ਦੋ ਮੁੱਦੇ ਏਦਾਂ ਦੇ ਹਨ, ਜਿਹੜੇ ਇੱਕ ਖਾਸ ਸੋਚਣੀ ਹੇਠ ਕਈ ਵਾਰੀ ਪੇਸ਼ ਕੀਤੇ ਗਏ ਤੇ ਜਦੋਂ ਲੋਕਾਂ ਨੇ ਨਹੀਂ ਚੁੱਕੇ ਤਾਂ ਠੱਪੇ ਜਾਂਦੇ ਰਹੇ ਹਨ। ਇੱਕ ਮੁੱਦਾ ਕਈ ਸਾਲ ਪਹਿਲਾਂ ਲਾਲ ਕ੍ਰਿਸ਼ਨ ਅਡਵਾਨੀ ਨੇ ਹਰ ਨਾਗਰਿਕ ਲਈ ਵੋਟ ਪਾਉਣਾ ਲਾਜ਼ਮੀ ਕਰ ਦੇਣ ਦਾ ਉਛਾਲਿਆ ਤੇ ਇਹ ਤਜਵੀਜ਼ ਦਿੱਤੀ ਸੀ ਕਿ ਜਿਹੜਾ ਵੋਟ ਨਹੀਂ ਪਾਵੇਗਾ, ਉਸ ਦੇ ਲਈ ਜੇਲ੍ਹ ਦੀ ਸਜ਼ਾ ਰੱਖੀ ਜਾਵੇਗੀ। ਮੈਂ ਉਦੋਂ ਇਸ ਦੇ ਵਿਰੁੱਧ ਲਿਖਿਆ ਸੀ ਕਿ ਭਾਰਤ ਵਿਚ ਇਹ ਵੀ ਮਿਸਾਲਾਂ ਹਨ, ਜਿੱਥੇ ਕਿਸੇ ਚੋਣ ਵਿਚ ਇੱਕੋ ਹਲਕੇ ਵਿਚ ਦੋ ਜਾਂ ਤਿੰਨ ਮੁੱਖ ਉਮੀਦਵਾਰ ਲੁੱਚੇ-ਬਦਮਾਸ਼ ਹੀ ਖੜ੍ਹੇ ਹੋ ਜਾਂਦੇ ਹਨ, ਜਿੱਤਣਾ ਉਨ੍ਹਾਂ ਵਿਚੋਂ ਕਿਸੇ ਇੱਕ ਨੇ ਹੁੰਦਾ ਸੀ, ਉਸ ਹਾਲਤ ਵਿਚ ਜੇ ਕੋਈ ਨਾਗਰਿਕ ਵੋਟ ਪਾਉਣ ਮਗਰੋਂ ਪੰਜ ਸਾਲ ਆਪਣੇ ਮਨ ਵਿਚ ਸ਼ਰਮ ਦਾ ਅਹਿਸਾਸ ਹੰਢਾਉਣ ਦੀ ਥਾਂ ਵੋਟ ਦੇਣ ਨਹੀਂ ਜਾਣਾ ਚਾਹੁੰਦਾ ਤਾਂ ਇਸ ਲੋਕਤੰਤਰ ਵਿਚ ਉਸ ਨੂੰ ਇਸ ਪ੍ਰਕਿਰਿਆ ਤੋਂ ਦੂਰ ਰਹਿਣ ਦਾ ਹੱਕ ਵੀ ਹੋਣਾ ਚਾਹੀਦਾ ਹੈ, ਉਸ ਨੂੰ ਕਿਸੇ ਇੱਕ ਬਦਮਾਸ਼ ਨੂੰ ਵੋਟ ਪਾਉਣ ਲਈ ਮਜਬੂਰ ਕਰਨਾ ਗਲਤ ਹੈ।

ਉੱਤਰ ਪ੍ਰਦੇਸ਼ ਵਿਚ ਇੱਕ ਵਾਰ ਇੱਕੋ ਹਲਕੇ ਵਿਚ ਤਿੰਨ ਵੱਡੀਆਂ ਪਾਰਟੀਆਂ ਨੇ ਜਿਹੜੇ ਉਮੀਦਵਾਰ ਖੜ੍ਹੇ ਕੀਤੇ, ਉਹ ਤਿੰਨੇ ਕਤਲ ਕੇਸਾਂ ਵਿਚ ਇੱਕੋ ਜੇਲ੍ਹ ਵਿਚ ਬੰਦ ਸਨ ਤੇ ਜਿਹੜਾ ਇੱਕ ਜਿੱਤ ਗਿਆ, ਉਸ ਨੇ ਸਾਰੀ ਜੇਲ੍ਹ ਦੇ ਕੈਦੀਆਂ ਦੀ ਪਾਰਟੀ ਕੀਤੀ ਅਤੇ ਆਪਣੇ ਮੁਕਾਬਲੇ ਵਿਚ ਹਾਰੇ ਹੋਏ ਦੋਵਾਂ ਉਮੀਦਵਾਰਾਂ ਨੂੰ ਵੀ ਸ਼ਰਾਬ ਦੀਆਂ ਬੋਤਲਾਂ ਤੇ ਮੀਟ-ਮੁਰਗਾ ਭੇਜੇ ਸਨ। ਇਹੋ ਜਿਹੇ ਹਲਕੇ ਵਿਚ ਰਹਿੰਦੇ ਕਿਸੇ ਜ਼ਮੀਰ ਵਾਲੇ ਵੋਟਰ ਨੂੰ ਏਦਾਂ ਦੇ ਤਿੰਨਾਂ ਵਿਚੋਂ ਕਿਸੇ ਇੱਕ ਬਦਮਾਸ਼ ਜਾਂ ਕਾਤਲ ਨੂੰ ਵੋਟ ਲਈ ਮਜਬੂਰ ਕਿਉਂ ਕਰਨਾ ਚਾਹੀਦਾ ਹੈ? ਜੇ ਉਹ ਇਸ ਕਿਸਮ ਦੇ ਲੋਕਤੰਤਰੀ ਰੰਗ ਤੋਂ ਲਾਂਭੇ ਰਹਿਣਾ ਚਾਹੁੰਦਾ ਹੈ ਤਾਂ ਉਸ ਨੂੰ ਲਾਂਭੇ ਰਹਿਣ ਦਾ ਹੱਕ ਵੀ ਹੋਣਾ ਚਾਹੀਦਾ ਹੈ।

ਜਿਹੜਾ 'ਇੱਕ ਦੇਸ਼, ਇੱਕ ਚੋਣ' ਦਾ ਮੁੱਦਾ ਇਸ ਹਫਤੇ ਨਰਿੰਦਰ ਮੋਦੀ ਨੇ ਚੁੱਕਿਆ ਹੈ, ਇਹ ਵੀ ਬੇਹੀ ਕੜ੍ਹੀ ਦਾ ਉਬਾਲਾ ਹੈ। ਕਈ ਸਾਲ ਪਹਿਲਾਂ ਇਹੋ ਵਿਚਾਰ ਲਾਲ ਕ੍ਰਿਸ਼ਨ ਅਡਵਾਨੀ ਨੇ ਵਾਜਪਾਈ ਸਰਕਾਰ ਦੇ ਵਕਤ ਉਭਾਰ ਕੇ ਪੇਸ਼ ਕੀਤਾ ਸੀ, ਪਰ ਉਦੋਂ ਵਿਰੋਧ ਹੁੰਦਾ ਵੇਖ ਕੇ ਛੱਡਣਾ ਪਿਆ ਸੀ। ਅੱਜ ਜਦੋਂ ਨਰਿੰਦਰ ਮੋਦੀ ਨੂੰ ਪਤਾ ਹੈ ਕਿ ਉਸ ਦੇ ਵਿਰੋਧ ਵਿਚ ਬੋਲਣ ਦੀ ਜੁਰਅਤ ਕਰਨ ਵਾਲੇ ਬਹੁਤੇ ਲੋਕ ਨਹੀਂ ਰਹਿ ਗਏ ਤਾਂ ਆਪਣੇ ਸਿਆਸੀ ਗੁਰੂ ਅਡਵਾਨੀ ਵਾਲੀ ਧਾਰਨਾ ਫਿਰ ਪੇਸ਼ ਕਰ ਦਿੱਤੀ ਹੈ। ਇਹੋ ਧਾਰਨਾ ਉਨ੍ਹਾਂ ਨੇ ਚਾਰ ਸਾਲ ਪਹਿਲਾਂ ਵੀ ਚੁੱਕੀ ਸੀ, ਪਰ ਨਬਜ਼ ਟੋਹਣ ਪਿੱਛੋਂ ਛੱਡ ਦਿੱਤੀ ਗਈ ਸੀ। ਇਸ ਵਾਰ ਫਿਰ ਜਿਵੇਂ ਉਛਾਲੀ ਗਈ ਹੈ, ਇਸ ਦੇ ਨਾਲ ਬਹਿਸ ਛਿੜ ਗਈ ਹੈ। ਅਮਰੀਕਾ ਵੱਲ ਝੁਕਦੇ ਹੋਣ ਕਾਰਨ ਭਾਜਪਾ ਆਗੂ ਬਹੁਤ ਚਿਰਾਂ ਤੋਂ ਸਿਰਫ 'ਇੱਕ ਦੇਸ਼, ਇੱਕ ਚੋਣ' ਹੀ ਨਹੀਂ, ਅਮਰੀਕਾ ਵਾਂਗ ਦੇਸ਼ ਦੇ ਵੋਟਰਾਂ ਵੱਲੋਂ ਰਾਸ਼ਟਰਪਤੀ ਦੀ ਸਿੱਧੀ ਚੋਣ ਅਤੇ ਉਸ ਰਾਸ਼ਟਰਪਤੀ ਦੇ ਹੱਥ ਸਾਰੀ ਤਾਕਤ ਹੋਣ ਵਾਲਾ ਰਾਜ ਪ੍ਰਬੰਧ ਵੀ ਲਾਗੂ ਹੋਇਆ ਮੰਗਦੇ ਰਹੇ ਹਨ। ਇਸ ਪਿੱਛੇ ਇੱਕ ਖਾਸ ਰਾਜਨੀਤੀ ਇਹ ਹੈ ਕਿ ਅੱਧ-ਪੜ੍ਹੀ ਅਤੇ ਆਪੋ-ਆਪਣੇ ਫਿਰਕੇ ਦੇ ਨਾਂ ਉੱਤੇ ਲੜਨ ਲਈ ਤਿਆਰ ਰਹਿੰਦੀ ਇਸ ਦੇਸ਼ ਦੀ ਜਨਤਾ ਵਿਚੋਂ ਬਹੁ-ਗਿਣਤੀ ਧਰਮ ਦੇ ਲੋਕਾਂ ਨੂੰ ਧਾਰਮਿਕਤਾ ਦਾ ਰੰਗ ਚਾੜ੍ਹ ਕੇ ਇੱਕੋ ਧਰਮ ਦਾ ਰਾਜ ਕਾਇਮ ਕਰਨ ਲਈ ਵਰਤਿਆ ਜਾ ਸਕਦਾ ਹੈ। ਇਹ ਨੀਤੀ ਅਜੇ ਤੱਕ ਕਾਮਯਾਬ ਨਹੀਂ ਹੋਈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਛੱਡ ਦਿੱਤੀ ਹੈ, ਕੁਝ ਚਿਰ ਬਾਅਦ ਇਹੋ ਮੁੱਦਾ ਫਿਰ ਉੱਠ ਸਕਦਾ ਹੈ।

ਜਿੱਥੋਂ ਤੱਕ 'ਇੱਕ ਦੇਸ਼, ਇੱਕ ਚੋਣ' ਦੀ ਪ੍ਰਣਾਲੀ ਦਾ ਸਵਾਲ ਹੈ, ਉਹ ਭਾਰਤ ਵਰਗੇ ਰਾਜਾਂ ਦੀ ਰਾਜਨੀਤੀ ਅੰਦਰ ਅਸਥਿਰਤਾ ਵਾਲੇ ਮਾਹੌਲ ਵਿਚ ਫਿੱਟ ਨਹੀਂ ਬੈਠ ਸਕਦਾ, ਪਰ ਮੌਜੂਦਾ ਹਾਲਾਤ ਵਿਚ ਭਾਜਪਾ ਨੂੰ ਠੀਕ ਰਹੇਗਾ। ਏਦਾਂ ਦੀ ਧਾਰਨਾ ਹੇਠ ਜੇ ਸਾਰੇ ਦੇਸ਼ ਵਿਚ ਇੱਕੋ ਵਾਰ ਚੋਣਾਂ ਹੋਣ ਤੇ ਫਿਰ ਪੰਜ ਸਾਲ ਤੱਕ ਕੋਈ ਚੋਣ ਨਾ ਹੋਣੀ ਨਾ ਹੋਵੇ ਤਾਂ ਅਗਲੀ ਸਮੱਸਿਆ ਇਹ ਹੈ ਕਿ ਕਿਸੇ ਰਾਜ ਵਿਚ ਕੋਈ ਪਾਰਟੀ ਪਾਟ ਗਈ ਤੇ ਕਿਸੇ ਧਿਰ ਨਾਲ ਬਹੁ-ਸੰਮਤੀ ਨਾ ਹੋਣ ਦੀ ਹਾਲਤ ਬਣ ਜਾਵੇਗੀ ਤਾਂ ਕੀ ਹੋਵੇਗਾ? ਉਥੇ ਕਿਸੇ ਧਿਰ ਕੋਲ ਬਹੁ-ਸੰਮਤੀ ਨਾ ਰਹੀ ਤੇ ਕੋਈ ਵੀ ਸਰਕਾਰ ਹੀ ਨਾ ਬਣ ਸਕੀ ਤਾਂ ਰਾਜ ਕੌਣ ਚਲਾਵੇਗਾ? ਸਾਫ ਹੈ ਕਿ ਉਦੋਂ ਪੰਜ ਸਾਲ ਪੂਰੇ ਹੋਣ ਤੱਕ ਨਵੀਂ ਚੋਣ ਕਰਵਾਉਣ ਦੀ ਕੋਈ ਵਿਚਾਰ ਨਹੀਂ ਕੀਤੀ ਜਾਵੇਗੀ, ਸਗੋਂ ਕੇਂਦਰ ਸਰਕਾਰ ਉਥੇ ਰਾਸ਼ਟਰਪਤੀ ਰਾਜ ਲਾਗੂ ਕਰੇਗੀ ਅਤੇ ਕਿਸੇ ਹਾਰੇ ਹੋਏ ਆਗੂ ਨੂੰ ਗਵਰਨਰ ਲਾ ਕੇ ਉਸ ਦੇ ਰਾਹੀਂ ਆਪਣੀ ਬਹੁ-ਸੰਮਤੀ ਦੇ ਬਗੈਰ ਵੀ ਦਿੱਲੀ ਵਿਚੋਂ ਉਸ ਰਾਜ ਦੀ ਸਰਕਾਰ ਚਲਾਵੇਗੀ।

ਦੂਜੀ ਸਮੱਸਿਆ ਇਹ ਹੈ ਕਿ ਫਰਜ਼ ਕਰੋ, ਕੇਂਦਰ ਦੀ ਸਰਕਾਰ ਕਿਸੇ ਉਲਝਣ ਵਿਚ ਫਸ ਕੇ ਟੁੱਟ ਜਾਂਦੀ ਤੇ ਪਾਰਲੀਮੈਂਟ ਚੋਣ ਕਰਵਾਉਣੀ ਪੈ ਜਾਂਦੀ ਹੈ। ਇਹ ਸਮੱਸਿਆ ਕੇਂਦਰ ਸਰਕਾਰ ਦੀ ਹੋਵੇਗੀ, ਪਰ 'ਇੱਕ ਦੇਸ਼, ਇੱਕ ਚੋਣ' ਦਾ ਫਾਰਮੂਲਾ ਹੋਣ ਕਾਰਨ ਠੀਕ-ਠਾਕ ਚੱਲਦੇ ਹੋਣ ਦੇ ਬਾਵਜੂਦ ਸਾਰੀਆਂ ਵਿਧਾਨ ਸਭਾਵਾਂ ਤੋੜਨ ਤੇ ਹਰ ਰਾਜ ਦੇ ਲਈ ਨਵੀਂਆਂ ਵਿਧਾਨ ਸਭਾ ਚੋਣਾਂ ਕਰਾਉਣ ਦਾ ਕਜ਼ੀਆ ਕਰਨਾ ਪੈ ਜਾਵੇਗਾ। ਜਿਹੜੇ ਰਾਜ ਠੀਕ ਚੱਲ ਰਹੇ ਹਨ, ਉਨ੍ਹਾਂ ਦੇ ਲੋਕਾਂ ਨੂੰ ਕੇਂਦਰ ਦੀ ਸਰਕਾਰ ਟੁੱਟਣ ਦੀ ਸਜ਼ਾ ਕਿਸ ਲਈ ਦਿੱਤੀ ਜਾਵੇਗੀ, ਪਤਾ ਨਹੀਂ। ਸਭ ਤੋਂ ਵੱਡੀ ਗੱਲ ਤਾਂ ਇਹ ਕਿ ਅੱਜ ਇਹ ਫਾਰਮੂਲਾ ਲਾਗੂ ਕਰਨ ਦੀ ਤਜਵੀਜ਼ ਪਾਸ ਹੁੰਦੀ ਹੈ ਤਾਂ ਪੰਜਾਬ ਨੂੰ ਬਹੁਤਾ ਫਰਕ ਨਹੀਂ ਪੈਣਾ, ਏਥੇ ਵਿਧਾਨ ਸਭਾ ਚੋਣਾਂ ਵਿਚ ਉਂਜ ਵੀ ਮਸਾਂ ਸਵਾ ਸਾਲ ਬਾਕੀ ਹੈ, ਪਰ ਜਿਸ ਬਿਹਾਰ ਦੀ ਚੋਣ ਹਾਲੇ ਪੰਝੀ ਦਿਨ ਪਹਿਲਾਂ ਨਿੱਬੜੀ ਹੈ, ਉਸ ਰਾਜ ਦੀ ਵਿਧਾਨ ਸਭਾ ਵੀ ਅੱਜ ਜਾਂ ਅਗਲੇ ਸਾਲ ਜਾਂ ਵੱਧ ਤੋਂ ਵੱਧ ਅਗਲੇਰੇ ਸਾਲ ਮਿਆਦ ਹੰਢਾਉਣ ਤੋਂ ਬਿਨਾ ਤੋੜ ਕੇ ਫਿਰ ਪਾਰਲੀਮੈਂਟ ਦੇ ਨਾਲ ਚੋਣਾਂ ਕਰਾਈਆਂ ਜਾਣਗੀਆਂ। ਇਹ ਉਥੋਂ ਦੇ ਲੋਕਾਂ ਨੂੰ ਸਜ਼ਾ ਦੇਣ ਬਰਾਬਰ ਹੋਵੇਗਾ। ਇਹ ਸਭ ਵਿਚਾਰ ਇਸ ਵਕਤ ਬਹਿਸ ਦਾ ਮੁੱਦਾ ਬਣ ਰਹੇ ਹਨ, ਪਰ ਜਿਸ ਪ੍ਰਧਾਨ ਮੰਤਰੀ ਨੇ ਇਨ੍ਹਾਂ ਵਿਚਾਰਾਂ ਦਾ ਸ਼ੋਸ਼ਾ ਛੱਡਿਆ ਹੈ, ਅਜੋਕੀ ਬੋਲੀ ਵਿਚ ਇੱਕ ਨਵਾਂ ਜੁਮਲਾ ਪੇਸ਼ ਕੀਤਾ ਹੈ, ਉਸ ਨੇ ਇਸ ਉੱਤੇ ਕਾਇਮ ਰਹਿਣਾ ਹੈ ਜਾਂ ਇਸ ਬਹਿਸ ਦੌਰਾਨ ਕੋਈ ਨਵਾਂ ਜੁਮਲਾ ਲਿਆ ਪੇਸ਼ ਕਰਨਾ ਹੈ, ਇਹ ਵੀ ਦੇਸ਼ ਦੇ ਲੋਕ ਕਦੇ ਨਹੀਂ ਜਾਣ ਸਕਦੇ। ਹਰ ਗੱਲ ਆਣਕਿਆਸੇ ਢੰਗ ਨਾਲ ਕਹਿਣ ਅਤੇ ਕਰਨ ਦੇ ਆਦੀ ਇਸ ਪ੍ਰਧਾਨ ਮੰਤਰੀ ਦਾ ਅਸਲ ਇਰਾਦਾ ਦੋ ਵਿਅਕਤੀਆਂ ਵਿਚਾਲੇ ਸਿੱਧੀਆਂ ਵੋਟਾਂ ਦੇ ਮੁਕਾਬਲੇ ਵਿਚ ਉੱਭਰ ਕੇ ਉਹੋ ਜਿਹਾ ਰਾਸ਼ਟਰਪਤੀ ਬਣਨ ਦਾ ਹੈ, ਜਿਹੜਾ ਪਾਰਲੀਮੈਂਟ ਦੀਆਂ ਪਾਸ ਕੀਤੀਆਂ ਤਜਵੀਜ਼ਾਂ ਨੂੰ ਰੱਦ ਕਰਨ ਅਤੇ ਮਰਜ਼ੀ ਮੁਤਾਬਕ ਦੇਸ਼ ਚਲਾਉਣ ਦੀ ਤਾਕਤ ਰੱਖਦਾ ਹੋਵੇ। ਇਰਾਦਾ ਤਾਂ ਬਹੁਤ ਲੰਮੀ ਛਾਲ ਮਾਰਨ ਦਾ ਹੈ, ਪਰ ਕੀ ਭਾਰਤ ਦੇ ਲੋਕ ਇਸ ਲਈ ਰਾਜ਼ੀ ਹੋ ਸਕਣਗੇ, ਇਸ ਸਵਾਲ ਦਾ ਜਵਾਬ ਭਵਿੱਖ ਦੀ ਕੁੱਖ ਵਿਚ ਹੈ।

---

# ਪੰਜਾਬ ਨਾਲ ਹਮੇਸ਼ਾ ਵਿਤਕਰਾ ਕਿਉਂ?

ਇਕਬਾਲ ਸਿੰਘ ਜੱਬੋਵਾਲੀਆ
ਫੋਨ: 917-375-6395

ਪੰਜਾਬ ਦੇ ਦਲੇਰ ਲੋਕੀ,
ਹੱਕ ਕਿਸੇ ਦਾ ਰੱਖਦੇ ਨਹੀਂ।
ਹੱਕ ਸੱਚ ਦੀ ਗੱਲ ਹੋਵੇ ਜਦੋਂ,
ਪਿਛੇ ਕਦੇ ਹੱਟਦੇ ਨਹੀਂ।
ਕੁਰਬਾਨੀਆਂ ਨਾਲ ਪੰਜਾਬ ਦੀ
ਜਿਨ੍ਹਾਂ ਲੱਜ ਰੱਖੀ,
ਨਾਂ ਇਤਿਹਾਸ ਵਿਚ ਲਿਖਾ ਗਏ ਨੇ।
ਸੰਘਰਸ਼ ਹੋਵੇ ਕਿਸਾਨੀ ਹੱਕੀ ਮੰਗਾਂ ਦਾ ਜਦੋਂ,
ਦਿੱਲੀ ਦਰਬਾਰ ਨੂੰ ਦਿਨੇ ਤਾਰੇ ਵਿਖਾ ਗਏ ਨੇ।

ਪੰਜਾਬ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਹੈ। ਪੰਜਾਬ ਦੇ ਲੋਕਾਂ ਨੇ ਹਰ ਕੰਮ 'ਚ ਹਮੇਸ਼ਾ ਵੱਧ-ਚੜ੍ਹ ਕੇ ਹਿੱਸਾ ਪਾਇਆ। 1965 ਜਾਂ 1971 ਦੀਆਂ ਜੰਗਾਂ ਜਾਂ ਕਾਰਗਿਲ ਦੀ ਲੜਾਈ 'ਚ ਪੰਜਾਬ ਦੇ ਸੂਰਵੀਰ-ਯੋਧਿਆਂ ਨੇ ਦੁਸ਼ਮਣ ਦੀਆਂ ਗੋਡਣੀਆਂ ਲਵਾਈਆ ਤੇ ਮੈਦਾਨੇ-ਜੰਗ ਫਤਹਿ ਕਰ ਕੇ ਭਾਰਤ ਦੇ ਝੰਡੇ ਬੁਲੰਦ ਕੀਤੇ; ਪਰ ਫਿਰ ਵੀ ਪੰਜਾਬ ਨਾਲ ਪੱਖਪਾਤ ਕਿਉਂ? ਇਹ ਲਿਖਦਿਆਂ ਮੈਨੂੰ ਫਿਰ ਵੀ ਫਖਰ ਮਹਿਸੂਸ ਹੁੰਦਾ ਹੈ ਕਿ ਪੰਜਾਬ ਵਾਲੇ ਕਿਸੇ ਦੀ ਪ੍ਰਵਾਹ ਨਹੀਂ ਕਰਦੇ। ਪੰਜਾਬ ਵਾਲੇ ਖੁਦਮੁਖਤਾਰ ਹਨ। ਰੱਬ ਦੀ ਬੜੀ ਰਹਿਮਤ ਐ। ਸਵੇਰੇ-ਸ਼ਾਮ ਗੁਰਦੁਆਰਿਆਂ 'ਚ ਬਾਣੀ ਦੇ ਪਾਠ ਚਲਦੇ ਨੇ। ਘਰਾਂ 'ਚ ਵੀ ਨਾਮ-ਬਾਣੀ ਦਾ ਸਿਮਰਨ ਹੁੰਦੈ। ਸਮੁੱਚੀ ਲੋਕਾਈ ਦੀ ਚੜ੍ਹਦੀ ਕਲਾ ਦੀਆਂ ਅਰਦਾਸਾਂ ਹੁੰਦੀਆਂ ਨੇ।

ਜੇ ਗੱਲ ਕਰੀਏ ਕਿਸਾਨੀ ਦੀ ਤਾਂ ਪੰਜਾਬ ਦੇ ਕਿਸਾਨ ਨੂੰ ਕਰੋੜਾਂ ਲੋਕਾਂ ਦੇ ਢਿੱਡ ਭਰਨ ਵਾਲਾ ਅੰਨ-ਦਾਤਾ ਕਿਹਾ ਜਾਂਦੈ। ਅੰਨ-ਦਾਤਾ ਨੇ ਹਨੇਰ-ਸਵੇਰ, ਦਿਨ-ਰਾਤ, ਧੁੱਪ-ਛਾਂ, ਮੀਂਹ-ਝੱਖੜ ਕਦੇ ਨਾ ਵੇਖਿਆ, ਖੇਤਾਂ 'ਚ ਸਦਾ ਮਿੱਟੀ ਨਾਲ ਮਿੱਟੀ ਹੋ ਕੇ ਰਿਹੈ। ਘਰਾਂ 'ਚ ਵਰਤਣ ਵਾਲੀ ਹਰ ਚੀਜ਼ ਪੈਦਾ ਕਰਨ ਦੀ ਸਮੱਰਥਾ ਕਿਸਾਨ ਰੱਖਦਾ ਹੈ। ਘਰਾਂ 'ਚ ਖਾਣ-ਪੀਣ ਵਾਲਾ ਅਨਾਜ, ਦਾਲਾਂ, ਸਬਜ਼ੀਆਂ ਖੁਦ-ਬ-ਖੁਦ ਪੈਦਾ ਕਰ ਸਕਦੇ ਹਨ। ਫਸਲ ਬੀਜਣ ਤੋਂ ਪੱਕਣ ਤੇ ਮੰਡੀ ਲਿਜਾਣ ਤੱਕ ਕਿੰਨੀ ਮਿਹਨਤ-ਮੁਸ਼ੱਕਤ ਕਰਦੇ ਹਨ। ਬੀਜਣ ਤੋਂ ਆੜ੍ਹਤੀਏ ਤੱਕ ਕਿੰਨੇ ਲੋਕਾਂ ਦਾ ਢਿੱਡ ਭਰਦੈ। ਹਰ ਇਨਸਾਨ ਦੀ ਬਹੁਤੀਆਂ ਬਿਮਾਰੀਆਂ ਦਾ ਇਲਾਜ ਘਰ ਦੀ ਕਿਚਨ ਵਿਚ ਹੀ ਪਿਆ ਹੁੰਦੈ। ਕਿਸੇ ਦੀ ਮਾਲਕੀ ਸਾਂਭਣ ਨੂੰ ਕੋਈ ਫਿਰੇ ਜਾਂ ਕੋਈ ਹੋਰ ਹਥਿਆਉਣ ਨੂੰ ਫਿਰੇ ਤਾਂ ਇਹ ਨਾ-ਮੁਮਕਿਨ ਹੈ।

ਅਹਿਮਦ ਸ਼ਾਹ ਅਬਦਾਲੀ ਵਰਗੇ ਪੰਜਾਬ ਨੂੰ ਹਰ ਤਰ੍ਹਾਂ ਨਾਲ ਲੁਟਦੇ ਆਏ ਨੇ ਤੇ ਲੁਟਦੇ ਰਹਿਣਗੇ ਵੀ। ਪੰਜਾਬ ਨੂੰ ਕਦੇ ਫਰਕ ਨਹੀਂ ਪਿਆ। ਪੰਜਾਬ ਦੇ ਲੋਕਾਂ ਕਦੇ ਪ੍ਰਵਾਹ ਨਹੀਂ ਕੀਤੀ। ਹਰ ਮੁਸ਼ਕਿਲ ਦਾ ਬੜੀ ਦਲੇਰੀ ਨਾਲ ਟਾਕਰਾ ਕਰਦੇ ਰਹੇ। ਪੰਜਾਬ ਦੀ ਖੁਸ਼ਹਾਲੀ ਕਈਆਂ ਨੂੰ ਚੁੱਭਦੀ ਹੈ। ਕਾਰਨ, ਪੰਜਾਬ ਦੇ ਬਹੁਤੇ ਲੋਕੀ ਵਿਦੇਸ਼ਾਂ ਵਿਚ ਰਹਿੰਦੇ ਹਨ। ਪੰਜਾਬ ਦੀ ਖੁਸ਼ਹਾਲੀ ਵਿਚ ਐਨ. ਆਰ. ਆਈ. ਭਰਾਵਾਂ, ਪਰਿਵਾਰਾਂ ਤੇ ਪਿਆਰ ਕਰਨ ਵਾਲੇ ਬੜੇ ਦਾਨੀ ਸੱਜਣਾਂ ਦਾ ਵੱਡਾ ਯੋਗਦਾਨ ਹੈ। ਉਹ ਆਪਣੇ ਪੰਜਾਬ ਨੂੰ ਖੁਸ਼ੀਆਂ, ਖੇੜਿਆਂ ਤੇ ਨਸ਼ਾ ਰਹਿਤ ਵੇਖਣਾ ਚਾਹੁੰਦੇ ਹਨ।

ਦਿੱਲੀ ਦਰਬਾਰ ਵਲੋਂ ਪੰਜਾਬ ਨਾਲ ਹਮੇਸ਼ਾ ਫਰਕ ਤੇ ਧੱਕਾ ਕੀਤਾ ਗਿਐ। ਪੰਜਾਬ ਦਾ ਹਮੇਸ਼ਾ ਨੁਕਸਾਨ ਕਰਨ ਦੀ ਕੋਸ਼ਿਸ਼ ਕੀਤੀ। ਸਭ ਤੋਂ ਵੱਧ ਨੁਕਸਾਨ ਨੌਜਵਾਨੀ ਦਾ ਨਸ਼ਾ ਕੀਤਾ, ਨਸ਼ਿਆਂ ਨਾਲ। ਸਿੱਧੇ ਜਾਂ ਅਸਿੱਧੇ ਤੌਰ 'ਤੇ ਪੰਜਾਬ ਦਾ ਹਮੇਸ਼ਾ ਨੁਕਸਾਨ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਰਹੀਆਂ, ਜੋ ਹੁਣ ਵੀ ਜਾਰੀ ਹਨ।

ਭਾਰਤ-ਪਾਕਿਸਤਾਨ ਵੰਡ ਤੋਂ ਬਾਅਦ ਪੰਜਾਬ ਅੱਧਾ ਰਹਿ ਗਿਆ ਸੀ। ਭਾਰਤੀ ਪੰਜਾਬ 'ਚ ਕਦੇ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਰਲ ਕੇ ਵੱਡਾ ਪੰਜਾਬ ਹੁੰਦਾ ਸੀ। ਹਰਿਆਣਾ, ਹਿਮਾਚਲ ਪ੍ਰਦੇਸ਼ ਵੱਖ ਕਰ ਦਿੱਤੇ 'ਤੇ 'ਕੱਲਾ ਪੰਜਾਬ ਰਹਿ ਗਿਆ, ਹੁਣ ਉਸ ਦੇ ਵੀ ਟੋਟੇ ਟੋਟੇ ਕਰਨ ਦੀਆਂ ਸਕੀਮਾਂ ਚਲ ਰਹੀਆਂ ਨੇ।

ਅੱਜ ਦੇ ਹਾਲਾਤ ਮੁਤਾਬਕ ਬਾਰਡਰ ਪਾਰ ਕਰਦੇ ਤੇ ਲੱਖ ਮੁਸੀਬਤਾਂ ਨੂੰ ਚੀਰਦੇ ਹੋਏ ਪੰਜਾਬ ਦੇ ਲੋਕ ਦਿੱਲੀ ਤੱਕ ਪਹੁੰਚ ਗਏ ਹਨ। ਮੋਦੀ ਸਰਕਾਰ ਨੂੰ ਸੋਚਣ 'ਤੇ ਮਜ਼ਬੂਰ ਜਰੂਰ ਕਰਨਗੇ।

ਸ਼ਹੀਦ ਭਗਤ ਸਿੰਘ ਨੇ ਕਿਹਾ ਸੀ ਕਿ ਆਪਸ ਵਿਚ ਲੜਨ ਦੀ ਥਾਂ ਦੁਸ਼ਮਣ ਦੀ ਚਾਲ ਸਮਝੋ। ਗਰੀਬ, ਮਿਹਨਤਕਸ਼ ਅਤੇ ਕਿਸਾਨਾਂ ਨੂੰ ਸਪੱਸਟ ਤੌਰ 'ਤੇ ਸਮਝ ਲੈਣਾ ਚਾਹੀਦੈ ਕਿ ਉਨ੍ਹਾਂ ਦੇ ਅਸਲੀ ਦੁਸ਼ਮਣ ਪੂੰਜੀਪਤੀ ਹਨ। ਇਸ ਕਰਕੇ ਉਨ੍ਹਾਂ ਦੀਆਂ ਚਾਲਾਂ ਤੋਂ ਬਚ ਕੇ ਰਹੋ, ਆਪਸ ਵਿਚ ਨਾ ਲੜੋ। ਦੁਨੀਆਂ ਦੇ ਸਾਰੇ ਗਰੀਬਾਂ ਭਾਵੇਂ ਕਿਸੇ ਵੀ ਜਾਤ, ਨਸਲ, ਧਰਮ ਜਾਂ ਰਾਸ਼ਟਰ ਦਾ ਹੋਵੇ, ਅਧਿਕਾਰ ਸਭ ਲਈ ਬਰਾਬਰ ਹੁੰਦੇ ਹਨ। ਭਲਾਈ ਇਹਦੇ ਵਿਚ ਹੈ ਕਿ ਤੁਸੀਂ ਧਰਮ, ਰੰਗ, ਨਸਲ ਅਤੇ ਦੇਸ਼-ਭਗਤੀ ਦੇ ਭੇਦ-ਭਾਵ ਭੁੱਲਾ ਕੇ ਇਕ ਹੋ ਜਾਉ ਅਤੇ ਸਰਕਾਰ ਦੀ ਤਾਕਤ ਆਪਣੇ ਹੱਥਾਂ 'ਚ ਲੈਣ ਦੀ ਕੋਸ਼ਿਸ਼ ਕਰੋ। ਯਤਨ ਕਰਨ ਨਾਲ ਤੁਹਾਡਾ ਕੋਈ ਨੁਕਸਾਨ ਨਹੀਂ ਹੋਵੇਗਾ। ਇਕ ਨਾ ਇਕ ਦਿਨ ਤੁਹਾਡੀਆਂ ਜੰਜ਼ੀਰਾਂ ਜਰੂਰ ਕੱਟ ਜਾਣਗੀਆਂ ਤੇ ਤੁਹਾਨੂੰ ਆਰਥਕ ਸੁਤੰਤਰਤਾ ਜਰੂਰ ਮਿਲੇਗੀ।

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿਚ ਰੰਗ, ਧਰਮ, ਨਸਲ ਤੇ ਊਚ-ਨੀਚ ਦਾ ਭੇਦਭਾਵ ਨਾ ਰੱਖ ਕੇ ਸਭ ਨੂੰ ਇਕ ਖਾਲਸਾ ਰਾਜ ਦੇ ਝੰਡੇ ਥੱਲੇ 'ਕੱਠੇ ਕੀਤਾ ਸੀ। ਸੂਰਵੀਰ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਨੇ ਖਾਲਸਾ ਰਾਜ ਵਿਚ ਪੂੰਜੀਪਤੀਆਂ ਕੋਲੋਂ ਜ਼ਮੀਨਾਂ, ਜ਼ਗੀਰਾਂ ਤੇ ਜਾਇਦਾਦਾਂ ਖੋਹ ਕੇ ਆਮ ਲੋਕਾਂ 'ਚ ਵੰਡੀਆਂ ਸਨ। ਉਨ੍ਹਾਂ ਦੇ ਦਿੱਤੇ ਹੱਕ 'ਤੇ ਕੋਈ ਡਾਕਾ ਕਿੱਦਾਂ ਮਾਰ ਜਾਵੇ!

ਪੰਜਾਬ ਦੇ ਲੋਕਾਂ ਨੂੰ ਹੁਣ ਏਕੇ ਦਾ ਸਬੂਤ ਦੇਣਾ ਚਾਹੀਦੈ ਤੇ 'ਕੱਠੇ ਹੋ ਕੇ ਕਿਸਾਨ ਭਰਾਵਾਂ ਦਾ ਸਾਥ ਦੇਣਾ ਚਾਹੀਦੈ। ਗਿਲੇ-ਸ਼ਿਕਵੇ, ਭਿੰਨ-ਭੇਦ ਭੁੱਲ ਕੇ ਇਕ ਹੋ ਜਾਣ ਵਿਚ ਹੀ ਭਲਾਈ ਹੈ। ਦੁਸ਼ਮਣ ਨੂੰ ਕਦੇ ਕਮਜ਼ੋਰ ਨਹੀਂ ਸਮਝਣਾ ਚਾਹੀਦਾ। ਉਹਦੀਆਂ ਚਾਲਾਂ ਤੋਂ ਹਮੇਸ਼ਾ ਸੁਚੇਤ ਰਹਿਣਾ ਚਾਹੀਦੈ। ਪਰਵਾਸੀ ਵੀਰ ਵੀ ਪੰਜਾਬ ਪ੍ਰਤੀ ਹਮੇਸ਼ਾ ਚਿੰਤਤ ਰਹਿੰਦੇ ਨੇ। ਕਿਸਾਨਾਂ ਵਲੋਂ ਉਗਾਈਆਂ ਫਸਲਾਂ ਨਾਲ ਅਡਾਨੀ-ਅੰਬਾਨੀ ਜਾਂ ਹੋਰ ਉਚ-ਘਰਾਣਿਆਂ 'ਚ ਪਕਾਏ ਜਾਂਦੇ ਵੱਖ ਵੱਖ ਤਰ੍ਹਾਂ ਦੇ ਮਸਾਲੇਦਾਰ ਸੁਆਦੀ ਖਾਣਿਆਂ ਦੀ ਮਹਿਕ ਕਿਸਾਨਾਂ ਦੀ ਹੀ ਦੇਣ ਹੈ। ਹੁਣ ਉਹੀ ਜ਼ਮੀਨਾਂ ਦਾ ਹੱਕ ਖੋਹ ਕੇ ਅਡਾਨੀ-ਅੰਬਾਨੀ ਜਿਹਿਆਂ ਨੂੰ ਦੇ ਕੇ ਕਿਸਾਨਾਂ ਨੂੰ ਬੇਬੱਸ ਤੇ ਲਾਚਾਰ ਬਣਾਉਣ ਦੀਆਂ ਕੋਝੀਆਂ ਹਰਕਤਾਂ ਚਲ ਰਹੀਆਂ ਨੇ, ਜੋ ਬਾਬੇ ਨਾਨਕ ਦੀ ਧਰਤੀ ਦੇ ਵਾਰਿਸ ਕਦੇ ਸਹਿਣ ਨਹੀਂ ਕਰਨਗੇ ਤੇ ਹਮੇਸ਼ਾ ਵੈਰੀ ਦਾ ਮੂੰਹ ਤੋੜਵਾਂ ਜਵਾਬ ਦਿੰਦੇ ਰਹਿਣਗੇ।

ਪੰਜਾਬ ਵਾਸੀਓ,
ਦੇਖਿਓ ਨਾ ਕਿਤੇ ਘਬਰਾ ਜਾਣਾ।
ਲੜਾਈ ਆਰ ਜਾਂ ਪਾਰ ਦੀ ਹੋ ਗਈ ਹੁਣ,
ਕਿਤੇ ਪਿਛੇ ਨਾ ਹੱਟ ਜਾਣਾ।
ਖੋਹ ਲਏ ਤੁਹਾਡੇ ਜੇ ਹੱਕ ਉਨ੍ਹਾਂ,
ਪੱਲੇ ਕੁਛ ਨਾ 'ਜੱਬੋਵਾਲੀਆ' ਰਹਿ ਜਾਣਾ।
ਬੰਦੇ ਤੁਹਾਡੇ ਹੀ ਖਰੀਦ ਕੇ
ਵਾੜ ਦੇਣਗੇ ਵਿਚ ਜ਼ਾਲਮ,
ਮੋਮੋਠੱਗਣੀਆਂ ਤੇ ਗੱਲਾਂ ਮਿੱਠੀਆਂ
ਵਿਚ ਆ ਕਿਤੇ
ਗੁੜ 'ਚ ਜ਼ਹਿਰ ਨਾ ਖਾ ਜਾਣਾ।

# 237 ਵਰ੍ਹਿਆਂ ਬਾਅਦ ਦਿੱਲੀ ਵੱਲ ਕੂਚ

*ਭਾਰਤ ਵਿਚ ਚੱਲ ਰਿਹਾ ਕਿਸਾਨ ਅੰਦੋਲਨ ਭਖਣ ਨਾਲ ਬਹੁਤ ਸਾਰੀਆਂ ਭੁੱਲੀਆਂ-ਵਿੱਸਰੀਆਂ ਘਟਨਾਵਾਂ ਅਤੇ ਨਾਇਕ ਸਾਹਮਣੇ ਆ ਰਹੇ ਹਨ। ਇਤਿਹਾਸ ਫਰੋਲਣ ਵਾਲੇ ਉਘੇ ਲਿਖਾਰੀ ਗੁਰਦੇਵ ਸਿੰਘ ਸਿੱਧੂ ਨੇ ਇਸ ਲੇਖ ਵਿਚ 237 ਵਰ੍ਹੇ ਪਹਿਲਾਂ ਦੀ ਘਟਨਾ ਦੇ ਵੇਰਵੇ ਸਾਂਝੇ ਕੀਤੇ ਹਨ, ਜਦੋਂ ਦਿੱਲੀ ਵਿਚ ਪੈਰ ਪੱਕੇ ਕਰਨ ਲਈ ਉਸ ਵਕਤ ਦੇ ਸਿੱਖ ਆਗੂਆਂ ਨੇ ਝੰਡਾ ਗੱਡਿਆ ਸੀ। ਲਿਖਾਰੀ ਨੇ ਅੱਜ ਦੇ ਕਿਸਾਨ ਕੂਚ ਨੂੰ ਉਸ ਵਕਤ ਦੇ ਕੂਚ ਨਾਲ ਮੇਲ ਕੇ ਦੇਖਣ ਦਾ ਯਤਨ ਕੀਤਾ ਹੈ। -ਸੰਪਾਦਕ*



*ਦਿੱਲੀ ਫਤਿਹ ਨੂੰ ਦਰਸਾਉਂਦਾ ਇਕ ਚਿੱਤਰ।*

**ਗੁਰਦੇਵ ਸਿੰਘ ਸਿੱਧੂ**
ਫੋਨ: +91-94170-49417

ਸਿੱਖ ਗੁਰੂਆਂ ਵੱਲੋਂ ਹਕੂਮਤੀ ਧੱਕੇ ਅਤੇ ਜ਼ੁਲਮ ਖਿਲਾਫ ਵਿੱਢੇ ਸੰਘਰਸ਼ ਵਿਚ ਪੰਜਾਬੀ ਸਮਾਜ ਦੇ ਜਾਗਦੀ ਜ਼ਮੀਰ ਵਾਲੇ ਇਨਸਾਫ ਪਸੰਦ ਵਿਅਕਤੀਆਂ ਨੇ ਧਰਮ, ਜਾਤ ਆਦਿ ਦੇ ਵਿਤਕਰੇ ਤੋਂ ਉਪਰ ਉਠ ਕੇ ਉਨ੍ਹਾਂ ਦਾ ਸਾਥ ਦਿੱਤਾ। ਪਿੱਛੋਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਿਸਲਾਂ ਦੇ ਸਮੇਂ ਉਪਰੋਕਤ ਲੱਛਣ ਬਰਕਰਾਰ ਰਿਹਾ।

14 ਜਨਵਰੀ 1764 ਨੂੰ ਜੱਸਾ ਸਿੰਘ ਆਹਲੂਵਾਲੀਆ ਦੀ ਸਰਦਾਰੀ ਹੇਠ ਕੁਝ ਮਿਸਲਾਂ ਵੱਲੋਂ ਸਰਹੰਦ ਨੂੰ ਫਤਿਹ ਕਰ ਲੈਣ ਦੇ ਨਤੀਜੇ ਵਜੋਂ ਦਰਿਆ ਯਮਨਾ ਤੱਕ ਬਹੁਤ ਸਾਰਾ ਇਲਾਕਾ ਸਿੱਖ ਸਰਦਾਰਾਂ ਦੇ ਕਬਜ਼ੇ ਹੇਠ ਆ ਗਿਆ। ਇਸੇ ਸਾਲ ਭਰਤਪੁਰ ਦੇ ਰਾਜਪੂਤ ਰਾਜੇ ਜਵਾਹਰ ਸਿੰਘ ਨੇ ਦਿੱਲੀ ਉਤੇ ਹਮਲਾ ਕਰਨ ਵਿਚ ਉਸ ਦੀ ਸਹਾਇਤਾ ਲਈ। ਦੋਵਾਂ ਦੇ ਸੈਨਿਕਾਂ ਨੇ ਦਿੱਲੀ ਨੂੰ ਘੇਰੇ ਵਿਚ ਲੈ ਲਿਆ ਪਰ ਅਹਿਮਦ ਸ਼ਾਹ ਦੁਰਾਨੀ ਦੇ ਪੰਜਾਬ ਵੱਲ ਆਉਣ ਬਾਰੇ ਜਾਣ ਕੇ ਜੱਸਾ ਸਿੰਘ ਨੂੰ ਘੇਰਾ ਛੱਡ ਕੇ ਪੰਜਾਬ ਵਾਪਸ ਆਉਣਾ ਪਿਆ। ਦਸ ਸਾਲ ਪਿੱਛੋਂ ਕਰੋੜਸਿੰਘੀਆ ਮਿਸਲ ਦਾ ਬਘੇਲ ਸਿੰਘ ਦਿੱਲੀ ਤੋਂ ਖਾਲੀ ਹੱਥ ਨਹੀਂ ਮੁੜਿਆ। ਉਹ 18 ਜਨਵਰੀ 1774 ਨੂੰ ਸ਼ਾਹਦਰਾ ਪਹੁੰਚਿਆ ਤਾਂ ਮੁਗਲ ਬਾਦਸ਼ਾਹ ਨੇ ਸਾਰੇ ਸਿੱਖ ਸਰਦਾਰਾਂ ਨੂੰ ਖਿੱਲਤਾਂ ਪੇਸ਼ ਕੀਤੀਆਂ ਅਤੇ ਬਘੇਲ ਸਿੰਘ ਵੱਲੋਂ ਦੱਸੀਆਂ ਦੀਆਂ ਕੁਝ ਸ਼ਰਤਾਂ ਦੀ ਪਾਲਣਾ ਕਰਨਾ ਪ੍ਰਵਾਨ ਕੀਤਾ।

## ਪੰਜਾਬੀਆਂ ਦਾ ਦਿੱਲੀ ਵੱਲ ਫੈਸਲਾਕੁਨ ਕੂਚ

ਪੰਜਾਬੀਆਂ ਨੇ ਦਲ ਖਾਲਸਾ ਦੇ ਰੂਪ ਵਿਚ ਦਿੱਲੀ ਵੱਲ ਫੈਸਲਾਕੁਨ ਕੂਚ ਫਰਵਰੀ 1783 ਵਿਚ ਸ਼ੁਰੂ ਕੀਤਾ। ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ ਆਦਿ ਦੀ ਸਰਪ੍ਰਸਤੀ ਹੇਠ ਪੰਜਾਬੀ ਕਿਸਾਨਾਂ ਨੇ ਸੈਨਿਕ ਬਣ ਕੇ ਗਾਜ਼ੀਆਬਾਦ, ਬੁਲੰਦ ਸ਼ਹਿਰ ਅਤੇ ਖੁਜਰਾ ਉਤੇ ਧਾਵਾ ਕੀਤਾ। ਜੱਸਾ ਸਿੰਘ ਰਾਮਗੜ੍ਹੀਆ ਅਤੇ ਹੋਰ ਸਿੱਖ ਸਰਦਾਰ ਵੀ ਬਾਅਦ ਵਿਚ ਉਨ੍ਹਾਂ ਨਾਲ ਜਾ ਮਿਲੇ। ਗਿਆਨੀ ਗਿਆਨ ਸਿੰਘ ਅਨੁਸਾਰ ਜਿੱਤ ਪਿੱਛੋਂ ਇਨ੍ਹਾਂ ਆਗੂਆਂ ਵੱਲੋਂ ਚਾਦਰ ਵਿਛਾ ਕੇ ਹਰ ਸਰਦਾਰ ਨੂੰ ਗੁਰੂ ਦੇ ਨਾਂ ਦਾ ਦਸਵੰਧ ਕੱਢਣ ਦੀ ਅਪੀਲ ਕੀਤੇ ਜਾਣ ਉਤੇ ਇਕੱਠਾ ਹੋਇਆ ਇਕ ਲੱਖ ਰੁਪਈਆ ਸ੍ਰੀ ਹਰਿਮੰਦਰ ਸਾਹਿਬ ਲਈ ਭੇਜਿਆ ਗਿਆ। ਅਲੀਗੜ੍ਹ, ਟੂੰਡਲਾ, ਹਾਥਰਸ, ਸ਼ਿਕੋਹਾਬਾਦ ਅਤੇ ਫਰੁਖਾਬਾਦ ਨੂੰ ਜ਼ੇਰ ਕਰਨ ਪਿੱਛੋਂ ਇਸ ਪੰਜਾਬੀ ਦਲ ਖਾਲਸਾ ਨੇ ਮਾਰਚ ਦੇ ਆਰੰਭ ਵਿਚ ਦਿੱਲੀ ਵੱਲ ਮੂੰਹ ਕੀਤਾ।

8 ਮਾਰਚ 1783 ਨੂੰ ਉਨ੍ਹਾਂ ਦਿੱਲੀ ਤੋਂ ਉਤਰ ਵੱਲ 10 ਕੁ ਕੋਹ ਉਤੇ ਬਰਾਰੀ ਘਾਟ ਤੋਂ ਯਮਨਾ ਦਰਿਆ ਨੂੰ ਪਾਰ ਕਰ ਕੇ ਮਲਿਕਾਗੰਜ ਅਤੇ ਸਬਜ਼ੀ ਮੰਡੀ ਉਤੇ ਹਮਲਾਵਰ ਹੋਏ। ਕਿਲ੍ਹਾ ਮਹਿਤਾਬਪੁਰ ਨੇੜ ਸ਼ਾਹਜ਼ਾਦਾ ਮਿਰਜ਼ਾ ਸ਼ਕੋਹ ਨੇ ਉਨ੍ਹਾਂ ਨੂੰ ਰੋਕਣ ਦਾ ਯਤਨ ਕੀਤਾ ਪਰ ਅਸਫਲ ਰਿਹਾ। ਅਗਲੇ ਦਿਨ ਅਜਮੇਰੀ ਦਰਵਾਜ਼ਾ ਅਤੇ ਹੌਜ਼ ਖਾਸ ਵੀ ਇਨ੍ਹਾਂ ਦੇ ਅਧਿਕਾਰ ਹੇਠ ਆ ਗਿਆ।

11 ਮਾਰਚ ਨੂੰ ਦਲ ਖਾਲਸਾ ਲਾਲ ਕਿਲ੍ਹੇ ਵਿਚ ਦਾਖਲ ਹੋਇਆ, ਮੁਗਲ ਬਾਦਸ਼ਾਹ ਸ਼ਾਹ ਆਲਮ ਦੂਜਾ ਅਤੇ ਕਿਲ੍ਹੇ ਦੇ ਹੋਰ ਨਿਵਾਸੀ ਉਸ ਦੇ ਅਹਿਲਕਾਰ ਇਧਰ ਉਧਰ ਲੁਕ ਗਏ। ਦਲ ਖਾਲਸਾ ਨੇ ਇਸ ਅਵਸਰ ਨੂੰ (ਨਵਾਬ) ਕਪੂਰ ਸਿੰਘ ਵੱਲੋਂ ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨੁਲ ਕੌਮ' ਸੱਦੇ ਜਾਣ ਨੂੰ ਅਮਲੀ ਰੂਪ ਦੇਣ ਲਈ ਢੁਕਵਾਂ ਸਮਝਦਿਆਂ ਉਸ ਨੂੰ ਤਖਤ ਉਤੇ ਬਿਠਾਇਆ ਅਤੇ ਉਸ ਦੇ ਸਿਰ ਉਤੋਂ ਮੋਰ ਪੰਖ ਦਾ ਚੌਰ ਝੁਲਾਇਆ। ਜੱਸਾ ਸਿੰਘ ਰਾਮਗੜ੍ਹੀਆ ਅਤੇ ਕੁਝ ਹੋਰ ਸਰਦਾਰਾਂ ਨੂੰ ਇਹ ਕਾਰਵਾਈ ਨਾ ਭਾਈ ਤਾਂ ਜੱਸਾ ਸਿੰਘ ਆਹਲੂਵਾਲੀਆ ਨੇ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ।

ਮੁਗਲ ਬਾਦਸ਼ਾਹ ਨੇ ਸਿੱਖਾਂ ਨਾਲ ਸੰਧੀ ਕਰਨ ਵਿਚ ਮਦਦ ਕਰਨ ਲਈ ਸਮਰੂ ਬੇਗਮ, ਜਿਸ ਦੀ ਸਿੱਖ ਸਰਦਾਰਾਂ ਨਾਲ ਨੇੜਤਾ ਬਾਰੇ ਸਾਰੇ ਜਾਣਦੇ ਸਨ, ਨੂੰ ਸੁਨੇਹਾ ਭੇਜਿਆ ਸੀ, ਉਹ 12 ਮਾਰਚ ਨੂੰ ਹੀ ਦਿੱਲੀ ਪਹੁੰਚ ਗਈ। ਉਸ ਦੀ ਵਿਚੋਲਗਿਰੀ ਸਦਕਾ ਮੁਗਲ ਬਾਦਸ਼ਾਹ ਅਤੇ ਸਿੱਖ ਸਰਦਾਰਾਂ ਦਰਮਿਆਨ ਸੰਧੀ ਦੀਆਂ ਸ਼ਰਤਾਂ ਤੈਅ ਹੋਣ ਲੱਗੀਆਂ। ਪੰਜਾਬੀਆਂ ਦੀ ਇਕੋ-ਇਕ ਸ਼ਰਤ ਦਿੱਲੀ ਵਿਚ ਸਿੱਖ ਗੁਰੂ ਸਾਹਿਬਾਨ ਦੇ ਯਾਦਗਾਰੀ ਸਥਾਨਾਂ ਦੀ ਨਿਸ਼ਾਨਦੇਹੀ ਕਰ ਕੇ ਉਥੇ ਢੁਕਵੀਆਂ ਇਮਾਰਤਾਂ ਦੀ ਉਸਾਰੀ ਕਰਨ ਦੀ ਸੀ। ਮੁਗਲ ਬਾਦਸ਼ਾਹ ਵੱਲੋਂ ਇਹ ਸ਼ਰਤ ਪ੍ਰਵਾਨ ਕਰ ਲਈ ਗਈ ਅਤੇ ਇਸ ਮਨੋਰਥ, ਸਮੇਤ ਇਸ ਸੇਵਾ ਲਈ ਦਿੱਲੀ ਠਹਿਰਨ ਵਾਲੇ ਪੰਜਾਬੀਆਂ ਦੇ ਖਰਚੇ ਦੀ ਪੂਰਤੀ ਵਾਸਤੇ ਲੋੜੀਂਦੀ ਧਨ ਰਾਸ਼ੀ ਮੁਹੱਈਆ ਕਰਵਾਉਣ ਲਈ ਦਿੱਲੀ ਸ਼ਹਿਰ ਦੀ ਚੁੰਗੀ ਵਜੋਂ ਉਗਰਾਹੇ ਹਰ ਰੁਪਏ ਵਿਚੋਂ ਛੇ ਆਨੇ ਦੇਣਾ ਪ੍ਰਵਾਨ ਕੀਤਾ। ਇਵਜ਼ ਵਿਚ ਸਿੱਖ ਸਰਦਾਰਾਂ ਨੇ ਪ੍ਰਵਾਨ ਕੀਤਾ ਕਿ:

-ਸਿੱਖ ਸੈਨਿਕਾਂ ਦੀ ਵੱਡੀ ਗਿਣਤੀ ਬਿਨਾ ਦੇਰੀ ਪੰਜਾਬ ਵਾਪਸ ਜਾਵੇਗੀ।

-ਬਘੇਲ ਸਿੰਘ ਚਾਰ ਹਜ਼ਾਰ ਸੈਨਿਕਾਂ ਸਮੇਤ ਦਿੱਲੀ ਠਹਿਰੇਗਾ ਅਤੇ ਆਪਣਾ ਟਿਕਾਣਾ ਸਬਜ਼ੀ ਮੰਡੀ ਵਿਚ ਰੱਖੇਗਾ।

-ਗੁਰਦੁਆਰਾ ਇਮਾਰਤਾਂ ਦੀ ਉਸਾਰੀ ਜਿੰਨੀ ਜਲਦੀ ਹੋ ਸਕੇ, ਚਲੰਤ ਸਾਲ ਦੇ ਖਾਤਮੇ ਤੋਂ ਪਹਿਲਾਂ, ਮੁਕੰਮਲ ਕੀਤੀ ਜਾਵੇਗੀ।

-ਰਾਜਧਾਨੀ ਵਿਚ ਠਹਿਰ ਦੌਰਾਨ ਸਿੱਖ ਕਿਸੇ ਨਾਲ ਦੁਰ-ਵਿਹਾਰ ਨਹੀਂ ਕਰਨਗੇ।

ਸਮਝੌਤੇ ਅਨੁਸਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਸਿੱਖ ਸਰਦਾਰ ਪੰਜਾਬ ਨੂੰ ਮੁੜ ਗਏ, ਮੁਗਲ ਬਾਦਸ਼ਾਹ ਨੇ ਉਨ੍ਹਾਂ ਦੇ ਹੱਥ ਦਰਬਾਰ ਸਾਹਿਬ ਵਿਚ ਭੇਟ ਕਰਨ ਵਾਸਤੇ ਤਿੰਨ ਲੱਖ ਰੁਪਿਆ ਭੇਜਿਆ।

ਚਾਰ ਹਜ਼ਾਰ ਸਾਥੀਆਂ ਦੇ ਦਲ ਨਾਲ ਦਿੱਲੀ ਰੁਕੇ ਬਘੇਲ ਸਿੰਘ ਨੇ ਆਪਣਾ ਸੇਵਾ ਕਾਰਜ ਤੁਰੰਤ ਸ਼ੁਰੂ ਕਰ ਦਿੱਤਾ। ਉਸ ਨੇ ਦਿੱਲੀ ਵਿਚ



*ਸਰਦਾਰ ਬਘੇਲ ਸਿੰਘ।*

ਗੁਰੂ ਸਾਹਿਬਾਨ ਨਾਲ ਸੰਬੰਧਿਤ ਸੱਤ ਇਤਿਹਾਸਕ ਸਥਾਨਾਂ ਦੀ ਨਿਸ਼ਾਨਦੇਹੀ ਕੀਤੀ। ਪਹਿਲਾ ਗੁਰਦੁਆਰਾ ਤੇਲੀਵਾੜਾ ਵਿਚ ਬਣਾਇਆ ਜਿੱਥੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਰਹਿੰਦੇ ਰਹੇ ਸਨ। ਫਿਰ ਜੈਸਿੰਘਪੁਰਾ ਇਲਾਕੇ ਵਿਚ ਜੈਪੁਰ ਦੇ ਰਾਜੇ ਜੈ ਸਿੰਘ ਦੇ ਬੰਗਲੇ, ਜਿੱਥੇ ਦਿੱਲੀ ਠਹਿਰ ਦੌਰਾਨ ਗੁਰੂ ਹਰਿਕ੍ਰਿਸ਼ਨ ਜੀ ਨੇ ਨਿਵਾਸ ਕੀਤਾ ਸੀ, ਵਾਲੀ ਥਾਂ ਗੁਰਦੁਆਰਾ ਉਸਾਰਿਆ ਗਿਆ ਜੋ ਹੁਣ ਬੰਗਲਾ ਸਾਹਿਬ ਨਾਂ ਨਾਲ ਪ੍ਰਸਿੱਧ ਹੈ। ਯਮਨਾ ਕਿਨਾਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਦਾ ਸਸਕਾਰ ਕੀਤੇ ਜਾਣ ਵਾਲੇ ਥਾਂ ਉਤੇ ਵੀ ਗੁਰਦੁਆਰਾ ਬਣਾਇਆ ਗਿਆ। ਦਿੱਲੀ ਵਿਚ ਦੋ ਸਥਾਨ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਸਨ, ਇਕ ਕੋਤਵਾਲੀ ਜਿੱਥੇ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ ਸੀ ਅਤੇ ਦੂਜਾ ਰਕਾਬਗੰਜ ਖੇਤਰ ਵਿਚ ਭਾਈ ਲੱਖੀ ਸ਼ਾਹ ਵਣਜਾਰੇ ਦਾ ਘਰ ਜਿੱਥੇ ਗੁਰੂ ਤੇਗ ਬਹਾਦਰ ਜੀ ਦੀ ਦੇਹ ਦਾ ਸਸਕਾਰ ਕੀਤਾ ਗਿਆ ਸੀ। ਮੁਲਾਣਿਆਂ ਨੇ ਇਨ੍ਹਾਂ ਦੋਵਾਂ ਥਾਵਾਂ ਉਤੇ ਮਸਜਿਦਾਂ ਉਸਾਰ ਲਈਆਂ ਸਨ ਪਰ ਬਘੇਲ ਸਿੰਘ ਨੇ ਸੂਝ ਬੂਝ ਨਾਲ ਉਨ੍ਹਾਂ ਦੇ ਇਤਰਾਜ਼ਾਂ ਨੂੰ ਠੰਢਾ ਕੀਤਾ ਅਤੇ ਗੁਰਦੁਆਰਾ ਸਾਹਿਬਾਨ ਦੀ ਇਮਾਰਤ ਮੁਕੰਮਲ ਕਰਵਾਈ। ਗੁਰੂ ਨਾਨਕ ਅਤੇ ਗੁਰੂ ਹਰਿਗੋਬਿੰਦ ਜੀ ਦੀ ਚਰਨ ਛੋਹ ਪ੍ਰਾਪਤ ਮਜਨੂੰ ਦਾ ਟਿੱਲਾ ਅਤੇ ਮੋਤੀ ਬਾਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਸਥਾਨ ਉਤੇ ਵੀ ਗੁਰਦੁਆਰੇ ਉਸਾਰੇ ਗਏ।

ਬਘੇਲ ਸਿੰਘ ਨੇ ਸੇਵਾ ਦਾ ਕਾਰਜ ਸਾਲ ਮੁੱਕਣ ਤੋਂ ਪਹਿਲਾਂ ਹੀ ਖਤਮ ਕਰ ਦਿੱਤਾ ਅਤੇ ਪੰਜਾਬ ਵਾਪਸੀ ਦੀ ਤਿਆਰੀ ਕਰ ਲਈ। ਮੁਗਲ ਬਾਦਸ਼ਾਹ ਵੱਲੋਂ ਬਘੇਲ ਸਿੰਘ ਨੂੰ ਮੁਲਾਕਾਤ ਦਾ ਸੱਦਾ ਦਿੱਤਾ ਗਿਆ ਤਾਂ ਸਰਦਾਰ ਨੇ ਮੁਲਾਕਾਤ ਲਈ ਤਿੰਨ ਸ਼ਰਤਾਂ ਰੱਖੀਆਂ: ਉਹ ਸਿੱਖ ਪੰਥ ਵੱਲੋਂ ਕਿਸੇ ਮੁਗਲ ਅੱਗੇ ਨਾ ਝੁਕਣ ਦੇ ਫੈਸਲੇ ਦਾ ਪਾਬੰਦ ਰਹੇਗਾ, ਬਾਦਸ਼ਾਹ ਨਾਲ ਮੁਲਾਕਾਤ ਸਮੇਂ ਦੂਜੇ ਸਿੱਖ ਸਰਦਾਰ ਉਸ ਦੇ ਹਮਰਾਹ ਹੋਣਗੇ ਅਤੇ ਲਾਲ ਕਿਲ੍ਹੇ ਵੱਲ ਆਉਂਦਿਆਂ ਰਾਹ ਵਿਚ ਕਿਸੇ ਨੇ ਉਨ੍ਹਾਂ ਬਾਰੇ ਕੋਈ ਭੱਦੀ ਟਿੱਪਣੀ ਕੀਤੀ ਤਾਂ ਸਹਿਣ ਨਹੀਂ ਹੋਵੇਗਾ। ਬਾਦਸ਼ਾਹ ਨੇ ਤਿੰਨੇ ਸ਼ਰਤਾਂ ਮੰਨ ਲਈਆਂ। ਨਿਸ਼ਚਿਤ ਦਿਨ ਹਾਥੀ ਉਤੇ ਬਘੇਲ ਸਿੰਘ ਅਤੇ ਸ਼ਿੰਗਾਰੇ ਘੋੜਿਆਂ ਉਤੇ ਸਵਾਰ ਸਿੱਖ ਸਰਦਾਰ ਲਾਲ ਕਿਲ੍ਹੇ ਪੁੱਜੇ ਅਤੇ ਦੀਵਾਨ-ਏ-ਆਮ ਵਿਚ ਮੁਗਲ ਬਾਦਸ਼ਾਹ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਸਿੱਖ ਸਰਦਾਰਾਂ ਦਾ ਇਸਤਕਬਾਲ ਕੀਤਾ। ਉਸ ਨੇ ਸਾਰਿਆਂ ਨੂੰ ਬਹੁਮੁੱਲੇ ਤੋਹਫੇ ਦੇ ਕੇ ਵਿਦਾਅ ਕੀਤਾ।

## 237 ਸਾਲ ਪਿੱਛੋਂ ਪੰਜਾਬੀਆਂ ਦਾ ਦਿੱਲੀ ਕੂਚ

ਹੁਣ ਪੰਜਾਬੀਆਂ ਦੇ ਵਾਰਸ ਮੁੜ ਦਿੱਲੀ ਕੂਚ ਉਤੇ ਹਨ ਪਰ ਇਹ ਉਨ੍ਹਾਂ ਵਾਂਗ ਭੋਲੇ ਨਹੀਂ। ਮੁਗਲ ਬਾਦਸ਼ਾਹ ਨੇ ਦੁਸ਼ਮਣ ਨੂੰ ਰਾਜਧਾਨੀ ਵਿਚ ਵੜਨ ਤੋਂ ਰੋਕਣ ਵਾਸਤੇ ਸ਼ਹਿਰ ਦੇ ਆਲੇ-ਦੁਆਲੇ ਸੈਨਿਕ ਤਾਇਨਾਤ ਕਰ ਦਿੱਤੇ ਸਨ ਪਰ ਲੋਕ ਰਾਜ ਜਿਸ ਵਿਚ ਵੋਟ ਦੀ ਅਹਿਮੀਅਤ ਪੱਖੋਂ ਹਰ ਵੋਟਰ ਨੂੰ ਪ੍ਰਧਾਨ ਮੰਤਰੀ, ਮੁੱਖ ਮੰਤਰੀ ਜਾਂ ਹੋਰ ਵਿਸ਼ੇਸ਼ ਵਿਅਕਤੀ ਦੇ ਬਰਾਬਰ ਮੰਨਿਆ ਜਾਂਦਾ ਹੈ, ਹੁੰਦਿਆਂ ਇਨ੍ਹਾਂ ਵੋਟਰਾਂ ਨੂੰ ਇਨ੍ਹਾਂ ਦੇ ਘਰਾਂ ਦੇ ਬਾਹਰ ਹੀ ਰੋਕਣ ਲਈ ਮੋਰਚੇਬੰਦੀ ਕੀਤੀ ਗਈ ਪਰ ਇਹ ਜਾਣਦੇ ਹਨ ਕਿ ਅਜੋਕੇ ਯੁੱਗ ਵਿਚ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਸੰਘਰਸ਼ ਲੜਨ ਲਈ ਭਾਵੁਕਤਾ ਤੋਂ ਬਚ ਕੇ ਜੋਸ਼ ਅਤੇ ਹੋਸ਼ ਦੋਵਾਂ ਦੀ ਲੋੜ ਹੈ।

ਤਸੱਲੀ ਵਾਲੀ ਗੱਲ ਕਿ ਇਨ੍ਹਾਂ ਨੇ ਦਿੱਲੀ ਕੂਚ ਦੌਰਾਨ ਦੋਵਾਂ ਦੀ ਸਮਝਦਾਰੀ ਨਾਲ ਵਰਤੋਂ ਕੀਤੀ ਹੈ। ਹਰਿਆਣੇ ਵਿਚ ਇਨ੍ਹਾਂ ਦੇ ਦਾਖਲੇ ਨੂੰ ਰੋਕਣ ਵਾਸਤੇ ਟਰਾਲਿਆਂ ਉਤੇ ਲੱਦ ਕੇ ਲਿਆਂਦੇ ਵੱਡੇ ਵੱਡੇ ਪਾਈਪ, ਕ੍ਰੇਨਾਂ ਨਾਲ ਚੁੱਕ ਕੇ ਲਿਆਂਦੇ ਅਤੇ ਸੰਗਲਾਂ ਨਾਲ ਨੂੜ ਕੇ ਦੁੱਗਣੇ ਤਿੱਗੁਣੇ ਬੋਝ ਦੇ ਬਣਾਏ ਵੱਡੇ ਵੱਡੇ ਪੱਥਰ, ਬੇਗਿਣਤ ਟਿੱਪਰਾਂ ਨੂੰ ਮੂੰਹੋਂ ਮੂੰਹ ਭਰ ਕੇ ਸੜਕ ਦੇ ਦਰਮਿਆਨ ਖੜ੍ਹੇ ਕੀਤੇ ਆਰਜ਼ੀ ਟਿੱਲੇ, 'ਗੁਰੂ ਦੇ ਨਾਂ ਉਤੇ ਜਿਊਣ' ਵਾਲੇ ਪੰਜਾਬੀਆਂ ਵੱਲੋਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਜੈਕਾਰਾ ਗਜਾਉਣ ਸਾਰ ਇਨ੍ਹਾਂ ਦੇ ਜੋਸ਼ ਸਾਹਮਣੇ ਰੂੰ ਦੇ ਫੰਬੇ ਬਣ ਕੇ ਉਡ ਗਏ। ਸਿਦਕ ਅਤੇ ਸਿਰੜ ਦੀ ਉਦਾਹਰਨ ਦੇਣ ਲਈ ਅਗਲੀ ਪੀੜ੍ਹੀ ਫਰਿਹਾਦ ਦੇ ਤੇਸੇ ਦੀ ਥਾਂ ਇਨ੍ਹਾਂ ਦਾ ਰਾਹ ਰੋਕਣ ਲਈ ਲਾਏ ਮਿੱਟੀ ਦੇ ਵੱਡੇ ਵੱਡੇ ਢੇਰਾਂ ਨੂੰ ਨੇਸਤੋ ਨਾਬੂਦ ਕਰਨ ਲਈ ਇਨ੍ਹਾਂ ਵੱਲੋਂ ਵਰਤੀਆਂ ਝੰਡਿਆਂ ਵਾਲੀਆਂ ਬਾਂਸ ਦੀਆਂ ਸੋਟੀਆਂ ਦਾ ਜ਼ਿਕਰ ਕਰੇਗੀ। ਇਨ੍ਹਾਂ ਨੂੰ ਅੱਗੇ ਵੱਧਣ ਤੋਂ ਰੋਕਣ ਵਾਸਤੇ ਡਾਂਗਾਂ, ਪਾਣੀ ਦੀਆਂ ਬੁਛਾੜਾਂ ਅਤੇ ਹੰਝੂ ਗੈਸ ਦੀ ਵਰਤੋਂ ਕਰਨ ਵਾਲੇ ਹੱਥਾਂ ਉਤੇ ਲੰਗਰ ਵਿਚ 'ਪ੍ਰਸ਼ਾਦਾ ਵਾਹਿਗੁਰੂ', 'ਦਾਲਾ ਵਾਹਿਗੁਰੂ' ਕਹਿੰਦਿਆਂ ਪਿਆਰ ਨਾਲ ਭੋਜਨ ਪਰੋਸਣਾ ਸਬੂਤ ਹੈ ਕਿ ਇਹ ਭਾਈ ਘਨੱਈਆ ਦੀ ਵਿਰਾਸਤ ਨੂੰ ਸਾਂਭੀ ਬੈਠੇ ਹਨ।

92 ਸਾਲ ਪਹਿਲਾਂ ਅੰਗਰੇਜ਼ ਹਕੂਮਤ ਵੱਲੋਂ ਅਸੈਂਬਲੀ ਵਿਚ ਲੋਕ ਨੁਮਾਇੰਦੇ ਬਣਾ ਕੇ ਬਿਠਾਏ ਵਿਅਕਤੀਆਂ ਦੀ ਗੱਲ ਵੱਲ ਕੰਨ ਨਾ ਧਰਨ ਕਾਰਨ ਭਗਤ ਸਿੰਘ ਅਤੇ ਦੱਤ ਨੇ 'ਬੋਲਿਆਂ ਨੂੰ ਸੁਣਾਉਣ ਲਈ' ਅਸੈਂਬਲੀ ਵਿਚ ਬੰਬ ਸੁੱਟਣ ਦਾ ਰਾਹ ਅਪਣਾਇਆ ਸੀ। ਦੋ ਮਹੀਨੇ ਤੋਂ ਵੱਧ ਸਮਾਂ ਕੀਤੀ ਚੀਕ ਪੁਕਾਰ ਨਾ ਸੁਣੇ ਜਾਣ ਤੋਂ ਦੁਖੀ ਪੰਜਾਬੀ ਜਨਸਮੂਹ ਵਰਤਮਾਨ ਹਾਲਾਤ ਨੂੰ ਦੇਖਦਿਆਂ ਹਾਕਮ ਧਿਰ ਨੂੰ ਆਪਣਾ ਦੁੱਖ ਨੇੜਿਓਂ ਸੁਣਾਉਣ ਵਾਸਤੇ ਦਿੱਲੀ ਪੁੱਜਾ ਹੈ। ਲੱਖਾਂ ਵਲੰਟੀਅਰਾਂ ਦੀ ਭਾਗੀਦਾਰੀ ਵਾਲੀ ਲੋਕ ਲਹਿਰ ਨੂੰ ਬੰਧੇਜ਼ ਵਿਚ ਰੱਖਣਾ ਇਨ੍ਹਾਂ ਦੇ ਹੋਸ਼ ਵਿਚ ਰਹਿ ਕੇ ਵਿਚਰਨ ਦਾ ਅਕੱਟ ਪ੍ਰਮਾਣ ਹੈ। ਇਨ੍ਹਾਂ ਦੀ ਹੋਸ਼ਮੰਦੀ ਕਾਰਨ ਹੀ ਦੇਸ਼ ਭਰ ਦੇ ਕਿਸਾਨ ਭਾਈਚਾਰੇ ਵਿਚ ਜਾਗ੍ਰਿਤੀ ਆਈ ਹੈ। ਛੇਤੀ ਹੀ ਇਸ ਵਰਗ ਦੇ ਹਰ ਵਿਅਕਤੀ ਦੇ ਮੂੰਹ ਉਤੇ ਇਹ ਸਵਾਲ ਹੋਵੇਗਾ, "ਜੇ ਹੋਰ ਹਰ ਵਸਤ ਦੀ ਕੀਮਤ ਉਸ ਦਾ ਘਾੜਾ ਖੁਦ ਮਿੱਥਦਾ ਹੈ ਤਾਂ ਕਿਸਾਨ ਨੂੰ ਆਪਣੀ ਉਪਜ ਦਾ ਮੁੱਲ ਮਿਥਣ ਦਾ ਅਧਿਕਾਰ ਕਿਉਂ ਨਹੀਂ?" ਸ਼ਾਲਾ! ਇਹ ਹੋਸ਼ ਵਰਤਦਿਆਂ ਪੇਸ਼ਾਵਰ ਰਾਜਨੇਤਾਵਾਂ ਦੇ ਚੁੰਗਲ ਵਿਚ ਫਸਣ ਤੋਂ ਵੀ ਬਚੇ ਰਹਿਣ।


*14 ਜਨਵਰੀ 1764 ਨੂੰ ਜੱਸਾ ਸਿੰਘ ਆਹਲੂਵਾਲੀਆ ਦੀ ਸਰਦਾਰੀ ਹੇਠ ਕੁਝ ਮਿਸਲਾਂ ਵੱਲੋਂ ਸਰਹੰਦ ਨੂੰ ਫਤਿਹ ਕਰ ਲੈਣ ਦੇ ਨਤੀਜੇ ਵਜੋਂ ਦਰਿਆ ਯਮਨਾ ਤੱਕ ਬਹੁਤ ਸਾਰਾ ਇਲਾਕਾ ਸਿੱਖ ਸਰਦਾਰਾਂ ਦੇ ਕਬਜ਼ੇ ਹੇਠ ਆ ਗਿਆ। ਇਸੇ ਸਾਲ ਭਰਤਪੁਰ ਦੇ ਰਾਜਪੂਤ ਰਾਜੇ ਜਵਾਹਰ ਸਿੰਘ ਨੇ ਦਿੱਲੀ ਉਤੇ ਹਮਲਾ ਕਰਨ ਵਿਚ ਉਸ ਦੀ ਸਹਾਇਤਾ ਲਈ। ਦੋਵਾਂ ਦੇ ਸੈਨਿਕਾਂ ਨੇ ਦਿੱਲੀ ਨੂੰ ਘੇਰੇ ਵਿਚ ਲੈ ਲਿਆ ਪਰ ਅਹਿਮਦ ਸ਼ਾਹ ਦੁਰਾਨੀ ਦੇ ਪੰਜਾਬ ਵੱਲ ਆਉਣ ਬਾਰੇ ਜਾਣ ਕੇ ਜੱਸਾ ਸਿੰਘ ਨੂੰ ਘੇਰਾ ਛੱਡ ਕੇ ਪੰਜਾਬ ਵਾਪਸ ਆਉਣਾ ਪਿਆ। ਦਸ ਸਾਲ ਪਿੱਛੋਂ ਕਰੋੜਸਿੰਘੀਆ ਮਿਸਲ ਦਾ ਬਘੇਲ ਸਿੰਘ ਦਿੱਲੀ ਤੋਂ ਖਾਲੀ ਹੱਥ ਨਹੀਂ ਮੁੜਿਆ। ਉਹ 18 ਜਨਵਰੀ 1774 ਨੂੰ ਸ਼ਾਹਦਰਾ ਪਹੁੰਚਿਆ ਤਾਂ ਮੁਗਲ ਬਾਦਸ਼ਾਹ ਨੇ ਸਾਰੇ ਸਿੱਖ ਸਰਦਾਰਾਂ ਨੂੰ ਖਿੱਲਤਾਂ ਪੇਸ਼ ਕੀਤੀਆਂ ਅਤੇ ਬਘੇਲ ਸਿੰਘ ਵੱਲੋਂ ਦੱਸੀਆਂ ਦੀਆਂ ਕੁਝ ਸ਼ਰਤਾਂ ਦੀ ਪਾਲਣਾ ਕਰਨਾ ਪ੍ਰਵਾਨ ਕੀਤਾ।*



*ਸਰਦਾਰ ਜੱਸਾ ਸਿੰਘ ਆਹਲੂਵਾਲੀਆ।*

# ‘ਕਰਤਾਰਪੁਰ, ਕਰਤਾ, ਕਿਰਤ ਦੀ ਕਰਾਮਾਤ’

ਕੇਂਦਰ ਵੱਲੋਂ ਲਿਆਂਦੇ ਤਿੰਨ ਖੇਤੀ ਅਤੇ ਕਿਸਾਨ ਵਿਰੋਧੀ ਕਾਲੇ ਕਾਨੂੰਨ, ਨਾਲ ਹੀ ਬਿਜਲੀ ਕਾਨੂੰਨ 2020 ਲਈ ਪਿਛਲੇ ਕਰੀਬ ਦੋ ਮਹੀਨੇ ਤੋਂ ਪੰਜਾਬ ਦਾ ਕਿਸਾਨ ਪੂਰੇ ਸ਼ਾਂਤਮਈ ਤਰੀਕੇ ਨਾਲ ਧਰਨੇ 'ਤੇ ਬੈਠਾ ਹੈ ਅਤੇ ਉਸ ਨਾਲ ਸਮਾਜ ਦਾ ਕਰੀਬ ਹਰ ਵਰਗ ਸਹਿਯੋਗ ਦੇ ਰਿਹਾ ਹੈ। ਕੇਂਦਰ ਦੀ ਭਾਜਪਾ ਸਰਕਾਰ ਨੇ ਕਾਨੂੰਨ ਤਾਂ ਕੀ ਵਾਪਸ ਲੈਣੇ ਸੀ, ਪਰ ਨਾਲ ਹੀ ਪਰਾਲੀ ਸਾੜਨ 'ਤੇ ਇੱਕ ਕਰੋੜ ਦਾ ਜੁਰਮਾਨਾ ਜਾਂ ਪੰਜ ਸਾਲ ਦੀ ਕੈਦ ਦਾ ਕਾਨੂੰਨ ਲੈ ਆਂਦਾ। ਇੰਨੇ ਲੰਬੇ ਸੰਘਰਸ਼ ਨਾਲ ਵੀ ਕੇਂਦਰ ਸਰਕਾਰ ਦੇ ਕੰਨਾਂ 'ਤੇ ਬਿਲਕੁਲ ਜੂੰ ਨਹੀਂ ਰੀਂਘੀ। ਕਿਸਾਨ ਦੇ ਹੱਥਾਂ ਵਿਚੋਂ ਕਿਰਤ ਅਤੇ ਜ਼ਮੀਨ ਖੋਹਣ ਦਾ ਕੇਂਦਰ ਸਰਕਾਰ ਨੇ ਪੂਰੀ ਤਰ੍ਹਾਂ ਨਾਲ ਪੱਕਾ ਮਨ ਬਣਾ ਲਿਆ ਹੈ। ਇਸੇ ਲਈ ਏਨੇ ਸ਼ਾਂਤਮਈ ਅੰਦੋਲਨ ਨਾਲ ਉਸ ਦੇ ਹਠੀ ਰਵੱਈਏ ਨੂੰ ਕੋਈ ਫਰਕ ਨਹੀਂ ਪੈ ਰਿਹਾ। ਬਾਬੇ ਨਾਨਕ



ਡਾ. ਗੁਰਨਾਮ ਕੌਰ, ਕੈਨੇਡਾ

ਨੇ ਸਾਡੇ ਹੱਥ ਵਿਚ ਹੱਲ ਦੀ ਮੁੰਨੀ ਫੜਾ ਕੇ ਸਾਨੂੰ ਕਿਰਤ ਕਰਨ ਦਾ ਇੱਕ ਮਾਡਲ ਸਿਰਜ ਕੇ ਦਿੱਤਾ। ਗੁਰੂ ਨਾਨਕ ਸਾਹਿਬ ਨੇ ਜੇ ਮਹਿਜ ਖੇਤੀ ਕਰਨ ਲਈ ਹੀ ਖੇਤੀ ਕਰਨੀ ਹੁੰਦੀ ਤਾਂ ਰਾਏ ਬੁਲਾਰ ਨੇ ਗੁਰੂ ਨਾਨਕ ਸਾਹਿਬ ਨੂੰ ਸੱਤ ਸੌ ਪੰਜਾਹ (750) ਮੁਰੱਬਾ ਜ਼ਮੀਨ ਰਾਏ ਭੋਇੰ ਦੀ ਤਲਵੰਡੀ (ਹੁਣ ਨਨਕਾਣਾ ਸਾਹਿਬ, ਪਾਕਿਸਤਾਨ) ਵਿਚ ਦਿੱਤੀ ਸੀ, ਜੋ ਅੱਜ ਵੀ ਗੁਰੂ ਨਾਨਕ ਦੇ ਨਾਮ 'ਤੇ ਬੋਲਦੀ ਹੈ। ਗੁਰੂ ਨਾਨਕ ਸਾਹਿਬ ਨੇ ਖੇਤੀ ਉਥੇ ਨਹੀਂ ਕੀਤੀ। ਉਨ੍ਹਾਂ ਨੇ ਬਾਬਾ ਦੋਧਾ ਜੀ ਰਾਹੀਂ ਕਰੋੜੀ ਮੱਲ ਅਤੇ ਅਜਿੱਤਾ ਰੰਧਾਵਾ ਤੋਂ ਆਪਣੇ ਨਵੇਂ ਵਸਾਏ ਨਗਰ ਕਰਤਾਰਪੁਰ (ਹੁਣ ਪਾਕਿਸਤਾਨ) ਵਿਚ ਖਰੀਦੀ ਜ਼ਮੀਨ 'ਤੇ ਖੇਤੀ ਕੀਤੀ, ਜਿੱਥੇ ਸਿੱਖ ਵਾਸਤੇ ਕਿਰਤ ਕਰਨ ਦਾ ਇੱਕ ਨਵਾਂ ਮਾਡਲ ਸਿਰਜਿਆ। ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਨ ਸੰਗਤਿ ਦੂਰੋਂ ਦੂਰੋਂ ਆਉਂਦੀ ਰਹਿੰਦੀ ਸੀ, ਜਿੱਥੇ ਵਿਚਾਰ-ਚਰਚਾ ਵੀ ਹੁੰਦੀ ਰਹਿੰਦੀ ਸੀ।

ਉਦਾਸੀਆਂ ਸਮੇਂ ਗੁਰੂ ਨਾਨਕ ਸਿੱਧਾਂ ਨਾਲ ਗੋਸ਼ਟਿ ਕਰਨ ਸੁਮੇਰ ਪਰਬਤ 'ਤੇ ਗਏ ਅਤੇ ਕਰਤਾਰਪੁਰੋਂ ਅਚਲ ਬਟਾਲੇ ਵੀ ਸ਼ਿਵਰਾਤਰੀ ਦੇ ਮੇਲੇ 'ਤੇ ਗਏ। ਕਿਹਾ ਜਾਂਦਾ ਹੈ ਕਿ ਯੋਗੀਆਂ ਦੀ ਇੱਕ ਮੰਡਲੀ ਕਰਤਾਰਪੁਰ ਆਈ ਤਾਂ ਉਨ੍ਹਾਂ ਦੇਖਿਆ ਕਿ ਕਰਤਾਰਪੁਰ ਦੇ ਲੋਕ ਭਾਰੇ ਭਾਰੇ ਕੰਮਾਂ ਵਿਚ ਜੁੱਟੇ ਹੋਏ ਨੇ। ਕਿਧਰੇ ਕੋਈ ਰੁੱਖ ਵੱਢ ਰਿਹਾ ਹੈ ਅਤੇ ਕੋਈ ਰੁੱਖ ਨੂੰ ਮੋਢੇ ਪਾ ਰਿਹਾ ਹੈ ਤਾਂ ਕੋਈ ਸਿਰ 'ਤੇ ਭਾਰ ਚੁੱਕੀ ਜਾਂਦਾ ਹੈ। ਯੋਗੀ ਗੁਰੂ ਨਾਨਕ ਪਾਤਿਸ਼ਾਹ ਕੋਲ ਪਹੁੰਚ ਕੇ ਉਨ੍ਹਾਂ ਵੱਲ ਇਸ਼ਾਰਾ ਕਰਕੇ ਬੋਲੇ ਕਿ ਬਾਬਾ! ਤੁਸੀਂ ਤਾਂ ਇਨ੍ਹਾਂ ਨੂੰ 'ਸਾਨ੍ਹ' (ਜ਼ੋਰ ਦਾ ਕੰਮ ਕਰਨ ਵਾਲੇ ਧੱਕੜ) ਬਣਾ ਦਿੱਤਾ ਹੈ। ਗੁਰੂ ਨਾਨਕ ਸਾਹਿਬ ਨੇ ਬਚਨ ਕੀਤਾ ਕਿ ਦੋ ਚਾਰ ਦਿਨ ਠਹਿਰੋ। ਫਿਰ ਯੋਗੀਆਂ ਨੇ ਲੋਕਾਂ ਨੂੰ ਖੇਤਾਂ ਵਿਚ ਕੰਮ ਕਰਦੇ ਦੇਖਿਆ ਤਾਂ ਬੋਲੇ ਤੁਸੀਂ ਇਨ੍ਹਾਂ ਨੂੰ ਇਨਸਾਨ ਬਣਾ ਦਿੱਤਾ ਹੈ। ਬਾਬਾ ਨਾਨਕ ਨੇ ਯੋਗੀਆਂ ਨੂੰ ਹੋਰ ਠਹਿਰਨ ਲਈ ਕਿਹਾ ਤਾਂ ਉਨ੍ਹਾਂ ਨੇ ਲੋਕਾਂ ਨੂੰ ਲੰਗਰ ਤਿਆਰ ਕਰਦੇ ਅਤੇ ਵਰਤਾਉਂਦੇ ਦੇਖਿਆ ਤਾਂ ਬੋਲੇ ਕਿ ਇਨ੍ਹਾਂ ਨੂੰ ਤੁਸੀਂ ਮਹਾਨ ਬਣਾ ਦਿੱਤਾ ਹੈ। ਬਾਬਾ ਜੀ ਨੇ ਹੋਰ ਰੁਕਣ ਲਈ ਕਿਹਾ ਤਾਂ ਯੋਗੀਆਂ ਨੇ ਕਰਤਾਰਪੁਰ ਦੇ ਵਸਨੀਕਾਂ ਨੂੰ ਜਪੁਜੀ ਅਤੇ ਸੋਦਰ ਦਾ ਕੀਰਤਨ ਕਰਦੇ ਦੇਖਿਆ ਅਤੇ ਬੋਲੇ ਕਿ ਬਾਬਾ! ਤੂੰ ਤਾਂ ਇਨ੍ਹਾਂ ਨੂੰ ਭਗਵਾਨ ਬਣਾ ਦਿੱਤਾ ਹੈ।

ਇਹ ਵਾਰਤਾ ਇਤਿਹਾਸ ਦਾ ਇੱਕ ਨੌਜਵਾਨ ਵਿਦਵਾਨ ਜਨਮ ਸਾਖੀ ਦੇ ਹਵਾਲੇ ਨਾਲ ਧਰਨੇ ਤੇ ਕਿਸਾਨਾਂ ਨੂੰ ਸੁਣਾ ਰਿਹਾ ਸੀ ਅਤੇ ਦੱਸ ਰਿਹਾ ਸੀ ਕਿ ਇਹ ਕਿਰਤ ਦੀ ਕਰਾਮਾਤ ਹੈ, ਜੋ ਬਾਬੇ ਨਾਨਕ ਨੇ ਸਾਨੂੰ ਸਿਖਾਈ। ਨਾਮ ਜਪਣਾ ਅਤੇ ਵੰਡ ਕੇ ਛਕਣਾ ਇਸੇ ਕਿਰਤ ਦੀ ਕਰਾਮਾਤ ਦਾ ਹਿੱਸਾ ਹੈ। ਗੁਰੂ ਨਾਨਕ ਸਾਹਿਬ ਨੇ ਕਿਰਤ ਕਰਨ, ਵੰਡ ਛਕਣ ਅਤੇ ਨਾਮ ਦੇ ਸਿਮਰਨ ਰਾਹੀਂ ਮਨੁੱਖ ਦੇ ਅੰਦਰ ਵੱਸ ਰਹੇ ਕਰਤੇ ਨੂੰ ਜਗਾਉਣ ਦੀ ਜਾਚ ਦੱਸੀ। ਪੰਜਾਬ ਦੇ ਕਿਸਾਨ ਮਹਿਸੂਸ ਕਰਦੇ ਹਨ ਕਿ ਕੇਂਦਰ ਸਰਕਾਰ ਸਾਥੋਂ ਜ਼ਮੀਨਾਂ ਅਤੇ ਖੇਤੀ ਖੋਹ ਕੇ ਸਾਡੇ ਕੋਲੋਂ ਬਾਬੇ ਨਾਨਕ ਦਾ ਬਖਸ਼ਿਸ਼ ਕੀਤਾ ਕਿਰਤ ਦਾ ਫਲਸਫਾ ਵੀ ਖੋਹ ਲਵੇਗੀ।


ਮਾਲ ਗੱਡੀਆਂ ਚਲਾਉਣ ਲਈ ਕੇਂਦਰ ਨੇ ਜਿਵੇਂ 'ਗੱਡੇ ਨਾਲ ਕੱਟਾ ਬੰਨ੍ਹਿਆ' ਅਰਥਾਤ ਮਾਲ ਗੱਡੀਆਂ ਨਾਲ ਮੁਸਾਫਰ ਗੱਡੀਆਂ ਚਲਾਉਣ ਦੇਣ ਦੀ ਸ਼ਰਤ ਰੱਖ ਦਿੱਤੀ। ਰੇਲ ਟਰੈਕ, ਸਟੇਸ਼ਨ ਖਾਲੀ ਕਰ ਦੇਣ 'ਤੇ ਵੀ ਮਾਲ ਗੱਡੀਆਂ ਨਹੀਂ ਚਲਾਈਆਂ ਅਤੇ ਪੰਜਾਬ ਦੇ ਮੁੱਖ ਮੰਤਰੀ ਨੇ ਕਿਸਾਨਾਂ ਨਾਲ ਮੀਟਿੰਗ ਕਰਕੇ ਬੇਨਤੀ ਕੀਤੀ ਅਤੇ ਪੰਜਾਬ ਦੇ ਡਿਗ ਰਹੇ ਅਰਥਚਾਰੇ ਦਾ ਵਾਸਤਾ ਪਾਇਆ ਤਾਂ ਕਿਸਾਨਾਂ ਨੇ ਸੀਮਤ ਸਮੇਂ ਤੱਕ ਮਾਲ ਗੱਡੀਆਂ ਦੇ ਨਾਲ ਮੁਸਾਫਰ ਗੱਡੀਆਂ ਚਲਾਉਣ ਦੀ ਵੀ ਸਹਿਮਤੀ ਦੇ ਦਿੱਤੀ। ਕਿਸਾਨਾਂ ਨੇ ਇੱਕ ਮਹੀਨੇ ਤੋਂ ਐਲਾਨ ਕਰ ਰੱਖਿਆ ਸੀ ਕਿ 26 ਅਤੇ 27 ਨਵੰਬਰ ਨੂੰ ਉਹ ਦਿੱਲੀ ਰਾਮਲੀਲ੍ਹਾ ਮੈਦਾਨ ਵਿਚ ਸ਼ਾਂਤਮਈ ਰੋਸ-ਦਿਖਾਵਾ ਕਰਨ ਜਾਣਗੇ ਅਤੇ ਕਿਸਾਨ ਜਥੇਬੰਦੀਆਂ ਨੇ ਦਿੱਲੀ ਕਮਿਸ਼ਨਰ ਤੋਂ ਸ਼ਾਂਤਮਈ ਰੋਸ-ਦਿਖਾਵਾ ਕਰਨ ਦੀ ਇਜਾਜ਼ਤ ਮੰਗੀ; ਦਿੱਲੀ ਪੁਲਿਸ ਕੇਂਦਰ ਸਰਕਾਰ ਦੇ ਅਧੀਨ ਹੈ, ਜਿਸ ਨੇ ਕੋਵਿਡ-19 ਦਾ ਬਹਾਨਾ ਲਾ ਕੇ ਆਗਿਆ ਤੋਂ ਇਨਕਾਰ ਕਰ ਦਿੱਤਾ। ਹਾਲਾਂਕਿ ਸਾਰੇ ਭਾਰਤੀ ਜਾਣਦੇ ਹਨ ਕਿ ਇਸ ਕੋਵਿਡ-19 ਦੇ ਚੱਲਦੇ ਸਮੇਂ ਲੌਕਡਾਊਨ ਦਾ ਫਾਇਦਾ ਉਠਾਉਂਦਿਆਂ ਹੀ ਪਹਿਲਾਂ ਖੇਤੀ ਆਰਡੀਨੈਂਸ ਲਿਆਂਦੇ ਅਤੇ ਫਿਰ ਗੈਰਜ਼ਮਹੂਰੀ ਤਰੀਕੇ ਨਾਲ ਉਨ੍ਹਾਂ ਨੂੰ ਪਾਸ ਕਰਕੇ ਕਾਨੂੰਨ ਬਣਾਇਆ; ਕੋਵਿਡ-19 ਦੀ ਪ੍ਰਵਾਹ ਕੀਤੇ ਬਿਨਾ ਬਿਹਾਰ ਵਿਚ ਚੋਣ ਰੈਲੀਆਂ ਕੀਤੀਆਂ, ਜਿਨ੍ਹਾਂ ਵਿਚ ਲੱਖਾਂ ਦੀ ਗਿਣਤੀ ਵਿਚ ਲੋਕਾਂ ਦੇ ਇਕੱਠ ਹੋਏ ਅਤੇ ਚੋਣਾਂ ਕਰਵਾਈਆਂ; ਹੁਣ ਸਿਮ੍ਰਿਤੀ ਇਰਾਨੀ ਹੈਦਰਾਬਾਦ ਵਿਚ ਮਿਉਂਸਪਲ ਕਮੇਟੀ ਦੀਆਂ ਚੋਣਾਂ ਲਈ ਪ੍ਰਚਾਰ ਕਰਕੇ ਆਈ ਹੈ ਅਤੇ ਭਾਜਪਾ ਦਾ ਪ੍ਰਧਾਨ ਨੱਡਾ ਮਿਉਂਸਿਪਲ ਕਮੇਟੀ ਦੀਆਂ ਚੋਣਾਂ ਦਾ ਪ੍ਰਚਾਰ ਕਰਨ ਹੈਦਰਾਬਾਦ ਗਿਆ ਹੋਇਆ ਹੈ ਤੇ ਰੈਲੀਆਂ ਕਰ ਰਿਹਾ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਚੋਣ ਮੁਹਿੰਮ 'ਤੇ ਚੜ੍ਹਿਆ ਹੋਇਆ ਸੀ, ਜੋ ਵਾਪਸ ਦਿੱਲੀ ਆ ਗਿਆ ਹੈ। ਅੱਜ ਤੱਕ ਕਦੇ ਸੁਣਿਆ ਨਹੀਂ ਸੀ ਕਿ ਕੇਂਦਰ ਪੱਧਰ ਦੇ ਲੀਡਰ ਸਥਾਨਕ ਪੱਧਰ ਦੀਆਂ ਚੋਣਾਂ ਵਿਚ ਪ੍ਰਚਾਰ ਕਰਨ ਲਈ ਗਏ ਹੋਣ।

ਕਿਸਾਨਾਂ ਨੇ ਦਿੱਲੀ ਵੱਲ ਕੂਚ ਕਰਨ ਲਈ ਪੰਜਾਬ-ਹਰਿਆਣਾ ਬਾਰਡਰ ਤੋਂ ਚਾਰ-ਪੰਜ ਰਸਤੇ ਚੁਣੇ ਜਿਵੇਂ ਪਟਿਆਲੇ ਵਿਚੋਂ ਗੁਹਲਾ-ਚੀਗਾ ਅਤੇ ਲਾਲੜੂ (ਸ਼ੰਭੂ ਬਾਰਡਰ), ਸੰਗਰੂਰ ਵਿਚੋਂ ਖਨੌਰੀ ਅਤੇ ਬਠਿੰਡਾ ਵਾਲੇ ਪਾਸੇ ਤੋਂ ਡੱਬਵਾਲੀ, ਜੋ ਸਿਰਸਾ, ਰੋਹਤਕ ਰਾਹੀਂ ਹੋ ਕੇ ਦਿੱਲੀ ਪਹੁੰਚਦਾ ਹੈ। ਦਿੱਲੀ ਭਾਰਤ ਦੀ ਰਾਜਧਾਨੀ ਹੈ, ਜਿੱਥੇ ਕਿਸੇ ਨੂੰ ਜਾਣ ਤੋਂ ਕਿਸੇ ਸਰਕਾਰ ਵੱਲੋਂ ਰੋਕਿਆ ਨਹੀਂ ਜਾ ਸਕਦਾ। ਹਰਿਆਣਾ ਵਿਚ ਖੱਟਰ ਸਰਕਾਰ ਕਿਉਂਕਿ ਭਾਜਪਾ ਦੀ ਸਰਕਾਰ ਹੈ, ਇਸ ਲਈ ਹਰਿਆਣਾ ਸਰਕਾਰ ਨੇ ਪੰਜਾਬ ਨਾਲ ਲੱਗਦੇ ਬਾਰਡਰ ਨੂੰ ਸੀਲ ਕਰ ਦਿੱਤਾ, ਜਦੋਂ ਕਿ ਇਹ ਅੰਦੋਲਨ ਹਰਿਆਣਾ ਦੀ ਖੱਟਰ ਸਰਕਾਰ ਦੇ ਵਿਰੁੱਧ ਜਾਂ ਕਿਸੇ ਵੀ ਸਰਕਾਰ ਦੇ ਵਿਰੁੱਧ ਨਾ ਹੋ ਕੇ ਕੇਂਦਰ ਵੱਲੋਂ ਪਾਸ ਕੀਤੇ ਗਏ ਤਿੰਨ ਕਾਲੇ ਕਾਨੂੰਨਾਂ ਦੇ ਖਿਲਾਫ ਹੈ। ਖੱਟਰ ਸਰਕਾਰ ਨੇ, ਜਿੰਨੇ ਵੀ ਰਸਤੇ ਪੰਜਾਬ ਤੋਂ ਹਰਿਆਣਾ ਰਾਹੀਂ ਦਿੱਲੀ ਨੂੰ ਜਾਂਦੇ ਹਨ, ਸਭ ਬੁਰੀ ਤਰ੍ਹਾਂ ਸੀਲ ਕਰ ਦਿੱਤੇ। ਬਹੁਤੇ ਪਾਠਕਾਂ ਨੇ ਵੱਖ ਵੱਖ ਚੈਨਲਾਂ ਤੇ ਚੱਲਦੀਆਂ ਖਬਰਾਂ ਵਿਚ ਦੇਖਿਆ ਹੋਵੇਗਾ ਕਿ ਕਿਸ ਤਰ੍ਹਾਂ ਸ਼ੰਭੂ ਬਾਡਰ ਤੇ ਪੰਜਾਬ ਵਾਲੇ ਪਾਸੇ ਕਰੇਨਾਂ ਨਾਲ ਪਹਿਲਾਂ ਵੱਡੇ ਵੱਡੇ ਪੱਥਰ ਲਿਆ ਕੇ ਰੱਖੇ ਗਏ ਜਿਨ੍ਹਾਂ ਨੂੰ ਸੰਗਲਾਂ ਨਾਲ ਨੂੜ ਕੇ ਤਾਲੇ ਲਗਾਏ ਹੋਏ ਸਨ। ਪੱਥਰਾਂ ਦੇ ਨਾਲ ਕਰਕੇ ਫਿਰ ਬੈਰੀਕੇਡ ਲਗਾਏ ਹੋਏ ਸਨ। ਸ਼ੰਭੂ ਬਾਰਡਰ ਤੋਂ ਦਿੱਲੀ ਤੱਕ ਸੱਤ ਥਾਂਵਾਂ 'ਤੇ ਬੈਰੀਕੇਡਾਂ ਨਾਲ ਸੜਕ ਬੰਦ ਕਰਕੇ ਸੰਗਲਾਂ ਨਾਲ ਨੂੜੇ ਵੱਡੇ ਵੱਡੇ ਪੱਥਰ, ਖਤਰਨਾਕ ਕੰਡਿਆਲੀਆਂ ਤਾਰਾਂ, ਜਿਨ੍ਹਾਂ ਨੂੰ ਜੇ ਕੋਈ ਕਿਸਾਨ ਅਵਾਰਾ ਪਸ਼ੂਆਂ ਤੋਂ ਬਚਾਅ ਲਈ ਖੇਤ ਦੁਆਲੇ ਲਾ ਦੇਵੇ ਤਾਂ ਉਸ ਨੂੰ ਪੰਜ ਹਜ਼ਾਰ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ, ਮਿੱਟੀ ਨਾਲ ਭਰੇ ਟਿੱਪਰ ਖੜ੍ਹੇ ਕਰਕੇ ਸੜਕ ਬੰਦ ਕਰਨ ਦੇ ਨਾਲ ਨਾਲ ਰਾਹ ਜਾਂਦੇ ਪ੍ਰਾਈਵੇਟ ਟਰੱਕਾਂ ਨੂੰ ਹਾਈਵੇ 'ਤੇ ਖੜ੍ਹੇ ਕਰਕੇ ਟਰੱਕਾਂ ਦੇ ਡਰਾਈਵਰਾਂ ਤੋਂ ਚਾਬੀਆਂ ਲੈ ਲਈਆਂ ਗਈਆਂ। ਪੰਜਾਬ ਦੇ ਕਿਸਾਨਾਂ ਨੇ ਨੰਗੇ ਹੱਥਾਂ ਨਾਲ ਪਾਣੀ ਦੀਆਂ ਤੋਪਾਂ ਦੀਆਂ ਬੁਛਾਰਾਂ ਅਤੇ ਅੱਥਰੂ ਗੈਸ ਦੇ ਵਰਦੇ ਗੋਲਿਆਂ ਵਿਚ ਇਨ੍ਹਾਂ ਪੱਥਰਾਂ ਨੂੰ ਹਟਾਇਆ, ਮਣਾਂ ਮੂੰਹੀ ਮਿੱਟੀ ਨੂੰ ਆਪਣੇ ਹੱਥਾਂ ਅਤੇ ਪੱਲਿਆਂ ਵਿਚ ਪਾ ਕੇ ਪਾਸੇ ਸੁੱਟਿਆ, ਨੌਜੁਆਨਾਂ ਨੇ ਬੈਰੀਕੇਡ ਚੁੱਕ ਚੁੱਕ ਕੇ ਨਹਿਰ ਵਿਚ ਸੁੱਟੇ। ਹਰਿਆਣੇ ਦੇ ਕਿਸਾਨ, ਜੋ ਪਹਿਲਾਂ ਹੀ ਆਪਣੇ ਪੰਜਾਬੀ ਭਰਾਵਾਂ ਦੀ ਮਦਦ ਕਰਨ ਲਈ ਪਹੁੰਚੇ ਹੋਏ ਸਨ, ਉਨ੍ਹਾਂ ਨੇ ਆਪਣੇ ਟਰੈਕਟਰਾਂ ਅਤੇ ਕਰਾਹਾਂ ਨਾਲ ਆਪਣੇ ਪੰਜਾਬੀ ਭਰਾਵਾਂ ਦੀ ਮਦਦ ਕੀਤੀ। ਮਸ਼ੀਨਾਂ ਨਾਲ ਰੱਖੇ ਪੱਥਰ, ਰੇਤੇ ਨਾਲ ਭਰੇ ਹੋਏ ਟਿੱਪਰ, ਸੜਕਾਂ ਤੇ ਹਰਿਆਣਾ ਪ੍ਰਸ਼ਾਸਨ ਵੱਲੋਂ ਜਬਰੀ ਰੋਕੀਆਂ ਗੱਡੀਆਂ ਅਤੇ ਟਰੱਕ ਕਿਸਾਨਾਂ ਨੇ ਹਿੰਮਤ ਅਤੇ ਹੌਸਲੇ ਨਾਲ ਰਸਤੇ ਵਿਚੋਂ ਆਪਣੇ ਹੱਥਾਂ ਨਾਲ



ਚੁੱਕ ਚੁੱਕ ਕੇ ਹਟਾਏ। ਸ਼ੰਭੂ ਮੋਰਚੇ 'ਤੇ ਜਿਸ ਨੌਜੁਆਨ ਕਿਸਾਨ ਨਵਦੀਪ ਨੇ ਫੁਰਤੀ ਨਾਲ, ਫਿਲਮਾਂ ਵਿਚ ਕੰਮ ਕਰਦੇ ਸਟੰਟਮੈਨ ਦੀ ਤਰ੍ਹਾਂ, ਛਾਲ ਮਾਰ ਕੇ ਪਾਣੀ ਦੀਆਂ ਤੋਪਾਂ ਦਾ ਮੂੰਹ ਬੰਦ ਕੀਤਾ ਅਤੇ ਪੁਲਿਸ ਵਾਲੇ ਪਾਸੇ ਘੁਮਾ ਕੇ ਫਿਰ ਮਸ਼ੀਨ ਤੋਂ ਛਾਲ ਮਾਰ ਕੇ ਟਰੈਕਟਰ ਦੀ ਟਰਾਲੀ ਵਿਚ ਆਇਆ, ਉਹ ਹਰਿਆਣਾ ਦੇ ਅੰਬਾਲਾ ਜਿਲੇ ਦਾ ਹੈ। ਇਸੇ ਤਰ੍ਹਾਂ ਡੱਬਵਾਲੀ ਬਾਰਡਰ 'ਤੇ ਵੀ ਜਿਸ ਲੜਕੇ ਨੇ, ਸ਼ਾਇਦ ਉਸ ਦਾ ਨਾਮ ਨਰਿੰਦਰ ਭੁੱਲਰ ਹੈ, ਨੇ ਪਾਣੀ ਦੀਆਂ ਤੋਪਾਂ ਦਾ ਮੂੰਹ ਘੁਮਾਇਆ, ਉਹ ਵੀ ਹਰਿਆਣੇ ਦਾ ਹੈ। ਡੱਬਵਾਲੀ ਬਾਰਡਰ 'ਤੇ ਸੀਵਰੇਜ ਦੀਆਂ ਵੱਡੀਆਂ ਵੱਡੀਆਂ ਪਾਈਪਾਂ ਪਾ ਕੇ ਉੱਤੇ ਮਿੱਟੀ ਪਾਈ ਹੋਈ ਸੀ। ਕਿਸਾਨਾਂ ਨੇ ਆਪਣੇ ਝੰਡਿਆਂ ਦੇ ਡੰਡਿਆਂ ਨਾਲ ਪਾਈਪਾਂ ਤੋਂ ਮਿੱਟੀ ਲਾਹੀ ਅਤੇ ਪਾਈਪਾਂ ਪਾਸੇ ਕੀਤੀਆਂ। ਪੰਜਾਬ ਦੇ ਕਿਸਾਨਾਂ ਦਾ ਕਹਿਣਾ ਹੈ ਕਿ ਜੇ ਹਰਿਆਣੇ ਦੇ ਕਿਸਾਨ ਜੇ. ਸੀ. ਬੀ. ਮਸ਼ੀਨਾਂ, ਸੰਗਲ, ਟਰੈਕਟਰ ਅਤੇ ਕਰਾਹਾਂ ਨਾਲ ਵੱਖ ਵੱਖ ਥਾਂਵਾਂ 'ਤੇ ਲਾਏ ਨਾਕਿਆਂ 'ਤੇ ਹਾਜ਼ਰ ਨਾ ਹੁੰਦੇ ਤਾਂ ਸ਼ਾਇਦ ਉਨ੍ਹਾਂ ਲਈ ਇਹ ਸਭ ਕੁਝ ਏਨੀ ਛੇਤੀ ਪਾਸੇ ਹਟਾ ਦੇਣਾ ਸੰਭਵ ਨਾ ਹੁੰਦਾ। ਪੰਜਾਬ ਤੋਂ ਕਿਸਾਨ ਆਪਣੀਆਂ ਟਰਾਲੀਆਂ ਵਿਚ ਭਾਵੇਂ ਤਿੰਨ ਤਿੰਨ ਮਹੀਨੇ ਦਾ ਰਾਸ਼ਣ, ਗੈਸ ਸਲੰਡਰ, ਚੁੱਲ੍ਹੇ, ਸਟੋਵ ਸਭ ਕੁਝ ਨਾਲ ਲੈ ਕੇ ਤੁਰੇ ਹਨ, ਫਿਰ ਵੀ ਹਰਿਆਣੇ ਦੇ ਕਿਸਾਨ ਅਤੇ ਲੋਕ ਉਨ੍ਹਾਂ ਦੀ ਲੰਗਰ ਪਾਣੀ ਨਾਲ ਹਰ ਤਰ੍ਹਾਂ ਦੀ ਸੇਵਾ ਕਰ ਰਹੇ ਹਨ।

ਪੰਜਾਬ ਹਰਿਆਣਾ ਵਿਚ ਇਸ ਵੇਲੇ ਆਮ ਨਾਲੋਂ ਜ਼ਿਆਦਾ ਸਰਦੀ ਪੈ ਰਹੀ ਹੈ ਅਤੇ ਇਸ ਸਰਦੀ ਵਿਚ ਕਿਸਾਨਾਂ 'ਤੇ ਬੇਤਹਾਸ਼ਾ ਪਾਣੀ ਦੀਆਂ ਤੋਪਾਂ ਦੀਆਂ ਬੁਛਾਰਾਂ ਮਾਰੀਆਂ ਗਈਆਂ। ਸ਼ੰਭੂ ਬਾਰਡਰ 'ਤੇ ਸੜਕ ਇਵੇਂ ਲੱਗ ਰਹੀ ਸੀ ਜਿਵੇਂ ਪਾਣੀ ਦੀ ਨਹਿਰ ਵੱਗ ਰਹੀ ਹੋਵੇ। ਕਿਸਾਨਾਂ ਦੇ ਕੱਪੜੇ ਹਰ ਥਾਂ ਹੀ ਬੁਰੀ ਤਰ੍ਹਾਂ ਪਾਣੀ ਨਾਲ ਭਿੱਜੇ, ਪਰ ਉਨ੍ਹਾਂ ਨੇ ਪਰਵਾਹ ਨਹੀਂ ਕੀਤੀ। ਅੱਥਰੂ ਗੈਸ ਦੇ ਗੋਲੇ ਕਿਸਾਨਾਂ ਦੀਆਂ ਅੱਖਾਂ ਵਿਚ ਜਲੂਣ ਛੇੜ ਰਹੇ ਸਨ। ਵੀਡੀਓ ਵਿਚ ਕਿਸਾਨ ਆਪਣੀ ਟਰਾਲੀ ਵਿਚ ਡਿਗੇ ਹੰਝੂ ਗੋਲੇ ਨੂੰ ਵਗਾਹ ਕੇ ਪਰ੍ਹੇ ਸੁੱਟਦੇ ਵੀ ਦੇਖੇ ਗਏ ਅਤੇ ਉਨ੍ਹਾਂ ਦੇ ਹੱਥਾਂ 'ਤੇ ਜ਼ਖਮ ਹੋ ਗਏ। ਇਨ੍ਹਾਂ ਸਾਰੀਆਂ ਸਰੀਰਕ ਅਤੇ ਮਾਨਸਿਕ ਤਕਲੀਫਾਂ ਦੇ ਬਾਵਜੂਦ ਕਿਸਾਨਾਂ ਨੇ ਆਪਣੇ ਸਬਰ, ਆਪਣੀ ਤਹੱਮਲਬਾਜ਼ੀ, ਆਪਣੇ ਸਲੀਕੇ, ਸ਼ਾਂਤੀ ਅਤੇ ਅਨੁਸ਼ਾਸਨ ਨੂੰ ਭੰਗ ਨਹੀਂ ਹੋਣ ਦਿੱਤਾ। ਕਿਸੇ ਪੁਲਿਸ ਵਾਲੇ ਨੂੰ ਜਾਂ ਕਿਸੇ ਨੂੰ ਵੀ ਕੋਈ ਉੱਚਾ ਜਾਂ ਮੰਦਾ ਬੋਲ ਨਹੀਂ ਬੋਲਿਆ; ਸਗੋਂ ਹਰਿਆਣੇ ਦੀ ਪੁਲਿਸ ਨੂੰ ਵੀ ਲੰਗਰ-ਪਾਣੀ ਛਕਾਇਆ ਅਤੇ ਤਸਲੀਮ ਕੀਤਾ ਕਿ ਉਹ ਉਪਰੋਂ ਮਿਲੇ ਹੁਕਮ ਨੂੰ ਵਜਾ ਰਹੇ ਹਨ, ਕਿਉਂਕਿ ਉਹ ਸਰਕਾਰ ਦੇ ਨੌਕਰ ਹਨ; ਰਾਹਗੀਰਾਂ ਦੀ ਮਦਦ ਕੀਤੀ। ਸਮਾਲਖਾ ਤੋਂ ਅੱਗੇ ਦਿੱਲੀ ਦੇ ਬਾਰਡਰ ਤੋਂ ਪਹਿਲਾਂ ਹਰਿਆਣਾ ਪ੍ਰਸ਼ਾਸਨ ਵੱਲੋਂ ਜਰਨੈਲੀ ਸੜਕ, ਜੋ ਉਥੋਂ ਕਰੀਬ 40 ਫੁੱਟ ਚੌੜੀ ਹੈ, ਡੂੰਘੀ ਪੱਟ ਕੇ ਕੰਡੇਦਾਰ ਤਾਰ ਦੇ ਵੱਡੇ ਵੱਡੇ ਰੋਲ ਵਿਚ ਸੁੱਟੇ ਹੋਏ ਸਨ ਅਤੇ ਅੱਗੇ ਬੈਰੀਕੇਡਾਂ ਦੇ ਨਾਲ ਹੀ ਰੇਤੇ ਦੇ ਭਰੇ ਟਿੱਪਰ ਸੜਕ ਵਿਚ ਖੜ੍ਹੇ ਕੀਤੇ ਹੋਏ ਸਨ ਤਾਂ ਕਿ ਕਿਸਾਨ ਅੱਗੇ ਨਾ ਜਾ ਸਕਣ। ਇਸ ਲਈ ਕਿਸਾਨਾਂ ਨੂੰ 26 ਨਵੰਬਰ ਦੀ ਰਾਤ ਉਥੇ ਹੀ ਗੁਜ਼ਾਰਨ ਲਈ ਮਜਬੂਰ ਹੋਣਾ ਪਿਆ। 27 ਨਵੰਬਰ ਦੀ ਸਵੇਰ ਨੂੰ ਕਿਸਾਨਾਂ ਨੇ ਹੱਥਾਂ ਨਾਲ ਏਡੇ ਡੂੰਘੇ ਟੋਇਆਂ ਨੂੰ ਭਰਿਆ, ਟਿੱਪਰ, ਟਰੱਕ ਹਟਾਏ ਅਤੇ ਦਿੱਲੀ ਵੱਲ ਵਧੇ।



ਮਨੋਹਰ ਖੱਟਰ

ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਦਾ ਆਪਸੀ ਸਹਿਯੋਗ, ਇੱਕ ਦੂਜੇ ਦੀ ਤਕਲੀਫ ਦਾ ਖਿਆਲ, ਪ੍ਰੇਮ-ਮੁਹੱਬਤ ਇੱਕ ਨਵਾਂ ਸੁਨੇਹਾ ਦਿੰਦਾ ਹੈ। ਜਿੰਨੇ ਠਰੰਮੇ, ਸ਼ਾਂਤੀ ਅਤੇ ਜ਼ਾਬਤੇ ਵਿਚ ਰਹਿ ਕੇ ਏਨੇ ਮਹੀਨਿਆਂ ਤੋਂ ਕਿਸਾਨ ਸੜਕਾਂ 'ਤੇ ਲੜ ਰਿਹਾ ਹੈ ਅਤੇ ਇਸ ਸਭ ਕੁਝ ਨੂੰ ਕਾਇਮ ਰੱਖਦਿਆਂ ਦਿੱਲੀ ਪਹੁੰਚਿਆ ਹੈ, ਇਸ ਦੀ ਦਾਦ ਦੇਣੀ ਬਣਦੀ ਹੈ। ਕਿਸਾਨ ਆਪਣੀ ਅਤੇ ਦੇਸ਼ ਦੀ ਭੁੱਖ ਲਈ ਲੜ ਰਿਹਾ ਹੈ; ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਲੜ ਰਿਹਾ ਹੈ ਅਤੇ ਕਿਸਾਨਾਂ ਦੇ ਹੀ ਫੌਜੀ ਪੁੱਤਰ ਸਰਹੱਦਾਂ ਤੇ ਆਪਣੀਆਂ ਜਾਨਾਂ ਦੇ ਰਹੇ ਹਨ। ਭੁੱਖਾ ਰਹਿ ਕੇ ਤਾਂ ਮਨੁੱਖ ਭਗਤੀ ਵੀ ਨਹੀਂ ਕਰ ਸਕਦਾ। ਭਗਤ ਕਬੀਰ ਜੀ ਆਪ ਕਿਰਤ ਨੂੰ ਅਪਨਾਏ ਹੋਏ ਸਨ, ਜੋ ਕੱਪੜਾ ਬੁਣਨ ਦਾ ਕੰਮ ਕਰਦੇ ਸਨ। ਉਹ ਤਾਂ ਆਪਣੇ ਰੱਬ ਨੂੰ ਵੀ ਕਹਿੰਦੇ ਹਨ ਕਿ "ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥" ਭਗਤ ਧੰਨਾ ਜੀ ਪਰਵਦਗਾਰ ਅੱਗੇ ਅਰਦਾਸ ਕਰਦੇ ਹਨ ਕਿ ਮੈਂ ਤੇਰੇ ਕੋਲੋਂ ਬਹੁਤਾ ਕੁਝ ਨਹੀਂ ਮੰਗਦਾ, ਸਿਰਫ ਆਪਣੀ ਲੋੜ ਜੋਗਾ ਹੀ ਮੰਗਦਾ ਹਾਂ-ਦਾਲ, ਆਟਾ, ਘਿਉ, ਜਿਹਦੇ ਨਾਲ ਮੇਰੀ ਜਿੰਦ ਸੁਖੀ ਰਹੇ; ਪਾਉਣ ਲਈ ਜੁੱਤੀ ਅਤੇ ਸੁਹਣਾ ਕੱਪੜਾ ਹੋਵੇ, ਅਨਾਜ ਹੋਵੇ, ਦੁੱਧ ਪੀਣ ਲਈ ਘਰ ਵਿਚ ਗਾਂ, ਮੱਝ ਲਵੇਰੀ ਹੋਵੇ; ਸਵਾਰੀ ਲਈ ਚੰਗੀ ਅਰਬੀ ਘੋੜੀ ਹੋਵੇ ਅਤੇ ਤੇਰਾ ਦਾਸ ਧੰਨਾ ਤੇਰੇ ਕੋਲੋਂ ਘਰ ਦੀ ਚੰਗੀ ਇਸਤਰੀ ਵੀ ਮੰਗਦਾ ਹੈ, "ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥ ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥"

ਇੱਥੇ ਜ਼ਿਕਰ ਇਸ ਲਈ ਕੀਤਾ ਹੈ ਕਿ ਕਿਸੇ ਵੀ ਮਨੁੱਖ ਦੇ ਜ਼ਿੰਦਾ ਰਹਿਣ ਲਈ ਇਹ ਆਮ ਅਤੇ ਘੱਟੋ ਘੱਟ ਮੁਢਲੀਆਂ ਲੋੜਾਂ ਹਨ, ਜੋ ਹਰ ਇਨਸਾਨ ਨੂੰ ਲੋੜੀਂਦੀਆਂ ਹਨ ਅਤੇ ਪੂਰੀਆਂ ਹੋਣੀਆਂ ਚਾਹੀਦੀਆਂ ਹਨ। ਫਿਰ ਕਿਸਾਨ ਤਾਂ ਆਪ ਭੁੱਖਾ ਰਹਿ ਕੇ ਵੀ ਸਾਰੇ ਮੁਲਕ ਦੀ, ਸੰਸਾਰ ਦਾ ਢਿੱਡ ਭਰਦਾ ਹੈ। ਕੋਵਿਡ-19 ਦੇ ਮੱਦੇਨਜ਼ਰ ਕੇਂਦਰੀ ਸਰਕਾਰ ਵੱਲੋਂ ਬਿਨਾ ਕੋਈ ਚਿਤਾਵਨੀ ਦਿੱਤਿਆਂ ਸਾਰੇ ਮੁਲਕ ਵਿਚ ਜਦੋਂ ਲੌਕਡਾਊਨ ਕੀਤਾ ਗਿਆ, ਉਦੋਂ ਗਲੀ-ਮੁਹੱਲਿਆਂ ਵਿਚ, ਸੜਕ 'ਤੇ ਪੈਦਲ ਸਮਾਨ ਚੁੱਕੀ ਤੁਰੇ ਜਾਂਦੇ ਭੁੱਖੇ ਮਜਦੂਰਾਂ ਦੀ ਜੇ ਕਿਸੇ ਨੇ ਸਾਰ ਲਈ ਤਾਂ ਉਹ ਕਿਸਾਨ ਹੀ ਸੀ, ਕੋਈ ਕੇਂਦਰੀ ਜਾਂ ਸੂਬਾ ਸਰਕਾਰ ਨਹੀਂ ਸੀ। ਪੰਜਾਬ ਨੇ ਆਪਣੇ ਗੁਦਾਮਾਂ ਵਿਚੋਂ ਅਨਾਜ ਭੇਜਿਆ, ਜੋ ਲੋਕਾਂ ਵਿਚ ਵੰਡਿਆ ਗਿਆ। ਜਿਵੇਂ ਨਵੇਂ ਕਾਨੂੰਨਾਂ ਵਿਚ ਕਾਰਪੋਰੇਸ਼ਨਾਂ ਨੂੰ ਅਨਾਜ ਜ਼ਖੀਰਾ ਕਰਨ ਦੀ ਖੁੱਲ੍ਹ ਦੇ ਦਿੱਤੀ ਗਈ ਹੈ ਤਾਂ ਕੱਲ੍ਹ ਨੂੰ ਕੋਈ ਬਿਪਤਾ ਆ ਪਵੇ, ਫਿਰ ਸਰਕਾਰਾਂ ਕਿੱਥੋਂ ਮੁਫਤ ਅਨਾਜ ਵੰਡਣਗੀਆਂ? ਇਸ ਕਿਸਮ ਦੀਆਂ ਹੋਰ ਪਤਾ ਨਹੀਂ ਕਿੰਨੀਆਂ ਕੁ ਸਮੱਸਿਆਵਾਂ ਗਰੀਬਾਂ ਲਈ ਪੈਦਾ ਹੋ ਜਾਣਗੀਆਂ?

ਕੇਂਦਰ ਸਰਕਾਰਾਂ ਖਿਲਾਫ ਸਮੇਂ ਸਮੇਂ ਵੱਖ ਵੱਖ ਜਥੇਬੰਦੀਆਂ ਅਤੇ ਆਮ ਜਨਤਾ ਵੱਲੋਂ ਧਰਨੇ ਦਿੱਤੇ ਜਾਂਦੇ ਰਹੇ ਹਨ। ਕਦੇ ਕਿਸੇ ਜਥੇਬੰਦੀ ਨੂੰ ਰਾਮਲੀਲਾ ਮੈਦਾਨ ਜਾਂ ਜੰਤਰ-ਮੰਤਰ ਵਿਚ ਆ ਕੇ ਰੋਸ ਦਿਖਾਵਾ ਕਰਨ ਤੋਂ ਨਹੀਂ ਰੋਕਿਆ ਗਿਆ। ਸਭ ਰੋਸ ਦਿਖਾਵੇ ਇਨ੍ਹਾਂ ਥਾਂਵਾਂ 'ਤੇ ਹੀ ਹੁੰਦੇ ਰਹੇ ਹਨ। ਅੰਨਾ ਹਜ਼ਾਰੇ ਨੇ ਵੀ ਇੱਥੇ ਹੀ ਧਰਨਾ ਦਿੱਤਾ ਸੀ, ਜਦੋਂ ਬਾਬਾ ਰਾਮਦੇਵ ਜਨਾਨਾ ਪੁਸ਼ਾਕ ਸਲਵਾਰ-ਕਮੀਜ਼ ਪਾ ਕੇ ਸਿਰ 'ਤੇ ਜਨਾਨੀਆਂ ਵਾਂਗ ਚੁੰਨੀ ਲੈ ਕੇ ਭੱਜਿਆ ਸੀ। ਉਦੋਂ ਭਾਜਪਾ ਨੇ ਮਹਾਤਮਾ ਗਾਂਧੀ ਦੀ ਸਮਾਧ 'ਤੇ ਬੈਠ ਕੇ ਸਰਕਾਰ ਦੇ ਖਿਲਾਫ ਰੋਸ ਦਿਖਾਵਾ ਕੀਤਾ ਸੀ। ਇਸ ਵਾਰ ਪੰਜਾਬ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੇ ਮੰਤਰੀਆਂ ਅਤੇ ਵਿਧਾਇਕਾਂ ਨਾਲ ਜਦੋਂ ਮਹਾਤਮਾ ਗਾਂਧੀ ਦੀ ਸਮਾਧੀ 'ਤੇ ਬੈਠਣ ਲਈ ਆਇਆ ਤਾਂ ਦਿੱਲੀ ਪੁਲਿਸ, ਜੋ ਕੇਂਦਰ ਅਧੀਨ ਹੈ, ਨੇ ਉਸ ਨੂੰ ਬੈਠਣ ਨਹੀਂ ਦਿੱਤਾ। ਕਿਸਾਨਾਂ ਨੂੰ ਵੀ ਦਿੱਲੀ ਵਿਚ ਦਾਖਲ ਹੋ ਕੇ ਰਾਮਲੀਲ੍ਹਾ ਮੈਦਾਨ ਜਾਂ ਜੰਤਰ ਮੰਤਰ 'ਤੇ ਜਾ ਕੇ ਰੋਸ-ਦਿਖਾਵਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਦਿੱਲੀ ਅੰਦਰ ਵੜਨ ਤੋਂ ਰੋਕਣ ਲਈ ਰੋਕਾਂ ਲਾਈਆਂ ਗਈਆਂ, ਅੰਨਦਾਤੇ ਤੇ ਲਾਠੀਆਂ, ਪਾਣੀ ਦੀਆਂ ਬੁਛਾਰਾਂ ਵਰਸਾਈਆਂ ਗਈਆਂ, ਅੱਥਰੂ ਗੈਸ ਦੇ ਗੋਲੇ ਛੱਡੇ ਗਏ ਅਤੇ ਅਖੀਰ ਵਿਚ ਇਹ ਕਿਹਾ ਗਿਆ ਕਿ ਦਿੱਲੀ ਦੇ ਉੱਤਰ ਵਿਚ ਬਰਾੜੀ ਮੈਦਾਨ ਵਿਚ ਬੈਠ ਜਾਣ, ਜੋ ਨਿਰੰਕਾਰੀ ਸੰਸਥਾ ਦੇ ਸਮਾਗਮ ਕਰਨ ਦਾ ਸਥਾਨ ਹੈ। ਇਹ ਸਥਾਨ ਨਾ ਸਿਰਫ ਰਿੰਗ ਰੋਡ ਜਾਂ ਆਮ ਦੇਖੇ ਜਾਣ ਤੋਂ ਬਹੁਤ ਪਾਸੇ ਹੈ, ਸਗੋਂ ਇਸ ਦੇ ਦੁਆਲੇ ਕਈ ਕਈ ਫੁੱਟ ਉੱਚੀ ਕੰਧ ਉਸਰੀ ਹੋਈ ਹੈ, ਜਿੱਥੇ ਬੈਠਾ ਬਾਹਰੋਂ ਕੋਈ ਨਜ਼ਰ ਨਹੀਂ ਆਉਂਦਾ। ਬਹੁਤੀਆਂ ਕਿਸਾਨ ਜਥੇਬੰਦੀਆਂ ਇਥੇ ਜਾ ਕੇ ਪ੍ਰਦਰਸ਼ਨ ਕਰਨ ਦੇ ਹੱਕ ਵਿਚ ਨਹੀਂ ਹਨ। ਉੱਪਰ ਦੱਸੇ ਕਾਰਨਾਂ ਤੋਂ ਇਲਾਵਾ ਕਿਸਾਨਾਂ ਨੂੰ ਇਹ ਵੀ ਖਦਸ਼ਾ ਹੈ ਕਿ ਇੱਥੇ ਉਨ੍ਹਾਂ ਦੇ ਰੋਸ-ਦਿਖਾਵੇ ਦਾ, ਜਿਵੇਂ ਕੋਵਿਡ-19 ਦਾ ਬਹਾਨਾ ਕਰਕੇ ਸ਼ਾਹੀਨ ਬਾਗ ਦੇ ਸਿਟੀਜ਼ਨਸ਼ਿਪ ਐਕਟ ਦੇ ਖਿਲਾਫ ਚੱਲ ਰਹੇ ਸ਼ਾਂਤਮਈ ਧਰਨੇ ਦਾ ਜੋ ਹਸ਼ਰ ਕੀਤਾ ਗਿਆ ਸੀ, ਵੀ ਉਹੀ ਹਸ਼ਰ ਕਿਸਾਨਾਂ ਦਾ ਵੀ ਕੀਤਾ ਜਾਵੇਗਾ।

ਉਗਰਾਹਾਂ ਜਥੇਬੰਦੀ ਨੇ ਡੱਬਵਾਲੀ ਅਤੇ ਖਨੌਰੀ ਰਸਤੇ ਦਿੱਲੀ ਬਾਰਡਰ 'ਤੇ ਬਹਾਦਰਗੜ੍ਹ ਪਹੁੰਚਣਾ ਸੀ ਅਤੇ ਉਨ੍ਹਾਂ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਉਹ ਬਰਾੜੀ ਨਹੀਂ ਜਾਣਗੇ। ਕੇਂਦਰ ਸਰਕਾਰ ਨੇ ਬਾਕੀ ਮੰਤਰੀਆਂ ਨੂੰ ਪਾਸੇ ਕਰਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਕਿਹਾ ਹੈ। ਅਮਿਤ ਸ਼ਾਹ ਦਾ ਕਹਿਣਾ ਹੈ ਕਿ ਪਹਿਲਾਂ ਰਸਤੇ ਖਾਲੀ ਕਰਕੇ ਜਿੱਥੇ ਕਿਹਾ ਹੈ (ਭਾਵ ਬਰਾੜੀ), ਉਥੇ ਜਾਉ, ਫਿਰ ਗੱਲਬਾਤ ਹੋਵੇਗੀ। ਨੈਸ਼ਨਲ ਮੀਡੀਏ ਦੀ ਬੇਸ਼ਰਮੀ ਦੀ ਹੱਦ ਹੈ ਕਿ ਉਹ ਹਾਲੇ ਵੀ ਕਹੀ ਜਾਂਦਾ ਹੈ ਕਿ ਇਸ ਵਿਚ ਖਾਲਿਸਤਾਨੀਆਂ ਦੀ ਘੁਸਪੈਠ ਹੈ ਜਾਂ ਇਹ ਰਾਜਸੀ ਪਾਰਟੀਆਂ ਸਪਾਂਸਰ ਕਰ ਰਹੀਆਂ ਹਨ ਅਤੇ ਇਹ ਵੋਟਾਂ ਲਈ ਹੈ। ਅੱਜ ਤੱਕ ਇੱਕ ਦਿਨ ਵੀ ਕਿਸਾਨਾਂ ਨੇ ਕਿਸੇ ਰਾਜਸੀ ਨੇਤਾ ਨੂੰ ਆਪਣੀ ਸਟੇਜ ਤੋਂ ਨਾ ਹੀ ਬੋਲਣ ਦਿੱਤਾ ਹੈ ਅਤੇ ਨਾ ਹੀ ਕਿਸੇ ਧਰਨੇ 'ਤੇ ਕਿਧਰੇ ਵੀ ਅਗਵਾਈ ਕਰਨ ਦਿੱਤੀ ਹੈ। ਦਿੱਲੀ ਅੰਦਰ ਦਾਖਲ ਹੋ ਕੇ ਪ੍ਰਦਰਸ਼ਨ ਨਾ ਕਰਨ ਦੇਣ ਕਰਕੇ ਕਿਸਾਨਾਂ ਨੇ ਬਹਾਦਰਗੜ੍ਹ, ਸਿੰਘੂ, ਕੁੰਡਲੀ ਅਤੇ ਟਿੱਕਰੀ ਵਰਗੇ ਥਾਂਵਾਂ 'ਤੇ ਸੜਕਾਂ 'ਤੇ ਡੇਰੇ ਲਾ ਲਏ ਹਨ। ਜੇ ਲੋਕਾਂ ਨੂੰ ਆਵਾਜਾਈ ਦੀ ਜਾਂ ਕਿਸੇ ਵੀ ਕਿਸਮ ਦੀ ਦਿੱਕਤ ਆ ਰਹੀ ਹੈ, ਪ੍ਰੇਸ਼ਾਨੀ ਹੋ ਰਹੀ ਹੈ ਤਾਂ ਉਸ ਵਿਚ ਕਿਸਾਨਾਂ ਦਾ ਦੋਸ਼ ਨਹੀਂ ਹੈ। ਇਸ ਸਾਰੀ ਖੱਜਲ-ਖੁਆਰੀ ਲਈ ਦੋਸ਼ ਕੇਂਦਰੀ ਪ੍ਰਸ਼ਾਸਨ ਦਾ ਹੈ, ਜਿਸ ਨੇ ਬੈਰੀਕੇਡ ਲਾ ਕੇ ਦਿੱਲੀ ਵਿਚ ਦਾਖਲ ਹੋਣਾ ਬੰਦ ਕਰ ਦਿੱਤਾ ਹੈ।

ਹਰਿਆਣੇ ਦੇ ਮੁੱਖ ਮੰਤਰੀ ਖੱਟਰ ਦੀ ਪੁਲਿਸ ਨੇ ਲਾਂਘਾ ਤੋੜਨ ਦੇ ਦੋਸ਼ ਵਿਚ ਅੱਠ-ਦਸ ਹਜ਼ਾਰ ਕਿਸਾਨਾਂ 'ਤੇ ਵੱਖ ਵੱਖ ਧਾਰਾ ਹੇਠ ਪਰਚੇ ਦਰਜ ਕੀਤੇ ਹਨ। ਪਾਣੀ ਦੀਆਂ ਤੋਪਾਂ ਦੇ ਮੂੰਹ ਬੰਦ ਕਰਨ ਵਾਲੇ ਕਿਸਾਨਾਂ 'ਤੇ ਵੀ ਧਾਰਾ 307 ਅਧੀਨ ਕੇਸ ਕੀਤਾ ਹੈ। ਖੱਟਰ ਦਾ ਇਹ ਵੀ ਕਹਿਣਾ ਹੈ ਕਿ ਸਾਰੇ ਕਿਸਾਨ ਪੰਜਾਬ ਦੇ ਹਨ, ਹਰਿਆਣੇ ਦੇ ਕਿਸਾਨ ਰੋਸ-ਦਿਖਾਵੇ ਦਾ ਹਿੱਸਾ ਨਹੀਂ ਹਨ।

(ਬਾਕੀ ਅਗਲੇ ਸਫੇ 'ਤੇ)

# ਕਿਸਾਨ ਅੰਦੋਲਨ: ਬਾਲ ਕੇਂਦਰ ਸਰਕਾਰ ਦੇ ਪਾਲੇ ਵਿਚ

**(ਦਿੱਲੀ ਦੇ ਬਾਰਡਰ 'ਤੇ 96 ਹਜ਼ਾਰ ਟਰੈਕਟਰ ਅਤੇ 12 ਮਿਲੀਅਨ ਕਿਸਾਨ ਇਕੱਠੇ ਹੋਏ ਹਨ। ਮਨੁੱਖਤਾ ਦੇ ਇਤਿਹਾਸ ਵਿਚ ਇਹ ਧਰਤੀ ਦੀ ਸਭ ਤੋਂ ਵੱਡੀ ਮਾਰਚ ਹੈ)**

ਪੰਜਾਬ ਵਿਚ ਚੱਲ ਰਿਹਾ ਕਿਸਾਨ ਅੰਦੋਲਨ ਕਈ ਪੱਖਾਂ ਤੋਂ ਨਿਵੇਕਲਾ ਕਿਹਾ ਜਾ ਸਕਦਾ ਹੈ। ਪਹਿਲੀ ਗੱਲ ਤਾਂ ਇਹੋ ਹੈ ਕਿ ਇਹ ਬਿਨਾ ਕਿਸੇ ਰਾਜਸੀ ਪਿਛੋਕੜ ਜਾਂ ਕਿਸੇ ਵੱਡੀ ਰਾਜਸੀ ਪਾਰਟੀ ਦੀ ਮਦਦ ਤੋਂ ਹੀ ਭਖਿਆ ਹੋਇਆ ਹੈ। ਸ਼ੁਰੂ ਸ਼ੁਰੂ ਵਿਚ ਕਾਂਗਰਸ ਅਤੇ ਅਕਾਲੀਆਂ ਨੇ ਇਸ ਅੰਦੋਲਨ ਵਿਚ ਘੁਸਪੈਠ ਕਰਨ ਦਾ ਉਪਰਾਲਾ ਕੀਤਾ, ਪਰ ਕਿਸਾਨ ਜਥੇਬੰਦੀਆਂ ਨੇ ਉਨ੍ਹਾਂ ਨੂੰ ਆਪਣੇ ਨੇੜੇ ਨਾ ਢੁਕਣ ਦਿੱਤਾ। ਕੈਪਟਨ ਅਮਰਿੰਦਰ ਸਿੰਘ ਨੇ ਤਾਂ ਇਹ ਪੇਸ਼ਕਸ਼ ਵੀ ਕੀਤੀ ਸੀ ਕਿ ਉਹ ਇਸ ਅੰਦੋਲਨ ਦੀ ਅਗਵਾਈ ਕਰਨ ਲਈ ਤਿਆਰ ਹਨ, ਪਰ ਦੂਜੇ ਪਾਸੇ ਤੋਂ ਕੋਈ ਹੁੰਗਾਰਾ ਨਾ ਦਿੱਤਾ ਗਿਆ। ਆਮ ਆਦਮੀ ਪਾਰਟੀ ਜਰੂਰ ਕਿਸਾਨਾਂ ਦੇ ਮੋਢੇ ਦੇ ਨਾਲ ਮੋਢਾ ਜੋੜ ਕੇ ਖੜੀ ਰਹੀ ਹੈ। ਅਸਲ ਵਿਚ ਉਨ੍ਹਾਂ ਕਿਸਾਨੀ ਘੋਲ ਵਿਚ ਸਿੱਧਾ ਦਖਲ ਦੇਣ ਦਾ ਯਤਨ ਵੀ ਨਹੀਂ ਕੀਤਾ।



**ਰਵਿੰਦਰ ਸਿੰਘ ਸੋਢੀ**
ਫੋਨ: 604-369-2371

ਭਗਵੰਤ ਮਾਨ ਨੇ ਵੀ ਕਿਸਾਨਾਂ ਦੇ ਹੱਕ ਵਿਚ ਅਵਾਜ਼ ਉਠਾਉਂਦੇ ਵਕਤ ਕਦੇ ਕਿਸਾਨ ਨੇਤਾਵਾਂ ਤੇ ਭਾਰੂ ਪੈਣ ਦੀ ਕੋਸ਼ਿਸ਼ ਨਹੀਂ ਕੀਤੀ।

ਕਿਸਾਨ ਜਥੇਬੰਦੀਆਂ ਦੀ ਇਸ ਪੱਖੋਂ ਸਿਫਤ ਕਰਨੀ ਬਣਦੀ ਹੈ ਕਿ ਉਨ੍ਹਾਂ ਨੇ ਆਪਣੇ ਬਲ-ਬੁੱਤੇ ਹੀ ਆਪਣੀ ਮੁਹਿੰਮ ਨੂੰ ਸਫਲਤਾ ਪੂਰਵਕ ਚਲਾਈ ਰਖਿਆ ਹੈ। ਇਹ ਵੱਖਰੀ ਗੱਲ ਹੈ ਕਿ ਅੰਦਰੋਂ ਘਬਰਾਈ ਹੋਈ ਕੇਂਦਰ ਦੀ ਸਰਕਾਰ ਇਹ ਝੂਠਾ ਪ੍ਰਚਾਰ ਕਰ ਰਹੀ ਹੈ ਕਿ ਕਿਸਾਨ, ਰਾਜਸੀ ਪਾਰਟੀਆਂ ਦੇ ਹੱਥਾਂ ਵਿਚ ਖੇਡ ਰਹੇ ਹਨ। ਹੁਣ ਕਿਸੇ ਵਿਕਾਊ ਚੈਨਲ ਨੇ ਸਰਕਾਰ ਤੋਂ ਵੀ ਦੋ ਕਦਮ ਅੱਗੇ ਜਾ ਕੇ ਇਸ ਅੰਦੋਲਨ ਨੂੰ ਖਾਲਿਸਤਾਨ ਸਮਰਥਕਾਂ ਨਾਲ ਜੋੜ ਦਿੱਤਾ ਹੈ। ਇਸ ਤੋਂ ਹੋਰ ਕਿਹੜੇ ਹੇਠਲੇ ਪੱਧਰ 'ਤੇ ਜਾਵੇਗਾ ਸਾਡਾ ਮੀਡੀਆ?

ਵਰਤਮਾਨ ਕਿਸਾਨੀ ਅੰਦੋਲਨ ਨੂੰ ਆਮ ਜਨਤਾ ਦਾ ਪੂਰਾ ਹਾਂ-ਪੱਖੀ ਹੁੰਗਾਰਾ ਮਿਲ ਰਿਹਾ ਹੈ। ਇਸ ਦੇ ਦੋ ਮੁੱਖ ਕਾਰਨ ਹਨ। ਇਕ ਤਾਂ ਆਰਥਕ ਅਤੇ ਖੇਤੀਬਾੜੀ ਖੇਤਰ ਦੇ ਮਾਹਰਾਂ ਨੇ ਅਖਬਾਰਾਂ ਰਾਹੀਂ ਕੇਂਦਰ ਸਰਕਾਰ ਵੱਲੋਂ ਬਣਾਏ ਤਿੰਨ ਕਾਨੂੰਨਾਂ ਦੀ ਅਸਲੀਅਤ ਲੋਕਾਂ ਨੂੰ ਸਮਝਾ ਦਿੱਤੀ ਹੈ। ਟੀ. ਵੀ. ਚੈਨਲਾਂ ਸਬੰਧੀ ਜਨਤਾ ਨੂੰ ਪਤਾ ਲੱਗ ਚੁਕਾ ਹੈ ਕਿ ਬਹੁਤੇ ਟੀ. ਵੀ. ਚੈਨਲ ਸਰਕਾਰੀ ਬੋਲੀ ਬੋਲ ਰਹੇ ਹਨ। ਇਸ ਲਈ ਜਿਹੜੇ ਭਾੜੇ ਦੇ ਟੱਟੂ, ਚੈਨਲਾਂ 'ਤੇ ਬਹਿਸ-ਮੁਬਾਹਿਸੇ ਕਰਦੇ ਹਨ, ਉਹ ਡਰਾਮੇਬਾਜ਼ੀ ਤੋਂ ਵੱਧ ਕੁਝ ਨਹੀ। ਜਨਤਾ ਦੇ ਸਾਥ ਦੇਣ ਦਾ ਦੂਜਾ ਕਾਰਨ ਸ਼ਾਇਦ ਇਹ ਹੈ ਕਿ ਇਹ ਅੰਦੋਲਨ ਪੂਰਨ ਤੌਰ ਤੇ ਸ਼ਾਂਤੀਪੂਰਨ ਚੱਲ ਰਿਹਾ ਹੈ। ਲੋਕਾਂ ਦੇ ਸਕੂਟਰ, ਕਾਰਾਂ ਜਾਂ ਦੁਕਾਨਾਂ ਨੂੰ ਕਿਸੇ ਕਿਸਮ ਦਾ ਨੁਕਸਾਨ ਨਹੀਂ ਪਹੁੰਚਾਇਆ ਜਾ ਰਿਹਾ। ਇਹ ਠੀਕ ਹੈ ਕਿ ਧਰਨਿਆਂ ਕਰਕੇ ਆਉਣ ਜਾਣ ਵਿਚ ਮੁਸ਼ਕਿਲ ਆਉਂਦੀ ਹੈ। ਮਾਲ ਅਤੇ ਸਵਾਰੀ ਗੱਡੀਆਂ ਦੇ ਬੰਦ ਹੋਣ ਕਰਕੇ ਪ੍ਰੇਸ਼ਾਨੀ ਜਰੂਰ ਹੈ, ਪਰ ਦੂਜੇ ਪਾਸੇ ਸਰਦੀ, ਮੀਂਹ ਵਿਚ ਰੜੇ ਮੈਦਾਨ ਬੈਠੇ ਕਿਸਾਨ ਆਪ ਵੀ ਤਾਂ ਅਨੇਕਾਂ ਮੁਸ਼ਕਿਲਾਂ ਸਹਾਰ ਰਹੇ ਹਨ; ਉਨ੍ਹਾਂ ਦੀ ਖੇਤੀ ਵੀ ਪ੍ਰਭਾਵਿਤ ਹੋ ਰਹੀ ਹੈ, ਕੰਮ ਦਾ ਸਾਰਾ ਭਾਰ ਔਰਤਾਂ ਅਤੇ ਬੱਚਿਆਂ ਦੇ ਸਿਰ ਪੈ ਗਿਆ ਹੈ। ਕਈ ਥਾਂਈਂ ਤਾਂ ਔਰਤਾਂ ਅਤੇ ਬੱਚੇ ਵੀ ਧਰਨਿਆਂ 'ਤੇ ਬੈਠੇ ਹਨ ਜਾਂ ਧਰਨਾਕਾਰੀਆਂ ਲਈ ਖਾਣ-ਪੀਣ ਦਾ ਸਮਾਨ ਮੁਹੱਈਆ ਕਰਵਾ ਰਹੇ ਹਨ। ਇਸ ਲਈ ਆਮ ਜਨਤਾ ਆਪਣੀਆਂ ਪ੍ਰੇਸ਼ਾਨੀਆਂ ਭੁੱਲ ਕੇ ਕਿਸਾਨਾਂ ਪ੍ਰਤੀ ਹਮਦਰਦੀ ਦਿਖਾ ਰਹੀ ਹੈ।

ਆਮ ਲੋਕਾਂ ਦੀਆਂ ਮੁਸੀਬਤਾਂ ਤੋਂ ਕਿਸਾਨ ਨੇਤਾ ਬੇਖਬਰ ਨਹੀਂ। ਜਦੋਂ ਮਾਲ ਗੱਡੀਆਂ ਦੇ ਬੰਦ ਹੋਣ ਕਰਕੇ ਥਰਮਲ ਪਲਾਂਟਾਂ ਲਈ ਕੋਲੇ ਦੀ ਕਿੱਲਤ ਦੀਆਂ ਖਬਰਾਂ ਆਉਣ ਲੱਗੀਆਂ ਅਤੇ ਬਿਜਲੀ ਗੁੱਲ ਹੋਣ ਲੱਗੀ ਤਾਂ ਪੰਜਾਬ ਸਰਕਾਰ ਨੇ ਅੰਦੋਲਨਕਾਰੀਆਂ ਨੂੰ ਬੇਨਤੀ ਕੀਤੀ ਕਿ ਮਾਲ ਗੱਡੀਆਂ ਚਲਾਉਣ ਲਈ ਰੇਲਵੇ ਲਾਈਨਾਂ ਤੋਂ ਧਰਨੇ ਚੁੱਕ ਲਏ ਜਾਣ। ਇਸ ਸਬੰਧੀ ਸਰਕਾਰੀ ਵਫਦ ਨੇ ਵੀ ਕਿਸਾਨ ਆਗੂਆਂ ਨਾਲ ਮੁਲਾਕਾਤ ਕੀਤੀ। ਕਿਸਾਨ ਆਗੂਆਂ ਨੇ ਦੂਰ-ਦ੍ਰਿਸ਼ਟੀ ਤੋਂ ਕੰਮ ਲੈਂਦਿਆਂ ਕੁਝ ਸਮੇਂ ਲਈ ਮਾਲ ਗੱਡੀਆਂ ਨੂੰ ਚਲਾਉਣ ਲਈ ਹਾਮੀ ਭਰ ਦਿੱਤੀ, ਪਰ ਕੇਂਦਰ ਦੀ ਸਰਕਾਰ ਨੇ ਇਸ ਲਈ ਕਿਸਾਨਾਂ ਦਾ ਧੰਨਵਾਦ ਤਾਂ ਕੀ ਕਰਨਾ ਸੀ ਜਾਂ ਕਿਸਾਨ ਆਗੂਆਂ ਦੇ ਇਸ ਹਾਂ-ਪੱਖੀ ਹੁੰਗਾਰੇ ਤੋਂ ਫਾਇਦਾ ਉਠਾ ਕੇ ਉਨ੍ਹਾਂ ਨਾਲ ਮਸਲੇ ਨੂੰ ਸੁਲਝਾਉਣ ਲਈ ਅਗਲੀ ਗੱਲ ਬਾਤ ਸ਼ੁਰੂ ਕਰਨ ਦਾ ਯਤਨ ਕਰਨਾ ਸੀ, ਉਹ ਤਾਂ ਸੌਦੇਬਾਜ਼ੀ 'ਤੇ ਉਤਰ ਆਈ ਅਤੇ ਸ਼ਾਂਤਮਈ ਚੱਲ ਰਹੇ ਕਿਸਾਨੀ ਅੰਦੋਲਨ ਨੂੰ ਤਾਰਪੀਡੋ ਕਰਨ ਦੀ ਹੋਛੀ ਹਰਕਤ 'ਤੇ ਆ ਗਈ। ਕੇਂਦਰ ਸਰਕਾਰ ਨੇ ਇਹ ਸ਼ਰਤ ਲਾ ਦਿੱਤੀ ਕਿ ਸਰਕਾਰ ਮਾਲ ਗੱਡੀਆਂ ਤਾਂ ਹੀ ਚਲਾਏਗੀ, ਜੇ ਸਵਾਰੀ ਗੱਡੀਆਂ ਲਈ ਵੀ ਰੇਲਵੇ ਲਾਈਨਾਂ ਖਾਲੀ ਕੀਤੀਆਂ ਜਾਣ ਗੀਆਂ।

ਕੇਂਦਰ ਦੀ ਅੜੀਅਲ ਸਰਕਾਰ ਨੂੰ ਲਗਦਾ ਸੀ ਕਿ ਧਰਨਾਕਾਰੀਆਂ ਨੇ ਇਹ ਗੱਲ ਮੰਨਣੀ ਨਹੀਂ। ਇਸ ਢੰਗ ਨਾਲ ਆਲ ਲੋਕਾਂ ਨੂੰ ਬਿਜਲੀ ਦੀ ਦਿੱਕਤ ਆਵੇਗੀ। ਦਫਤਰਾਂ, ਫੈਕਟਰੀਆਂ ਬੰਦ ਹੋ ਜਾਣਗੀਆਂ। ਸਾਰੇ ਪਾਸੇ ਹਾਹਾਕਾਰ ਮੱਚ ਜਾਵੇਗੀ ਅਤੇ ਆਮ ਜਨਤਾ ਕਿਸਾਨ ਅੰਦੋਲਨ ਦੇ ਵਿਰੁੱਧ ਹੋ ਜਾਵੇਗੀ; ਪਰ ਭਗਵਾਂ ਸਰਕਾਰ ਦਾ ਇਹ ਵਾਰ ਖਾਲੀ ਹੀ ਗਿਆ। ਉਨ੍ਹਾਂ ਦਾ ਕਿਸਾਨੀ ਅੰਦੋਲਨ ਨੂੰ ਰੇਲਾਂ ਨਾਲ ਜੋੜਨ ਦਾ ਮੁੱਦਾ ਆਪੇ ਹੀ ਦਮ ਤੋੜ ਗਿਆ, ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਪਹਿਲਕਦਮੀ ਕਰਕੇ ਕਿਸਾਨ ਜਥੇਬੰਦੀਆਂ ਦੇ ਕੁਝ ਨੇਤਾਵਾਂ ਨਾਲ ਆਪ ਗੱਲਬਾਤ ਕਰਕੇ ਉਨ੍ਹਾਂ ਨੂੰ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ ਅਤੇ ਵਿਸ਼ਵਾਸ ਦਿਵਾਇਆ ਕਿ ਇਸ ਮੁਸ਼ਕਿਲ ਦੀ ਘੜੀ ਕਿਸਾਨ ਪੰਜਾਬ ਦਾ ਸਾਥ ਦੇਣ ਅਤੇ ਰੇਲਵੇ ਲਾਈਨਾਂ 'ਤੇ ਲਾਏ ਧਰਨੇ ਕੁਝ ਸਮੇਂ ਲਈ ਉਠਾ ਦਿੱਤੇ ਜਾਣ। ਨਿਸ਼ਚੇ ਹੀ ਪੰਜਾਬ ਦੇ ਮੁੱਖ ਮੰਤਰੀ ਦੀ ਪਹਿਲਕਦਮੀ ਪ੍ਰਸ਼ੰਸਾਯੋਗ ਅਤੇ ਰਾਜਸੀ ਨੁਕਤੇ ਤੋਂ ਸੂਝਮਈ ਕਦਮ ਕਿਹਾ ਜਾ ਸਕਦਾ ਹੈ।

ਕਿਸਾਨ ਨੇਤਾਵਾਂ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ ਉਹ ਘੱਟ ਹੈ, ਜਿੰਨਾ ਨੇ ਸਮੇਂ ਅਨੁਸਾਰ ਪੰਜਾਬ ਸਰਕਾਰ ਦਾ ਸਾਥ ਦੇ ਕੇ ਜਿਥੇ ਕੇਂਦਰੀ ਸਰਕਾਰ ਦੀਆਂ ਕੋਝੀਆਂ ਚਾਲਾਂ ਨੂੰ ਬ੍ਰੇਕ ਲਾਈ, ਉਥੇ ਪੰਜਾਬ ਦੀ ਆਮ ਜਨਤਾ ਨੂੰ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋ ਵੀ ਨਿਜਾਤ ਦਿਵਾਈ। ਨਿਸ਼ਚੇ ਹੀ ਪੰਜਾਬੀਆਂ ਦੇ ਦਿਲ ਵਿਚ ਕਿਸਾਨ ਅੰਦੋਲਨ ਪ੍ਰਤੀ ਵਧੇਰੇ ਸਾਥ ਦੇਣ ਦਾ ਖਿਆਲ ਪੈਦਾ ਹੋਵੇਗਾ। ਸਾਡੀਆਂ ਰਾਜਸੀ ਪਾਰਟੀਆਂ ਤੋਂ ਅਜਿਹੀ ਸੂਝ ਦੀ ਆਸ ਨਹੀਂ ਕੀਤੀ ਜਾ ਸਕਦੀ। ਛੋਟੇ ਛੋਟੇ ਮਸਲਿਆਂ ਲਈ ਉਹ ਕਿਵੇਂ ਪਾਰਲੀਮੈਂਟ ਜਾਂ ਰਾਜ ਵਿਧਾਨ ਸਭਾਵਾਂ ਦੇ ਸ਼ੈਸ਼ਨ ਨਹੀਂ ਚੱਲਣ ਦਿੰਦੇ, ਇਹ ਸਭ ਨੂੰ ਹੀ ਪਤਾ ਹੈ।

ਕਿਸਾਨਾਂ ਦੇ ਧਰਨਿਆਂ ਸਮੇਂ ਰੰਗ ਕਰਮੀਆਂ, ਪੰਜਾਬੀ ਗਾਇਕਾਂ ਅਤੇ ਲੇਖਕ ਜਥੇਬੰਦੀਆਂ ਨੇ ਵੀ ਜਿਸ ਤਰ੍ਹਾਂ ਆਪਣੀ ਭਰਵੀਂ ਸ਼ਮੂਲੀਅਤ ਕੀਤੀ ਹੈ, ਉਹ ਵੀ ਕਾਬਿਲ-ਏ-ਤਾਰੀਫ ਹੈ। ਇਸ ਨਾਲ ਕਿਸਾਨੀ ਘੋਲ ਨੂੰ ਨਵਾਂ ਹੁਲਾਰਾ ਵੀ ਮਿਲਿਆ ਹੈ ਅਤੇ ਧਰਨਾਕਾਰੀਆਂ ਵਿਚ ਵਿਸ਼ਵਾਸ ਵੀ ਵਧਿਆ ਹੈ ਕਿ ਕਲਾਕਾਰ ਅਤੇ ਬੁਧੀਜੀਵੀ ਵਰਗ ਵੀ ਉਨ੍ਹਾਂ ਦੇ ਨਾਲ ਖੜ੍ਹਾ ਹੈ। ਇਹ ਨਿਸ਼ਚੇ ਹੀ ਪ੍ਰਸ਼ੰਸਾਯੋਗ ਵਰਤਾਰਾ ਹੈ।

ਇਹ ਬੜੇ ਦੁੱਖ ਦੀ ਗੱਲ ਹੈ ਕਿ ਮੌਜੂਦਾ ਕੇਂਦਰ ਸਰਕਾਰ ਨੇ ਆਪਣੇ ਅੜੀਅਲ ਰਵੱਈਏ ਵਿਚ ਕੋਈ ਲਚਕ ਨਹੀਂ ਲਿਆਉਂਦੀ। ਪਹਿਲਾਂ ਤਾਂ ਇਸ ਅੰਦੋਲਨ ਪ੍ਰਤੀ ਉਨ੍ਹਾਂ ਨੇ ਕੋਈ ਹੁੰਗਾਰਾ ਹੀ ਨਹੀਂ ਭਰਿਆ। ਸਰਕਾਰ ਨੂੰ ਲੱਗਦਾ ਸੀ ਕਿ ਕਿਸਾਨਾਂ ਦਾ ਦਿਖਾਵਾ ਦੁੱਧ ਦਾ ਉਬਾਲ ਹੈ, ਆਪੇ ਖਤਮ ਹੋ ਜਾਵੇਗਾ। ਜਦੋਂ ਦਿਖਾਵੇ ਜੋਰ ਫੜ ਗਏ ਤਾਂ ਸਬੰਧਤ ਮੰਤਰੀ ਨੇ ਕਿਸਾਨ ਆਗੂਆਂ ਨੂੰ ਗੱਲਬਾਤ ਲਈ ਦਿੱਲੀ ਬੁਲਾ ਲਿਆ, ਪਰ ਮੰਤਰੀ ਆਪ ਮੀਟਿੰਗ ਵਿਚ ਨਾ ਆਇਆ। ਕਿਸਾਨ ਆਗੂ ਮੀਟਿੰਗ ਦਾ ਬਾਈਕਾਟ ਕਰ ਕੇ ਵਾਪਸ ਆ ਗਏ। ਜਦੋਂ ਪੰਜਾਬ ਵਿਚ ਭਾਜਪਾ ਆਗੂਆਂ ਪ੍ਰਤੀ ਕਿਸਾਨਾਂ ਦੇ ਦਿਖਾਵੇ ਤੇਜ ਹੋ ਗਏ ਤਾਂ ਫਿਰ ਕੇਂਦਰ ਸਰਕਾਰ ਦੀ ਨੀਂਦ ਖੁੱਲ੍ਹੀ। ਮੰਤਰੀ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਉਹ ਆਪ ਕਿਸਾਨ ਆਗੂਆਂ ਨਾਲ ਗੱਲਬਾਤ ਕਰੇਗਾ। ਇਹ ਮੀਟਿੰਗ ਹੋਈ ਜਰੂਰ, ਪਰ ਸਰਕਾਰ ਨੇ ਕਿਸਾਨ ਆਗੂਆਂ ਦੀ ਕੋਈ ਗੱਲ ਨਾ ਮੰਨੀ। ਇਸ ਤੋਂ ਬਾਅਦ ਅੰਦੋਲਨਕਾਰੀਆਂ ਨੇ 'ਦਿੱਲੀ ਚੱਲੋ' ਦਾ ਐਲਾਨ ਕਰ ਦਿੱਤਾ। ਕੇਂਦਰ ਸਰਕਾਰ ਨੇ ਇਕ ਵਾਰ ਫਿਰ ਕਿਸਾਨਾਂ ਨੂੰ ਗੱਲਬਾਤ ਦੇ ਅਗਲੇ ਗੇੜ ਲਈ ਸੱਦਾ ਦਿੱਤਾ ਹੈ।

ਇਹ ਤਾਂ ਸਮਾਂ ਹੀ ਦੱਸੇਗਾ ਕਿ ਆਉਣ ਵਾਲੀ ਗੱਲਬਾਤ ਵਿਚ ਕੇਂਦਰ ਸਰਕਾਰ ਕੀ ਰਵੱਈਆ ਅਖਤਿਆਰ ਕਰਦੀ ਹੈ? ਪਰ ਪਹਿਲੀ ਮੀਟਿੰਗ ਬੇਸਿੱਟਾ ਰਹਿਣ ਤੋਂ ਬਾਅਦ ਕਿਸਾਨ ਜਥੇਬੰਦੀਆਂ ਨੇ 25 ਅਤੇ 26 ਨਵੰਬਰ ਨੂੰ ਦਿੱਲੀ ਚਲੋ ਦਾ ਐਲਾਨ ਕਰ ਦਿਤਾ। ਪੰਜਾਬ ਵਿਚੋਂ ਹੀ ਨਹੀਂ, ਸਗੋਂ ਸਮੁੱਚੇ ਦੇਸ਼ ਦੇ ਕਿਸਾਨਾਂ ਵਿਚ ਦਿੱਲੀ ਮਾਰਚ ਪ੍ਰਤੀ ਬੇਹਦ ਜੋਸ਼ ਦੇਖਣ ਨੂੰ ਮਿਲਿਆ, ਪਰ ਹਰਿਆਣਾ ਸਰਕਾਰ ਨੇ ਨਾਦਰਸ਼ਾਹੀ ਫੁਰਮਾਨ ਜਾਰੀ ਕਰ ਦਿੱਤਾ ਕਿ ਕਿਸਾਨ ਮਾਰਚ ਨੂੰ ਹਰਿਆਣੇ ਦੀ ਸਰਹੱਦ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਇਸ ਫੈਸਲੇ ਨਾਲ ਉਹ ਦਿਨ ਯਾਦ ਆ ਗਏ, ਜਦੋਂ 1982 ਵਿਚ ਦਿੱਲੀ ਵਿਚ ਹੋਣ ਵਾਲੀਆਂ ਏਸ਼ੀਆਈ ਖੇਡਾਂ ਦੌਰਾਨ ਹਰਿਆਣੇ ਦੇ ਉਸ ਸਮੇਂ ਦੇ ਮੁੱਖ ਮੰਤਰੀ ਭਜਨ ਲਾਲ ਨੇ ਇੰਦਰਾ ਗਾਂਧੀ ਦੀ ਸ਼ਹਿ 'ਤੇ ਹਰਿਆਣੇ ਵਿਚੋਂ ਸਿੱਖਾਂ ਦੇ ਲੰਘਣ 'ਤੇ ਰੋਕ ਲਾ ਦਿੱਤੀ ਸੀ। ਅਜਿਹੀਆਂ ਘਟਨਾਵਾਂ ਹੀ ਇਹ ਅਹਿਸਾਸ ਕਰਵਾਉਂਦੀਆਂ ਹਨ ਕਿ ਸਾਡੇ ਦੇਸ਼ ਵਿਚ ਤਾਨਾਸ਼ਾਹੀ, ਲੋਕਰਾਜ ਦੇ ਪਰਦੇ ਵਿਚ ਲੁਕੀ ਹੋਈ ਹੈ।

ਇਹੋ ਹੀ ਨਹੀਂ, ਦਿੱਲੀ ਪੁਲਿਸ ਨੇ ਕਰੋਨਾ ਮਹਾਮਾਰੀ ਦੀ ਆੜ ਵਿਚ ਕਿਸਾਨਾਂ ਦੇ ਦਿੱਲੀ ਦਿਖਾਵੇ ਦੀ ਇਜਾਜ਼ਤ ਨਹੀਂ ਦਿੱਤੀ। ਕੀ ਰੋਕ ਲਾਉਣ ਵਾਲੇ ਜਿੰਮੇਵਾਰ ਅਫਸਰਾਂ ਤੋਂ ਇਹ ਪੁੱਛਿਆ ਜਾ ਸਕਦਾ ਹੈ ਕਿ ਕੁਝ ਦੇਰ ਪਹਿਲਾਂ ਹੀ ਬਿਹਾਰ ਵਿਧਾਨ ਸਭਾ ਚੋਣਾਂ ਸਮੇਂ ਹੋਈਆਂ ਚੋਣ ਰੈਲੀਆਂ ਸਮੇਂ ਕਰੋਨਾ ਕਿਤੇ ਛੁੱਟੀ ਗਿਆ ਹੋਇਆ ਸੀ? ਇਸ ਤੋਂ ਸਹਿਜੇ ਹੀ ਪਤਾ ਲੱਗਦਾ ਹੈ ਕਿ ਭਾਰਤ ਵਿਚ ਕਾਨੂੰਨ ਰਬੜ ਦਾ ਨੱਕ ਹੈ, ਜਿਸ ਨੂੰ ਸਮੇਂ ਦੀ ਸਰਕਾਰ ਆਪਣੀ ਮਰਜ਼ੀ ਅਨੁਸਾਰ ਜਿਵੇਂ ਮਰਜ਼ੀ ਬਦਲ ਲਏ। ਇਥੇ ਉਸ ਘਟਨਾ ਦਾ ਜ਼ਿਕਰ ਕਰਨਾ ਵੀ ਜਰੂਰੀ ਹੈ, ਜਦੋਂ ਇੰਦਰਾ ਗਾਂਧੀ ਵਿਰੁੱਧ ਸ੍ਰੀ ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਵਿਚ ਸਾਰੀਆਂ ਵਿਰੋਧੀ ਪਾਰਟੀਆਂ ਨੇ ਇਕ ਵਿਸ਼ਾਲ ਪ੍ਰਦਰਸ਼ਨ ਕਰਨ ਦੀ ਯੋਜਨਾ ਬਣਾਈ ਸੀ ਤਾਂ ਇੰਦਰਾ ਗਾਂਧੀ ਨੇ ਉਸ ਰੈਲੀ ਦੀ ਭੀੜ ਘੱਟ ਰੱਖਣ ਦੀ ਮਨਸ਼ਾ ਨਾਲ ਰੈਲੀ ਦੇ ਸਮੇਂ ਹੀ ਦੂਰਦਰਸ਼ਨ ਤੋਂ 'ਬੌਬੀ' ਫਿਲਮ ਚਲਵਾ ਦਿੱਤੀ ਸੀ। ਇਹ ਵੀ ਤਤਕਾਲੀ ਸਰਕਾਰ ਵੱਲੋਂ ਸਰਕਾਰੀ ਅਦਾਰੇ ਦੀ ਦੁਰਵਰਤੋਂ ਦੀ ਘਟੀਆ ਕਾਰਵਾਈ ਸੀ। ਦਿੱਲੀ ਪੁਲਿਸ ਦਾ ਕਿਸਾਨਾਂ ਨੂੰ ਰੈਲੀ ਕਰਨ ਦੀ ਇਜਾਜ਼ਤ ਨਾ ਦੇਣਾ ਇੰਦਰਾ ਗਾਂਧੀ ਦੀ ਹੈਂਕੜ ਵਾਲੀ ਰੁਚੀ ਨੂੰ ਹੀ ਅੱਗੇ ਤੋਰਨ ਵਾਲੀ ਗੱਲ ਹੈ।

ਕਿਸਾਨ ਜਥੇਬੰਦੀਆਂ ਨੇ ਆਪਣੇ ਹੱਕਾਂ ਲਈ ਆਰ-ਪਾਰ ਦੀ ਲੜਾਈ ਦਾ ਬਿਗਲ ਵਜਾਉਂਦਿਆਂ ਐਲਾਨ ਕਰ ਦਿੱਤਾ ਹੈ ਕਿ ਕੁਝ ਵੀ ਹੋ ਜਾਵੇ, ਉਹ ਦਿੱਲੀ ਜਰੂਰ ਪਹੁੰਚਣਗੇ ਤੇ ਰੈਲੀ ਕਰਨਗੇ ਅਤੇ ਜੇ ਹਰਿਆਣਾ ਸਰਕਾਰ ਨੇ ਰੋਕਣ ਦਾ ਗੈਰ-ਜਮਹੂਰੀ ਯਤਨ ਕੀਤਾ ਤਾਂ ਉਹ ਰੋਕਣ ਵਾਲੀ ਥਾਂ 'ਤੇ ਹੀ ਧਰਨੇ ਲਾ ਲੈਣਗੇ। ਹਰਿਆਣਾ ਵਿਚ ਇਕ ਥਾਂ ਪ੍ਰਦਰਸ਼ਨਕਾਰੀਆਂ ਨੇ ਪੁਲਿਸ ਰੁਕਵਟਾਂ ਤੋੜ ਕੇ ਆਪਣਾ ਦਿੱਲੀ ਵੱਲ ਮਾਰਚ ਜਾਰੀ ਰਖਿਆ ਅਤੇ ਕੁਝ ਥਾਂਵਾਂ 'ਤੇ ਪੁਲਿਸ ਨੇ ਇਸ ਠੰਡ ਦੇ ਮੌਸਮ ਵਿਚ ਵੀ ਕਿਸਾਨਾਂ ਦੇ ਹਜੂਮ ਉਤੇ ਜਲ ਤੋਪਾਂ ਚਲਾ ਦਿੱਤੀਆਂ। ਇਕ ਨੌਜਵਾਨ ਨੇ ਬੜੀ ਬਹਾਦੁਰ ਨਾਲ ਜਲ ਤੋਪਾਂ ਦਾ ਵਾਲਵ ਬੰਦ ਕਰ ਦਿੱਤਾ। ਖੱਟਰ ਸਰਕਾਰ ਵੱਲੋਂ ਸੜਕਾਂ 'ਤੇ ਵੱਡੇ ਵੱਡੇ ਪੱਥਰ ਰੱਖ ਕੇ ਰਸਤੇ ਰੋਕੇ ਹੋਏ ਹਨ, ਪਰ ਸਲਾਮ ਹੈ ਸੰਘਰਸ਼ੀ ਕਿਸਾਨਾਂ ਨੂੰ, ਜਿਨ੍ਹਾਂ ਨੇ ਸ਼ਾਂਤੀਪੂਰਨ ਢੰਗ ਨਾਲ ਹੀ ਹਰਿਆਣਾ ਪੁਲਿਸ ਦੀਆਂ ਜਲ ਤੋਪਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦਾ ਸਾਹਮਣਾ ਕਰਦਿਆਂ ਭਾਰੀ ਪੱਥਰਾਂ ਨੂੰ ਟਰਾਲੀਆਂ ਨਾਲ ਹੀ ਦੂਰ ਕਰਕੇ ਦਿੱਲੀ ਵੱਲ ਕੂਚ ਜਾਰੀ ਰਖਿਆ। ਪੁਲਿਸ ਵੱਲੋਂ ਲਾਏ ਬੈਰੀਕੇਡਾਂ ਨੂੰ ਦੂਰ ਵਗਾਹ ਮਾਰਿਆ। ਅਖਬਾਰਾਂ ਵਿਚ ਛਪੀਆਂ ਤਸਵੀਰਾਂ ਤੋਂ ਸਿੱਖ ਇਤਿਹਾਸ ਦੇ ਮਹਾਨ ਨਾਇਕ ਭਾਈ ਕਨ੍ਹਈਆ ਜੀ ਦੀ ਯਾਦ ਆ ਗਈ। ਜਿਹੜੇ ਪੁਲਿਸ ਵਾਲਿਆਂ ਨੇ ਕਿਸਾਨਾਂ ਨੂੰ ਅੱਥਰੂ ਗੈਸ ਅਤੇ ਜਲ ਤੋਪਾਂ ਨਾਲ ਰੋਕਣ ਦਾ ਉਪਰਾਲਾ ਕੀਤਾ, ਕਿਸਾਨ ਉਨ੍ਹਾਂ ਨੂੰ ਹੀ ਪਾਣੀ ਪਿਲਾ ਰਹੇ ਹਨ। ਟਰਾਲੀਆਂ 'ਤੇ ਵਰਤਮਾਨ ਸੰਘਰਸ਼ ਨੂੰ ਪੇਸ਼ ਕਰਦੇ ਕੁਝ ਗੀਤਾਂ ਦੇ ਮੁਖੜੇ ਵੀ ਲਿਖੇ ਹੋਏ ਸਨ। ਇਨ੍ਹਾਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਇਸ ਅੰਦੋਲਨ ਨੂੰ ਦਬਾਉਣਾ ਮੁਸ਼ਕਿਲ ਹੋਵੇਗਾ।

ਜਦੋਂ ਕਿਸਾਨਾਂ ਦਾ ਠਾਠਾਂ ਮਾਰਦਾ ਹਜੂਮ ਹਰਿਆਣਾ ਪੁਲਿਸ ਦੀਆਂ ਰੁਕਾਵਟਾਂ ਨੂੰ ਬੱਚਿਆਂ ਵਾਲੇ ਰਬੜ ਦੇ ਖਿਡਾਉਣਿਆਂ ਵਾਂਗ ਵਗਾਹ ਕੇ ਮਾਰਦਾ ਹੋਇਆ ਦਿੱਲੀ ਵੱਲ ਕੂਚ ਕੀਤਾ ਤਾਂ ਦਿੱਲੀ ਦੇ ਬਾਰਡਰ 'ਤੇ ਤਾਇਨਾਤ ਪੁਲਿਸ, ਸੀ. ਆਰ. ਪੀ. ਜਾਂ ਦੂਜੇ ਅਰਧ ਸੈਨਿਕ ਬਲਾਂ ਨੂੰ ਭਾਜੜਾਂ ਪੈ ਗਈਆਂ ਕਿ ਸਰਕਾਰੀ ਹੁਕਮਾਂ ਦੀ ਤਾਮੀਲ ਲਈ ਨਵੇਂ ਸਿਰੇ ਤੋਂ ਕੀ ਯੋਜਨਾਬੰਦੀ ਕੀਤੀ ਜਾਵੇ? ਸੋਸ਼ਲ ਮੀਡੀਆ ਰਾਹੀਂ ਆ ਰਹੀਆਂ ਤਸਵੀਰਾਂ ਤੋਂ ਉਨ੍ਹਾਂ ਨੇ ਦੇਖ ਹੀ ਲਿਆ ਸੀ ਕਿ ਜਿਹੜੇ ਭਾਰੀ ਪੱਥਰਾਂ ਨੂੰ ਜੇ. ਸੀ. ਬੀ. ਮਸ਼ੀਨਾਂ ਰਾਹੀਂ ਸੜਕਾਂ 'ਤੇ ਰਖਿਆ ਗਿਆ ਸੀ, ਉਨ੍ਹਾਂ ਨੂੰ ਤਾਂ ਕਿਸਾਨਾਂ ਨੇ ਹੱਥਾਂ ਨਾਲ ਰੋੜ੍ਹ ਕੇ ਹੀ ਰਸਤਾ ਸਾਫ ਕਰ ਦਿੱਤਾ ਸੀ। ਦਿੱਲੀ ਦੇ ਬਾਰਡਰ 'ਤੇ ਵੀ ਪੁਲਿਸ ਵੱਲੋਂ ਜਲ ਤੋਪਾਂ, ਅੱਥਰੂ ਗੈਸ ਦੇ ਨਾਲ ਨਾਲ ਹਲਕਾ ਲਾਠੀਚਾਰਜ ਵੀ ਕੀਤਾ, ਪਰ ਮਰਜੀਵੜੇ ਆਪਣੀ ਮੰਜ਼ਲੇ-ਮਕਸੂਦ ਵੱਲ ਵਧਦੇ ਰਹੇ। ਆਖਰਕਾਰ ਪੁਲਿਸ ਲਚਾਰ ਹੋ ਕੇ ਅੰਦੋਲਨਕਾਰੀਆਂ ਦੇ ਰਾਹ ਤੋਂ ਲਾਂਭੇ ਹੋ ਗਈ ਅਤੇ ਕਿਸਾਨਾਂ ਨੂੰ ਦਿੱਲੀ ਦੇ ਬਾਹਰਵਾਰ ਰੈਲੀ ਕਰਨ ਦੀ ਇਜਾਜ਼ਤ ਦੇ ਦਿੱਤੀ। ਕਿਸਾਨ ਆਗੂਆਂ ਨੇ ਉਥੇ ਰੈਲੀ ਕਰਨ ਤੋਂ ਇਨਕਾਰ ਕਰ ਦਿੱਤਾ।

ਜਦੋਂ ਕਿਸਾਨ ਹੀ ਕਹਿ ਰਹੇ ਹਨ ਕਿ ਨਵੇਂ ਕਾਨੂੰਨ ਉਨ੍ਹਾਂ ਲਈ ਮਾਰੂ ਸਿੱਧ ਹੋਣਗੇ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪਹਿਲਾਂ ਕਿਸਾਨਾਂ ਦੇ ਤੌਖਲੇ ਦੂਰ ਕਰੇ। ਇਹ ਕਾਨੂੰਨ ਕੋਈ ਕੌਮਾਂਤਰੀ ਪੱਧਰ ਦੇ ਤਾਂ ਹੈ ਨਹੀਂ, ਜਿੰਨਾ ਨੂੰ ਵਾਪਸ ਲੈ ਕੇ ਕਿਸੇ ਹੋਰ ਮੁਲਕ ਨਾਲ ਸਾਡੇ ਦੇਸ਼ ਦੇ ਰਿਸ਼ਤਿਆਂ ਵਿਚ ਵਿਗਾੜ ਪੈਦਾ ਹੋਵੇਗਾ। ਇਹ ਅਜਿਹੇ ਕਾਨੂੰਨ ਹਨ, ਜਿੰਨਾ ਨਾਲ ਫਸਲਾਂ ਦੀ ਖਰੀਦ-ਵੇਚ, ਮੰਡੀਕਰਨ ਆਦਿ ਨਾਲ ਸਬੰਧਿਤ ਮੁੱਦੇ ਜੁੜੇ ਹੋਏ ਹਨ। ਇਸ ਲਈ ਇਨ੍ਹਾਂ ਨੂੰ ਜੇ ਹਾਲ ਦੀ ਘੜੀ ਠੰਡੇ ਬਸਤੇ ਵਿਚ ਵੀ ਪਾ ਦਿੱਤਾ ਜਾਵੇ ਤਾਂ ਕੋਈ ਨੁਕਸਾਨ ਨਹੀਂ ਹੋਣਾ।

ਕਿਸਾਨਾਂ ਦੇ ਨਾਲ ਨਾਲ ਖੇਤੀਬਾੜੀ ਅਤੇ ਆਰਥਕ ਮਾਹਿਰ ਵੀ ਨਵੇਂ ਖੇਤੀ ਕਾਨੂੰਨ ਵਿਰੁੱਧ ਅਵਾਜ਼ ਉਠਾ ਰਹੇ ਹਨ। ਇਹ ਤਾਂ ਹੋ ਨਹੀਂ ਸਕਦਾ ਕਿ ਆਪਣੇ ਆਪਣੇ ਖੇਤਰ ਦੇ ਤਜਰਬੇਕਾਰ ਇਕਜੁੱਟ ਹੋ ਕੇ ਸਰਕਾਰ ਵਿਰੁੱਧ ਕਿਸੇ ਸਾਜਿਸ਼ ਅਧੀਨ ਕੰਮ ਕਰ ਰਹੇ ਹਨ। ਜੇ ਸਰਕਾਰ ਦੀ ਵਿਸ਼ੇਸ਼ ਰੁਤਬਾ ਪ੍ਰਾਪਤ ਇਨ੍ਹਾਂ ਮਾਹਰਾਂ ਪ੍ਰਤੀ ਅਜਿਹੀ ਨਕਾਰਾਤਮਕ ਸੋਚ ਹੈ ਤਾਂ ਨਿਰਸੰਦੇਹ ਇਹ ਦੇਸ਼ ਲਈ ਖਤਰੇ ਦੀ ਘੰਟੀ ਹੈ। ਸਰਕਾਰ ਦੇਸ਼ ਦੀ ਸੁਰਖਿਆ ਲਈ ਜਦੋਂ ਕਰੋੜਾਂ, ਅਰਬਾਂ ਦਾ ਫੌਜੀ ਸਾਜ਼ੋ-ਸਮਾਨ ਖਰੀਦਦੀ ਹੈ ਤਾਂ ਫੌਜ ਦੇ ਮਾਹਿਰਾਂ ਦੀ ਸਲਾਹ ਹੀ ਲੈਂਦੀ ਹੈ। ਖੇਤੀ ਸਬੰਧਿਤ ਕਾਨੂੰਨ ਲਈ ਵੀ ਇਹੋ ਢੰਗ ਅਪਨਾਉਣਾ ਚਾਹੀਦਾ ਹੈ।

ਕਿਸਾਨਾਂ ਦਾ ਦੇਸ਼ ਵਿਆਪੀ ਅੰਦੋਲਨ ਬੜੇ ਨਾਜ਼ੁਕ ਮੋੜ 'ਤੇ ਪਹੁੰਚ ਚੁਕਾ ਹੈ। ਕਿਸੇ ਰਾਜਸੀ ਨੇਤਾ ਜਾਂ ਅਫਸਰਸ਼ਾਹੀ ਦੀ ਥੋੜ੍ਹੀ ਜਿਹੀ ਚੂਕ ਨਾਲ ਹੀ ਵਿਸਫੋਟਕ ਸਥਿਤੀ ਪੈਦਾ ਹੋ ਸਕਦੀ ਹੈ। ਪੰਜਾਬ ਤਾਂ ਅਜੇ ਤੱਕ ਖਾੜਕੂਵਾਦ ਦੇ ਦੁਖਾਂਤ ਤੋਂ ਹੀ ਪੂਰੀ ਤਰ੍ਹਾਂ ਬਾਹਰ ਨਹੀਂ ਆ ਸਕਿਆ। ਪਹਿਲਾਂ ਕਾਂਗਰਸ ਸਰਕਾਰ ਦੀਆਂ ਕੁਚਾਲਾਂ ਨੇ ਹਾਲਾਤ ਵਿਗਾੜੇ ਸਨ, ਹੁਣ ਕੀਤੇ ਭਾਜਪਾ ਦੀਆਂ ਆਪਹੁਦਰੀਆਂ ਪੰਜਾਬ ਨੂੰ ਫਿਰ ਬਲੀ ਦਾ ਬੱਕਰਾ ਨਾ ਬਣਾ ਦੇਣ?

ਕਿਸਾਨਾਂ ਨੇ ਤਾਂ ਸਿਰ-ਧੜ ਦੀ ਬਾਜ਼ੀ ਲਾਈ ਹੋਈ ਹੈ। ਬਾਲ ਹੁਣ ਕੇਂਦਰ ਸਰਕਾਰ ਦੇ ਪਾਲੇ ਵਿਚ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਮਾਮਲੇ ਦੇ ਪੱਕੇ ਹੱਲ ਲਈ ਕਿਸਾਨਾਂ, ਖੇਤੀ, ਆਰਥਕ ਮਾਹਿਰਾਂ ਅਤੇ ਕੁਝ ਮੰਤਰੀਆਂ ਦੀ ਕਮੇਟੀ ਬਣਾਈ ਜਾਵੇ, ਜੋ ਇਸ ਮਸਲੇ ਨਾਲ ਜੁੜੇ ਸਾਰੇ ਪਹਿਲੂਆਂ 'ਤੇ ਮੁੜ ਵਿਚਾਰ ਕਰਨ।

## 'ਕਰਤਾਰਪੁਰ, ਕਰਤਾ, ਕਿਰਤ ਦੀ ਕਰਾਮਾਤ'

*(ਪਿਛਲੇ ਸਫੇ ਦੀ ਬਾਕੀ)*

ਕਿਸਾਨਾਂ ਵਿਚ ਬਹੁਤ ਸਾਰੇ ਬਜੁਰਗ ਬੰਦੇ ਅਤੇ ਔਰਤਾਂ ਵੀ ਸ਼ਾਮਲ ਹਨ। ਜੇ ਸਰਦੀ ਦੇ ਮਹੀਨੇ ਪਾਣੀ ਦੀਆਂ ਬੁਛਾੜਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਨਾਲ ਉਨ੍ਹਾਂ ਵਿਚੋਂ ਕਿਸੇ ਦਾ ਨੁਕਸਾਨ ਹੋ ਜਾਂਦਾ, ਫਿਰ ਕੌਣ ਜ਼ਿੰਮੇਵਾਰ ਹੁੰਦਾ? ਏਡੀ ਡੂੰਘੀ ਪੁੱਟੀ ਹੋਈ ਸੜਕ ਵਿਚ ਹਨੇਰੇ ਸਵੇਰੇ ਕਿਸੇ ਦਾ ਵਹੀਕਲ ਡਿੱਗ ਪੈਂਦਾ ਜਾਂ ਕੋਈ ਗਿਰ ਕੇ ਮਰ ਜਾਂਦਾ ਜਾਂ ਤਾਰਾਂ ਨਾਲ ਜ਼ਖਮੀ ਹੋ ਜਾਂਦਾ ਤਾਂ ਜ਼ਿੰਮੇਵਾਰੀ ਕਿਸ ਦੇ ਸਿਰ ਪੈਣੀ ਸੀ? ਸੜਕਾਂ ਜਨਤਾ ਦੇ ਦਿੱਤੇ ਟੈਕਸ ਨਾਲ ਬਣਦੀਆਂ ਹਨ, ਇਹ ਜਨਤਾ ਦਾ ਪੈਸਾ ਹੈ, ਜਿਨ੍ਹਾਂ ਨੂੰ ਬਣਨ ਲਈ ਵਰ੍ਹੇ ਲੱਗ ਜਾਂਦੇ ਹਨ। ਕਿਸੇ ਨੂੰ ਵੀ ਪਬਲਿਕ ਜਾਇਦਾਦ ਨੂੰ ਤਬਾਹ ਕਰਨ ਦਾ ਅਧਿਕਾਰ ਨਹੀਂ ਹੈ। ਕੀ ਜਰਨੈਲੀ ਸੜਕ ਖੱਟਰ ਨੇ ਮੱਕੀ ਵੇਚ ਕੇ ਬਣਾਈ ਹੈ, ਜੋ ਉਸ ਨੇ 40 ਫੁੱਟ ਚੌੜੀ ਜਰਨੈਲੀ ਸੜਕ 'ਤੇ ਟੋਏ ਪੁਟਵਾਏ? ਪਬਲਿਕ ਪ੍ਰਾਪਰਟੀ ਨੂੰ ਤਬਾਹ ਕਰਨ ਦਾ ਖੱਟਰ 'ਤੇ ਮੁਕੱਦਮਾ ਹੋਣਾ ਚਾਹੀਦਾ ਹੈ। ਇਹ ਰੁਕਾਵਟਾਂ ਹਰ ਜਥੇ ਲਈ ਮੁੜ ਮੁੜ ਖੜ੍ਹੀਆਂ ਕੀਤੀਆਂ ਗਈਆਂ।

ਬਹਾਦਰਗੜ੍ਹ ਬੈਠੇ ਹਰਿਆਣਾ ਦੇ ਕਿਸਾਨਾਂ ਦੇ ਗਰੁੱਪਾਂ ਨੇ ਮੀਡੀਆ ਨੂੰ ਦੱਸਿਆ ਕਿ ਹਰਿਆਣੇ ਦਾ ਇੱਥੇ ਚਾਰ ਹਜ਼ਾਰ (4000) ਟਰੈਕਟਰ ਖੜ੍ਹਾ ਹੈ ਅਤੇ ਹੋਰ ਜਥੇ ਵੀ ਆ ਰਹੇ ਹਨ। ਉਨ੍ਹਾਂ ਨੇ ਆਪਣੇ ਆਧਾਰ ਕਾਰਡ ਵੀ ਦਿਖਾਏ ਅਤੇ ਕਹਿੰਦੇ "ਮਾਰ੍ਹਾ ਕਲਚਰ ਵੀ ਦਿਖਾ ਦੀਉ" ਕਿਉਂਕਿ ਉਹ ਸਾਰੇ ਜਣੇ ਬੈਠੇ ਵਾਰੀ ਵਾਰੀ ਹੁੱਕਾ ਪੀ ਰਹੇ ਸਨ, ਜੋ ਹਰਿਆਣੇ ਦੇ ਜਾਟ ਭਾਈਚਾਰੇ ਦਾ ਆਮ ਰਿਵਾਜ਼ ਹੈ। ਹਰਿਆਣੇ ਦੇ ਕਿਸਾਨ ਇੱਕਸੁਰ ਹੋ ਕੇ ਕਹਿ ਰਹੇ ਸਨ ਕਿ "ਪੰਜਾਬ ਤੋ ਮਾਰ੍ਹਾ ਬੜਾ ਭਾਈ ਸੈ। ਹਮ ਤੋ ਇਨ ਕੇ ਗੈਲ ਸੈਂ। ਜੂ ਤੋ ਰਾਮ ਲਛਮਣ ਕੀ ਜੋੜੀ ਸੈ। ਹਮਾਰੇ ਗੋਤਰ ਏਕ ਸੈਂ। 1966 ਸੇ ਪਹਲੇ ਤੋ ਹਰਿਆਣਾ ਪੰਜਾਬ ਕਾ ਹਿੱਸਾ ਥਾ। ਹਮਾਰੇ ਅਧਾਰ ਕਾਰਡ ਦੇਖ ਲਵੇ, ਹਮਾਰੇ ਖਲਿਆਨੋਂ ਕੇ ਨੰਬਰ ਦੇਖ ਲਵੇ ਹਮ ਤੋ ਹਰਿਆਣੇ ਕੇ ਹੈਂ, ਖੱਟਰ ਬਤਾਵੇ ਬੋਹ ਕਹਾਂ ਕਾ ਹੈ?"

ਇੱਕ ਕਿਸਾਨ ਨੇਤਾ ਸ਼ਾਇਦ, ਜਿਸ ਦਾ ਨਾਮ ਓਮ ਪ੍ਰਕਾਸ਼ ਸੀ, ਜੋ ਖਾਪ ਪੰਚਾਇਤ ਦਾ ਮੁਖੀਆ ਵੀ ਸੀ, ਕਹਿ ਰਿਹਾ ਸੀ, "ਮੈਂ ਦੋ ਦਿਨ ਜੇਲ੍ਹ ਮਾਂ ਰਹਿ ਕੇ ਆਇਆ ਹੂੰ। ਮੰਨੇ ਕਿਉਂ ਦੋ ਦਿਨ ਰਖਾ ਕਿਆ ਮੈਂ ਉਨਕਾ ਕੋਈ ਰਿਸ਼ਤੇਦਾਰ ਹੂੰ। ਬਾਤ ਨਿਊਂ ਥੀ ਕਿ ਮੈਂ ਗਾਉਂ ਸੇ ਜਾਦਾ ਸੇ ਜਾਦਾ ਆਦਮੀਓਂ ਕੋ ਨਾ ਲਾ ਸਕੂੰ। ਗਲ੍ਹਤੀ ਮੇਰੀ ਵੀ ਹੈ। ਮੈਂ ਗਾਉਂ ਮੇਂ ਰਹਿਤਾ ਤੋ ਸਭ ਠੀਕ ਹੋਤਾ, ਮੈਂ ਕਿਉਂ ਰੋਹਤਕ ਚਲਾ ਗਿਆ? ਮੰਨੇ ਗਾਉਂ ਮੇਂ ਫੋਨ ਕਰ ਦਿਆ ਅਰ ਵੋ ਮਾਰਾ ਫੋਨ ਟੇਪ ਕਰ ਰਹੇ ਥੇ ਔਰ ਮਾਰੇ ਕੋ ਰਾਤ ਮੇਂ ਅਰੈਸਟ ਕਰ ਲਿਆ।"

ਇੱਕ ਹੋਰ ਹਰਿਆਣਵੀ ਵੀਰ ਕਹਿ ਰਿਹਾ ਸੀ, "ਰਹਿਬਰ-ਏ-ਆਜ਼ਮ ਸਰ ਛੋਟੂ ਰਾਮ ਨੇ 1939 ਮੇਂ ਮੰਡੀ ਕਾਨੂੰਨ ਪਾਸ ਕੀਆ ਥਾ, ਹਮ ਉਸ ਕੋ ਮਾਨਤੇ ਹੈਂ। ਯੇਹ ਚਾਹੇ ਕੇਂਦਰ ਸਰਕਾਰ ਹੈ, ਚਾਹੇ ਹਰਿਆਣਾ ਕੀ, ਕਿਸਾਨ ਕੋ ਅਡਾਨੀ-ਅੰਬਾਨੀ ਕੇ ਪਾਸ ਗਿਰਵੀ ਰਖਣੇ ਜਾ ਰਹੀ ਹੈ। ਰਾਸਤਾ ਪੰਜਾਬ ਕੇ ਲਿਯੇ ਨਹੀਂ ਬੰਦ ਕੀਯਾ ਥਾ, ਕਿਸਾਨ ਕੇ ਲਿਯੇ ਬੰਦ ਕਿਆ ਥਾ। ਕਿਸਾਨ ਆਜ ਏਕ ਹੈ ਚਾਹੇ ਪੰਜਾਬ ਕਾ ਹੋ, ਹਰਿਆਣੇ ਕਾ ਹੋ, ਰਾਜਸਥਾਨ ਕਾ ਹੋ, ਉਤਰ ਪ੍ਰਦੇਸ ਕਾ ਹੋ ਜਾ ਤਾਮਿਲਨਾਡੂ ਕਾ-ਕਿਸਾਨ ਏਕ ਹੈ। ਯੇ ਪੰਜਾਬ ਕਾ ਅੰਦੋਲਨ ਨਹੀਂ, ਜਨ-ਅੰਦੋਲਨ ਹੈ। ਹਮ ਸਭ ਏਕ ਹੈਂ।" ਇੱਕ ਹੋਰ ਹਰਿਆਣਵੀ ਨੌਜੁਆਨ ਕਹਿ ਰਿਹਾ ਸੀ, "ਹਮ ਪੰਜਾਬ ਕੇ ਕਿਸਾਨੋਂ ਕੇ ਪਾਉਂ ਤਲੇ ਬਾਹੇਂ ਵਿਛਾਵੈਂ। ਹਮ ਸਭ ਏਕ ਹੈਂ। ਭਾਈ! ਹਾਥ ਜੋੜ ਕੇ ਬਿਨਤੀ ਕਰੈਂ ਹਮਾਰਾ ਯੇ ਜੋ ਸਾਥ ਬਨਾ ਹੈ, ਮੁਹੱਬਤ ਹੈ ਇਸ ਕੋ ਤੋੜੇਂ ਮਤ।"

ਪੰਜਾਬ ਭਾਵੇਂ ਸੰਤਾਲੀ ਵਿਚ ਵੰਡਿਆ ਗਿਆ ਤੇ ਭਾਵੇਂ 1966 ਵਿਚ, ਪਰ ਗਲਤ ਫੈਸਲੇ ਸਰਕਾਰਾਂ ਨੇ ਕੀਤੇ; ਹਰਿਆਣਾ ਅਤੇ ਪੰਜਾਬ ਦੇ ਲੋਕਾਂ ਨੇ ਨਹੀਂ ਕੀਤੇ। ਹਰਿਆਣਾ ਅਤੇ ਪੰਜਾਬ ਦੇ ਲੋਕਾਂ ਵਿਚ ਆਪਸੀ ਨਫਰਤਾਂ ਪੈਦਾ ਕਰਕੇ ਇੱਕ ਦੂਜੇ ਨਾਲ ਲੜਾਉਂਦੇ ਵੀ ਰਾਜਨੀਤਕ ਲੀਡਰ ਰਹੇ। ਅੱਜ ਉਹ ਇੱਕ ਦੂਜੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ ਅਤੇ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰ ਰਹੇ ਹਨ। ਇਹ ਪ੍ਰੇਮ, ਇਹ ਸਹਿਯੋਗ, ਮਿਲਵਰਤਣ, ਸੇਵਾ ਬਾਬੇ ਨਾਨਕ ਦੇ ਦਿੱਤੇ ਕਿਰਤ ਦੇ ਸਿਧਾਂਤ ਦੀ ਹੀ ਕਰਾਮਾਤ ਹੈ।

# ਓਬਾਮਾ ਦੀ ਕਿਤਾਬ 'ਏ ਪ੍ਰੌਮਿਸਡ ਲੈਂਡ' ਵਿਚ ਭਾਰਤ ਦਾ ਅਕਸ

ਅੱਬਾਸ ਧਾਲੀਵਾਲ, ਮਲੇਰਕੋਟਲਾ
abbasdhaliwal72@gmail.com

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਹੁਸੈਨ ਓਬਾਮਾ, ਜੋ ਅਮਰੀਕਾ ਦੇ ਦੋ ਵਾਰ (2008 ਤੋਂ 2016 ਤੱਕ) 44ਵੇਂ ਰਾਸ਼ਟਰਪਤੀ ਰਹਿ ਚੁਕੇ ਹਨ, ਅਮਰੀਕਾ ਦੇ ਉਚ ਅਹੁਦੇ 'ਤੇ ਬਿਰਾਜਮਾਨ ਹੋਣ ਵਾਲੇ ਪਹਿਲੇ ਅਫਰੀਕੀ-ਅਮਰੀਕਨ ਮੂਲ ਦੇ ਸ਼ਖਸ ਸਨ। ਰਾਸ਼ਟਰਪਤੀ ਬਣਨ ਤੋਂ ਪਹਿਲਾਂ ਉਹ ਇਲੀਨਾਏ ਵਿਚ ਜਨਵਰੀ 2005 ਤੋਂ ਬਤੌਰ ਸੈਨੇਟਰ ਦੇ ਪਦ 'ਤੇ ਰਹੇ। ਸਾਲ 2008 ਵਿਚ ਰਾਸ਼ਟਰਪਤੀ ਚੋਣਾਂ ਦੀ ਜਿੱਤ ਤੋਂ ਬਾਅਦ ਉਨ੍ਹਾਂ ਨੇ ਇਸ ਪਦਵੀ ਤੋਂ ਅਸਤੀਫਾ ਦੇ ਦਿੱਤਾ ਸੀ।

ਅਮਰੀਕਾ ਦੇ ਇਹ ਸਾਬਕਾ ਰਾਸ਼ਟਰਪਤੀ ਅੱਜ ਕੱਲ੍ਹ ਆਪਣੀ ਨਵੀਂ ਕਿਤਾਬ 'ਏ ਪ੍ਰੌਮਿਸਡ ਲੈਂਡ' ਨੂੰ ਲੈ ਕੇ ਚਰਚਾ ਵਿਚ ਹਨ। ਦਰਅਸਲ 768 ਪੰਨਿਆਂ ਦੀ ਉਕਤ ਕਿਤਾਬ ਓਬਾਮਾ ਦਾ ਇਕ ਅਜਿਹਾ ਸੰਸਮਰਣ ਹੈ, ਜਿਥੇ ਇਹ ਕਿਤਾਬ ਉਨ੍ਹਾਂ ਦੇ ਸਿਆਸਤ 'ਚ ਰੱਖੇ ਕਦਮਾਂ ਅਤੇ ਸਿਖਰ ਤੱਕ ਪਹੁੰਚਣ ਦੇ ਸਫਰ ਦਾ ਤੱਥਾਂ ਆਧਾਰਿਤ ਬਿਰਤਾਂਤ ਹੈ, ਉਥੇ ਹੀ ਇਹ ਵਿਸ਼ਵ ਦੇ ਵੱਖ ਵੱਖ ਦੇਸ਼ਾਂ, ਲੀਡਰਾਂ ਸਬੰਧੀ ਓਬਾਮਾ ਜਾਤੀ ਵਿਸ਼ਲੇਸ਼ਣ ਦੀ ਅੱਕਾਸੀ ਕਰਦੀ ਹੈ।

ਦਰਅਸਲ ਉਕਤ ਕਿਤਾਬ ਵਿਚ ਓਬਾਮਾ ਨੇ ਦੁਨੀਆਂ ਦੇ ਅਲੱਗ ਅਲੱਗ ਲੀਡਰਾਂ ਅਤੇ ਉਦਯੋਗਿਕ ਹਸਤੀਆਂ ਦੇ ਰਹਿਣ-ਸਹਿਣ ਨੂੰ ਲੈ ਕੇ ਆਪਣੀ ਬੇਬਾਕ ਰਾਏ ਰੱਖਦਿਆਂ ਉਨ੍ਹਾਂ ਦੀਆਂ ਨੀਅਤਾਂ ਅਤੇ ਨੀਤੀਆਂ ਸਬੰਧੀ ਖੁੱਲ੍ਹ ਕੇ ਆਪਣੀ ਰਾਏ ਰੱਖੀ ਹੈ।

ਆਪਣੀ ਕਿਤਾਬ 'ਚ ਉਨ੍ਹਾਂ ਹਾਲ ਹੀ ਵਿਚ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਬਾਇਡਨ ਇਕ ਸੱਭਿਅਕ ਵਿਅਕਤੀ ਹਨ।

ਜਦੋਂ ਕਿ ਕਿਸੇ ਸਮੇਂ ਵਿਚ ਵਿਸ਼ਵ ਦੀ ਦੂਜੀ ਮਹਾਂ ਸ਼ਕਤੀ ਸਮਝੇ ਜਾਂਦੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਤੁਲਨਾ ਓਬਾਮਾ ਨੇ ਸਟ੍ਰੀਟ-ਸਮਾਰਟ ਬਾਸੇਜ ਨਾਲ ਕੀਤੀ ਹੈ। ਉਨ੍ਹਾਂ ਲਿਖਿਆ ਕਿ ਪੁਤਿਨ ਇਕ ਸਮੇਂ ਸ਼ਿਕਾਗੋ ਨੂੰ ਚਲਾਉਣ ਵਾਲੇ ਸਟ੍ਰੀਟ ਸਮਾਰਟ ਬਾਸੇਜ ਦੀ ਯਾਦ ਦਿਵਾਉਂਦੇ ਹਨ।



ਜੋਅ ਬਾਇਡਨ



ਵਲਾਦੀਮੀਰ ਪੁਤਿਨ

ਬਰਾਕ ਓਬਾਮਾ ਨੇ ਆਪਣੀ ਇਸ ਕਿਤਾਬ 'ਚ ਰਾਹੁਲ ਗਾਂਧੀ ਦੇ ਨਾਲ ਨਾਲ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਵੀ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਹੈ। ਉਨ੍ਹਾਂ ਮਨਮੋਹਨ ਸਿੰਘ ਦੀ ਤਾਰੀਫ ਕਰਦਿਆਂ ਲਿਖਿਆ ਕਿ ਉਨ੍ਹਾਂ 'ਚ ਇੱਕ ਦ੍ਰਿੜ ਨਿਸ਼ਠਾ ਹੈ।

ਜਦੋਂ ਕਿ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਬਾਰੇ ਟਿੱਪਣੀ ਕਰਦਿਆਂ ਉਨ੍ਹਾਂ ਨੂੰ ਘੱਟ ਯੋਗਤਾ ਤੇ ਜਨੂੰਨ ਦੀ ਕਮੀ ਵਾਲਾ ਲੀਡਰ ਗਰਦਾਨਿਆ ਹੈ। ਕਿਤਾਬ 'ਚ ਉਨ੍ਹਾਂ ਰਾਹੁਲ ਗਾਂਧੀ ਦੀ ਤੁਲਨਾ ਇਕ ਅਜਿਹੇ ਵਿਦਿਆਰਥੀਆਂ ਨਾਲ ਕੀਤੀ ਹੈ, ਜਿਸ ਨੇ ਕੋਰਸਵਰਕ ਤਾਂ ਕਰ ਲਿਆ ਹੈ ਤੇ ਸਿਖਿਆਰਥੀ ਨੂੰ ਪ੍ਰਭਾਵਿਤ ਕਰਨ ਲਈ ਉਤਸੁਕ ਵੀ ਰਹਿੰਦਾ ਹੈ, ਪਰ ਵਿਸ਼ੇ 'ਚ ਮੁਹਾਰਤ ਹਾਸਲ ਕਰਨ ਲਈ ਜਾਂ ਤਾਂ ਯੋਗਤਾ ਨਹੀਂ ਜਾਂ ਫਿਰ ਜਨੂੰਨ ਦੀ ਕਮੀ ਹੈ। ਇਸ ਦੇ ਨਾਲ ਹੀ ਓਬਾਮਾ ਨੇ ਰਾਹੁਲ ਗਾਂਧੀ ਨੂੰ ਨਰਵਸ ਵੀ ਦੱਸਿਆ ਹੈ।

ਇਸ ਦੇ ਇਲਾਵਾ ਕਿਤਾਬ 'ਚ ਉਨ੍ਹਾਂ ਕਾਂਗਰਸ ਦੇ ਅੰਦਰੂਨੀ ਮਾਮਲਿਆਂ ਬਾਰੇ ਵੀ ਆਪਣੀ ਰਾਏ ਰੱਖੀ ਹੈ। ਉਨ੍ਹਾਂ ਲਿਖਿਆ ਹੈ ਕਿ ਸੋਨੀਆ ਗਾਂਧੀ ਨੇ ਡਾ. ਮਨਮੋਹਨ ਸਿੰਘ ਨੂੰ ਇਸ ਲਈ ਪ੍ਰਧਾਨ ਮੰਤਰੀ ਬਣਾਇਆ ਸੀ, ਕਿਉਂਕਿ ਉਨ੍ਹਾਂ ਨੂੰ ਡਾ. ਮਨਮੋਹਨ ਸਿੰਘ ਤੋਂ ਕੋਈ ਖਤਰਾ ਮਹਿਸੂਸ ਨਹੀਂ ਹੁੰਦਾ ਸੀ। ਸਾਬਕਾ ਰਾਸ਼ਟਰਪਤੀ ਨੇ ਲਿਖਿਆ ਕਿ ਸੋਨੀਆ ਗਾਂਧੀ ਨੇ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਕਾਫੀ ਸੋਚ-ਵਿਚਾਰ ਕੀਤਾ।

ਬਰਾਕ ਓਬਾਮਾ ਨੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਤੇ ਗੈਰ-ਰਸਮੀ ਗੱਲਬਾਤ ਦਾ ਵੀ ਜ਼ਿਕਰ ਕੀਤਾ। ਓਬਾਮਾ ਨੇ ਲਿਖਿਆ ਕਿ ਭਾਰਤ ਦੇ ਅਰਥਚਾਰੇ 'ਚ ਬੁਨਿਆਦੀ ਬਦਲਾਅ ਦੇ ਮੁੱਖ ਸ਼ਿਲਪਕਾਰ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਨ ਤੇ ਉਹ ਤਰੱਕੀ ਦੇ ਇਸ ਰਾਹ ਦੇ ਸਹੀ ਪ੍ਰਤੀਕ ਹਨ। ਉਹ ਇਕ ਛੋਟੇ ਤੇ ਸਤਾਏ ਗਏ ਸਿੱਖ ਭਾਈਚਾਰੇ ਦੇ ਮੈਂਬਰ ਹਨ, ਜੋ ਦੇਸ਼ ਦੇ ਸਰਬੋਤਮ ਅਹੁਦੇ 'ਤੇ ਪਹੁੰਚੇ। ਉਹ ਇਕ ਨਰਮ ਸੁਭਾਅ ਦੇ 'ਟੈਕਨੋਕ੍ਰੇਟ' ਵਿਅਕਤੀ ਹਨ, ਜਿਨ੍ਹਾਂ ਜ਼ਿੰਦਗੀ ਜਿਉਣ ਲਈ ਉੱਚ ਮਾਪਦੰਡਾਂ ਨੂੰ ਪੇਸ਼ ਕੀਤਾ ਤੇ ਭ੍ਰਿਸ਼ਟਾਚਾਰ ਮੁਕਤ ਛਵੀ ਨਾਲ ਮਾਣ-ਸਨਮਾਨ ਹਾਸਲ ਕਰਦਿਆਂ ਜਨਤਾ ਦਾ ਭਰੋਸਾ ਜਿੱਤਿਆ।

ਅਮਰੀਕੀ ਰਾਸ਼ਟਰਪਤੀ ਨੇ ਚੈਕ ਨੇਤਾ ਵਾਕਲੇਵ ਹੈਵੇਲ ਦੇ ਨਾਲ ਹੋਈ ਗੱਲਬਾਤ ਦਾ ਜ਼ਿਕਰ ਕਰਦਿਆਂ ਕਿਤਾਬ 'ਚ ਲਿਖਿਆ ਹੈ ਕਿ ਜੇ ਅਮੀਰ ਦੇਸ਼ਾਂ ਦੇ ਮੁਕਾਬਲੇ ਵਿਸ਼ਵੀਕਰਨ ਅਤੇ ਇਤਿਹਾਸਕ ਆਰਥਕ ਸੰਕਟ ਦੇ ਕਾਰਨ ਇਹ ਚੀਜ਼ਾਂ ਉਭਾਰ ਮਾਰ ਰਹੀਆਂ ਹਨ, ਅਗਰ ਮੈਂ ਇਹ ਚੀਜ਼ਾਂ ਅਮਰੀਕਾ ਵਿਚ ਟੀ-ਪਾਰਟੀ ਵਿਚ ਵੇਖ ਰਿਹਾ ਹਾਂ ਤਾਂ ਭਾਰਤ ਕਿਵੇਂ ਅਲੱਗ ਰਹਿ ਸਕਦਾ ਹੈ! ਜ਼ਬਰਦਸਤ ਆਰਥਕ ਪ੍ਰਦਰਸ਼ਨ ਅਤੇ ਲੋਕਤੰਤਰ ਵਿਚ ਲਚਕੀਲੇਪਨ ਦੇ ਬਾਵਜੂਦ ਸੱਚਾਈ ਇਹ ਹੈ ਕਿ ਉਹ ਗਾਂਧੀ ਦੇ ਪੱਖਪਾਤਹੀਣ, ਸ਼ਾਂਤੀਪੂਰਨ ਅਤੇ ਆਦਰਸ਼ ਸਮਾਜ ਨੂੰ ਪਾ ਸਕਣਾ ਹਾਲੇ ਦੂਰ ਹੈ। ਓਬਾਮਾ ਨੇ ਲਿਖਿਆ ਹੈ ਕਿ ਭਾਰਤ ਦੀ ਰਾਜਨੀਤੀ ਹਾਲੇ ਵੀ ਧਰਮ, ਜਾਤੀ ਅਤੇ ਵੰਸ਼ਵਾਦ ਦੇ ਇਰਦ-ਗਿਰਦ ਘੁੰਮਦੀ ਹੈ।

ਕਿਤਾਬ ਵਿਚ ਉਨ੍ਹਾਂ ਮੌਜੂਦਾ ਸਮੇਂ ਦੇਸ਼ ਦੀ ਵਾਗਡੋਰ ਸੰਭਾਲ ਰਹੀ ਭਾਜਪਾ ਦੇ ਸੰਦਰਭ ਵਿਚ 'ਭਾਜਪਾ ਦੇ ਵਿਭਾਜਨਕਾਰੀ ਰਾਸ਼ਟਰਵਾਦ' ਨੂੰ ਲੈ ਕੇ ਗਹਿਰੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਨੇ ਇਸ 'ਤੇ ਹੈਰਾਨੀ ਪ੍ਰਗਟਾਈ ਕਿ ਹਿੰਸਾ, ਲਾਲਚ, ਭ੍ਰਿਸ਼ਟਾਚਾਰ, ਰਾਸ਼ਟਰਵਾਦ, ਨਸਲਵਾਦ ਅਤੇ ਧਾਰਮਿਕ ਅਸਹਿਣਸ਼ੀਲਤਾ ਜਿਹੀਆਂ ਭਾਵਨਾਵਾਂ ਇੰਨੀਆਂ ਮਜਬੂਤ ਹਨ ਕਿ ਉਹ ਕਿਸੇ ਲੋਕਤੰਤਰ ਵਿਚ ਸਥਾਈ ਤੌਰ 'ਤੇ ਪੈਂਠ ਜਮਾ ਸਕਦੀਆਂ ਹਨ।

ਕਿਤਾਬ ਵਿਚ ਉਨ੍ਹਾਂ ਭਾਰਤੀ ਉਦਯੋਗਪਤੀਆਂ ਨੂੰ ਨਿਸ਼ਾਨਾ ਬਣਾਉਂਦਿਆਂ ਇਹ ਲਿਖਿਆ ਹੈ ਕਿ ਉਨ੍ਹਾਂ ਦੇ ਠਾਠ-ਬਾਠ ਨੇ ਬਾਦਸ਼ਾਹਾਂ ਅਤੇ ਮੁਗਲਾਂ ਨੂੰ ਪਿਛਾੜ ਕੇ ਰੱਖ ਦਿੱਤਾ ਹੈ, ਜਦੋਂਕਿ ਦੇਸ਼ ਦੇ ਲੱਖਾਂ ਲੋਕ ਬੇਘਰ ਹਨ। ਉਨ੍ਹਾਂ ਲਿਖਿਆ ਹੈ ਕਿ ਦੇਸ਼ ਭਰ ਵਿਚ ਲੱਖਾਂ ਲੋਕ ਗੰਦਗੀ ਤੇ ਭੁੱਖਮਰੀ ਦਾ ਸ਼ਿਕਾਰ ਹਨ, ਪਰ ਭਾਰਤੀ ਸਨਅਤਕਾਰ ਰਾਜਿਆਂ ਮਹਾਰਾਜਿਆਂ ਤੋਂ ਵੀ ਵੱਧ ਸ਼ਾਨਦਾਰ ਜ਼ਿੰਦਗੀ ਜੀ ਰਹੇ ਹਨ।

## ਸਾਵਧਾਨੀ

ਮਤ ਸਮਝੋ ਕੋਵਿਡ ਉਨੀ ਨੂੰ, ਦੇ ਆਏ ਹਾਂ ਘਚਾਨੀ।
ਕੁਝ ਵੀ ਵਾਪਰ ਸਕਦਾ ਜੇ ਕਰ, ਛੱਡ'ਤੀ ਸਾਵਧਾਨੀ।

ਹਾਲੇ ਤਾਂ ਬਈ ਨਿਯਮਾਂ ਵਿਚ, ਬੱਝਣ 'ਚ ਹੀ ਭਲਾ ਹੈ,
ਤਾਂ ਹੀਂ ਵਕਤ ਮਿਲੇਗਾ, ਫਿਰ ਕਰਨ ਲਈ ਮਨਮਾਨੀ।

ਜਦੋਂ ਗ੍ਰਹਿਸਥੀ ਹੋਣੇ ਦੇ, ਬਈ ਰਾਹ ਪੈ ਗਏ ਸਾਂ ਆਪਾਂ,
ਮਿਥਿਆ ਸੀ ਕੁਝ ਖਾਹਿਸ਼ਾਂ ਦੀ, ਦੇਣੀ ਪੈਣੀ ਕੁਰਬਾਨੀ।

ਪੀੜ੍ਹੀ ਦਰ ਪੀੜ੍ਹੀ ਇਹ ਪਾੜਾ, ਸਦਾ ਹੀ ਬਣਿਆ ਰਹਿਣਾ,
ਮਾਪਿਆਂ ਦਾ ਇੰਜ ਦਾ ਸੀ ਬਚਪਨ! ਹੁੰਦੀ ਰਹੁ ਹੈਰਾਨੀ।

'ਬੀਸਲਿਆ' ਬੰਦਾ ਬੰਦੇ ਦੀ ਤਾਂ, ਭੁੱਲ ਬਖਸ਼ੇ ਕਈ ਵਾਰੀ,
ਕੁਦਰਤ ਕਦੇ ਨਾ ਬਖਸ਼ੇ, ਜੇਕਰ ਹੁੰਦੀ ਕੋਈ ਨਦਾਨੀ।

-ਹਰਿੰਦਰ ਸਿੰਘ ਬੀਸਲਾ
ਫੋਨ: 562-726-7674

# 'ਚੌਕੀਦਾਰ' ਨਹੀਂ, ਸਿਰਫ ਚੌਕੀਦਾਰ !

ਇੰਦਰਜੀਤ ਚੁਗਾਵਾਂ

ਪਿੰਦਰ (ਤਪਿੰਦਰਜੀਤ ਕਾਹਲੋਂ) ਮੇਰੇ ਨਾਲੋਂ ਛੋਟਾ ਹੈ। ਉਸ ਦਾ ਪਿਛੋਕੜ ਲੁਧਿਆਣਾ ਦੇ ਖੰਨਾ ਇਲਾਕੇ ਦਾ ਹੈ। ਉਸ ਦੀ ਮੇਰੇ ਨਾਲ ਸਾਂਝ ਮੇਰੇ ਚਾਚਾ ਗੁਲਜ਼ਾਰ ਸਿੰਘ ਫੌਜੀ ਕਰਕੇ ਹੈ। ਉਸ ਦੀ ਬਦੌਲਤ ਹੀ ਮੈਨੂੰ ਉਸ ਦੇ ਵੱਡੇ ਭਰਾ ਵਰਿੰਦਰਜੀਤ ਨੇ ਟਰੱਕ 'ਤੇ ਚੜ੍ਹਾਇਆ ਸੀ। ਚਾਚੇ ਫੌਜੀ ਨਾਲ ਉਸ ਦੀ ਵੀ ਮੇਰੇ ਵਾਂਗ ਹੀ ਯਾਰੀ ਹੈ। ਉਹ ਜਦ ਵੀ ਆਉਂਦੈ ਤਾਂ ਰੌਣਕ ਲਾ ਰੱਖਦੈ। ਇਸ ਵਾਰ ਜਦ ਉਹ ਫੌਜੀ ਚਾਚੇ ਨੂੰ ਮਿਲਣ ਆਇਆ ਤਾਂ ਸਾਡੀ ਚਰਚਾ ਦਾ ਮੁੱਦਾ ਪੰਜਾਬ ਦਾ ਕਿਸਾਨੀ ਸੰਘਰਸ਼ ਹੀ ਰਿਹਾ। ਗੱਲਬਾਤ ਏਥੇ ਆ ਪੁੱਜੀ ਕਿ ਇਹ ਸਿਰਫ ਕਿਸਾਨੀ ਦਾ ਮਸਲਾ ਨਾ ਰਹਿ ਕੇ ਹਰ ਵਰਗ ਦੇ ਲੋਕਾਂ ਦੀ ਰੋਜ਼ੀ-ਰੋਟੀ ਦਾ ਮਸਲਾ ਬਣ ਗਿਆ ਹੈ। ਇਹੀ ਕਾਰਨ ਹੈ ਕਿ ਸਮੁੱਚਾ ਪੰਜਾਬ ਹੀ ਨਹੀਂ, ਹਰਿਆਣਾ ਵੀ ਇਸ ਅੰਦੋਲਨ 'ਚ ਆ ਜੁੜਿਆ ਹੈ। ਗੱਲ ਚੱਲਦੀ ਚੱਲਦੀ ਪੇਂਡੂ ਲੋਕਾਂ ਦੇ ਆਪਸੀ ਸਬੰਧਾਂ, ਸਾਂਝਾਂ ਤੱਕ ਚਲੇ ਗਈ। ਏਸੇ ਸਿਲਸਿਲੇ 'ਚ ਜ਼ਿਕਰ ਛਿੜਿਆ ਸਾਡੇ ਪਿੰਡ ਦੇ ਪ੍ਰੀਤੂ ਹਰਨ ਦਾ।

ਨਾਂ ਤਾਂ ਉਸ ਦਾ ਪ੍ਰੀਤਮ ਚੰਦ ਸੀ, ਪਰ ਸ਼ਾਇਦ ਹੀ ਕੋਈ ਬੰਦਾ ਅਜਿਹਾ ਹੋਵੇ ਜਿਸ ਨੇ ਉਸ ਨੂੰ ਪ੍ਰੀਤਮ ਆਖ ਬੁਲਾਇਆ ਹੋਵੇ। ਉਹ ਪਿੰਡ ਦਾ ਚੌਕੀਦਾਰ ਸੀ। ਪਿੰਡ ਦੇ ਬੱਚੇ ਉਸ ਨੂੰ 'ਹਰਨ ਪ੍ਰੀਤੂ, ਹਰਨ ਪ੍ਰੀਤੂ' ਆਖ ਕੇ ਦੌੜ ਜਾਂਦੇ। ਉਹ ਬੁਰਾ ਨਹੀਂ ਸੀ ਮਨਾਉਂਦਾ। ਹਰਨ ਡੋਡੇ ਪੀਂਦਾ ਸੀ, ਅਮਲੀ ਸੀ ਪੂਰਾ!

ਜਦ ਉਹ ਨਸ਼ੇ ਦੀ ਲੋਰ 'ਚ ਹੁੰਦਾ ਤਾਂ ਹਿਰਨ ਵਾਂਗ ਚੁੰਗੀਆਂ ਭਰਦਾ ਫਿਰਦਾ। ਇਸੇ ਕਰਕੇ ਉਸ ਦਾ ਨਾਂ ਹਰਨ ਪੈ ਗਿਆ ਸੀ ਤੇ ਉਹ ਆਪਣੇ ਇਸ ਨਾਂ ਦਾ ਲੁਤਫ ਵੀ ਪੂਰਾ ਉਠਾਉਂਦਾ। ਉਸ ਨੇ ਜਦ ਸਾਨੂੰ ਦੇਖਣਾ ਤਾਂ ਹਸਾਉਣੀਆਂ ਜਿਹੀਆਂ ਹਰਕਤਾਂ ਕਰਨ ਲੱਗ ਪੈਣਾ! ਜਦ ਸਾਹਮਣੇ ਹੋਣਾ ਤਾਂ ਅਸੀਂ ਕਹਿਣਾ, "ਕਿੱਦਾਂ ਤਾਇਆ...!" ਉਸ ਨੇ ਸਾਡੀ ਕੱਛ 'ਚ ਕੁਤਕੁਤਾਰੀਆਂ ਕੱਢ ਕੇ ਸਾਨੂੰ ਭਜਾ ਦੇਣਾ। ਜਦ ਦੂਰ ਚਲੇ ਜਾਣਾ ਤਾਂ ਉੱਚੀ ਦੇਣੀ ਆਖਣਾ, "ਤਾਇਆ ਹਰਨ, ਤਾਇਆ ਹਰਨ..!" ਉਸ ਨੇ ਮੁਸਕੜੀਆਂ 'ਚ ਹੱਸਦੇ ਨੇ ਪੋਲੇ ਪੋਲੇ ਸਾਡੇ ਪਿੱਛੇ ਭੱਜਣਾ।

ਤਾਏ ਹਰਨ ਨੇ ਜਦ ਪੂਰੇ ਜਲੌਅ 'ਚ ਹੋਣਾ ਤਾਂ ਨਿਆਣਿਆਂ ਦੇ ਕੋਲ ਆਉਣ 'ਤੇ ਛੜੱਪਾ ਮਾਰ ਚਿੱਤੜਾਂ ਨੂੰ ਅੱਡੀ ਮਾਰਨੀ ਤੇ ਕਬੱਡੀ ਖਿਡਾਰੀ ਵਾਂਗ ਇਹ ਕਹਿੰਦਿਆਂ ਦੁੜਕੀ ਲਾ ਦੇਣੀ, "ਕੁਜਰਾਂਵਾਲਾ ਤੋਂ ਜਗਲੰਧਰ ਤੇ ਜਗਲੰਧਰ ਤੇ ਜਗਲੰਧਰ..., ਕੁਜਰਾਂਵਾਲਾ ਤੋਂ ਜਗਲੰਧਰ...!" ਅਸੀਂ ਨਿਆਣੇ ਤਾਂ ਉਸ ਦੀਆਂ ਇਨ੍ਹਾਂ ਖਰਮਸਤੀਆਂ ਦਾ ਅਨੰਦ ਮਾਣਦੇ ਹੀ, ਵੱਡੇ ਵੀ ਪੂਰਾ ਮਜ਼ਾ ਲੈਂਦੇ। ਕਾਰਨ, ਉਸ ਨੇ ਇਹ ਖਰਮਸਤੀ ਕਰਦਿਆਂ ਕਦੇ ਵੀ ਸਦਾਚਾਰ ਦੀ ਵਲਗਣ ਨਹੀਂ ਸੀ ਉਲੰਘੀ।

ਤਾਏ ਹਰਨ ਦਾ ਪਰਿਵਾਰ ਸਾਡੇ ਪਿੰਡ ਦਾ ਮੂਲ ਵਾਸੀ ਸੀ। ਦੋ ਪਰਿਵਾਰ ਹੋਰ ਸਨ, ਜੋ ਮੂਲ ਵਾਸੀ ਸਨ, ਜਦੋਂ ਕਿ ਬਾਕੀ ਸਾਰੇ ਪਰਿਵਾਰ 'ਉੱਜੜ ਕੇ' ਆਏ ਸਨ। "ਕੁਜਰਾਂਵਾਲਾ ਤੋਂ ਜਗਲੰਧਰ" ਵਾਲਾ ਉਸ ਦਾ ਅਲਾਪ ਉੱਜੜ ਕੇ ਆਏ ਪਰਿਵਾਰਾਂ ਦੇ ਸਬੰਧ 'ਚ ਹੀ ਸੀ, ਇਹ ਮੈਨੂੰ ਬਾਅਦ 'ਚ ਸਮਝ ਆਈ। ਕੁਜਰਾਂਵਾਲਾ ਤੋਂ ਭਾਵ ਸੀ, ਗੁੱਜਰਾਂਵਾਲਾ ਤੇ ਜਗਲੰਧਰ ਤੋਂ ਭਾਵ ਸੀ ਜਲੰਧਰ!

ਅਜਿਹਾ ਵੀ ਨਹੀਂ ਸੀ ਕਿ ਤਾਇਆ ਹਰਨ ਖਰਮਸਤੀਆਂ ਹੀ ਕਰਦਾ ਰਹਿੰਦਾ ਸੀ। ਉਸ ਵਿਚ ਗੈਰਤ ਵੀ ਪੂਰੀ ਸੀ। ਇੱਕ ਵਾਰ ਉਹ ਸਾਡੇ ਹੀ ਖੇਤਾਂ 'ਚ ਵਾਢੀ 'ਤੇ ਲੱਗਾ ਹੋਇਆ ਸੀ। ਸਾਡੇ ਵਿਚਕਾਰਲੇ ਬਾਬੇ ਪੰਛੀ, ਜਿਸ ਦਾ ਲੱਠਮਾਰ ਵਜੋਂ ਇਲਾਕੇ 'ਚ ਪੂਰਾ ਵੱਜਕਾ ਸੀ, ਨੇ ਉਸ ਨੂੰ ਕੋਈ ਕੰਮ ਆਖ ਦਿੱਤਾ। ਥੱਕੇ-ਟੁੱਟੇ ਹਰਨ ਨੇ ਨਾਂਹ ਕਰ ਦਿੱਤੀ। ਬਾਬੇ ਨੇ ਦਬਕਾ ਮਾਰਿਆ, "ਕੁੱਤਿਆ ਹਰਨਾ...ਪਤਾ ਮੇਰਾ! ਬੰਦਾ ਗਾਇਬ ਕਰ ਦਿੰਦਾਂ ਮੈਂ ਤੇ ਖਬਰ ਨਹੀਂ ਲੱਗਣ ਦਿੰਦਾ...!" ਤਾਏ ਹਰਨ ਨੇ ਸਾਫਾ ਝਾੜ ਕੇ ਮੋਢੇ 'ਤੇ ਰੱਖਿਆ ਤੇ ਪਿੰਡ ਨੂੰ ਤੁਰ ਪਿਆ। ਉਸ ਨੂੰ ਪੁੱਛਿਆ ਕਿ ਕਿੱਧਰ ਚੱਲਿਆਂ ਤਾਂ ਉਸ ਦਾ ਜੁਆਬ ਸੀ, "ਨਾ ਬਈ, ਇਹ ਤਾਂ ਬੰਦਾ ਗਾਇਬ ਕਰ ਦਿੰਦਾ ਹੁੰਦਾ, ਇਹਦਾ ਕੀ ਪਤਾ!" ਵਾਹ ਜਹਾਨ ਦੀ ਲਾ ਲਈ, ਤਾਏ ਹਰਨ ਨੇ ਮੁੜ ਕੇ ਦਾਤੀ ਨਹੀਂ ਫੜੀ। ਦੂਸਰੇ ਪਰਿਵਾਰ ਦੇ ਜਾ ਕੇ ਵਾਢੀ ਕਰਨ ਲੱਗ ਪਿਆ।

ਚੌਕੀਦਾਰਾ ਕਰਦਿਆਂ ਉਸ ਦੇ ਜ਼ਿਹਨ 'ਚ ਭਾਈਚਾਰਾ ਸਭ ਤੋਂ ਉੱਪਰ ਹੁੰਦਾ ਸੀ। ਵੰਡ ਵੇਲੇ ਉੱਜੜ ਕੇ ਆਏ ਸਾਡੇ ਪਰਿਵਾਰਾਂ ਨੂੰ ਪੈਰ ਜਮਾਉਣ ਲਈ ਡਾਢੀ ਮੁਸ਼ੱਕਤ ਕਰਨੀ ਪਈ। ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਹੁੰਦਾ ਸੀ। ਮਜ਼ਬੂਰੀ 'ਚ ਸ਼ਰਾਬ ਕੱਢ ਕੇ ਵੀ ਵੇਚਣੀ ਪਈ। ਬੈਂਕ ਤੋਂ ਲਏ ਕਰਜ਼ੇ ਦੀਆਂ ਕਿਸ਼ਤਾਂ ਮੋੜਨ 'ਚ ਅਕਸਰ ਦੇਰੀ ਹੋ ਜਾਂਦੀ! ਇਸ ਹਾਲਤ 'ਚ ਪੁਲਿਸ ਦਾ ਆਉਣਾ ਇੱਕ ਆਮ ਗੱਲ ਹੋ ਗਈ ਸੀ। ਪੁਲਿਸ ਵਾਲੇ ਚੌਕੀਦਾਰ (ਤਾਏ ਹਰਨ ਪ੍ਰੀਤੂ) ਨੂੰ ਲੈ ਕੇ ਸਬੰਧਤ ਕਿਸਾਨ ਦੇ ਘਰ ਜਾਂਦੇ ਤੇ ਉਸ ਦੀ ਪੂਰੀ ਵਾਹ ਹੁੰਦੀ ਕਿ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਖਬਰ ਉਸ ਪਰਿਵਾਰ ਤੱਕ ਪਹੁੰਚ ਜਾਵੇ ਤਾਂ ਕਿ ਉਹ ਲਾਂਭੇ ਹੋ ਸਕੇ। ਕਈ ਵਾਰ ਤਾਂ ਆਹਮੋ-ਸਾਹਮਣੇ ਟੱਕਰ ਈ ਹੋ ਜਾਂਦੀ। ਅਜਿਹੀ ਹਾਲਤ 'ਚ ਤਾਏ ਹਰਨ ਦੀ ਹਾਜ਼ਰ-ਦਿਮਾਗੀ ਕਮਾਲ ਦੀ ਹੁੰਦੀ ਸੀ।



ਉੱਪਰ ਦੱਸੀ ਘਟਨਾ ਤੋਂ ਥੋੜ੍ਹੀ ਦੇਰ ਬਾਅਦ ਬੈਂਕ ਵਾਲੇ ਪੁਲਿਸ ਲੈ ਕੇ ਸਾਡੇ ਬਾਬਾ ਪੰਛੀ ਨੂੰ ਫੜਨ ਆ ਗਏ। ਤਾਇਆ ਹਰਨ ਪੁਲਿਸ ਲੈ ਕੇ ਘਰ ਵੱਲ ਜਾ ਹੀ ਰਿਹਾ ਸੀ ਕਿ ਬਾਬਾ ਸਾਹਮਣੇ ਟੱਕਰ ਪਿਆ। ਕੋਈ ਹੋਰ ਹੁੰਦਾ ਤਾਂ ਜ਼ਰੂਰ ਬਾਬਾ ਮੌਕੇ 'ਤੇ ਫੜਿਆ ਜਾਂਦਾ, ਪਰ ਉੱਥੇ ਤਾਂ ਤਾਇਆ ਹਰਨ ਸੀ। ਉਹ ਬਾਬੇ ਨੂੰ ਆਖਣ ਲੱਗਾ, "ਪੰਛੀਆ, ਚੰਨਣ ਸਿੰਹੁ (ਬਾਬੇ ਦਾ ਪੂਰਾ ਨਾਂ) ਨਹੀਂ ਦੇਖਿਆ ਕਿਤੇ? ਆਹ ਬੈਂਕ ਵਾਲੇ ਆਏ ਸੀ।"

ਬਾਬਾ ਸਮਝ ਗਿਆ ਤੇ ਆਖਣ ਲੱਗਾ ਕਿ ਉਹ ਤਾਂ ਲਾਂਬੜੇ ਵੱਲ ਜਾਂਦਾ ਦੇਖਿਆ ਮੈਂ ਸਵੇਰੇ। ਤਾਇਆ ਹਰਨ ਬੈਂਕ ਵਾਲਿਆਂ ਨੂੰ ਕਹਿਣ ਲੱਗਾ, "ਲਓ ਜੀ, ਉਹ ਜਾ ਵੜਿਆ ਗਾਂਧਰਾਂ, ਆਪਣੇ ਸਹੁਰੀਂ! ਹੁਣ ਨਹੀਂ ਆਉਂਦਾ ਹਫਤਾ ਭਰ!" ਇਸ ਤਰ੍ਹਾਂ ਬੈਂਕ ਤੇ ਪੁਲਿਸ ਵਾਲਿਆਂ ਨੂੰ ਟਰਕਾਅ ਦਿੱਤਾ ਤੇ ਇਹ ਵੀ ਯਕੀਨੀ ਬਣਾ ਦਿੱਤਾ ਕਿ ਉਹ ਹਫਤਾ ਭਰ ਇੱਧਰ ਮੂੰਹ ਨਾ ਕਰਨ। ਓਨੀ ਦੇਰ ਕੋਈ ਨਾ ਕੋਈ ਜੁਗਾੜ ਤਾਂ ਹੋ ਹੀ ਜਾਵੇਗਾ। ਏਸੇ ਤਰ੍ਹਾਂ ਮੇਰੇ ਸਾਹਮਣੇ ਸਾਡੇ ਭਾਪਾ ਜੀ ਨੂੰ ਵੀ ਤਾਏ ਹਰਨ ਨੇ ਇਸੇ ਤਰ੍ਹਾਂ ਬਚਾਇਆ ਸੀ। ਕਹਿਣ ਲੱਗਾ, "ਓ ਵੈਦਾ! ਨਿਰਮਲ ਸਿੰਹੁ ਨਹੀਂ ਦੇਖਿਆ ਕਿਤੇ?" ਅੱਗੋਂ ਉਹੀ ਸਿਲਸਿਲਾ! ਮੈਂ ਬੱਚਾ ਹੀ ਸੀ ਤੇ ਭਾਪਾ ਜੀ ਨੂੰ ਇਸ ਬਾਰੇ ਸੁਆਲ ਕਰਨਾ ਹੀ ਸੀ। ਭਾਪਾ ਜੀ ਦਾ ਜੁਆਬ ਸੀ, "ਪੁੱਤ ਉਹ ਚੌਕੀਦਾਰ ਐ ਪਿੰਡ ਦਾ, ਪੁਲਿਸ ਦੇ ਅੱਗੇ ਹੋ ਕੇ ਤੁਰਨਾ ਉਹਦਾ ਫਰਜ਼ ਐ, ਪਰ ਉਹ ਪਿੰਡ ਦਾ ਬਾਸ਼ਿੰਦਾ ਵੀ ਹੈ, ਸਾਡਾ ਭਰਾ ਵੀ। ਆਪਣੇ ਭਰਾਵਾਂ ਨੂੰ ਜ਼ਿੱਲਤ ਤੋਂ ਬਚਾਉਣ ਨੂੰ ਉਹ ਆਪਣਾ ਸਭ ਤੋਂ ਪਹਿਲਾ ਫਰਜ਼ ਸਮਝਦੈ!"

ਅਜਿਹੀ ਘਟਨਾ ਤੋਂ ਬਾਅਦ ਉਹ ਸਬੰਧਤ ਘਰ ਜਾਂਦਾ ਤੇ ਸਮੇਂ ਸਿਰ ਜੁਗਾੜ ਲਾਉਣ ਲਈ ਕਹਿੰਦਾ ਤੇ ਉਹ ਪਰਿਵਾਰ ਤਾਏ ਹਰਨ ਨੂੰ ਸੇਰ ਗੁੜ ਦੇ ਦਿੰਦਾ ਜਾਂ ਹਾੜਾ ਲੁਆ ਦਿੰਦਾ। ਤਾਇਆ ਹਰਨ ਏਨੇ 'ਚ ਈ ਖੁਸ਼ ਹੋ ਜਾਂਦਾ।

ਅੱਜ ਜਦੋਂ ਇੱਕ 'ਚੌਕੀਦਾਰ' ਹੀ ਪੂਰਾ ਦੇਸ਼ ਆਪਣੇ ਚਹੇਤੇ ਦੋ-ਚਾਰ ਪਰਿਵਾਰਾਂ ਨੂੰ ਥਾਲੀ 'ਚ ਪਰੋਸ ਕੇ ਦੇਣ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ, ਜਦ ਉਹ 'ਚੌਕੀਦਾਰ' ਹੀ ਦੇਸ਼ ਦੀ ਕਿਰਸਾਨੀ ਖਤਮ ਕਰਨ 'ਤੇ ਤੁਲਿਆ ਹੋਇਆ ਹੈ, ਜਦ ਉਹ 'ਚੌਕੀਦਾਰ' ਹੀ ਆਪਣਾ ਦਰਦ ਸੁਣਾਉਣ ਆ ਰਹੇ ਲੋਕਾਂ ਦੇ ਰਾਹ ਨੂੰ ਟੋਏ ਪੁੱਟ ਕੇ, ਬੁਲਡੋਜ਼ਰ ਖੜ੍ਹੇ ਕਰਕੇ ਰੋਕਣ ਤੱਕ ਚਲੇ ਗਿਆ ਹੈ, ਜਦ ਉਹ 'ਚੌਕੀਦਾਰ' ਲੋਕਾਂ ਵੱਲ ਅੱਥਰੂ ਗੈਸ ਦੇ ਗੋਲੇ ਵਰ੍ਹਾ ਰਿਹਾ ਹੈ, ਉਦੋਂ ਮੈਨੂੰ ਆਪਣਾ ਤਾਇਆ ਹਰਨ ਪ੍ਰੀਤੂ ਯਾਦ ਆ ਰਿਹਾ ਹੈ। ਪਹਿਲਾਂ ਜਿਹੜਾ ਹਰਨ ਪ੍ਰੀਤੂ ਇੱਕ ਆਮ, ਅਮਲੀ, ਇੱਕ ਨਿਮਾਣਾ ਜਿਹਾ ਬੰਦਾ ਪ੍ਰਤੀਤ ਹੁੰਦਾ ਸੀ, ਉਹੀ ਹਰਨ ਪ੍ਰੀਤੂ ਮੈਨੂੰ ਇੱਕ ਦਿਓਕੱਦ, ਨਿਰਛਲ ਇਨਸਾਨ ਦੇ ਰੂਪ 'ਚ, ਮੁਸਕਰਾਉਂਦਾ ਨਜ਼ਰ ਆ ਰਿਹਾ ਹੈ! ਉਹ ਮੇਰੇ ਪਿੰਡ ਦਾ ਚੌਕੀਦਾਰ ਸੀ ਤੇ ਪਿੰਡ ਨਾਲ ਉਸ ਨੇ ਕਦੇ ਵੀ ਦਗਾ ਨਹੀਂ ਸੀ ਕਮਾਇਆ!

ਅੱਜ ਜਦੋਂ ਮੇਰੇ ਲੋਕ ਇਕੱਠੇ ਹੋ ਕੇ ਦਿੱਲੀ ਦੇ ਗਲ ਪੈਣ ਲਈ ਅੱਗੇ ਵੱਧ ਰਹੇ ਹਨ, ਅੱਜ ਜਦ ਜਲ-ਤੋਪਾਂ 'ਤੇ ਚੜ੍ਹ ਕੇ ਜਵਾਨੀ ਨਿਰਦਈ ਸੱਤਾ ਦੇ ਹਥਿਆਰ ਨਕਾਰਾ ਕਰਨ 'ਤੇ ਉਤਰ ਆਈ ਹੈ, ਅੱਜ ਜਦੋਂ ਪੰਜਾਬ ਨਾਲ ਮਿਲ ਕੇ ਹਰਿਆਣਾ ਤੇ ਹੋਰਨਾਂ ਸੂਬਿਆਂ ਵੱਲੋਂ ਮਿਲ ਕੇ ਇਤਿਹਾਸ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਜਾ ਰਹੀ ਹੈ, ਇੱਕ ਖਿਆਲ ਜਨਮ ਲੈ ਰਿਹਾ ਹੈ ਕਿ ਕਿਉਂ ਨਾ ਪਿੰਡ-ਪਿੰਡ ਅਜਿਹੇ ਚੌਕੀਦਾਰ ਤਾਇਨਾਤ ਕੀਤੇ ਜਾਣ, ਜੋ ਚੁੰਗੀਆਂ ਭਰਦੇ ਗਲੀਆਂ 'ਚੋਂ ਲੰਘਣ, ਸੁੱਤੇ ਹੋਏ ਲੋਕਾਂ ਦੀਆਂ ਅੱਖਾਂ 'ਤੇ ਚਾਨਣ ਦੇ ਛੱਟੇ ਮਾਰਨ, ਸਿਰ 'ਤੇ ਹੱਥ ਫੇਰ ਕੇ ਆਖਣ:

ਉਠੋ, ਜਾਗੋ! ਹੁਣ ਜਾਗਣ ਦਾ ਵੇਲਾ
ਉਠੋ, ਜਾਗੋ! ਹੁਣ ਦਿੱਲੀ ਘੇਰਨ ਦਾ ਵੇਲਾ
ਉਠੋ, ਜਾਗੋ! ਹੁਣ ਸੂਹੀ ਚਿਣਗ ਤੱਕਣ ਦਾ ਵਲਾ
ਉਠੋ, ਸਾਂਭੋ! ਇਹ ਤੁਹਾਡਾ ਹੈ ਅੰਮ੍ਰਿਤ ਵੇਲਾ!

# ਪਹਿਨਣ 'ਚੋਂ ਪ੍ਰਗਟਦੀ ਪਛਾਣ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਛੋਟੇ ਜਿਹੇ ਕਾਵਿ ਬੰਦ ਵਿਚ ਵੱਡਾ ਸੁਨੇਹਾ ਦਿੱਤਾ ਸੀ, "ਮਨਾਂ ਮਾਯੂਸ ਨਾ ਹੋਵੀਂ, ਮਾਯੂਸੀ ਨਿਘਲ ਜਾਂਦੀ ਆ।" ਉਨ੍ਹਾਂ ਕਿਹਾ ਸੀ, "ਮਾਯੂਸੀ ਕਾਰਨ ਮੌਤ ਨੂੰ ਅਪਨਾਉਣ ਵਾਲੇ ਲੋਕ ਡਰਪੋਕ ਅਤੇ ਸੁਪਨਹੀਣ। ਉਹ ਮਨੁੱਖੀ ਜੀਵਨ ਦੀਆਂ ਕੁੜੱਤਣਾਂ, ਔਕੜਾਂ ਅਤੇ ਮੁਸ਼ਕਿਲਾਂ ਨਾਲ ਆਢਾ ਲਾਉਣ ਦੀ ਥਾਂ ਜੀਵਨ ਲੀਲਾ ਦੀ ਸਮਾਪਤੀ ਨੂੰ ਹੱਲ ਮੰਨਦੇ। ਖੁਦਕੁਸ਼ੀ ਦਰਅਸਲ ਮਾਨਸਿਕਤਾ ਵਿਚ ਅਸੁਰੱਖਿਆ ਦੀ ਭਾਵਨਾ ਹੁੰਦੀ, ਜੋ ਹੀਣ-ਭਾਵਨਾ ਬਣ ਕੇ, ਡਰਾਕਲ ਅਤੇ ਸਹਿਮੀ ਸ਼ਖਸੀਅਤ ਬਣਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਪਹਿਰਾਵੇ 'ਚੋਂ ਪ੍ਰਗਟਦੀ ਪਛਾਣ ਦਾ ਜ਼ਿਕਰ ਛੇੜਿਆ ਹੈ। ਉਹ ਕਹਿੰਦੇ ਹਨ, "ਪਹਿਰਾਵਾ ਸਿਰਫ ਲਿਬਾਸ ਹੀ ਨਹੀਂ ਹੁੰਦਾ, ਹੁਲਾਸ ਹੁੰਦਾ, ਆਤਮ-ਵਿਸ਼ਵਾਸ ਹੁੰਦਾ, ਦੁਨੀਆਂਦਾਰੀ ਵਿਚ ਵਿਚਰਨ ਦਾ ਵਿਸਮਾਦ ਹੁੰਦਾ ਅਤੇ ਪਰਿਵਾਰਕ ਪਰੰਪਰਾਵਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੋਰਨ ਦਾ ਸੁਚੇਤ ਅਭਿਆਸ ਹੁੰਦਾ।...ਮਨੁੱਖ ਕੀ ਹੈ ਅਤੇ ਕੀ ਦਿਖਾਉਣਾ ਚਾਹੁੰਦਾ, ਲਿਬਾਸ ਤੋਂ ਪਤਾ ਲੱਗਦਾ।" ਡਾ. ਭੰਡਾਲ ਦੀ ਨਸੀਹਤ ਹੈ ਕਿ ਕੱਪੜਿਆਂ 'ਤੇ ਲੱਗੇ ਦਾਗ ਨੂੰ ਧੋਣ ਤੋਂ ਪਹਿਲਾਂ ਮਨ ਦੀ ਕਾਲਖ ਨੂੰ ਧੋਣ ਦਾ ਉਪਰਾਲਾ ਕਰੀਏ, ਕਿਉਂਕਿ ਕੱਪੜੇ ਤਾਂ ਸਾਬਣ ਨਾਲ ਧੋਤਿਆ ਚਿੱਟੇ ਹੋ ਜਾਣਗੇ, ਪਰ ਮਨ ਦੀ ਮੈਲ ਲਾਹੁਣ ਲਈ ਸੁਭ-ਕਰਮਨ ਦਾ ਪਾਠ ਪੜ੍ਹਨਾ ਅਤੇ ਅੰਤਰੀਵ ਵਿਚ ਵਸਾਉਣਾ ਹੁੰਦਾ। -ਸੰਪਾਦਕ***

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਪਹਿਨਣਾ, ਮਨੁੱਖੀ ਦਿੱਖ ਦਾ ਬਾਹਰੀ ਪ੍ਰਗਟਾਅ, ਖੁਦ ਦੀ ਦਿਲਕਸ਼ ਅਦਾ। ਸਰੀਰਕ ਸੁੰਦਰਤਾ ਤੇ ਰੂਪ ਨੂੰ ਸਜਾਉਣਾ ਅਤੇ ਆਪਣੇ ਆਪ 'ਤੇ ਨਾਜ਼ ਹੋਣਾ।

ਪਹਿਨਣਾ, ਤਨ ਨੂੰ ਢਕਣਾ, ਦੁਨੀਆਂ ਤੋਂ ਖੁਦ ਨੂੰ ਲੁਕਾਉਣਾ, ਸਰੀਰਕ ਅੰਗਾਂ ਨੂੰ ਦੁਨੀਆਂ ਦੀ ਨਜ਼ਰ ਤੋਂ ਬਚਾਉਣਾ ਅਤੇ ਸਮਾਜਕ ਮਾਪਦੰਡਾਂ ਨੂੰ ਸੁਚਾਰੂ ਤੇ ਉਸਾਰੂ ਰੂਪ ਵਿਚ ਅਪਨਾਉਣਾ।

ਪਹਿਰਾਵਾ ਸਿਰਫ ਲਿਬਾਸ ਹੀ ਨਹੀਂ ਹੁੰਦਾ, ਹੁਲਾਸ ਹੁੰਦਾ, ਆਤਮ-ਵਿਸ਼ਵਾਸ ਹੁੰਦਾ, ਦੁਨੀਆਂਦਾਰੀ ਵਿਚ ਵਿਚਰਨ ਦਾ ਵਿਸਮਾਦ ਹੁੰਦਾ ਅਤੇ ਪਰਿਵਾਰਕ ਪਰੰਪਰਾਵਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੋਰਨ ਦਾ ਸੁਚੇਤ ਅਭਿਆਸ ਹੁੰਦਾ।

ਪਹਿਨਣਾ, ਸਿਰਫ ਕੱਪੜਿਆਂ ਤੀਕ ਹੀ ਸੀਮਤ ਨਹੀਂ ਜਾਂ ਮਨੁੱਖੀ ਅੰਗਾਂ ਦੀ ਸਮੁੱਚਤਾ ਨੂੰ ਲੁਕਾਉਣਾ ਨਹੀਂ, ਸਗੋਂ ਕੁਝ ਕੁ ਅੰਗਾਂ ਨੂੰ ਅੰਸ਼ਕ ਰੂਪ ਵਿਚ ਪ੍ਰਗਟਾਉਣਾ ਅਤੇ ਕੁਝ ਦਾ ਜਲਵਾ ਦਿਖਾਉਣਾ ਵੀ ਹੁੰਦਾ।

ਪਹਿਨਣਾ, ਸਿਰ ਤੋਂ ਪੈਰਾਂ ਤੀਕ, ਹਰ ਅੰਗ ਦੀ ਲੋੜ, ਸੁੰਦਰਤਾ, ਸਮਾਜਕ ਦਾਇਰਾ ਅਤੇ ਸਮਰੱਥਾ ਤੀਕ ਸੀਮਤ ਰਹੇ ਤਾਂ ਇਹ ਸੋਹਣਾ ਤੇ ਸੁਹੱਪਣਾ ਹੁੰਦਾ। ਜੇ ਇਹ ਮਰਿਆਦਾਵਾਂ ਨੂੰ ਤੋੜੇ ਤਾਂ ਨਮੋਸ਼ੀ ਜਾਂ ਬੇਸ਼ਰਮੀ ਵੀ ਬਣ ਜਾਂਦਾ।

ਪਹਿਨਣਾ, ਖੁਦ ਨੂੰ ਖੁਦ ਦੇ ਰੂ-ਬ-ਰੂ ਕਰਨਾ ਅਤੇ ਆਪਣੀਆਂ ਤਰਜੀਹਾਂ ਨੂੰ ਜੱਗ-ਜ਼ਾਹਰ ਕਰਨਾ। ਕਈ ਵਾਰ ਇਹ ਉਨ੍ਹਾਂ ਭਾਵਨਾਵਾਂ ਨੂੰ ਦਰਸਾਉਣ ਦਾ ਇਕ ਬਹਾਨਾ, ਜੋ ਅਸੀਂ ਖੁਦ ਤੋਂ ਵੀ ਲੁਕਾਉਂਦੇ।

ਪਹਿਨਣਾ, ਸ਼ਰਮ ਤੇ ਸਤਿਕਾਰ, ਸ਼ਾਇਸਤਗੀ ਤੇ ਸਲੀਕਾ, ਸੁੰਦਰਤਾ ਤੇ ਸਿਆਣਪ, ਅਤੇ ਸਾਦਗੀ ਤੇ ਸਹਿਜਤਾ ਦਾ ਸੁਹਜਮਈ ਸੰਗਮ। ਇਸ ਵਿਚੋਂ ਮਨੁੱਖ ਨੂੰ ਉਚਤਮ ਸਮਾਜਕ ਪ੍ਰਾਣੀ ਹੋਣ ਦਾ ਅਹਿਸਾਸ ਹੁੰਦਾ।

ਪਹਿਨਣਾ, ਅਦਬ ਤੇ ਅਧਿਕਾਰ, ਹਲੀਮੀ ਤੇ ਹੰਕਾਰ ਜਾਂ ਗਿਆਨੀ ਤੇ ਗੰਵਾਰ ਦਾ ਫਰਕ ਵੀ ਸਮਝਾਉਂਦਾ। ਮਨੁੱਖ ਕੀ ਹੈ ਅਤੇ ਕੀ ਦਿਖਾਉਣਾ ਚਾਹੁੰਦਾ, ਲਿਬਾਸ ਤੋਂ ਪਤਾ ਲੱਗਦਾ।

ਪਹਿਨਣਾ, ਦੰਭ ਤੇ ਅਸਲੀਅਤ, ਹੀਣਤਾ ਤੇ ਅਭਿਮਾਨ, ਬੇਗਾਨਗੀ ਤੇ ਪਛਾਣ, ਜਾਂ ਧਰਮਾਤਮਾ ਤੇ ਅਡੰਬਰੀ ਵਿਚਲੇ ਫਰਕ ਨੂੰ ਸੂਖਮ ਰੂਪ ਵਿਚ ਪ੍ਰਗਟ ਕਰਦਾ। ਪਹਿਨਣਾ ਪਾਖੰਡ ਤੇ ਪਾਕੀਜ਼, ਦਿੱਖ ਤੇ ਛਲਾਵਾ, ਗਲੀਜ਼ ਅਤੇ ਅਦੀਬ ਜਾਂ ਅਮੀਰ ਤੇ ਗਰੀਬ ਵਿਚਲੀ ਭਿੰਨਤਾ ਨੂੰ ਜਾਹਰ ਕਰਨ ਦਾ ਸਾਧਨ।

ਪਹਿਨਣਾ, ਪੈਮਾਨਾ ਹੈ ਮਾਨਸਿਕ ਹੰਕਾਰ ਦਾ, ਅੱਡਰਤਾ ਦਾ, ਸਵੈ-ਪ੍ਰਗਟਾਵੇ ਦਾ, ਆਪਣੀ ਖੁਦੀ ਨੂੰ ਜਿਉਣ ਤੇ ਇਸ ਨੂੰ ਜ਼ਿੰਦਗੀ ਦੇਣ ਦਾ ਅਤੇ ਸਭਿਆਚਾਰਕ ਮੁਹਾਂਦਰੇ ਨੂੰ ਸਦਾ ਚਿਰੰਜੀਵ ਰੱਖਣ ਦਾ। ਖੁਦ ਵਿਚੋਂ ਖੁਦਾਈ ਨੂੰ ਮਾਰ ਕੇ ਬੰਦਾ ਜਿਉਂਦਾ ਨਹੀਂ ਰਹਿ ਸਕਦਾ।

ਪਹਿਰਾਵਾ, ਜੀਵਨ ਦੇ ਹਰ ਪੜਾਅ 'ਤੇ ਮਨੁੱਖ ਦੇ ਨਾਲ-ਨਾਲ। ਇਹ ਪੋਤੜੇ ਤੋਂ ਕੱਫਣ, ਸੂਹੇ ਦੁਪੱਟੇ ਤੋਂ ਚਿੱਟੀ ਚੁੰਨੀ, ਚੜ੍ਹਦੀ ਉਮਰੇ ਦਸਤਾਰਬੰਦੀ ਤੋਂ ਬਾਪ ਦੇ ਮਰਨ 'ਤੇ ਸਿਰ ਉਤੇ ਪੱਗ ਧਰਨ ਆਦਿ ਤੀਕ ਦਾ ਸਫਰ ਵੀ ਤੈਅ ਕਰ ਜਾਂਦਾ। ਕਦੇ ਇਹ ਗੁੱਡੀਆਂ ਪਟੋਲਿਆਂ ਤੋਂ ਤੁਰਦਾ, ਰੱਤੇ ਸਾਲੂ ਵਿਚ ਲਪੇਟਿਆ ਬਾਪ ਦੇ ਘਰ ਨੂੰ ਅਲਵਿਦਾ ਕਹਿੰਦਾ, ਦੋ ਘਰਾਂ ਦੀ ਸਰਦਾਰੀ ਦਾ ਸਬੱਬ ਬਣਦਾ। ਇਹ ਘੁੰਢ ਕੱਢਣ ਤੋਂ ਲੈ ਕੇ ਸਿਰ ਤੋਂ ਤਿਲਕਦੀ ਸੁਬਰ ਦੀ ਚੁੰਨੀ, ਦੇਸੀ ਖੱਦਰ ਤੋਂ ਰੇਸ਼ਮੀ ਬਸਤਰ ਅਤੇ ਮਾਂ ਦੀ ਬੁਣੀ ਖੇਸੀ ਦੀ ਮਾਰੀ ਬੁੱਕਲ ਦਾ ਨਿੱਘ ਵੀ ਬਣਦਾ। ਇਹ ਕਲੀਆਂ ਵਾਲਾ ਕੁੱੜਤਾ, ਧਰਤੀ ਸੁੰਬਰਦਾ ਚਾਦਰਾ, ਪਟਿਆਲਵੀ ਸਲਵਾਰ ਜਾਂ ਮਲਵੈਣ ਦੀ ਗਿੱਟਿਆਂ ਨੂੰ ਛੂੰਹਦੀ ਪਰਾਂਦੀ, ਵੀ ਹੋ ਸਕਦਾ।

ਪਹਿਨ-ਪੱਚਰ ਕੇ, ਮਟਕ ਨਾਲ ਤੁਰਦੀਆਂ ਨੱਢੀਆਂ ਜਾਂ ਗੱਭਰੂ ਜਦ ਕਿਸੇ ਮੇਲੇ, ਵਿਆਹ ਜਾਂ ਸੁਭ-ਸ਼ਗਨ ਦੇ ਮੌਕੇ 'ਤੇ ਰੌਣਕਾਂ ਲਾਉਂਦੇ ਤਾਂ ਧਰਤੀ ਵੀ ਇਨ੍ਹਾਂ ਦੀ ਤੋਰ ਨਾਲ ਧਮਕਦੀ।

ਪਹਿਨਣਾ ਤਾਂ ਸਿਰ 'ਤੇ ਲਿਆ ਸੂਹਾ ਦੁਪੱਟਾ, ਚਾਵਾਂ ਨਾਲ ਕੱਢੀ ਫੁਲਕਾਰੀ ਅਤੇ ਲਹਿਰੀਆ ਦੁਪੱਟਾ ਵੀ ਹੁੰਦਾ। ਕਿਸੇ ਸਿਰ 'ਤੇ ਬੰਨਿਆ ਪੱਟਕਾ, ਸਜਾਈ ਹੋਈ ਦਸਤਾਰ, ਤੁਰਲੇ ਵਾਲੀ ਪੱਗ, ਗੋਲਾਈਦਾਰ ਦੁਮਾਲਾ, ਪਟਿਆਲੀ ਸ਼ਾਹੀ ਪੱਗ, ਸਿਰ 'ਤੇ ਡੱਬੀਦਾਰ ਪਰਨਾ ਜਾਂ ਕਰਜ਼ੇ ਹੇਠ ਦੱਬੇ ਬਾਪ ਦੀਆਂ ਲੀਰਾਂ ਰੂਪੀ ਪੱਗ, ਸਿਰ 'ਤੇ ਲਈ ਟੋਪੀ ਜਾਂ ਕਿਸੇ ਫਿਰਕੇ, ਕਬੀਲੇ ਜਾਂ ਧਾਰਮਿਕ ਆਸਥਾ ਰੂਪੀ ਸਿਰ ਦਾ ਕੱਜਣ ਵੀ ਹੋ ਸਕਦਾ, ਜੋ ਵਿਰਸੇ ਦਾ ਪ੍ਰਤੀਕ ਅਤੇ ਸਮਾਜਕ ਪਛਾਣ ਦਾ ਬਿੰਬ ਹੁੰਦਾ। ਇਹ ਤਾਂ ਬੁਰਕਾ ਜਾਂ ਕਿਸੇ ਯਹੂਦੀ ਦੀ ਵਿਕੋਲਿਤਰੀ ਵੇਸ਼ ਭੂਸ਼ਾ ਵੀ ਹੋ ਸਕਦਾ। ਸਿਰ 'ਤੇ ਕੀ, ਕਿਹੋ ਜਿਹਾ ਅਤੇ ਕਿਸ ਰੂਪ ਵਿਚ ਲੈਣਾ/ਬੰਨਣਾ, ਇਹ ਸਮਾਜਕ ਮਾਨਤਾਵਾਂ ਜਾਂ ਧਾਰਮਿਕ ਅਕੀਦੇ 'ਤੇ ਨਿਰਭਰ। ਇਸ ਦਾ ਰੰਗ, ਰੂਪ, ਅਕਾਰ ਤੇ ਅੰਦਾਜ਼ ਦਾ ਬਾਕੀ ਲਿਬਾਸ ਨਾਲ ਵੀ ਸਬੰਧ। ਇਸ ਵਿਚੋਂ ਮਨੁੱਖ ਦੀਆਂ ਬਹੁਤ ਸਾਰੀਆਂ ਬਿਰਤੀਆਂ ਉਜਾਗਰ ਹੁੰਦੀਆਂ। ਪੰਜਾਬੀ ਸਭਿਆਚਾਰ ਵਿਚ ਜਦ ਕੋਈ ਮੁਟਿਆਰ, ਸੱਜਣ ਦੀ ਪੱਗ ਵਰਗੀ ਚੁੰਨੀ ਰੰਗਾਉਂਦੀ, ਵਿਆਹ ਦੇ ਮੌਕੇ 'ਤੇ ਵਿਆਹੁੰਦੜ ਦਾ ਸੂਹਾ ਲਿਬਾਸ ਅਤੇ ਬਾਪ ਦਾ ਸ਼ਮਲਾ, ਪੰਜਾਬੀ ਪਛਾਣ ਦਾ ਨਿੱਗਰ ਰੂਪ ਪ੍ਰਗਟਦੀ। ਸਿਰ 'ਤੇ ਲਈ ਚਿੱਟੀ ਚੁੰਨੀ ਗਮ ਦਾ ਰੂਪ, ਬਾਪ ਦੇ ਗਲ 'ਚ ਪਈ ਹੋਈ ਪੱਗੜੀ ਦੇ ਪੇਚ ਨਮੋਸ਼ੀ ਦੇ ਚਿੰਨ੍ਹ, ਜਦੋਂ ਕਿ ਲਾਡਲੇ ਦੇ ਸਿਰ 'ਤੇ ਸਜੀ ਕਲਗੀ, ਨਵੀਆਂ ਜੀਵਨ-ਧਾਰਾਵਾਂ ਨੂੰ ਪੈਦਾ ਕਰਨ ਅਤੇ ਸ਼ੁਰੂਆਤਾਂ ਦਾ ਸ਼ਗਨ।

ਪਹਿਨਣਾ, ਕਈ ਵਾਰ ਤਾਂ ਸਰੀਰਕ ਉਭਾਰਾਂ ਤੇ ਦਰਸ਼ਨੀ ਦਿੱਖ ਨੂੰ ਪ੍ਰਗਟਾਉਣ ਦਾ ਲੱਛਣ ਹੁੰਦਾ। ਲਿਬਾਸ ਦਾ ਲਹਿਜ਼ਾ ਉਮਰ, ਸਥਾਨ, ਦਸਤੂਰ ਅਤੇ ਮਨ ਵਿਚ ਪੈਦਾ ਹੋਏ ਵਿਚਾਰਾਂ ਦਾ ਅਚੇਤ ਰੂਪ ਵਿਚ ਪ੍ਰਗਟਾਅ; ਤਾਂ ਹੀ ਹਰ ਮੌਸਮ, ਮੌਕੇ ਅਤੇ ਸਮਾਗਮਾਂ ਆਦਿ 'ਤੇ ਵੱਖ-ਵੱਖ ਲਿਬਾਸ ਪਹਿਨਣ ਦੀ ਤਰਜ਼ੀਹ। ਅਮੀਰ ਲੋਕ ਤਾਂ ਖਾਸ ਮੌਕਿਆਂ 'ਤੇ ਲਿਬਾਸ ਰਾਹੀਂ ਦਿਖਾਵੇ ਪ੍ਰਤੀ ਹੀ ਜ਼ਿਆਦਾ ਚੇਤੰਨ ਹੁੰਦੇ।

ਮਨੁੱਖ ਦੇ ਪਹਿਨਣ ਦੇ ਤੌਰ ਤਰੀਕਿਆਂ, ਰੰਗਾਂ ਦੀ ਚੋਣ, ਕੱਪੜਿਆਂ ਦਾ ਸਾਈਜ਼ ਅਤੇ ਡਿਜ਼ਾਇਨ ਮਨੁੱਖ ਬਾਰੇ ਬਹੁਤ ਕੁਝ ਬਿਆਨ ਕਰਦਾ, ਜਿਸ ਵਿਚੋਂ ਉਸ ਮਨੁੱਖ ਦੇ ਵਿਅਕਤੀਤਵ ਨੂੰ ਸਮਝਣ ਵਿਚ ਆਸਾਨੀ ਹੁੰਦੀ।

ਪਹਿਨਣ ਲਈ ਸਭ ਤੋਂ ਜਰੂਰੀ ਹੈ ਕਿ ਲਿਬਾਸ, ਮਨੁੱਖ ਦੀ ਪਛਾਣ ਹੋਵੇ। ਉਸ ਦੇ ਸਮੁੱਚ ਦਾ ਸੁੰਦਰ ਪ੍ਰਗਾਟਾਵਾ ਹੋਵੇ। ਉਸ ਦੀ ਕੌਮੀਅਤ ਤੇ ਪਿਛੋਕੜ ਨੂੰ ਗਹਿਰ ਗੰਭੀਰ ਰੂਪ ਵਿਚ ਪ੍ਰਦਰਸ਼ਿਤ ਕਰੇ। ਮਨੁੱਖ ਜਦ ਵਿਚਰਦਾ ਹੈ ਤਾਂ ਉਹ ਆਮ ਵਿਅਕਤੀ ਨਹੀਂ ਹੁੰਦਾ, ਸਗੋਂ ਉਹ ਆਪਣੇ ਭਾਈਚਾਰੇ ਤੇ ਦੇਸ਼ ਦਾ ਪ੍ਰਤੀਨਿੱਧ ਹੁੰਦਾ। ਇਸ ਵਿਚੋਂ ਹੀ ਮਨੁੱਖ ਤੇ ਭਾਈਚਾਰੇ ਨੂੰ ਇਕ ਵੱਖਰੀ ਪਛਾਣ ਮਿਲਦੀ। ਪਹਿਰਾਵੇ ਵਿਚੋਂ ਆਪਣੀ ਪਛਾਣ ਸਿਰਜਣ ਲਈ ਸੂਖਮ ਤੇ ਸੁਚੇਤ ਰੂਪ ਵਿਚ ਬਹੁਤ ਕੁਝ ਕਰਨਾ ਪੈਂਦਾ ਤਾਂ ਹੀ ਤੁਸੀਂ ਆਪਣੇ ਲਿਬਾਸ ਦੀ ਵੱਖਰਤਾ ਨੂੰ ਨਿਵੇਕਲੇ ਅਰਥ ਦੇ ਸਕਦੇ ਹੋ। 'ਕੇਰਾਂ ਮੈਂ ਕਲੀਵਲੈਂਡ ਵਿਚ ਸਿਟੀ ਦੇ ਕਮਿਊਨਿਟੀ ਸੈਂਟਰ ਜਾ ਰਿਹਾ ਸਾਂ ਤਾਂ ਕਿਸੇ ਗੋਰੇ ਨੇ ਡਾ. ਸਿੰਘ ਕਹਿ ਕੇ ਅਵਾਜ਼ ਮਾਰੀ ਅਤੇ ਕਹਿਣ ਲੱਗਾ ਕਿ ਮੈਂ ਆਪਣੀ ਮੈਡੀਕਲ ਪ੍ਰੋਬਲਮ ਬਾਰੇ ਤੁਹਾਡੇ ਨਾਲ ਗੱਲ ਕਰਨੀ ਚਾਹੁੰਦਾ ਹਾਂ। ਮੈਂ ਚੌਂਕ ਗਿਆ ਅਤੇ ਮੁਆਫੀ ਮੰਗ ਕੇ ਕਿਹਾ ਕਿ ਮੈਂ ਫਿਜ਼ੀਅਨ ਨਹੀਂ ਹਾਂ। ਮੈਂ ਤਾਂ ਫਿਜ਼ਿਕਸ ਦਾ ਡਾਕਟਰ ਹਾਂ। ਬਾਅਦ ਵਿਚ ਪਤਾ ਲੱਗਾ ਕਿ ਕਲੀਵਲੈਂਡ ਏਰੀਏ ਵਿਚ ਹਰ ਗੋਰੇ ਲਈ ਦਸਤਾਰ ਪਹਿਨਣ ਵਾਲਾ ਵਿਅਕਤੀ ਸਿੰਘ ਹੈ ਅਤੇ ਉਹ ਡਾਕਟਰ ਹੈ। ਦਰਅਸਲ ਪਹਿਲਾਂ ਪਹਿਲ ਇਥੇ ਆਏ ਸਿੱਖ ਡਾਕਟਰਾਂ ਨੇ ਆਪਣੇ ਕਿੱਤੇ ਤੇ ਮੁਹਾਰਤ ਰਾਹੀਂ ਦਸਤਾਰ ਦੀ ਖੂਬਸੂਰਤ ਅਤੇ ਵਿਲੱਖਣ ਪਛਾਣ ਬਣਾਈ ਹੋਈ ਹੈ।

ਪਹਿਨਣਾ ਪ੍ਰਗਟਾਉਂਦਾ ਹੈ ਮਨੁੱਖ ਦੀਆਂ ਬਾਰੀਕ-ਬੀਨੀਆਂ ਨੂੰ। ਵੱਖ-ਵੱਖ ਕਮਿਊਨਿਟੀਆਂ ਬਾਰੇ ਉਨ੍ਹਾਂ ਦੀ ਵੇਸ਼ਭੂਸ਼ਾ ਵਿਚੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਕਿ ਉਹ ਕਿਸ ਖਿੱਤੇ, ਕਬੀਲੇ, ਧਰਮ ਜਾਂ ਕੌਮ ਨਾਲ ਸਬੰਧਤ ਹਨ?

ਪਹਿਨਣਾ, ਜੰਗਲੀ ਮਨੁੱਖ ਦੀ ਅਰੰਭਕ ਲੋੜ ਸੀ। ਪੱਤਿਆਂ ਰਾਹੀਂ ਖੁਦ ਨੂੰ ਕੱਜਣਾ ਅਤੇ ਜ਼ਿਆਦਾ ਠੰਢ ਜਾਂ ਗਰਮੀ ਤੋਂ ਬਚਾਓ ਕਰਨਾ; ਪਰ ਦੁੱਖ ਦੀ ਗੱਲ ਹੈ ਕਿ ਪਹਿਲੇ ਸਮਿਆਂ ਵਿਚ ਮਨੁੱਖ ਸਰੀਰ ਨੂੰ ਲੁਕਾਉਣ ਲਈ ਕੱਪੜੇ ਪਾਉਂਦਾ ਸੀ, ਪਰ ਅੱਜ ਕੱਲ ਖੁਦ ਦਾ ਨੰਗੇਜ਼ ਦਿਖਾਉਣ ਲਈ ਕੱਪੜੇ ਪਾਉਣ ਦਾ ਢਕਵੰਜ ਕਰਦਾ ਹੈ। ਦਰਅਸਲ ਉਹ ਕੱਪੜਿਆਂ ਦੇ ਓਹਲੇ ਵਿਚ ਖੁਦ ਦੀ ਸਰੀਰਕ ਪ੍ਰਦਰਸ਼ਨੀ ਲਈ ਜ਼ਿਆਦਾ ਉਤਸੁਕ ਏ। ਇਸੇ ਲਈ ਜਿਉਂ ਜਿਉਂ ਬੰਦਾ ਅਮੀਰ ਹੋ ਰਿਹਾ ਏ, ਉਸ ਦੇ ਕੱਪੜੇ ਸੁੰਘੜ ਰਹੇ ਨੇ।

ਪਹਿਨਣਾ ਕੀ ਅਤੇ ਕਿਵੇਂ ਹੈ? ਇਹ ਮਨੁੱਖੀ ਮਨ ਦੀ ਅਮੀਰੀ ਜਾਂ ਮਾਨਸਿਕ ਗੁਰਬਤ ਦਾ ਬਾਖੂਬੀ ਵਿਸ਼ੇਲਸ਼ਣ। ਯਾਦ ਰਹੇ, ਬੰਦਾ ਪਹਿਰਾਵੇ ਨਾਲ ਵੱਡਾ ਨਹੀਂ ਹੁੰਦਾ। ਉਹ ਦਿਲ ਦੀ ਅਮੀਰੀ ਅਤੇ ਵਿਚਾਰਾਂ ਦੀ ਪ੍ਰੋੜਤਾ ਤੇ ਪ੍ਰਬੀਨਤਾ ਨਾਲ ਹੀ ਮਹਾਨ ਇਨਸਾਨ ਬਣਦਾ। ਸੁਦਾਮੇ ਦਾ ਸਧਾਰਨ ਲਿਬਾਸ ਵੀ ਕ੍ਰਿਸ਼ਨ ਦੀ ਮਿੱਤਰਾਈ ਤਾਂਘ ਨੂੰ ਘੱਟ ਨਾ ਕਰ ਸਕਿਆ। ਉਹ ਹੀ ਸਬੰਧ ਸਦਾ ਨਿਭਦੇ ਨੇ, ਜੋ ਸਦ-ਵਿਚਾਰਾਂ ਅਤੇ ਪਾਕ-ਮਨ ਨਾਲ ਬਣੇ ਹੁੰਦੇ। ਰੁਤਬਿਆਂ ਤੇ ਦਿਖਾਵੇ ਦੇ ਰਿਸ਼ਤੇ ਤਾਂ ਟਿਸ਼ੂ ਪੇਪਰ ਵਰਗੇ ਹੁੰਦੇ, ਜੋ ਵਰਤ ਕੇ ਸਿਰਫ ਡੱਸਟਬਿਨ ਵਿਚ ਸੁੱਟਣ ਲਈ ਹੁੰਦੇ।

ਮਹਾਨ ਵਿਅਕਤੀਆਂ, ਗੁਰੂਆਂ, ਸੰਤਾਂ, ਫਕੀਰਾਂ, ਬ੍ਰਹਮ-ਗਿਆਨੀਆਂ, ਦਾਰਸ਼ਨਿਕਾਂ, ਕਲਾਕਾਰਾਂ ਜਾਂ ਵਿਗਿਆਨੀਆਂ ਨੇ ਕਦੇ ਵੀ ਆਪਣੀ ਪੌਸ਼ਾਕ ਵੰਨੀ ਧਿਆਨ ਨਹੀਂ ਦਿੱਤਾ। ਉਨ੍ਹਾਂ ਲਈ ਉਨ੍ਹਾਂ ਦੇ ਅਕੀਦੇ ਅਤੇ ਮਾਨਵੀ ਮਕਸਦ ਜ਼ਿਆਦਾ ਅਹਿਮ। ਖੜਾਵਾਂ ਪਾ, ਮੋਢੇ ਬਗਲੀ ਅਤੇ ਤਨ 'ਤੇ ਚਾਦਰ ਲਪੇਟ, ਰਾਹਾਂ ਦੀ ਧੂੜ ਨੂੰ ਪਿੰਡੇ 'ਤੇ ਰਮਾਉਂਦੇ, ਸੁਗਮ ਸੰਦੇਸ਼ ਦੁਨੀਆਂ ਵਿਚ ਵੰਡਦੇ, ਮਨੁੱਖੀ ਪਰਉਪਕਾਰਾਂ ਵਿਚੋਂ ਹੀ ਆਪਣੀ ਧੰਨਭਾਗਤਾ ਸਮਝਦੇ।

ਅਜੋਕਾ ਮਨੁੱਖ ਅੰਦਰੀਵੀ ਗੰਧਲੇਪਣ ਨੂੰ ਬਾਹਰੀ ਦਿੱਖ ਨਾਲ ਧੁੰਦਲਾਉਣ ਦੀ ਕੋਸ਼ਿਸ਼ ਕਰਦਾ, ਖੁਦ ਨਾਲ ਧ੍ਰੋਹ ਕਮਾ ਰਿਹਾ। ਖੁਦ ਵਿਚੋਂ ਖੁਦ ਨੂੰ ਮਿਟਾਉਣ ਦੀ ਕੋਸ਼ਿਸ਼ ਵਿਚ ਗਲਤਾਨ। ਮਨ ਦੀ ਪਾਕੀਜ਼ਗੀ ਨਾਲ ਲਬਰੇਜ਼, ਭਾਈ ਲਹਿਣਾ ਜੀ ਦੇ ਚਿੱਕੜ ਨਾਲ ਲਿੱਬੜੇ ਲਿਬਾਸ ਨਾਲ ਹੀ ਉਨ੍ਹਾਂ ਨੂੰ ਗੁਰ-ਗੱਦੀ ਨਸੀਬ ਹੋਈ, ਜਦੋਂ ਕਿ ਆਪਣੇ ਕੱਪੜਿਆਂ ਨੂੰ ਮਿੱਟੀ ਤੋਂ ਬਚਾਉਣ ਵਾਲੇ, ਹੀਰੇ ਦੀ ਪਰਖ ਵਿਚੋਂ ਫੇਲ੍ਹ ਹੋ ਗਏ।

ਪਹਿਰਾਵੇ ਨੂੰ ਪਾੜੋ ਨਾ, ਸਗੋਂ ਪਹਿਨੋ, ਕਿਉਂਕਿ ਪਹਿਰਾਵਾ ਤਾਂ ਹਿਫਾਜ਼ਤ ਹੈ; ਪਰ ਸਮੇਂ ਦੀ ਕੇਹੀ ਤ੍ਰਾਸਦੀ ਕਿ ਮਨੁੱਖ ਨੇ ਆਪਣਾ ਪਹਿਰਾਵਾ ਤਾਂ ਲੀਰੋ-ਲੀਰ ਕੀਤਾ ਹੀ ਸੀ, ਪਰ ਉਹ ਤਾਂ ਧਰਤੀ ਦੇ ਸੁਰੱਖਿਆ ਕੱਜਣ (ਓਜ਼ੋਨ ਪਰਤ) ਵਿਚ ਮਘੋਰੇ ਕਰ ਕੇ, ਆਪਣੀ ਕਬਰ ਪੁੱਟਣ ਵੰਨੀਂ ਮਸ਼ਰੂਫ ਏ।

ਪਹਿਨਣਾ, ਰੂਹ-ਦਾਰੀ ਤੇ ਦਿਲ ਦੀ ਅਮੀਰੀ। ਉਚੀ-ਸੁੱਚੀ ਸੋਚ ਦਾ ਫੈਲਾਓ। ਆਭਾ ਦਾ ਚੌਗਿਰਦੇ 'ਚ ਪਸਾਰੇ ਦਾ ਵਹਾਓ। ਮੇਰਾ ਅਧਿਆਪਕ ਸੀ। ਹਮੇਸ਼ਾ ਕੁੜਤੇ ਪਜਾਮੇ ਵਿਚ ਸਕੂਲ ਆਉਂਦਾ ਅਤੇ ਮਜੀਠੀ ਰੰਗ ਵਿਚ ਬੱਚਿਆਂ ਨੂੰ ਪੜ੍ਹਾਉਂਦਾ ਤੇ ਜੀਵਨ ਦੀਆਂ ਕਦਰਾਂ ਕੀਮਤਾਂ ਯਾਦ ਕਰਵਾਉਂਦਾ। ਜਦ ਇਕ ਵਿਦਿਆਰਥੀ ਨੇ ਪੁੱਛਿਆ ਕਿ ਸਰ ਤੁਸੀਂ ਪੈਂਟ-ਕੋਟ ਕਿਉਂ ਨਹੀਂ ਪਾਉਂਦੇ ਅਤੇ ਹਮੇਸ਼ਾ ਕੁੜਤਾ ਪਜਾਮਾ ਹੀ ਪਹਿਨਦੇ ਹੋ ਤਾਂ ਉਸ ਦਾ ਜਵਾਬ ਸੀ ਕਿ ਜਿਹੜੇ ਮੈਨੂੰ ਜਾਣਦੇ ਹੀ ਨਹੀਂ, ਉਨ੍ਹਾਂ ਲਈ ਕੁੜਤਾ-ਪਜਾਮਾ ਜਾਂ ਪੈਂਟ-ਕੋਟ ਇਕ ਸਮਾਨ। ਪਰ ਜਿਹੜੇ ਮੈਨੂੰ ਜਾਣਦੇ ਨੇ, ਉਨ੍ਹਾਂ ਲਈ ਮੈਂ ਭਾਵੇਂ ਕੁੜਤਾ-ਪਜਾਮਾ ਜਾਂ ਪੈਂਟ-ਕੋਟ ਪਾਵਾਂ, ਕੋਈ ਫਰਕ ਨਹੀਂ ਪੈਂਦਾ। ਇਹ ਹੈ ਮਨ ਦੀ ਸੁੱਚਮਤਾ ਤੇ ਉਚਮਤਾ ਦੀ ਅੰਬਰੀ ਪਰਵਾਜ਼ ਅਤੇ ਸ਼ਾਹਾਨਾ ਫਕੀਰੀ ਵਾਲਾ ਜਿਉਣ-ਅੰਦਾਜ਼।

ਬਾਪ ਕੀ ਪਹਿਨਦਾ ਹੈ, ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਅੰਤਰ ਤਾਂ ਉਸ ਸਮੇਂ ਪੈਂਦਾ ਜਦ ਸੀਮਤ ਲੋੜਾਂ ਨਾਲ ਨਿਰਬਾਹ ਕਰਦਿਆਂ, ਆਪਣੇ ਬੱਚਿਆਂ ਦੇ ਨਾਵੇਂ ਸੁੱਘੜ ਸਿਆਣਪਾਂ ਕਰਦਾ ਅਤੇ ਬੱਚੇ ਹੀ ਉਸ ਦੇ ਸਮੁੱਚ ਦਾ ਲਿਬਾਸ ਬਣ ਕੇ, ਉਸ ਦੇ ਸਿਰ ਦਾ ਤਾਜ਼ ਬਣਦੇ।

ਪਹਿਨਣਾ ਸਫਾਫਤਾ, ਸਰਲਤਾ ਤੇ ਪਾਕੀਜ਼ਗੀ ਦਾ ਪੈਮਾਨਾ। ਜਦ ਬਾਹਰੀ ਦਿੱਖ ਨੂੰ ਚਮਕਾਉਣਾ ਹੀ ਕਿਸੇ ਵਿਅਕਤੀ ਦੀ ਤਮੰਨਾ ਹੁੰਦੀ ਤਾਂ ਉਹ ਅੰਤਰੀਵੀ ਸੁੱਧਤਾ ਤੋਂ ਅਵੇਸਲਾ ਹੋ ਜਾਂਦਾ; ਪਰ ਜਰੂਰੀ ਹੁੰਦਾ ਹੈ ਕਿ ਕੱਪੜਿਆਂ 'ਤੇ ਲੱਗੇ ਦਾਗ ਨੂੰ ਧੋਣ ਤੋਂ ਪਹਿਲਾਂ ਮਨ ਦੀ ਕਾਲਖ ਨੂੰ ਧੋਣ ਦਾ ਉਪਰਾਲਾ ਕਰੀਏ, ਕਿਉਂਕਿ ਕੱਪੜੇ ਤਾਂ ਸਾਬਣ ਨਾਲ ਧੋਤਿਆ ਚਿੱਟੇ ਹੋ ਜਾਣਗੇ, ਪਰ ਮਨ ਦੀ ਮੈਲ ਲਾਹੁਣ ਲਈ ਸੁਭ-ਕਰਮਨ ਦਾ ਪਾਠ ਪੜ੍ਹਨਾ ਅਤੇ ਅੰਤਰੀਵ ਵਿਚ ਵਸਾਉਣਾ ਹੁੰਦਾ। ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ,

ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥

ਪਹਿਨਣਾ ਮਨੁੱਖੀ ਵਿਹਾਰ ਦੀ ਅਜਿਹੀ ਪ੍ਰਕਿਰਿਆ, ਜੋ ਮਨੁੱਖ ਨਿਸ ਦਿਨ ਕਰਦਾ। ਹਰ ਮੌਸਮ, ਹਰ ਰੁੱਤ ਅਤੇ ਹਰ ਮੌਕੇ ਅਨੁਸਾਰ ਚੰਗੇਰੇ ਰੂਪ ਵਿਚ ਖੁਦ ਨੂੰ ਪੇਸ਼ ਕਰਨ ਲਈ ਬਹੁਤ ਸੁਚੇਤ ਅਤੇ ਚਿੰਤਤ ਹੁੰਦਾ।

ਪਹਿਨਣਾ ਪਾਕ, ਪਵਿੱਤਰ, ਪਾਕੀਜ਼ ਅਤੇ ਪ੍ਰੇਰਨਾਮਈ ਹੋਵੇ ਤਾਂ ਇਸ ਦੇ ਅਰਥਾਂ ਵਿਚ ਸੂਖਮ ਸੰਦੇਸ਼। ਹਰੇਕ ਲਿਬਾਸ ਨੂੰ ਉਸ ਦੀ ਲੋੜ, ਵਿਸ਼ੇਸ਼ਤਾ ਅਤੇ ਲੱਛਣਾਂ ਨੂੰ ਸੋਚ-ਸਮਝ ਕੇ ਪਹਿਨੋਗੇ ਤਾਂ ਲਿਬਾਸ ਸੁੰਦਰ ਸਰੂਪ ਨਾਲ ਵਿਅਕਤੀ ਦੀ ਸ਼ਖਸੀਅਤ ਹੋਰ ਨਿਖਾਰੇਗਾ। ਇਸ ਵਿਚੋਂ ਝਰੇਗੀ ਰੂਹਾਨੀਅਤ। ਊਲ-ਜਲੂਲ ਅਤੇ ਬੇਢੰਗੇ ਕੱਪੜੇ ਪਾਉਣਾ, ਕੋਹਜਾਂ ਨੂੰ ਛੁਪਾਉਣਾ ਅਤੇ ਮੁਲੰਮਾ ਦਿਖਾਉਣ ਦੀ ਬਿਰਤੀ ਵਾਲੇ ਹੋਛੇ ਲੋਕ ਹੁੰਦੇ। ਉਹ ਪਰਿਵਾਰਕ ਵਿਰਸੇ ਤੋਂ ਵਿਰਵੇ ਅਤੇ ਸਭਿਆਚਾਰਕ ਅਮੀਰੀ ਤੋਂ ਕੋਰੇ। ਉਹ ਖੁਦ ਹੀ ਹੀਣੇ ਤੇ ਅਰਥਹੀਣ ਜੁ ਹੁੰਦੇ।

ਪਹਿਰਾਵੇ ਨੂੰ ਜਦ ਮਨੁੱਖੀ ਖਲੂਸ, ਹਸਾਸ, ਸਵੈ-ਵਿਸ਼ਵਾਸ, ਮੋਹ-ਮੁਹੱਬਤ, ਦਯਾ-ਭਾਵਨਾ, ਬੰਦਿਆਈ-ਬੰਧਨਾ, ਭਰਾਤਰੀ-ਭਾਵ ਅਤੇ ਆਤਮਿਕ-ਸਾਂਝ ਦੇ ਦੀਦਾਰੇ ਹੁੰਦੇ ਤਾਂ ਪਹਿਰਾਵੇ ਨੂੰ ਆਪਣੇ ਆਪ 'ਤੇ ਹੀ ਮਾਣ ਹੋਣ ਲੱਗਦਾ।

ਪਹਿਰਾਵਾ ਪਾਕੀਜ਼ਗੀ, ਪ੍ਰਮਾਣਤਾ, ਪਸੰਦ, ਪ੍ਰਗਤੀ, ਪਰੰਪਰਾ ਅਤੇ ਪੂਰਬਲੇ ਸੰਸਕਾਰਾਂ ਦੀ ਨਿਸ਼ਾਨੀ, ਜਿਸ ਵਿਚੋਂ ਉਦੈ ਹੁੰਦੀ ਹੈ ਮਨੁੱਖੀ ਪਛਾਣ ਦੀ ਸਰਘੀ।

ਪੰਜਾਬੀਆਂ ਦੇ ਪਹਿਰਾਵੇ ਵਿਚੋਂ ਪ੍ਰਗਟਦੀ ਦਰਸ਼ਨੀ ਦਿੱਖ ਅਤੇ ਰੰਗ-ਬਿਰੰਗਤਾ ਨੂੰ ਦੇਖ ਕੇ ਅਚੰਭਤ ਹੋ ਜਾਂਦੇ ਨੇ ਦੁਨੀਆਂ ਦੇ ਲੋਕ; ਪਰ ਅਸੀਂ ਪੱਛਮੀ ਲਿਬਾਸ ਵਿਚੋਂ ਹੀ ਖੁਦ ਨੂੰ ਪਛਾਨਣ ਲੱਗ ਪਏ ਹਾਂ। ਮਾੜਾ ਤਾਂ ਕੁਝ ਵੀ ਨਹੀਂ, ਪਰ ਲੋੜ ਹੈ ਕਿ ਆਪਣੇ ਪਹਿਰਾਵੇ ਨਾਲ ਨਵੀਂ ਨਿਕੋਰ ਪਛਾਣ ਦਰਸਾਉਣ ਦਾ ਹੀਆ ਅਤੇ ਹੌਂਸਲਾ ਤਾਂ ਕਰੋ, ਤੁਸੀਂ ਭੀੜ ਵਿਚੋਂ ਹੀ ਵੱਖਰੇ ਪਛਾਣੇ ਜਾਵੋਗੇ। ਅਮਰੀਕਾ ਦੀ ਯੂਨੀਵਰਸਿਟੀ ਵਿਚ ਜਦ ਮੈਂ ਦਸਤਾਰਧਾਰੀ ਰੂਪ ਵਿਚ ਜਾਂਦਾ ਹਾਂ ਤਾਂ ਵੱਖ-ਵੱਖ ਕੌਮੀਅਤਾਂ ਦੇ ਵਿਦਿਆਰਥੀਆਂ ਵਿਚ ਸਿੱਖਾਂ ਦੀ ਪਛਾਣ ਅਤੇ ਦਸਤਾਰ ਪ੍ਰਤੀ ਉਤਸੁਕਤਾ ਪੈਦਾ ਹੁੰਦੀ ਹੈ। ਇਹ ਉਤਸੁਕਤਾ ਜਦ ਨੌਜਵਾਨ ਪੀੜ੍ਹੀ ਨੂੰ ਸਿੱਖਾਂ ਬਾਰੇ ਜਾਣਨ ਵੰਨੀ ਤੋਰੇਗੀ ਤਾਂ ਸਿੱਖ-ਪਛਾਣ ਨੂੰ ਪੱਕੇ ਪੈਰੀਂ ਹੋਣ ਵਿਚ ਦੇਰ ਨਹੀਂ ਲੱਗੇਗੀ।

ਜਦ ਕੋਈ ਤਨ ਦੇ ਲੰਗਾਰਾਂ, ਲੀਰਾਂ ਹੋਈ ਚੁੰਨੀ, ਧੌੜੀ ਦੀ ਜੁੱਤੀ ਅਤੇ ਲੱਕ 'ਤੇ ਬੱਧੀ ਲਾਂਗੜ ਵਿਚੋਂ ਆਪਣੀ ਪਛਾਣ ਸਿਰਜਣ ਦੇ ਰਾਹ ਤੁਰਦਾ ਤਾਂ ਉਹ ਨੈਲਸਨ ਮੰਡੇਲਾ, ਬਾਬਾ ਨਾਨਕ, ਭਗਤ ਪੂਰਨ ਸਿੰਘ ਜਾਂ ਕੋਈ ਮਹਾਂਪੁਰਖ ਹੋ ਸਕਦਾ। ਅਜਿਹੇ ਲੋਕ ਤਨ ਦੇ ਲਿਬਾਸ ਦੀ ਥਾਂ ਮਨ ਦੀ ਯਥਾਰਥੀ ਯਾਤਰਾਵਾਂ ਅਤੇ ਅੰਬਰੀ ਉਡਾਰੀਆਂ ਨੂੰ ਜ਼ਿਆਦਾ ਤਰਜ਼ੀਹ ਦਿੰਦੇ।

ਪਹਿਨਣਾ ਅਤੇ ਪਚਰਨਾ ਨੌਜਵਾਨਾਂ ਦੇ ਮਨ-ਭਾਉਂਦੇ ਸ਼ੌਕ। ਇਨ੍ਹਾਂ ਦੀ ਬਰਕਰਾਰੀ ਵਿਚੋਂ ਹੀ ਜਵਾਨ ਮਨਾਂ ਵਿਚ ਤਰੰਗਾਂ ਪੈਦਾ ਹੁੰਦੀਆਂ। ਲਿਬਾਸ ਦੀ ਬਿਹਤਰੀ ਅਤੇ ਨੁਹਾਰ ਨੂੰ ਹੋਰ ਚੰਗੇਰਾ ਕਰਨ ਅਤੇ ਇਸ ਨੂੰ ਮਨੁੱਖੀ ਸ਼ਖਸੀਅਤ ਦੇ ਨਿਖਾਰ ਲਈ ਵਰਤਣ ਦਾ ਹੁਨਰ ਅਤੇ ਹੰਭਲਾ, ਪ੍ਰਗਤੀ ਦਾ ਪ੍ਰਤੀਕ। ਇਸ ਨੂੰ ਜਾਰੀ ਰੱਖਣਾ, ਮਨੁੱਖ ਨੂੰ ਨਵੀਆਂ ਬੁਲੰਦੀਆਂ ਵੱਲ ਪ੍ਰੇਰਿਤ ਕਰਦਾ।

ਪਹਿਨੋ ਤਨ ਲਈ, ਇਸ ਦੀ ਸੁੰਦਰਤਾ ਤੇ ਦਿੱਖ ਲਈ, ਪਰ ਕਦੇ ਵੀ ਮਨ 'ਤੇ ਪਰਦਾਦਾਰੀ ਨਾ ਕਰੋ। ਇਸ ਨੂੰ ਪਰਤਾਂ ਵਿਚ ਨਾ ਲਕੋਵੋ। ਇਸ ਦੀ ਪਾਰਦਰਸ਼ਤਾ ਨੂੰ ਬਰਕਰਾਰ ਰੱਖੋ, ਕਿਉਂਕਿ ਮਨੁੱਖ ਦਾ ਸਭ ਤੋਂ ਮੀਰੀ ਗੁਣ ਏ, ਮਾਨਸਿਕ ਸੁੱਚਮਤਾ ਅਤੇ ਉਚਮਤਾ। ਇਸ ਵਿਚ ਨਹੀਂ ਹੋਣਾ ਚਾਹੀਦਾ ਕੋਈ ਲੁਕੋਅ, ਮਿਲਾਵਟ, ਦੰਭ, ਨਾ ਕੋਈ ਫਿੱਕੜਾ ਰੰਗ ਅਤੇ ਨਾ ਹੀ ਸਵੈ-ਸਵਾਰਥ ਜਾਂ ਬੇਖੁਦੀ ਦਾ ਰੰਗ। ਮਨ ਤਾਂ ਹੁੰਦਾ ਏ ਦਬੰਗ, ਅਭੰਗ, ਨਿਸ਼ੰਗ ਅਤੇ ਬੇਰੰਗ। ਇਹ ਬੇਰੰਗਤਾ ਹੀ ਮਨੁੱਖ ਦਾ ਮਾਣ ਤੇ ਸਿਰਨਾਵਾਂ।

ਪਹਿਨਣਾ ਪਾਪਾਂ ਨੂੰ ਲੁਕਾਉਣ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਕਮੀਆਂ, ਕਮੀਨਗੀਆਂ, ਕੁਤਾਹੀਆਂ ਜਾਂ ਕੋਹਜਾਂ 'ਤੇ ਲਿੱਪਾਪੋਚੀ। ਦਰਵੇਸ਼ ਲੋਕ ਤਾਂ ਗਿੱਠ ਕੁ ਲੰਗੋਟ ਵਿਚ ਹੀ ਪਾਕ ਤੇ ਪਾਰਦਰਸ਼ੀ ਹੁੰਦੇ, ਜਦੋਂ ਕਿ ਕਪਟੀ ਲੋਕ ਸਿਰ ਤੋਂ ਪੈਰਾਂ ਤੀਕ ਢਕੇ ਹੋਏ ਵੀ ਗਲੀਜ਼ਤਾ ਵਿਚ ਗਲਤਾਨ। ਕਿਰਦਾਰ, ਵਿਹਾਰ, ਵਿਚਾਰ, ਗੁਫਤਾਰ ਅਤੇ ਆਚਾਰ ਵਿਚੋਂ ਹੀ ਮਨੁੱਖ ਪਰਖਿਆ ਤੇ ਸਵੀਕਾਰਿਆ ਜਾਂਦਾ।

ਪਹਿਨੋ ਮਨ ਭਾਉਂਦਾ, ਪਰ ਤੁਹਾਡੇ ਪਹਿਰਾਵੇ ਵਿਚ ਮਾਣਮੱਤੀ ਵੱਖਰਤਾ ਦੀ ਮਹਿਕ ਆਵੇ। ਪਰਿਵਾਰਕ ਕਦਰਾਂ-ਕੀਮਤਾਂ ਦੀ ਕਿਰਨੀ ਖੁਸ਼ਬੋਈ ਹੋਵੇ। ਵਿਰਸੇ ਵਿਚੋਂ ਮਿਲੀ ਗੁੜਤੀ ਦਾ ਗਿਆਨ ਗੂੰਜੇ। ਸਮਾਜ ਦੇ ਸੰਸਕਾਰੀ ਸਰੋਕਾਰਾਂ ਨੂੰ ਸਮਝਣ ਅਤੇ ਨਿਭਾਉਣ ਦੀ ਸੂਹ ਮਿਲੇ। ਸਮਝ, ਸੋਚ ਤੇ ਸਚਿਆਰੇਪਣ ਦੀ ਸਰਗਮ ਪੈਦਾ ਹੋਵੇ। ਪਹਿਲਾਂ, ਪਗਡੰਡੀਆਂ, ਪ੍ਰੇਰਨਾ ਅਤੇ ਪ੍ਰਣਾਂ ਦਾ ਪੈਗਾਮ ਪੈਦਾ ਹੋਵੇ ਤਾਂ ਪਹਿਰਾਵਾ, ਮਨੁੱਖ ਦੀ ਸੰਦਲੀ ਅਤੇ ਸਾਰਥਕ ਪਛਾਣ ਬਣ ਕੇ, ਵਕਤ ਦੇ ਵਰਕਿਆਂ 'ਤੇ ਲਿਖੀ ਜਾਣ ਵਾਲੀ ਇਬਾਰਤ ਨੂੰ ਇਬਾਦਤ ਬਣਾ ਦਿੰਦਾ।

# ਪੰਜਾਬ ਦਾ ਦੁਖਾਂਤ

## ਕਲਾ ਪਰਿਕਰਮਾ


ਬੜਾ ਕਹਿਰੀ ਸੀ ਪੰਜਾਬ ਲਈ 1978 ਤੋਂ 1993 ਤਕ ਦਾ ਡੇਢ ਦਹਾਕਾ। ਇਹ ਵਹਿਸ਼ਤੀ ਸਮਾਂ ਤਾਂ ਮੁੱਕ ਗਿਆ ਪਰ ਇਸ ਨਾਲ ਜੁੜੇ ਸੰਤਾਪ ਦੇ ਅਸਰਾਤ ਅੱਜ ਵੀ ਬਰਕਰਾਰ ਹਨ। ਇਨ੍ਹਾਂ ਸਿਆਹ ਦਿਨਾਂ ਬਾਰੇ ਬਹੁਤ ਸਾਰੀਆਂ ਕਿਤਾਬਾਂ ਆ ਚੁੱਕੀਆਂ ਹਨ, ਹੋਰ ਬਹੁਤ ਸਾਰੀਆਂ ਆਉਣਗੀਆਂ ਵੀ। ਕਿੰਨਾ ਕੁ ਸੱਚ ਸਾਹਮਣੇ ਆਇਆ ਹੈ, ਇਹ ਕਹਿਣਾ ਔਖਾ ਹੈ। ਸਮਕਾਲ ਬਾਰੇ ਨਿਰਲੇਪਤਾ ਨਾਲ ਲਿਖਣਾ ਆਸਾਨ ਨਹੀਂ ਹੁੰਦਾ। ਪੱਖਪਾਤ ਸਾਡੀ ਸੋਚਣੀ ਵਿਚ ਹੀ ਹੁੰਦਾ ਹੈ। ਇਹ ਸਾਡੀ ਸੋਚ ਤੇ ਸੁਹਜ ਨੂੰ ਬੇਲਾਗ ਨਹੀਂ ਰਹਿਣ ਦਿੰਦਾ। ਅਸੀਂ ਆਪਣਾ ਸੱਚ ਹੀ ਸਾਹਮਣੇ ਲਿਆਉਂਦੇ ਹਾਂ, ਹੋਰਨਾਂ ਦਾ ਨਹੀਂ; ਕੁਝ ਅਗਿਆਨਵੱਸ ਅਤੇ ਕੁਝ ਬੇਇਤਬਾਰੀ ਕਾਰਨ। ਇਸੇ ਲਈ ਪੰਜਾਬ ਦੇ ਸਿਆਹ ਦਿਨਾਂ



**ਸੁਰਿੰਦਰ ਸਿੰਘ ਤੇਜ**

ਬਾਰੇ ਬਹੁਤੀਆਂ ਕਿਤਾਬਾਂ ਅਧੂਰੇ ਸੱਚ ਦਾ ਪ੍ਰਭਾਵ ਦਿੰਦੀਆਂ ਹਨ। ਜੀ.ਬੀ.ਐਸ. ਸਿੱਧੂ ਦੀ ਕਿਤਾਬ 'ਦਿ ਖਾਲਿਸਤਾਨ ਕਾਂਸਪੀਰੇਸੀ' (ਖਾਲਿਸਤਾਨ ਦੀ ਸਾਜ਼ਿਸ਼) ਇਨ੍ਹਾਂ ਤੋਂ ਕੁਝ ਭਿੰਨ ਜਾਪਦੀ ਹੈ। ਇਸ ਵਿਚ ਵੀ ਬਹੁਤ ਕੁਝ ਪੁਰਾਣਾ ਹੈ ਪਰ ਕਈ ਕੁਝ ਨਵਾਂ ਵੀ ਹੈ। ਖਾਸ ਤੌਰ 'ਤੇ 'ਰਾਅ' ਵਾਲੇ ਅੰਸ਼। ਲੇਖਕ 'ਰਾਅ' ਵਜੋਂ ਵੀ ਜਾਣੀ ਜਾਂਦੀ ਖੁਫੀਆ ਏਜੰਸੀ 'ਰਿਸਰਚ ਐਂਡ ਐਨੇਲਾਈਸਿਜ਼ ਵਿੰਗ' ਵਿਚ 26 ਸਾਲ ਰਿਹਾ ਅਤੇ ਇਸ ਦੇ ਸਪੈਸ਼ਲ ਸੈਕ੍ਰੇਟਰੀ ਦੇ ਅਹੁਦੇ ਤੋਂ ਸੇਵਾਮੁਕਤ ਹੋਇਆ। ਉਸ ਨੇ ਪੰਜਾਬ ਦਾ ਸੰਕਟ ਘੜੇ ਜਾਣ ਤੋਂ ਲੈ ਕੇ ਹਿੰਸਕ ਕਾਲ ਦਾ ਭੋਗ ਪਾਏ ਜਾਣ ਤਕ ਦਾ ਸਮੁੱਚਾ ਸਿਲਸਿਲਾ ਬਹੁਤ ਨੇੜਿਓਂ ਦੇਖਿਆ। ਵਿਦੇਸ਼ਾਂ ਵਿਚ ਵੀ ਉਹ ਸਰਕਾਰੀ 'ਮੋਹਰੇ' ਵਜੋਂ ਵਿਚਰਦਾ ਰਿਹਾ। ਕਈ ਅਹਿਮ ਘਟਨਾਵਾਂ ਦਾ ਉਹ ਪ੍ਰਤੱਖ-ਦਰਸ਼ੀ ਵੀ ਰਿਹਾ। ਰਾਜਸੀ ਚਾਲਾਂ-ਕੁਚਾਲਾਂ ਉਸ ਨੇ ਨੇੜਿਓਂ ਦੇਖੀਆਂ ਵੀ, ਸੁਣੀਆਂ ਵੀ। ਪਰਿਵਾਰਕ ਹਲਕਿਆਂ ਤੋਂ ਵੀ ਉਸ ਨੂੰ ਬੜਾ ਕੁਝ ਪਤਾ ਲੱਗਦਾ ਰਿਹਾ; ਤਿੰਨ ਪ੍ਰਧਾਨ ਮੰਤਰੀਆਂ-ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ ਤੇ ਇੰਦਰਾ ਗਾਂਧੀ ਦੇ ਮੰਤਰੀ ਮੰਡਲਾਂ ਵਿਚ ਕਦੇ ਵਿਦੇਸ਼ ਤੇ ਕਦੇ ਰੱਖਿਆ ਮੰਤਰੀ ਰਹੇ ਸਰਦਾਰ ਸਵਰਨ ਸਿੰਘ ਦਾ ਦਾਮਾਦ ਹੋਣ ਕਰ ਕੇ; ਅਤੇ ਨਾਲ ਹੀ ਖਾਲਿਸਤਾਨ ਲਹਿਰ ਦੇ ਸਿਧਾਂਤਕਾਰ ਰਹੇ ਇਕ ਸਾਬਕਾ ਸਿਹਤ ਡਾਇਰੈਕਟਰ (ਜੋ ਅੰਤ ਦੋਹਰਾ ਏਜੰਟ ਸਾਬਤ ਹੋਇਆ) ਦਾ ਕਰੀਬੀ ਰਿਸ਼ਤੇਦਾਰ ਹੋਣ ਕਰ ਕੇ।

ਸ੍ਰੀ ਸਿੱਧੂ ਦੀ ਇਹ ਦੂਜੀ ਕਿਤਾਬ ਹੈ। ਪਹਿਲੀ ਕਿਤਾਬ 'ਸਿੱਕਿਮ: ਡਾਅਨ ਆਫ ਡਿਮੋਕਰੇਸੀ' ਸਿੱਕਿਮ ਦੇ ਭਾਰਤ ਵਿਚ ਰਲੇਵੇਂ ਦਾ ਚਸ਼ਮਦੀਦੀ ਬਿਰਤਾਂਤ ਸੀ। ਲੇਖਣੀ ਅੰਦਰਲੀ ਸਪਸ਼ਟਤਾ ਅਤੇ ਘਟਨਾਵਾਂ ਤੇ ਪਾਤਰਾਂ ਦੀ ਤਨਕੀਦ ਪੱਖੋਂ ਦੂਜੀ ਕਿਤਾਬ ਵੱਧ ਬੇਬਾਕ ਤੇ ਵੱਧ ਬੇਰਹਿਮ ਹੈ। ਪੰਜਾਬ ਸੰਕਟ ਨਾਲ ਸਬੰਧਤ ਹੋਰਨਾਂ ਕਿਤਾਬਾਂ, ਖਾਸ ਕਰ ਕੇ ਮਾਰਕ ਟਲੀ ਤੇ ਸਤੀਸ਼ ਜੈਕਬ ਦੀ ਕਿਤਾਬ 'ਅੰਮ੍ਰਿਤਸਰ: ਮਿਸਿਜ਼ ਗਾਂਧੀ'ਜ਼ ਲਾਸਟ ਬੈਟਲ' ਅੰਦਰਲੇ ਥੀਸਿਜ਼ ਵਾਂਗ ਲੇਖਕ ਵੀ ਮੰਨਦਾ ਹੈ ਕਿ ਪੰਜਾਬ ਵਿਚ ਅਕਾਲੀ ਦਲ ਨੂੰ ਅਸਥਿਰ ਕਰਨ ਤੇ ਕਾਂਗਰਸ ਦੇ ਹਿੱਤ ਬੁਲੰਦ ਕਰਨ ਵਾਸਤੇ ਆਰੰਭਿਆ ਸੀਮਤ ਜਿਹਾ ਅਪਰੇਸ਼ਨ, 1980 ਵਿਚ ਸ੍ਰੀਮਤੀ ਗਾਂਧੀ ਦੀ ਸੱਤਾ ਵਾਪਸੀ ਮਗਰੋਂ ਵਡੇਰੇ ਅਪਰੇਸ਼ਨ ਵਿਚ ਬਦਲ ਦਿੱਤਾ ਗਿਆ। ਨਿਸ਼ਾਨਾ ਸੀ ਸ੍ਰੀਮਤੀ ਗਾਂਧੀ ਤੇ ਕਾਂਗਰਸ ਦੇ ਹਕੂਮਤੀ ਕਾਲ ਨੂੰ ਲੰਮਾ ਤੇ ਲੰਮੇਰਾ ਬਣਾਉਣਾ। ਇਹ ਬਦਨੀਅਤੀ ਪੁੱਠੀ ਪਈ। ਪੰਜਾਬ ਦਾ ਸੰਕਟ ਸਮੁੱਚੇ ਦੇਸ਼ ਦਾ ਸੰਕਟ ਬਣ ਗਿਆ। ਇਸ ਦਾ ਖਮਿਆਜ਼ਾ ਸਿੱਖ ਭਾਈਚਾਰੇ ਨੂੰ ਤਾਂ ਭੁਗਤਣਾ ਹੀ ਪਿਆ, ਦੇਸ਼ ਨੂੰ ਵੀ ਹੁਣ ਤਕ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਭੁਗਤਣਾ ਪੈ ਰਿਹਾ ਹੈ। ਜੋ ਖਾਲਿਸਤਾਨੀ ਲਹਿਰ 1979 ਤੋਂ ਪਹਿਲਾਂ ਮਜ਼ਾਕ ਵਜੋਂ ਦੇਖੀ ਜਾਂਦੀ ਸੀ, ਉਹ ਪਾਕਿਸਤਾਨੀ




*ਜੀ.ਬੀ.ਐਸ. ਸਿੱਧੂ ਦੀ ਕਿਤਾਬ 'ਦਿ ਖਾਲਿਸਤਾਨ ਕਾਂਸਪੀਰੇਸੀ' ਦਾ ਮੁਖੜਾ।*



*ਜੀ.ਬੀ.ਐਸ. ਸਿੱਧੂ*

ਖੁਫੀਆ ਏਜੰਸੀ 'ਆਈ.ਐਸ.ਆਈ.' ਅੱਗੇ ਭਾਰਤੀ ਪੰਜਾਬ ਵਿਚ ਹਿੰਸਾ ਭੜਕਾਉਣ ਦੇ ਵਸੀਲੇ ਵਜੋਂ ਪਰੋਸ ਕੇ ਪੇਸ਼ ਕਰ ਦਿੱਤੀ ਗਈ। ਇਹ ਲਹਿਰ ਹੁਣ ਵੀ ਭਾਰਤ ਲਈ ਕੂਟਨੀਤਿਕ ਸਿਰਦਰਦੀ ਬਣੀ ਹੋਈ ਹੈ। ਪੱਛਮੀ ਦੇਸ਼ ਇਸ ਨੂੰ ਬੜੀ ਚਤੁਰਾਈ ਨਾਲ ਭਾਰਤ ਪਾਸੋਂ ਵਪਾਰਕ ਲਾਭ ਹਾਸਲ ਕਰਨ ਲਈ ਵਰਤਦੇ ਆ ਰਹੇ ਹਨ।

ਲੇਖਕ ਇਸ ਦੁਖਾਂਤ ਲਈ ਇੰਦਰਾ ਗਾਂਧੀ, ਉਸ ਦੇ ਪੁੱਤਰਾਂ, ਉਨ੍ਹਾਂ ਦੇ ਕਰੀਬੀਆਂ (ਖਾਸ ਕਰ ਕੇ ਅਰੁਨ ਨਹਿਰੂ, ਮਾਖਨ ਲਾਲ ਫੋਤੇਦਾਰ, ਅਰੁਨ ਸਿੰਘ ਆਦਿ) ਤੇ ਕਾਂਗਰਸ ਪਾਰਟੀ ਨੂੰ ਤਾਂ ਦੋਸ਼ੀ ਮੰਨਦਾ ਹੀ ਹੈ, ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਸ ਦੇ ਸਲਾਹਕਾਰਾਂ ਨੂੰ ਵੀ ਬਖਸ਼ਦਾ ਨਹੀਂ। ਉਹ ਅਕਾਲੀ ਦਲ ਤੇ ਹੋਰਨਾਂ ਸਿਆਸੀ ਧਿਰਾਂ ਦੀਆਂ ਭੂਮਿਕਾਵਾਂ ਨੂੰ ਵੀ ਨਿੰਦਦਾ ਹੈ ਅਤੇ ਖੁਫੀਆ ਏਜੰਸੀਆਂ, ਫੌਜ ਤੇ ਪੁਲਿਸ ਬਲਾਂ ਦੇ ਆਲ੍ਹਾ ਅਫਸਰਾਂ ਨੂੰ ਵੀ ਲੋੜੋਂ ਵੱਧ ਦੱਬੂਪੁਣਾ ਦਿਖਾਉਣ ਲਈ ਬਰਾਬਰ ਦਾ ਕਸੂਰਵਾਰ ਦੱਸਦਾ ਹੈ। ਹਕੂਮਤੀ ਤੰਤਰ ਵਿਚ ਨਿੱਕੀ ਜਿਹੀ ਕਿੱਲੀ ਹੋਣ ਦੇ ਬਾਵਜੂਦ ਉਹ ਖੁਦ ਨੂੰ ਵੀ ਕਸੂਰ ਤੋਂ ਬਰੀ ਨਹੀਂ ਕਰਦਾ। ਆਪਣੀ ਜ਼ਮੀਰ ਨਾਲ ਸਮਝੌਤਿਆਂ ਤੋਂ ਉਪਜੀ ਪੀੜਾ ਤੇ ਕੁੰਠਾ ਦਾ ਜ਼ਿਕਰ ਕਰਦਿਆਂ ਉਹ ਆਪਣੇ ਕੋਲ ਮੌਜੂਦ ਚਾਰ ਬਦਲਾਂ (ਵਿਕਲਪਾਂ) ਦੀ ਚਰਚਾ, ਕਿਤਾਬ ਦੀ ਭੂਮਿਕਾ ਵਿਚ ਕਰਦਾ ਹੈ ਅਤੇ ਮੰਨਦਾ ਹੈ ਕਿ ਉਸ ਨੇ ਇਕ ਸਿਆਸੀ ਹਸਤੀ, ਉਸ ਦੇ ਪਰਿਵਾਰ ਤੇ ਉਸ ਦੀ ਪਾਰਟੀ ਦੇ ਹਿੱਤਾਂ ਲਈ ਮੋਹਰੇ ਵਜੋਂ ਵਰਤੇ ਜਾਣ ਦੀ ਥਾਂ ਘੱਟ ਅਹਿਮੀਅਤ ਵਾਲੇ ਰੁਤਬੇ 'ਤੇ ਜਾਣ ਵਾਲਾ ਬਦਲ ਚੁਣਿਆ। ਇਹ ਕੋਈ ਦਬੰਗੀ ਨਹੀਂ ਸੀ, ਗੀਦੀਪੁਣਾ ਸੀ ਪਰ ਸਮੇਂ ਮੁਤਾਬਿਕ ਸਭ ਤੋਂ ਵਿਹਾਰਕ ਬਦਲ ਵੀ ਇਹੋ ਸੀ। ਉਹ ਖੁਸ਼ਨਸੀਬ ਰਿਹਾ ਕਿ ਉਸ ਦੇ ਸੀਨੀਅਰਜ਼ ਨੇ ਉਸ ਦੀ ਮਨੋਸਥਿਤੀ ਨੂੰ ਸਮਝਿਆ, ਭਾਵੇਂ ਇਸ ਫੈਸਲੇ ਦਾ ਅਸਰ (ਕਰੀਅਰ ਪੱਖੋਂ) ਉਸ ਦੀਆਂ ਭਵਿੱਖੀ ਸੰਭਾਵਨਾਵਾਂ 'ਤੇ ਪਿਆ।

ਭਿੰਡਰਾਂਵਾਲੇ ਨੂੰ ਦਰਬਾਰ ਸਾਹਿਬ ਦੇ ਲੰਗਰ ਹਾਲ ਦੀ ਛੱਤ ਤੋਂ ਚੁੱਕਣ ਲਈ ਉਲੀਕੇ ਅਤੇ ਫਿਰ ਤਿਆਗੇ ਅਪਰੇਸ਼ਨ ਬਾਰੇ ਜਾਣਕਾਰੀ ਇਸ ਕਿਤਾਬ ਦਾ ਅਹਿਮ ਹਿੱਸਾ ਹੈ। ਇੰਜ ਹੀ, ਡੀ.ਆਈ.ਜੀ. ਏ.ਐਸ. ਅਟਵਾਲ ਦੀ ਦਰਬਾਰ ਸਾਹਿਬ ਦੇ ਚੌਗਿਰਦੇ ਅੰਦਰ ਹੱਤਿਆ ਤੋਂ ਪਹਿਲਾਂ ਤੇ ਬਾਅਦ ਵਿਚ ਪੰਜਾਬ ਪੁਲਿਸ ਦੇ ਇਕ ਉਚ ਅਫਸਰ ਤੇ ਇਕ ਫੌਜੀ ਬ੍ਰਿਗੇਡੀਅਰ ਦੇ ਆਚਾਰ-ਵਿਹਾਰ ਬਾਰੇ ਜਾਣਕਾਰੀ ਵੀ ਨਿਵੇਕਲੀ ਹੈ। ਇਹ ਦਰਸਾਉਂਦੀ ਹੈ ਕਿ ਫਰਜ਼-ਕੋਤਾਹੀ ਉਨ੍ਹਾਂ ਦਿਨਾਂ ਦੌਰਾਨ ਅਫਸਰਸ਼ਾਹੀ ਤੇ ਪੁਲਿਸ ਪ੍ਰਬੰਧ ਦੇ ਹੱਡਾਂ ਵਿਚ ਕਿਸ ਹੱਦ ਤਕ ਰਚ ਚੁੱਕੀ ਸੀ। ਹਿੰਦੂ ਸੁਰਖਸ਼ਾ ਸਮਿਤੀ ਦੇ ਆਗੂ ਪਵਨ ਕੁਮਾਰ ਸ਼ਰਮਾ ਦੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੁਸ਼ਤਪਨਾਹੀ ਦਾ ਜ਼ਿਕਰ ਵੀ ਲੇਖਕ ਨੇ ਬੇਬਾਕੀ ਨਾਲ ਕੀਤਾ ਹੈ।

ਕਿਤਾਬ ਬਾਰੇ ਬੇਵਿਸ਼ਵਾਸੀ ਪੈਦਾ ਕਰਨ ਲਈ ਕੁਝ ਹਲਕਿਆਂ ਵੱਲੋਂ ਇਹ ਸੰਸੇ ਉਛਾਲੇ ਜਾ ਰਹੇ ਹਨ ਕਿ ਇਹ 'ਏਜੰਸੀਆਂ' ਵੱਲੋਂ ਲਿਖਵਾਈ ਗਈ ਹੈ। ਇਹ ਯਤਨ ਹਾਸੋਹੀਣੇ ਜਾਪਦੇ ਹਨ। ਅੱਸੀਵਿਆਂ ਵਿਚੋਂ ਲੰਘ ਰਹੇ ਬਜ਼ੁਰਗ ਨੂੰ ਕੀ ਲੋਭ-ਲਾਲਚ ਹੋ ਸਕਦਾ ਹੈ ਕਿ ਉਹ 'ਏਜੰਸੀਆਂ' ਜਾਂ ਕਿਸੇ ਰਾਜਸੀ ਧਿਰ ਦਾ ਹੱਥਠੋਕਾ ਬਣੇ? ਪੰਜਾਬ ਦੇ ਅਤੀਤ, ਵਰਤਮਾਨ ਤੇ ਭਵਿੱਖ ਦੇ ਪ੍ਰਸੰਗ ਵਿਚ ਇਹ ਕਿਤਾਬ ਵੱਧ ਬਹਿਸ, ਵੱਧ ਚਰਚਾ ਦੀ ਮੰਗ ਕਰਦੀ ਹੈ। ਵੱਧ ਲਿਖਣ ਦਾ ਇਰਾਦਾ ਮੇਰਾ ਵੀ ਹੈ ਪਰ ਸਾਕਾ ਨੀਲਾ ਤਾਰਾ ਸਮੇਂ ਗ੍ਰਹਿ ਮੰਤਰਾਲੇ ਵਿਚ ਐਡੀਸ਼ਨਲ ਸੈਕ੍ਰੇਟਰੀ ਰਹੇ ਗੁਰਦੇਵ ਸਿੰਘ ਗਰੇਵਾਲ ਦੀ ਕਿਤਾਬ 'ਦਿ ਸਰਚਿੰਗ ਆਈ' ਪੜ੍ਹ ਕੇ। 2006 ਵਿਚ ਛਪੀ ਉਹ ਕਿਤਾਬ ਅਕਾਦਮਿਕ ਹਲਕਿਆਂ ਵਿਚ ਅਣਗੌਲੀ ਹੀ ਰਹੀ।

---

ਰਬਾਬ (ਮੱਧ ਏਸ਼ਿਆਈ ਨਾਮ ਰੁਬਾਬ) ਸਾਡੀ ਸੰਗੀਤਕ ਵਿਰਾਸਤ ਦਾ ਅਹਿਮ ਅੰਗ ਹੈ। ਸਾਡੀ ਧਰਤੀ 'ਤੇ ਤਾਂ ਇਹ ਸਾਜ਼, ਬਾਬੇ ਨਾਨਕ ਦੀ ਬਾਣੀ ਦੀ ਵਜਦ ਤੇ ਭਾਈ ਮਰਦਾਨੇ ਵੱਲੋਂ ਬਾਬੇ ਦੀ ਸੁਰ-ਮਈ ਸੰਗਤ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਭਾਰਤੀ ਫਿਲਮ ਸੰਗੀਤ ਵਿਚ ਵੀ ਰੁਬਾਬ ਨੇ ਦਰਜਨਾਂ ਗੀਤਾਂ ਨੂੰ ਸਦਾਬਹਾਰ ਬਣਾਉਣ ਵਿਚ ਭਰਵਾਂ ਯੋਗਦਾਨ ਪਾਇਆ। ਫਿਲਮ 'ਕਾਬੁਲੀਵਾਲਾ' (1961) ਦਾ ਅਮਰ ਗੀਤ 'ਐ ਮੇਰੇ ਪਿਆਰ ਵਤਨ' ਇਸ ਦੀ ਮਿਸਾਲ ਹੈ। ਰੁਬਾਬ ਦੀ ਬੰਦਿਸ਼ ਨਾਲ ਸ਼ੁਰੂ ਹੁੰਦੇ ਇਸ ਗੀਤ ਲਈ ਰੁਬਾਬ, ਉਸਤਾਦ ਮਿਸਕੀਨ ਖਾਨ ਨੇ ਵਜਾਈ ਸੀ। ਉਹ ਅਫਗਾਨਿਸਤਾਨ ਤੋਂ ਆਏ ਰੁਬਾਬੀ ਖਾਨਦਾਨ ਨਾਲ ਸਬੰਧਤ ਸਨ। 'ਜ਼ੰਜੀਰ' (1973) ਦੇ ਗੀਤ 'ਯਾਰੀ ਹੈ ਈਮਾਨ ਮੇਰਾ, ਯਾਰ ਮੇਰੀ ਜ਼ਿੰਦਗੀ' ਵਿਚ ਰੁਬਾਬ ਦੀ ਅਹਿਮੀਅਤ ਦਾ ਜਲਵਾ ਮਿਸਕੀਨ ਖਾਨ ਦੇ ਬੇਟੇ ਫਾਰੂਕ ਭਾਈ ਉਰਫ ਫਾਰੂਕ ਖਾਨ ਨੇ ਦਿਖਾਇਆ। ਫਾਰੂਕ ਭਾਈ ਨੇ ਇਹੋ ਕਰਾਮਾਤ 'ਮਾਚਿਸ' (1996) ਦੇ ਗੀਤ 'ਚੱਪਾ ਚੱਪਾ ਚਰਖਾ ਚਲੇ' ਵਿਚ ਵੀ ਦਿਖਾਈ। ਉਨ੍ਹਾਂ ਦੇ ਦੋ ਬੇਟੇ ਵੀ ਰੁਬਾਬੀ ਸਨ ਪਰ ਭਾਰਤੀ ਫਿਲਮ ਸੰਗੀਤ ਵਿਚ 'ਲਾਈਵ' ਰਿਕਾਰਡਿੰਗਜ਼ ਦਾ ਰੁਝਾਨ ਖਤਮ ਹੋਣ ਕਾਰਨ ਉਹ ਲਾਸ ਏਂਜਲਸ ਚਲੇ ਗਏ। ਉਥੇ ਉਹ ਰੁਬਾਬ ਤੇ ਹੋਰ ਭਾਰਤੀ/ਮੱਧ ਏਸ਼ਿਆਈ ਤੰਤੀ ਸਾਜ਼ਾਂ ਦੀ ਅਕੈਡਮੀ ਚਲਾਉਣ ਤੋਂ ਇਲਾਵਾ ਹਾਲੀਵੁੱਡ ਦੀਆਂ ਫਿਲਮਾਂ ਦੇ ਬੈਕਗਰਾਊਂਡ ਸੰਗੀਤ ਲਈ ਇਹ ਸਾਜ਼ ਵਜਾਉਂਦੇ ਹਨ। ਫਾਰੂਕ ਭਾਈ ਦੀ ਹਾਲੀਆ ਇੰਟਰਵਿਊ ਅਨੁਸਾਰ ਪੁੱਤਰਾਂ ਨੇ ਕਮਾਈ ਤਾਂ ਖੂਬ ਕੀਤੀ ਹੈ ਪਰ "ਰੁਬਾਬ-ਵਾਦਨ ਨਾਲ ਜੁੜੀ ਸੰਗੀਤਕ ਪਾਕੀਜ਼ਗੀ ਗੁਆ ਬੈਠੇ ਹਨ।" ਉਨ੍ਹਾਂ ਦੀ ਰੁਬਾਬ, ਗਿਟਾਰ ਵਾਂਗ ਵਜਦੀ ਹੈ। ਇਹ ਆਵਾਜ਼ ਫਾਰੂਕ ਭਾਈ ਨੂੰ ਰੁਬਾਬ ਨਾਲ ਧਰੋਹ ਵਾਂਗ ਜਾਪਦੀ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 12 ਦਸੰਬਰ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-459



**ਕੱਚੀ ਉਮਰ 'ਚ ਕੱਚ ਵਾਂਗ ਟੁੱਟੇ, ਸੁਪਨੇ ਸਨ ਜੋ ਅਸਾਂ ਸੰਜੋਏ।
ਮਾਂ-ਪਿਓ ਵਾਂਗ ਮਜ਼ਦੂਰੀ ਕਰੀਏ, ਕਹੀ-ਟੋਕਰੀ ਫੜ ਕੇ ਖਲੋਏ।**

## ਕੈਪਸ਼ਨ ਮੁਕਾਬਲਾ-457



ਕੀ ਹੋਇਆ ਉਮਰ ਨਿਆਣੀ ਏ
ਅਸੀਂ ਅਕਲਾਂ ਤੋਂ ਤਾਂ ਪੱਕੇ ਆਂ।
ਅਸੀਂ ਅੰਨਦਾਤਿਆਂ ਦੇ ਜਾਏ
ਕੁਰਸੀ-ਨੀਤੀ ਤੋਂ ਅੱਕੇ ਆਂ।
ਚਿਣਗਾਂ ਦੇ ਵਾਂਗੂੰ ਬਲਣਾ ਏਂ
ਸਮਝੀਂ ਨਾ ਕਿਧਰੇ ਥੱਕੇ ਆਂ।
ਜੋ ਬਾਜ਼ੀ ਪਲਟਣੀ ਜਾਣਦੇ ਨੇ
ਅਸੀਂ ਉਹੀਓ ਰੰਗ ਦੇ ਯੱਕੇ ਆਂ!

*-ਕਮਲਜੀਤ ਕੌਰ, ਪਿੰਡ ਰੱਤੋਵਾਲ*
*ਫੋਨ: 91-94176-07152*

---

ਤੀਜੀ ਅਤੇ ਚੌਥੀ ਪੀੜ੍ਹੀ ਨੇ
ਬਾਬਿਆਂ ਸੰਗ ਕਦਮ ਮਿਲਾਏ।
'ਉੜਤੇ ਪੰਜਾਬ' ਦੀ ਚੜ੍ਹਦੀ ਆਬ ਨੂੰ
ਵੇਖ ਹਾਕਮ ਘਬਰਾਏ।
ਇਹ ਧਰਤੀ ਮਾਈ ਭਾਗੋ ਦੀ,
ਤਣਿਆ ਮੁੱਕਾ ਯਾਦ ਕਰਾਏ।
ਨਲੂਆ, ਬੰਦਾ ਸਿੰਘ ਬਹਾਦਰ,
ਅਸੀਂ ਗੋਬਿੰਦ ਦੇ ਵਰੋਸਾਏ।

*-ਗੁਰਪ੍ਰੀਤ ਸਿੰਘ ਗਰੇਵਾਲ*
*ਫੋਨ: 91-97813-29266*

---

ਜਦੋਂ ਹੱਕਾਂ 'ਤੇ ਡਾਕੇ ਮਾਰੇ ਕੋਈ,
ਉੱਠ ਜਾਗਦਾ ਰੋਕਦਾ ਭਾਣਾ ਹੈ।
ਸਿਰ ਜੋੜ ਕੇ ਸਭ ਖੜ੍ਹ ਜਾਂਦੇ ਨੇ,
ਗੱਭਰੂ ਤੇ ਨਿਆਣਾ, ਸਿਆਣਾ ਹੈ।
ਛੇੜ ਲੜਾਈ ਇਨਸਾਫ ਵਾਲੀ
ਹਿੱਕ ਤਾਣ ਖੜ੍ਹੇ ਨੇ ਰਾਹਾਂ ਵਿਚ,
ਮਾਂ ਮਿੱਟੀ ਨੂੰ ਮੱਥੇ ਉੱਤੇ ਲਾ ਕੇ
ਸਰਕਾਰਾਂ ਨੂੰ ਸਮਝਦੇ ਨੇ ਟਿੱਚ।

*-ਸੇਵਾ ਸਿੰਘ ਨੂਰਪੁਰੀ*

---

ਸਾਡੇ ਪੁਰਖਿਆਂ ਦੀਆਂ ਜ਼ਮੀਨਾਂ,
ਲੋਟੂ ਖੋਹਣਾ ਚਾਹੁੰਦੇ ਨੇ।
ਹਾਕਮ ਉਨ੍ਹਾਂ ਦੇ ਯਾਰ ਬਣੇ,
ਨਿੱਤ ਕਾਲੇ ਕਾਨੂੰਨ ਬਣਾਉਂਦੇ ਨੇ।

*-ਮੂਲ ਚੰਦ ਸ਼ਰਮਾ*
*ਫੋਨ: 91-94784-08898*

---

ਬਜੁਰਗਾਂ ਅੱਗੇ ਖੜ੍ਹ ਗਈ ਬੱਚੀ,
ਮਾਰ ਰਹੀ ਲਲਕਾਰੇ।
ਮਾਈ ਭਾਗੋ ਦੀਆਂ ਵਾਰਸ ਹਾਂ,
ਜਾਈਆਂ, ਜਿਨ੍ਹਾਂ ਭਰੇ ਅੰਨ-ਭੰਡਾਰੇ।
ਹੱਕ, ਸੱਚ ਲਈ ਮਰਨਾ ਸਿੱਖਿਆ,
ਜੈ ਕਿਸਾਨ ਦੇ ਲਾਉਂਦੀ ਨਾਅਰੇ।

*-ਦਵਿੰਦਰ ਕੌਰ*

---

ਪੰਜਾਬ ਦੇ ਜੰਮਿਆਂ ਨੂੰ ਨਿੱਤ
ਸੰਘਰਸ਼ਾਂ 'ਚ ਲਾਉਣੀ ਪੈਂਦੀ ਜਾਨ।
ਕਾਰਪੋਰੇਟਾਂ ਦੀ ਸ਼ਹਿ ਉਤੇ,
ਜਾਰੀ ਹੁੰਦੇ ਨਾਦਰਸ਼ਾਹੀ ਫੁਰਮਾਨ।
ਚੱਕੀ 'ਚ ਪਿਸ ਰਹੇ ਲੋਕਾਂ 'ਚ ਆਈ ਚੇਤਨਾ,
ਕੀ ਬੱਚੇ, ਬਜੁਰਗ ਤੇ ਨੌਜਵਾਨ।
ਵਿਦਰੋਹ ਦੀ ਭਾਵਨਾ 'ਚ ਉਠੀ ਖਲਕਤ
ਬੇਰੁਜ਼ਗਾਰ, ਵਪਾਰੀ, ਮਜ਼ਦੂਰ ਤੇ ਕਿਸਾਨ।

*-ਅਮਰਜੀਤ ਸਿੰਘ ਤੂਰ*
*ਫੋਨ: 91-98784-69639*

---

ਕਾਲਾ ਕਾਨੂੰਨ ਸਰਕਾਰ ਅਤੇ
ਲੋਟੂ ਰਲ ਲੈ ਕੇ ਆਏ।
ਵਿਰਾਸਤੀ ਹੱਕ ਕਿਸਾਨ ਦਾ ਖੋਹ
ਬੇਗਾਨਿਆਂ ਦੇ ਹੱਥ ਵੇਚ
ਅਵਾਜ਼ਾਰ ਹੈ ਕੀਤਾ ਜਾ ਰਿਹਾ।
ਬੱਚੇ, ਬੁੱਢੇ, ਸਭ ਹੱਕ ਪਾਰਖੂ
ਹੋ ਰਹੇ ਹਨ ਇਕੱਠੇ ਇਕੋ ਮੰਚ 'ਤੇ।
ਤਾਣ ਮੁੱਕਾ ਜਥੇਬੰਦਤਾ ਦਾ
ਹੱਕ ਲੈਣ ਛਾਤੀ ਠੋਕ ਕੇ
ਨਾਅਰਾ ਹਨ ਬੁਲੰਦ ਕਰ ਰਹੇ।

*-ਦਰਸ਼ਨਪਾਲ ਦੋਸਾਂਝ*

---

ਅੱਜ ਬੱਚੇ, ਬੁੱਢੇ ਅਤੇ ਜਵਾਨ
ਸਭ ਹਨ ਉਠੇ ਜਾਗ।
ਹੁਣ ਉਹ ਵਕਤ ਆ ਗਿਆ
ਅਸੀਂ ਜਗਾਉਣੇ ਆਪਣੇ ਭਾਗ।

*-ਇੰਦਰਜੀਤ ਮੰਗਾ, ਪਿਟਸਬਰਗ*

---

ਵਧ ਚੜ੍ਹ ਕੇ ਹਰ ਕੋਈ ਪਾਵੇ ਹਿੱਸਾ
ਕਿਸਾਨੀ ਮੋਰਚੇ ਦੀ ਰੱਬਾ
ਚੜ੍ਹਤ ਬਣਾਈ ਰੱਖੀਂ।
ਕਾਲੇ ਕਾਨੂੰਨ ਬਣਾਏ ਸਰਕਾਰ ਨੇ
ਕਿਸਾਨ ਵੀਰਾਂ ਨੂੰ ਉਨ੍ਹਾਂ ਤੋਂ ਬਚਾਈ ਰੱਖੀਂ।
ਹੌਸਲਾ ਇਸ ਬੱਚੀ ਦਾ ਵੀ ਘੱਟ ਨਹੀਂ
ਇਸੇ ਤਰ੍ਹਾਂ ਹੌਸਲਾ ਬਣਾਈ ਰੱਖੀਂ।
ਰੱਬਾ! ਫਤਿਹ ਸਿੰਘਾਂ ਨੇ ਦਿੱਲੀ ਕਰਨੀ
ਮਿਹਰ ਦੀ ਨਿਗ੍ਹਾ ਬਣਾਈ ਰੱਖੀਂ।

*-ਗੋਰਾ ਪ੍ਰਜਾਪਤ, ਨਿਊ ਯਾਰਕ*

# ਸਿੱਖ ਧਰਮ ਦੀ ਪ੍ਰਸੰਗਿਕਤਾ ਅਤੇ ਸਿੱਖਾਂ ਵਿਚ ਉਪਰਾਮਤਾ

ਸਾਲ 2018 ਦੀ ਗੱਲ ਹੈ। ਮੈਂ ਰਿਚਮੰਡ ਹਿੱਲ ਸਥਿਤ ਅਕਾਊਂਟ ਦਾ ਕੰਮ ਕਰਨ ਵਾਲੇ ਸਰਬਜੀਤ ਸਾਹਨੀ ਦੇ ਦਫਤਰ ਗਿਆ। ਉਨ੍ਹਾਂ ਦੇ ਦਫਤਰ ਵਿਚ ਮੈਂ ਵੇਖਿਆ ਕਿ ਇਕ ਆਡਿਓ ਕੈਸਟ ਚੱਲ ਰਹੀ ਸੀ, ਤੇ ਸ. ਸਾਹਨੀ ਬੜੀ ਗਹੁ ਨਾਲ ਸੁਣ ਰਹੇ ਸਨ। ਉਤਸੁਕਤਾ ਵੱਸ ਮੈਂ, ਜਦੋਂ ਇਸ ਦਾ ਕਾਰਨ ਪੁਛਿਆ ਤਾਂ ਉਨ੍ਹਾਂ ਦੱਸਿਆ ਕਿ ਇਹ ਕੈਸੇਟ ਗੁਰੂ ਨਾਨਕ ਬਾਰੇ ਕਬੀਰ ਪੰਥੀਆਂ ਦੀ ਹੈ। ਮੈਂ ਵੀ ਨੇੜੇ ਹੀ ਕੁਰਸੀ ਖਿੱਚ ਲਈ ਤੇ ਸੁਣਨ ਲੱਗ ਪਿਆ। ਉਸ ਕੈਸੇਟ ਦਾ ਸਾਰ ਇਹ ਸੀ ਕਿ ਭਗਤ ਕਬੀਰ ਜੀ ਗੁਰੂ ਨਾਨਕ ਤੋਂ ਵੀ ਬਹੁਤ ਵੱਡੇ ਮਹਾਂਪੁਰਸ਼ ਹੋਏ ਹਨ। ਉਸ ਕੈਸੇਟ ਵਿਚ ਵਿਆਖਿਆਕਾਰ ਦੱਸ ਰਿਹਾ ਸੀ ਕਿ ਸੁਲਤਾਨਪੁਰ ਲੋਧੀ ਵਿਖੇ ਕਾਲੀ ਵੇਈਂ ਵਿਚ ਜਦੋਂ ਗੁਰੂ ਨਾਨਕ ਸਾਹਿਬ ਨੇ ਚੁੱਭੀ ਲਾਈ ਸੀ, ਤਾਂ

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਉਸ ਵਕਤ ਭਗਤ ਕਬੀਰ ਉਨ੍ਹਾਂ ਦੇ ਸੰਗ ਸਨ ਤੇ ਭਗਤ ਕਬੀਰ ਜੀ ਨੇ ਗੁਰੂ ਨਾਨਕ ਦੀ ਪਰਮਾਤਮਾ ਨਾਲ ਸਾਖਿਆਤਕਾਰ ਦੌਰਾਨ ਮਾਰਗ ਦਰਸ਼ਨ ਕੀਤਾ ਸੀ।

ਵਾਰਤਾਕਾਰ ਦਾ ਇਹ ਸਭ ਕਹਿਣ ਦਾ ਮੁੱਖ ਮਨੋਰਥ ਸਿਰਫ ਇਹ ਜਾਪਦਾ ਸੀ ਕਿ ਭਗਤ ਕਬੀਰ ਜੀ, ਗੁਰੂ ਨਾਨਕ ਤੋਂ ਵੱਡੇ ਹਨ, ਜਿਸ ਨੇ ਗੁਰੂ ਨਾਨਕ ਨੂੰ ਪਰਮਾਤਮਾ ਨਾਲ ਮਿਲਾਇਆ। ਮੈਂ ਇਹ ਸਭ ਸੁਣ ਕੇ ਦੰਗ ਰਹਿ ਗਿਆ ਕਿ ਸਿੱਖ ਧਰਮ ਦੇ ਵਿਰੋਧੀ ਕਿਸ ਪੱਧਰ 'ਤੇ ਮਨ-ਘੜਤ ਕਹਾਣੀਆਂ ਬਣਾ ਰਹੇ ਹਨ ਤੇ ਉਨ੍ਹਾਂ ਨੂੰ ਫੈਲਾਅ ਵੀ ਰਹੇ ਹਨ। ਇਹ ਕਿਸ ਮਨੋਰਥ ਤਹਿਤ ਇਹ ਕੱਚ ਘੜ ਰਹੇ ਹਨ ਤੇ ਪ੍ਰਚਾਰ ਕਰ ਰਹੇ ਹਨ? ਉਨ੍ਹਾਂ ਦੀ ਗੁਰੂ ਨਾਨਕ ਬਾਰੇ ਸੋਚ ਕਿੰਨੀ ਤੰਗ ਹੈ? ਲੱਗਦਾ ਹੈ, ਉਹ ਗੁਰੂ ਨਾਨਕ ਨੂੰ ਅਤੇ ਉਨ੍ਹਾਂ ਦੀਆਂ ਅਧਿਆਤਮਕ ਮੱਲਾਂ ਨੂੰ ਦੋਇਮ ਦੱਸਣਾ ਚਾਹੁੰਦੇ ਹਨ? ਸ਼ਾਇਦ ਉਨ੍ਹਾਂ ਨੂੰ ਇਸ ਗੱਲ ਦਾ ਭਰਮ ਹੋ ਗਿਆ ਹੈ ਕਿ ਭਗਤ ਕਬੀਰ ਦੀ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਹੋਣਾ, ਸਿੱਖ ਧਰਮ ਦੀ ਹੋਂਦ ਦਾ ਵੱਡਾ ਕਾਰਨ ਹੈ? ਸ਼ਾਇਦ ਉਨ੍ਹਾਂ ਦਾ ਸੋਚਣਾ ਹੈ ਕਿ ਸਿੱਖ ਇਸ ਕਥਨ 'ਤੇ ਭਰੋਸਾ ਵੀ ਕਰ ਲੈਣਗੇ ਕਿ ਵਾਕੱਈ ਭਗਤ ਕਬੀਰ ਜੀ ਗੁਰੂ ਨਾਨਕ ਤੋਂ ਵੱਡੇ ਹੀ ਹਨ, ਕਿਉਂਕਿ ਭਗਤ ਕਬੀਰ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਅਤੇ ਸਿੱਖ ਉਸ ਨੂੰ ਨਿੱਤ ਪੜ੍ਹਦੇ ਵੀ ਬਹੁਤ ਹਨ ਅਤੇ ਨਿੱਤ ਸੁਣਦੇ ਵੀ ਬਹੁਤ ਹਨ, ਇਸ ਕਰਕੇ ਸਿੱਖਾਂ ਨੂੰ ਕੋਈ ਇਤਰਾਜ਼ ਨਹੀਂ ਹੋਏਗਾ। ਉਨ੍ਹਾਂ ਦੇ ਇਸ ਕਲਪਿਤ ਵਿਚਾਰ ਵਿਚ ਦਮ ਵੀ ਲੱਗਦਾ ਹੈ। ਕਿਵੇਂ ਅੱਜ ਕੱਲ੍ਹ ਦੇ ਸਿੱਖ ਅੰਧ ਭਗਤ ਬਣ ਗਏ ਹਨ ਅਤੇ ਉਨ੍ਹਾਂ ਨੂੰ ਜੀਵੰਤ ਗੁਰੂ ਨਾਨਕ ਤੇ ਮਿੱਟੀ ਦੇ ਮਾਧੋਆਂ ਵਿਚ ਫਰਕ ਨਜ਼ਰ ਨਹੀਂ ਆ ਰਿਹਾ! ਲੱਗਦਾ ਹੈ, ਸਿੱਖਾਂ ਨੂੰ ਆਪਣੇ ਗੁਰੂ 'ਤੇ ਮਾਣ ਨਹੀਂ?

ਮੇਰਾ ਆਪਣਾ ਵਿਚਾਰ ਹੈ ਕਿ ਭਗਤ ਕਬੀਰ ਦੀ ਬਾਣੀ ਦਾ ਜਿੰਨੀ ਵੱਡੀ ਪੱਧਰ 'ਤੇ ਪ੍ਰਚਾਰ ਤੇ ਪ੍ਰਸਾਰ ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਰਾਹੀਂ ਕੀਤਾ ਹੈ, ਸ਼ਾਇਦ ਕਬੀਰ ਪੰਥੀ ਉਸ ਦੀ ਕਲਪਨਾ ਵੀ ਨਾ ਕਰ ਸਕਣ। ਜਿੰਨੀ ਭਗਤ ਕਬੀਰ ਦੀ ਬਾਣੀ ਦਾ ਗਾਇਨ ਗੁਰੂ ਗ੍ਰੰਥ ਸਾਹਿਬ ਕਰਕੇ ਸਿੱਖ ਗ੍ਰੰਥੀਆਂ ਤੇ ਕੀਰਤਨੀਆਂ ਨੇ ਕੀਤਾ ਹੈ, ਕਬੀਰ ਪੰਥੀਆਂ ਨੂੰ ਕਈ ਹੋਰ ਵਧੇਰੇ ਜਨਮਾਂ ਦੀ ਲੋੜ ਪਏਗੀ; ਪਰ ਵਿਚਾਰਨ ਵਾਲੀ ਗੱਲ ਤਾਂ ਇਹ ਹੈ, ਕੀ ਇੰਨਾ ਸਤਿਕਾਰ ਕਬੀਰ ਪੰਥੀਆਂ ਦੇ ਦਿਲ ਵਿਚ ਵੀ ਗੁਰੂ ਨਾਨਕ ਪ੍ਰਤੀ ਹੈ? ਗੁਰੂ ਨਾਨਕ ਵੱਲੋਂ ਆਪਣੇ ਤੋਂ ਕਈ ਸਾਲ ਪਹਿਲਾਂ ਜਨਮੇ ਭਗਤ ਦੀ ਧਰਮ ਦੇ ਨਾਮ 'ਤੇ ਸਮਾਜ ਵਿਚ ਹੋ ਰਹੇ ਅਨਿਆਂ ਵਿਰੁੱਧ ਬਗਾਵਤ ਕਰਨ ਦੀ ਦਲੇਰੀ ਦੀ ਉਪਮਾ ਹਿੱਤ ਸਤਿਕਾਰ ਦੇਣ ਲਈ ਉਸ ਦੀ ਬਾਣੀ ਨੂੰ ਆਪਣੇ ਬਰਾਬਰ ਦਾ ਦਰਜਾ ਦੇਣਾ ਕੀ ਕੋਈ ਕਮਜ਼ੋਰੀ ਦਾ ਵਿਸ਼ਾ ਹੈ? ਹਰਗਿਜ ਨਹੀਂ!

ਕਬੀਰ ਪੰਥੀਆਂ ਨੇ ਕੀ ਗੁਰੂ ਨਾਨਕ ਨੂੰ ਵੀ ਪੜ੍ਹਿਆ ਅਤੇ ਵਿਚਾਰਿਆ ਹੈ? ਕੀ ਉਨ੍ਹਾਂ ਨੇ ਗੁਰੂ ਨਾਨਕ ਦੀ ਸਿਰਜੀ 'ਜਪੁਜੀ' ਪੜ੍ਹੀ ਅਤੇ ਉਸ ਦਾ ਅਧਿਐਨ ਕੀਤਾ ਹੈ? ਕੀ ਉਨ੍ਹਾਂ ਨੇ ਸਿੱਖ ਧਰਮ ਦਾ ਆਕਾਰ ਵੀ ਨਹੀਂ ਵਿਚਾਰਿਆ? ਕਬੀਰ ਪੰਥੀਆਂ ਦੀ ਇਹ ਹਰਕਤ ਸ਼ਾਇਦ ਆਪਣੀ ਹਉਮੈ ਦੇ ਉਲਾਰ ਨੂੰ ਹਲੂਣਾ ਦੇਣ ਵਾਲੀ ਜਾਪਦੀ ਹੈ। ਉਨ੍ਹਾਂ ਨੂੰ ਇਹ ਜ਼ਰੂਰ ਵਿਚਾਰਨਾ ਚਾਹੀਦਾ ਸੀ ਕਿ ਭਗਤ ਕਬੀਰ ਤਾਂ ਪੁਰਾਤਨ ਬਨਾਰਸ ਜਾਂ ਮਗਹਰ ਵਿਚ ਹੀ ਆਪਣੇ ਕਿੱਤੇ ਨਾਲ ਬੱਝੇ ਹੋਏ, ਸਮਕਾਲੀ ਹਿੰਦੂ ਤੇ ਇਸਲਾਮ ਧਰਮਾਂ 'ਚ ਊਣਤਾਈਆਂ ਵਿਰੁੱਧ ਸਿਰਫ ਅਵਾਜ਼ ਬੁਲੰਦ ਕਰ ਰਹੇ ਸਨ, ਜਦੋਂ ਕਿ ਗੁਰੂ ਨਾਨਕ ਨੇ ਹਿੰਦੁਸਤਾਨ ਸਮੇਤ ਦੁਨੀਆਂ ਦੇ ਦੂਰ-ਦੁਰਾਡੇ ਦੇਸ਼ਾਂ ਦੀਆਂ ਯਾਤਰਾਵਾਂ ਕੀਤੀਆਂ ਤੇ ਜਿੱਥੇ ਵੀ ਗਏ, ਆਪਣੇ ਸੰਸਾਰਕ ਅਧਿਆਤਮਕ ਗਿਆਨ ਨਾਲ ਉੱਥੋਂ ਦੇ ਧਰਮਾਧਿਕਾਰੀਆਂ ਦੇ ਪ੍ਰਸ਼ਨਾਂ ਦੇ ਲਾਜਵਾਬ ਉੱਤਰ ਦਿੱਤੇ।

ਸਿੱਖਾਂ ਅਤੇ ਉਨ੍ਹਾਂ ਦੇ ਗ੍ਰਹਿ ਪੰਜਾਬ ਵਿਚ ਬਾਬਿਆਂ ਅਤੇ ਡੇਰਿਆਂ ਦੇ ਵਿਸ਼ਾਲ ਜੰਜਾਲ ਦੇ ਫੈਲਾਉ ਪਿੱਛੇ ਮੇਰੇ ਖਿਆਲ ਵਿਚ ਸਿੱਖਾਂ ਦੀ ਆਪਣੀ ਢਿੱਲੀ ਸੋਚ ਤੇ ਇਕ ਅਦ੍ਰਿਸ਼ ਰੱਬੀ ਡਰ ਦਾ ਪਹਿਰਾ ਹੋਣਾ ਲੱਗਦਾ ਹੈ! ਪਰ ਗੁਰੂ ਨਾਨਕ ਨੇ ਤਾਂ ਆਪਣੇ ਸਿੱਖ ਨੂੰ ਨਿਡਰ ਬਣਾਇਆ ਹੈ। ਸਿੱਖ ਧਰਮ, ਜੋ ਹਰ ਸਿੱਖ ਵਿਅਕਤੀ ਦਾ ਨਿੱਜੀ ਤੇ ਬਹੁਤ ਅਹਿਮ ਮਸਲਾ ਹੈ, ਬਾਰੇ ਹਰ ਸਿੱਖ ਵਿਅਕਤੀ ਨੂੰ ਨਿੱਜੀ ਤੌਰ 'ਤੇ ਹਰ ਵੇਲੇ ਚੌਕੰਨਾ ਰਹਿਣਾ ਚਾਹੀਦਾ ਹੈ। ਅਫਸੋਸ ਦੀ ਗੱਲ ਹੈ ਕਿ ਸਿੱਖਾਂ ਨੇ ਇਸ ਬਾਰੇ ਨਿੱਜੀ ਤੌਰ 'ਤੇ ਵਿਚਾਰਨਾ ਬਿਲਕੁਲ ਹੀ ਛੱਡ ਦਿੱਤਾ ਹੈ। ਗੁਰੂ ਨਾਨਕ ਨੇ ਗਿਆਨ ਦੇ ਪੱਖੋਂ ਆਪਣੇ ਸਿੱਖ ਨੂੰ ਮਾਲਾ-ਮਾਲ ਕੀਤਾ ਹੋਇਆ ਹੈ, ਪਰ ਕਿਸੇ ਵੀ ਸਿੱਖ ਨੂੰ ਇਸ ਗਿਆਨ ਦੇ ਖਜਾਨੇ ਦਾ ਪਤਾ ਹੀ ਨਹੀਂ। ਸਿੱਖਾਂ ਨੂੰ ਜੇ ਗਿਆਨ ਹੈ ਤਾਂ, ਉਹ ਹੈ ਉਨ੍ਹਾਂ ਅਪ੍ਰਮਾਣਿਤ ਸਾਖੀਆਂ ਦਾ, ਜੋ ਸਿੱਖ ਧਰਮ ਦੇ ਪੂਰਬਲੇ ਸਿੱਖੀ ਸਰੂਪ ਵਾਲੇ ਦੋਖੀਆਂ ਨੇ ਹਿੰਦੂ ਧਰਮ ਦੀਆਂ ਮਾਨਤਾਵਾਂ ਦੇ ਸਮਾਨੰਤਰ ਲਿਖੀਆਂ ਸਨ। ਚਾਹੀਦਾ ਤਾਂ ਸੀ ਕਿ ਸਿੱਖ ਜਿੱਥੇ ਵੀ ਖੜੋਏ, ਉਸ ਤੋਂ ਕਤਾਰ ਸ਼ੁਰੂ ਹੁੰਦੀ, ਪਰ ਹੋ ਰਿਹਾ ਹੈ ਇਸ ਦੇ ਬਿਲਕੁਲ ਉਲਟ। ਅੱਜ ਦਾ ਸਿੱਖ, ਗੁਰੂ ਨਾਨਕ ਵੱਲੋਂ ਖੁੰਡੇ ਕੀਤੇ ਤਰਕ-ਵਹੀਣ ਕੱਚੇ ਤੇ ਪਿੱਲੇ 'ਹਿੰਦੂ' ਦੇ ਪਿੱਛੇ ਕਤਾਰ ਵਿਚ ਖਲੋਤਾ ਹੁੰਦਾ ਹੈ।

ਮੇਰਾ ਇਹ ਸੋਚਣਾ ਹੈ ਕਿ ਗੁਰੂ ਨਾਨਕ ਵੱਲੋਂ ਹਕੀਕੀ ਰੂਪ ਵਿਚ ਲਿਤਾੜੀ ਮਨੁੱਖਤਾ ਲਈ ਜੋ ਵੱਡੇ ਅਤੇ ਕ੍ਰਾਂਤੀਕਾਰੀ ਕਾਰਜ ਕੀਤੇ ਗਏ ਸਨ, ਦਾ ਸਹੀ ਮੁਲੰਕਣ ਹੋਇਆ ਹੀ ਨਹੀਂ। ਜਿੰਨੇ ਵੱਡੇ ਕਾਰਜ ਸਨ, ਗੁਰੂ ਨਾਨਕ ਨੂੰ ਉਸ ਦੇ ਅਨੁਰੂਪ ਵਿਸ਼ਾਲ ਦਿੱਖ ਨਹੀਂ ਮਿਲੀ। ਗੁਰੂ ਨਾਨਕ, ਸਿੱਖਾਂ ਲਈ ਇੱਕੋ ਇੱਕ ਦਿਉਕੱਦ ਚਿਹਰਾ ਹੋਣਾ ਚਾਹੀਦਾ ਸੀ, ਪਰ ਇਹ ਹਕੀਕਤ ਵਿਚ ਨਜ਼ਰ ਨਹੀਂ ਆਉਂਦਾ। ਹਰ ਗੁਰੂ ਕਾਲ ਵਿਚ ਗੁਰੂ ਨਾਨਕ ਦੇ ਕਾਰਜ ਅਤੇ ਮੂਲ ਮੰਤਰ ਦਾ ਫਲਸਫਾ ਹੀ ਪ੍ਰਮੁੱਖਤਾ ਦਾ ਵਿਸ਼ਾ ਹੋਣਾ ਚਾਹੀਦਾ ਸੀ, ਪਰ ਗੁਰੂ ਨਾਨਕ ਦੇ ਨਾਮ ਨੂੰ ਹੀ ਸਿਰਫ ਸੰਸਥਾਪਕ ਮੁਖੀ ਵਜੋਂ ਹੀ ਵਰਤਿਆ ਗਿਆ। ਸਿੱਖ ਧਰਮ ਵਿਚ 'ਇੱਕ ਜੋਤ' ਸਿਰਫ ਲਿਖਤੀ ਤੌਰ 'ਤੇ ਰਿਹਾ, ਪਰ ਕਾਰਜਾਂ ਵਿਚ ਅਨੇਕਤਾ ਦਾ ਪ੍ਰਚਲਨ ਹੀ ਪ੍ਰਤੀਬਿੰਬਤ ਹੈ। ਇਹ ਸਭ ਹਿੰਦੂਆਂ ਤੋਂ ਸਿੱਖ ਬਣੇ ਭੇਖੀ ਦੋਖੀਆਂ ਨੇ ਸਿੱਖ ਗੁਰੂਆਂ ਦੀ ਹਲੀਮੀ ਅਤੇ ਦਿਆਨਤਦਾਰੀ ਨੂੰ ਬੜੇ ਲੁਕਵੇਂ ਢੰਗ ਨਾਲ ਵਰਤਦਿਆਂ ਹੌਲੀ-ਹੌਲੀ ਗੁਰੂ ਨਾਨਕ ਵੱਲੋਂ ਪ੍ਰਚਾਰਿਤ ਨਿਜ਼ਾਮ ਨੂੰ ਮਨਫੀ ਕਰਦਿਆਂ, ਹਰ ਸਿੱਖ ਗੁਰੂ ਨੂੰ ਗੁਰੂ ਨਾਨਕ ਦੇ ਸਮਾਨੰਤਰ ਸਥਾਪਿਤ ਕਰਨ ਦੇ ਯਤਨ ਕੀਤੇ। ਇਹ ਪ੍ਰਭਾਵ ਸਥਾਪਤ ਕੀਤਾ ਗਿਆ ਕਿ ਹਰ ਗੁਰੂ ਆਪਣੇ ਆਪ ਵਿਚ ਸੰਪੂਰਨ ਤੇ ਸਮਰੱਥ ਹੈ। ਇਹ ਪੰਜਵੇਂ ਗੁਰੂ ਅਰਜਨ ਦੇਵ ਦਾ ਨਿੱਜੀ ਯਤਨ ਸੀ ਕਿ ਹਰ ਗੁਰਬਾਣੀ ਦੀ ਅੰਤਿਕਾ ਵਿਚ 'ਨਾਨਕ' ਦੀ ਮੋਹਰ ਕਾਰਨ 'ਗੁਰੂ ਨਾਨਕ' ਨੂੰ ਪੂਰੇ ਗੁਰੂ ਕਾਲ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤਾ।

ਗੁਰੂ ਨਾਨਕ ਵੱਲੋਂ ਹਰ ਸਿੱਖ ਲਈ ਜ਼ਰੂਰੀ ਮੂਲ ਮੰਤਰ 'ਤੇ ਅਜੇ ਤੱਕ ਸਿੱਖ ਵਿਦਵਾਨਾਂ ਨੇ ਪੂਰਨ ਵਿਸਤਾਰ ਸਹਿਤ ਵਿਚਾਰ ਹੀ ਨਹੀਂ ਕੀਤਾ, ਨਾ ਹੀ ਇਸ ਪਿੱਛੇ ਲੁਕੇ ਵਿਸ਼ਾਲ ਤੇ ਬ੍ਰਹਿਮੰਡ ਦੇ ਮਰਮ ਨੂੰ ਵਿਚਾਰਿਆ ਹੈ। ਅਫਸੋਸ ਦੀ ਗੱਲ ਤਾਂ ਇਹ ਹੈ ਕਿ ਸਿੱਖ ਵਿਦਵਾਨਾਂ ਨੇ 'ਮੂਲ ਮੰਤਰ' ਬਾਰੇ ਸਿੱਖੀ ਸਰੂਪ ਵਾਲੇ ਬ੍ਰਾਹਮਣੀ ਵਿਚਾਰਧਾਰਾ ਨਾਲ ਭਿੱਜੇ ਹੋਏ ਅਖੌਤੀ ਸਿੱਖ ਵਿੱਦਵਾਨਾਂ ਵੱਲੋਂ ਸੁਝਾਏ ਅਰਥਾਂ 'ਤੇ ਅੱਖਾਂ ਬੰਨ ਕੇ ਮੰਨਣ ਨੂੰ ਪਹਿਲ ਦਿੱਤੀ। ਭੇਖੀ ਸਿੱਖ ਵਿਦਵਾਨਾਂ ਨੇ ਗੁਰੂ ਨਾਨਕ ਵੱਲੋਂ ਵਰੋਸਾਏ ਨਵੇਂ ਸੁਜਾਖੇ ਸਿੱਖਾਂ ਵਿਚਕਾਰ ਆਪਣੇ ਸਮਕਾਲੀ ਹਿੰਦੂਆਂ ਵਾਂਗ ਕਲਪਿਤ ਘਟਨਾਵਾਂ ਅਤੇ ਗੱਲਾਂ 'ਤੇ ਅੰਧ-ਵਿਸ਼ਵਾਸ ਕਰਨ ਦੀ ਮੁਹਿੰਮ 'ਤੇ ਬੜੀ ਸ਼ਿੱਦਤ ਨਾਲ ਕੰਮ ਕੀਤਾ। ਉਹ ਪੁਰਾਤਨ ਤੇ ਟਕਸਾਲੀ ਸਿੱਖਾਂ ਨੂੰ ਤਾਂ ਨਹੀਂ ਵਰਗਲਾ ਸਕੇ, ਪਰ ਨਵੇਂ ਬਣੇ ਸਿੱਖਾਂ ਵਿਚ ਉਹ ਅੰਧ-ਵਿਸ਼ਵਾਸ ਦੀ ਧਾਰਨਾ ਸਥਾਪਿਤ ਕਰਨ ਵਿਚ ਕੁਝ ਹੱਦ ਤੱਕ ਸਫਲ ਰਹੇ।

ਗੁਰੂ ਨਾਨਕ ਸਾਹਿਬ ਮੂਲ ਮੰਤਰ ਵਿਚ ਕਹਿਣਾ ਕੀ ਚਾਹੁੰਦੇ ਹਨ? ਆਮ ਉੱਤਰ ਮਿਲਦਾ ਹੈ ਕਿ ਗੁਰੂ ਸਾਹਿਬ ਕਹਿੰਦੇ ਹਨ, 'ਰੱਬ' ਇੱਕ ਹੈ; ਤਾਂ ਫਿਰ ਇਸ ਵਿਚ ਨਵੀਂ ਗੱਲ ਕੀ ਹੈ? ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਹੋਏ ਸਾਰੇ ਧਰਮਾਂ ਦੇ ਸੰਸਥਾਪਕਾਂ ਨੇ ਵੀ ਤਾਂ ਘੁਮਾ ਫਿਰਾ ਕੇ ਇਹ ਹੀ ਕਿਹਾ ਹੈ ਕਿ ਰੱਬ ਇਕ ਹੈ, ਪਰ ਉਨ੍ਹਾਂ ਦੇ ਕਹਿਣ ਦਾ ਅਸਿੱਧਾ ਤੇ ਲੁਕਵਾਂ ਅਰਥ ਇਹ ਹੁੰਦਾ ਹੈ ਕਿ ਉਹ (ਗੁਰੂ) ਖੁਦ ਹੀ ਉਸ ਵਿਸ਼ੇਸ਼ ਧਰਮ ਨੂੰ ਮੰਨਣ ਵਾਲਿਆਂ ਦਾ ਇੱਕੋ ਇੱਕ ਰੱਬ ਹੈ। ਮਿਸਾਲ ਵਜੋਂ ਇਸਲਾਮ ਦੇ ਪੈਰੋਕਾਰਾਂ ਦਾ ਮੰਨਣਾ ਹੈ ਕਿ ਦੁਨੀਆਂ ਦਾ ਇੱਕੋ ਇੱਕ ਰੱਬ ਯਾਨਿ 'ਅੱਲਾ' ਹੀ ਹੈ। ਠੀਕ ਇਵੇਂ ਹੀ ਈਸਾਈਆਂ ਦਾ ਵਿਸ਼ਵਾਸ ਹੈ ਕਿ ਦੁਨੀਆਂ ਵਿਚ ਇੱਕ ਹੀ ਰੱਬ ਹੈ, ਤੇ ਉਹ ਹੈ, 'ਯਸੂ ਮਸੀਹ।' ਹਿੰਦੂ 33 ਕਰੋੜ ਦੇਵੀ-ਦੇਵਤਿਆਂ ਦੀ ਫੌਜ ਕਿੱਲੇ ਬੰਨੀ ਬੈਠੇ ਹਨ। ਹਰ ਧਰਮ ਕਹਿੰਦਾ ਹੈ, ਸਭ ਕੁਝ ਉਨ੍ਹਾਂ ਦੇ ਰੱਬ ਵੱਲੋਂ ਕੀਤਾ ਹੀ ਹੋ ਰਿਹਾ ਹੈ? ਹਰ ਧਰਮ ਵਿਚ ਆਪਣੇ ਪੈਰੋਕਾਰਾਂ ਨੂੰ ਨਿਯੰਤ੍ਰਿਤ ਕਰਨ ਲਈ ਸਵਰਗ ਤੇ ਨਰਕ ਜ਼ਰੂਰ ਹੁੰਦੇ ਹਨ। ਮਜ਼ੇਦਾਰ ਗੱਲ ਇਹ ਹੈ ਕਿ ਸਵਰਗ ਦੀਆਂ ਚਾਬੀਆਂ ਹਰ ਧਰਮ ਦੇ ਅਵਤਾਰਾਂ ਪਾਸ ਹੀ ਹੁੰਦੀਆਂ ਹਨ ਅਤੇ ਸਵਰਗ ਵਿਚ ਦਾਖਲਾ ਵੀ ਉਨ੍ਹਾਂ ਅਵਤਾਰੀ ਪੁਰਸ਼ਾਂ ਦੀ ਸਿਫਾਰਸ਼ ਨਾਲ ਹੀ ਮਿਲਦਾ ਹੈ, ਜਿਸ ਲਈ ਉਨ੍ਹਾਂ ਦੇ ਧਰਮਾਂ ਦੀ ਇੰਨ-ਬਿੰਨ ਪਾਲਣਾ ਸਭ ਤੋਂ ਵੱਡੀ ਸ਼ਰਤ ਹੁੰਦੀ ਹੈ। ਸਵਰਗ ਦੇ ਨਾਲ ਭਿਅੰਕਰ ਨਰਕ ਵੀ ਹੈ, ਜਿਸ ਵਿਚ ਧਰਮ ਦੀ ਸਹੀ ਪਾਲਣਾ ਨਾ ਕਰਨ ਵਾਲਿਆਂ ਨੂੰ ਘੋਰ ਸਜ਼ਾਵਾਂ ਦੇਣ ਦੇ ਪ੍ਰਬੰਧ ਹੁੰਦੇ ਹਨ। ਇਹ ਸਭ ਧਰਮ ਨਾ ਹੋ ਕੇ ਮਨੁੱਖ ਲਈ 'ਆ ਬੈਲ ਮੁਝੇ ਮਾਰ' ਵਾਲੀ ਗੱਲ ਹੈ।

(ਜੇ ਰੱਬ ਇੱਕ ਹੀ ਹੈ ਅਤੇ ਇਹੋ ਵੱਡਾ ਸੱਚ ਹੈ ਤਾਂ ਫਿਰ ਉਸ ਵਕਤ ਦੀ ਖਲਕਤ ਧਰਮਾਂ ਅਤੇ ਇਨ੍ਹਾਂ ਵੱਲੋਂ ਨਿਰਮਿਤ ਸਮਾਜਾਂ ਤੋਂ ਦੁਖੀ ਤੇ ਅਵਾਜ਼ਾਰ ਕਿਉਂ ਸੀ? ਭਾਈ ਗੁਰਦਾਸ ਜੀ ਨੂੰ ਕਿਉਂ ਉਸ ਸਮੇਂ ਨੂੰ 'ਜਗਤ ਜਲੰਦਾ' ਕਹਿਣਾ ਪਿਆ? ਵੱਖ-ਵੱਖ ਧਰਮਾਂ ਦੇ ਅਣਗਿਣਤ ਲੋਕਾਂ ਨੂੰ ਗੁਰੂ ਨਾਨਕ ਦੇ 'ੴ ਸਤਿਨਾਮ ਕਰਤਾ ਪੁਰਖ' ਦੇ ਫਲਸਫੇ ਨੇ ਕਿਉਂ ਤੇ ਕਿਵੇਂ ਪ੍ਰਭਾਵਿਤ ਕੀਤਾ? ਗੁਰੂ ਨਾਨਕ ਨੇ ਕਿਹਾ ਕਿ ਧਰਮ ਤਾਂ ਇੱਕ ਅਲੌਕਿਕ ਅਹਿਸਾਸ ਦਾ ਨਾਮ ਹੈ, ਜੋ ਹਰ ਪਲ ਮਨੁੱਖ ਨੂੰ ਖੁੱਲ੍ਹ ਕੇ ਕਰਤੇ ਦੀ ਸਿਰਜੀ ਕਾਇਨਾਤ ਤੇ ਇਸ ਦੀ ਸਿਰਜਣਾ ਦਾ ਸੰਪੂਰਨ ਸਵਰਗੀ ਅਨੰਦ ਲੈਣ ਲਈ ਚਾਹਤ ਦੀ ਸਿਰਜਣਾ ਕਰਦਾ ਹੈ।)

ਗੁਰੂ ਨਾਨਕ ਨੇ ਖੰਡਨ ਕੀਤਾ ਹੈ, ਸਾਰੇ ਧਰਮਾਂ ਦੇ ਮਨੁੱਖੀ ਪੈਗੰਬਰਾਂ ਅਤੇ ਉਨ੍ਹਾਂ ਦੇ ਸ਼ੁਰੂਆਤੀ ਦੌਰ ਦੇ ਪੈਰੋਕਾਰਾਂ ਵੱਲੋਂ ਆਪਣੀ ਸੋਚ ਤੇ ਸਮਝ ਅਨੁਸਾਰ ਸਿਰਜੇ ਧਰਮ ਅਤੇ ਇਸ ਦੇ ਪ੍ਰਬੰਧਨ ਲਈ ਤਿਆਰ ਨਿਯਮਾਂ ਦਾ; ਨਿਯਮਾਂ ਅਨੁਸਾਰ ਤੈਅ ਕੀਤੀਆਂ ਜਿਉਂਦੇ ਜੀਅ ਸਜ਼ਾਵਾਂ ਦਾ; ਸ਼ਰਨ ਵਿਚ ਆਉਣ 'ਤੇ ਮੁਆਫੀਆਂ ਦਾ ਅਤੇ ਫਿਰ ਅਖੀਰ ਵਿਚ ਮਰਨ ਪਿਛੋਂ ਸਵਰਗ ਦਾ ਲੋਭ! ਧਰਮ ਦੇ ਮਾਰਗ 'ਤੇ ਨਾ ਚੱਲਣ ਵਾਲਿਆਂ ਨੂੰ ਨਰਕ ਵਿਚ ਦਿੱਤੇ ਜਾਣ ਵਾਲੇ ਤਸੀਹਿਆਂ ਦੇ ਡਰ ਵਾਲੇ ਨਿਜ਼ਾਮ ਦਾ। ਧਰਮ ਇੱਕ ਅਜਿਹਾ ਮਾਰੂ ਮਾਨਸਿਕ ਹਥਿਆਰ ਬਣ ਗਿਆ ਹੈ, ਜੋ ਮਨੁੱਖ ਨੂੰ ਅਣ-ਐਲਾਨੀ ਮਾਨਸਿਕ ਜਲਾਵਤਨੀ ਵਿਚ ਸਾਰੀ ਉਮਰ ਉਲਝਾਈ ਰੱਖਦਾ ਹੈ। ਗੁਰੂ ਨਾਨਕ ਮਨੁੱਖ ਨੂੰ ਧਰਮ ਦੇ ਨਾਮ 'ਤੇ ਉਪਰੋਕਤ ਉਲਝਣਾਂ ਵਿਚ ਉਲਝਾਏ ਜਾਣ ਦੇ ਵਿਰੋਧ ਵਿਚ ਸਨ/ਹਨ। ਜਿਵੇਂ-ਜਿਵੇਂ ਧਰਮ ਵਧਦਾ ਅਤੇ ਫੈਲਦਾ ਹੈ, ਇਸ ਦੇ ਸੰਚਾਲਕਾਂ ਦੀਆਂ ਨੀਤੀਆਂ ਵੀ ਸਮੇਂ ਅਨੁਸਾਰ ਬਦਲਦੀਆਂ ਰਹਿੰਦੀਆਂ ਹਨ। ਧਰਮ ਦੇ ਸਵਰੂਪ ਤੇ ਸੋਚ ਵਿਚ ਸਮੇਂ ਨਾਲ ਤਬਦੀਲੀਆਂ ਆਉਣੀਆਂ ਲਾਜ਼ਮੀ ਹਨ, ਪਰ ਹਮੇਸ਼ਾ ਇਹ ਧਰਮ ਦੀਆਂ ਪਾਬੰਦੀਆਂ ਮਨੁੱਖ ਦੀ ਨਿੱਜੀ ਤੇ ਆਜ਼ਾਦਾਨਾ ਸੋਚ ਦੀ ਪ੍ਰਵਿਰਤੀ ਨੂੰ ਪ੍ਰਭਾਵਿਤ ਕਰਦੀਆਂ ਹਨ। ਮਨੁੱਖ ਆਤਮਿਕ ਤੌਰ 'ਤੇ ਕਰਤੇ ਵੱਲੋਂ ਬਖਸ਼ੇ ਜਮਾਂਦਰੂ ਬੁੱਧ ਅਤੇ ਬਲ ਤੋਂ ਵੀ ਬਲਹੀਣ ਹੋਣ ਲੱਗ ਪਿਆ ਹੈ। ਉਸ ਦਾ ਹਰ ਕੰਮ ਅਤੇ ਹਰ ਫੈਸਲਾ ਨਿਰੋਲ ਉਸ ਦਾ ਨਾ ਹੋ ਕੇ ਉਸ ਦੇ ਧਰਮ ਅਤੇ ਧਰਮ ਅਨੁਸਾਰ ਘੜੇ ਹੋਏ ਸਮਾਜ ਦੀਆਂ ਮਾਨਤਾਵਾਂ ਅਧੀਨ ਹੁੰਦਾ ਹੈ। ਮਨੁੱਖ, ਮਨੁੱਖ ਨਹੀਂ ਰਹਿੰਦੇ, ਉਨ੍ਹਾਂ 'ਤੇ ਵਿਸ਼ੇਸ਼ ਧਰਮ ਵਾਲੇ ਹੋਣ ਦਾ ਠੱਪਾ ਲੱਗ ਜਾਂਦਾ ਹੈ।

ਗੁਰੂ ਨਾਨਕ ਨੇ ਮਨੁੱਖੀ ਪੈਗੰਬਰਾਂ ਵੱਲੋਂ ਈਜਾਦ ਕੀਤੇ ਧਰਮਾਂ ਦੀ ਆੜ ਵਿਚ ਮਨੁੱਖਾਂ ਦੀ ਆਪਸ ਵਿਚ ਅਤੇ ਮਨੁੱਖਤਾ ਤੋਂ ਦੂਰੀ, ਸਮਾਜ ਵਿਚ ਅਸਮਾਨਤਾਵਾਂ, 'ਮੈਂ' ਹੀ 'ਮੈਂ' ਦੇ ਦਾਅਵੇ ਅਤੇ ਬ੍ਰਹਿਮੰਡ ਦੇ ਅਸਲ ਕਰਤੇ ਦੀ ਅਣਦੇਖੀ ਜਿਹੇ ਦਾਵਿਆਂ ਨੂੰ ਨਕਾਰਿਆ, ਲੋਕਾਈ ਨੂੰ ਸੰਦੇਸ਼ ਦਿੱਤਾ ਕਿ ਇਹ ਸਭ ਯੋਨੀਆਂ ਤੋਂ ਜਨਮ ਲੈਨ ਵਾਲੇ ਇਨਸਾਨ, ਜੋ ਰੱਬ ਬਣਨ ਦਾ ਦਾਅਵਾ ਕਰਦੇ ਹਨ ਤੇ ਬ੍ਰਹਿਮੰਡ ਘੜਨ ਦੀਆਂ ਗੱਲਾਂ ਕਰਦੇ ਹਨ, ਸਭ ਝੂਠੇ ਤੇ ਇਕ ਦੂਜੇ ਦੇ ਪਰਸਪਰ ਵਿਰੋਧੀ ਹਨ। 'ਗੁਰੂ ਨਾਨਕ ਨੇ ਸੰਸਾਰ ਵਿਚ ਪਹਿਲੀ ਵਾਰ ਇਹ ਅਲੋਕਾਰੀ ਸੱਚ ਲੋਕਾਂ ਸਾਹਮਣੇ ਰੱਖਿਆ' ਕਿ ਇਸ ਬ੍ਰਹਿਮੰਡ ਦਾ ਕਰਤਾ ਸਿਰਫ ਇੱਕ ਹੈ, ਉਸ ਦਾ ਨਾਮ ਸੱਚ ਹੈ ਤੇ ਇਹੋ ਹੀ ਕਰਤਾ ਹੈ, ਉਹ ਸੱਚ ਹੈ ਤੇ ਨਿਰਭਉ ਹੈ, ਉਹ ਸੱਚ ਹੈ, ਤੇ ਨਿਰਵੈਰ ਹੈ, ਉਹ ਸੱਚ ਹੈ ਤੇ ਅਕਾਲਿ ਮੂਰਤ ਹੈ, ਉਹ ਸੱਚ ਹੈ ਤੇ ਅਜੂਨੀ ਹੈ, ਉਹ ਸੱਚ ਹੈ ਤੇ ਸੈਭੰ ਹੈ, ਉਹ ਸੱਚ ਹੀ ਗੁਰ ਦਾ ਪ੍ਰਸਾਦਿ ਹੈ, ਯਾਦ ਰੱਖੋ ਕਿ ਉਹ ਆਦਿ ਵਿਚ ਸਚੁ ਸੀ, ਜੁਗਾਦਿ ਵਿਚ ਸੱਚ ਸੀ; ਗੁਰੂ ਨਾਨਕ ਦਾ ਕਹਿਣਾ ਹੈ ਕਿ ਇਹ ਹੈ ਵੀ ਸਚੁ ਅਤੇ ਇਸੇ ਸਚੁ ਦਾ ਵਰਤਾਰਾ ਹੀ ਰਹਿਣਾ ਹੈ।

ਗੁਰੂ ਨਾਨਕ ਦਾ 'ਕਰਤਾ ਪੁਰਖ' ਵਾਲਾ ਸੱਚ ਦੱਸਣ ਦਾ ਮਕਸਦ ਲੋਕਾਈ ਨੂੰ ਸਾਵਧਾਨ ਕਰਨਾ ਸੀ ਕਿ ਇਨ੍ਹਾਂ, ਜੋ ਧਰਮਾਂ ਦਾ ਅਤੇ ਉਸ ਦੇ ਦੇਵੀ, ਦੇਵਤਿਆਂ ਅਤੇ ਕਰਮ ਕਾਂਡਾਂ ਦਾ ਅਨੁਸ਼ਰਨ ਤੁਸੀਂ ਕਰ ਰਹੇ ਹੋ, ਇਹ ਸਭ ਮਿਥਿਆ ਹੈ। ਇਹ ਜੋ ਦੇਵੀਆਂ ਜਾਂ ਦੇਵਤਿਆਂ ਦੀਆਂ ਸ਼ਕਤੀਆਂ ਅਤੇ ਉਨ੍ਹਾਂ ਵੱਲੋਂ ਬ੍ਰਹਿਮੰਡ ਦੀ ਕਾਰਜ ਵਿਧੀ ਤੈਅ ਕਰਨਾ ਤੇ ਆਪਣੀ ਅਧੀਨਗੀ ਦੇ ਜੋ ਦਾਅਵੇ ਕਰਦੇ ਹਨ, ਸਭ ਨਿਰਾਧਾਰ ਹਨ। ਇਨ੍ਹਾਂ ਵੱਲੋਂ ਤੈਅ ਕੀਤੇ ਕਰਮ ਕਾਂਡ ਵੀ ਝੂਠੇ ਹਨ, ਅਤੇ ਇਨ੍ਹਾਂ ਸਭਨਾਂ ਦਾ ਮੁੱਖ ਉਦੇਸ਼ ਵੱਖ-ਵੱਖ ਧਰਮਾਂ ਦੇ ਨਾਮ 'ਤੇ ਪਹਿਲਾਂ ਮਨੁੱਖ ਅਤੇ ਫਿਰ ਹੌਲੀ-ਹੌਲੀ ਸਾਰੀ ਮਨੁੱਖਤਾ ਨੂੰ ਆਪਣਾ ਦਾਸ ਬਣਾਉਣਾ ਹੈ। ਇਹ ਮਨੁੱਖਾਂ ਵਿਚ ਵੰਡੀਆਂ ਪਾ ਕੇ ਇਨਸਾਨੀ ਜੀਵਨ ਨੂੰ ਆਪਣੀਆਂ ਰਹਿਤਾਂ ਬਹਿਤਾਂ ਦਾ ਗੁਲਾਮ ਬਣਾ ਆਪਣਾ ਨਾਮ ਜਪਾਉਣਾ ਹੈ। ਇਹ ਸੱਚ ਦੀ ਵਣਜ ਨਹੀਂ ਕਰਦੇ। ਇਨ੍ਹਾਂ ਵੱਲੋਂ ਤਿਆਰ ਕੀਤਾ ਪਸਾਰਾ ਵੀ ਝੂਠ ਹੈ। ਇਨ੍ਹਾਂ ਦੇ ਕਰਮ ਕਾਂਡਾਂ ਪਿੱਛੇ ਕੋਈ ਸੱਚਾਈ ਵੀ ਨਹੀਂ ਹੈ।

ਇਨ੍ਹਾਂ ਦੇ ਬਿਲਕੁਲ ਵਿਪਰੀਤ ਗੁਰੂ ਨਾਨਕ ਜਿੱਥੇ ਕਿਤੇ ਵੀ ਗਏ, ਸੱਚ ਅਤੇ ਸਿਰਫ ਸੱਚ ਦੀਆਂ ਹੀ ਬਾਤਾਂ ਪਾਈਆਂ। ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਜੋ ਕੁਝ ਵੀ ਲੋਕਾਂ ਨੂੰ ਉਪਦੇਸਿਆ, ਸਭ ਕੁਝ ਆਪਣੇ ਕੀਤੇ ਕਾਰਜਾਂ ਰਾਹੀਂ ਸਿੱਧ ਵੀ ਕੀਤਾ ਹੈ। ਉਨ੍ਹਾਂ ਨੇ ਕਿਸੇ ਜੰਤਰ-ਮੰਤਰ ਦਾ ਪ੍ਰਚਾਰ ਨਹੀਂ ਕੀਤਾ, ਨਾ ਹੀ ਉਨ੍ਹਾਂ ਨੇ ਕਿਸੇ ਦੇਵੀ ਜਾਂ ਦੇਵਤੇ ਦੀ ਕੋਈ ਰਿੱਧੀ ਜਾਂ ਸਿੱਧੀ ਕੀਤੀ ਹੈ। ਗੁਰੂ ਨਾਨਕ ਦਾ ਤਾਂ ਕਹਿਣਾ ਹੈ ਕਿ 'ਮਨ ਤੂੰ ਜੋਤੀ ਸਰੂਪ ਹੈ, ਅਪਨਾ ਮੂਲ ਪਛਾਨ।' ਜਿਤਨੀ ਦੇਰ ਤੱਕ ਤੁਸੀਂ ਆਪਣੇ ਆਪ ਨੂੰ ਜਾਣਦੇ ਜਾਂ ਪਛਾਣਦੇ ਨਹੀਂ, ਤੁਹਾਨੂੰ ਕਿਵੇਂ ਪਤਾ ਚੱਲੇਗਾ ਤੁਹਾਡੀ ਆਪਣੀ ਸਮਰੱਥਾ ਦਾ? ਕਿਵੇਂ ਤੁਸੀਂ ਆਪਣੀ ਤਾਕਤ ਦਾ ਅੰਦਾਜ਼ਾ ਲਾ ਸਕੋਗੇ? ਕਿਵੇਂ ਤੁਹਾਨੂੰ ਆਪਣੀਆਂ ਸ਼ਕਤੀਆਂ/ਕਮਜ਼ੋਰੀਆਂ ਦਾ ਅਹਿਸਾਸ ਹੋਵੇਗਾ? ਇਹ ਸਭ ਕੁਝ ਤੁਹਾਨੂੰ ਖੁਦ ਕਰਨਾ ਪਵੇਗਾ। ਕੋਈ ਦੂਜਾ ਵਿਅਕਤੀ, ਭਾਵੇਂ ਉਹ ਕਿੰਨਾ ਈ ਵੱਡਾ ਬਾਬਿਆਂ ਦਾ ਬਾਬਾ ਹੀ ਕਿਉਂ ਨਾ ਹੋਏ, ਤੁਹਾਡੀ ਅੰਤਰ ਆਤਮਾ, ਜੋ ਸਿਰਫ ਤੇ ਸਿਰਫ ਤੁਹਾਡੀ ਹੈ ਅਤੇ ਉਸ ਅੰਦਰ ਝਾਤ ਮਾਰਨ ਦਾ ਮਾਰਗ ਵੀ ਤੁਸੀਂ ਹੀ ਹੋ, ਤਾਂ ਫਿਰ ਕੋਈ ਦੂਜਾ ਕਿਵੇਂ ਤੁਹਾਡੀ ਅੰਤਰ ਆਤਮਾ ਅੰਦਰ ਝਾਤ ਮਾਰ ਸਕਦਾ ਹੈ ਅਤੇ ਤੁਹਾਡੀਆਂ ਕਮਜ਼ੋਰੀਆਂ ਦੱਸ ਸਕਦਾ ਹੈ? ਸ਼ਕਤੀਆਂ-ਕਮਜ਼ੋਰੀਆਂ, ਚੰਗਿਆਈਆਂ-ਬੁਰਾਈਆਂ ਇਹ ਸਭ ਇਕੱਠੀਆਂ ਹੀ ਹੁੰਦੀਆਂ ਹਨ, ਪਰ ਪੁੱਛਾਂ ਵਾਲੇ ਬਾਬੇ ਸਿਰਫ ਕਮਜ਼ੋਰੀਆਂ-ਬੁਰਾਈਆਂ ਦੀਆਂ ਹੀ ਗੱਲਾਂ ਕਿਉਂ ਕਰਦੇ ਹਨ?

ਸਾਨੂੰ ਹਰ ਸਿੱਖ ਨੂੰ, ਜੇ ਸਾਡੇ ਦਿਲ ਵਿਚ ਗੁਰੂ ਨਾਨਕ ਅਤੇ ਸਿੱਖ ਧਰਮ ਲਈ ਸਤਿਕਾਰ ਹੈ, ਤਾਂ ਨਿੱਜੀ ਤੌਰ 'ਤੇ ਹੀ ਸ਼ੇਰ ਜਵਾਨਾਂ ਵਾਲਾ ਹੰਭਲਾ ਮਾਰਨਾ ਪੈਣਾ ਹੈ। ਸਿੱਖ ਧਰਮ ਕਿਸੇ ਸੰਪਰਦਾ ਜਾਂ ਸੰਸਥਾ ਦੀ ਨਿੱਜੀ ਜਾਗੀਰ ਨਹੀਂ ਹੈ। ਹਰ ਇੱਕ ਉਹ ਇਨਸਾਨ, ਜੋ ਸਿੱਖ ਹੈ ਅਤੇ ਗੁਰੂ ਨਾਨਕ ਅਤੇ ਉਸ ਵੱਲੋਂ ਵਰੋਸਾਏ ਸਿੱਖ ਧਰਮ ਦਾ ਧਾਰਨੀ ਹੈ, ਉਹ ਹਰ ਸਿੱਖ, 'ਸਿੱਖ ਧਰਮ' ਦਾ ਵਾਰਿਸ ਹੈ। ਜੇ ਅਜੇ ਵੀ ਅਸੀਂ ਨਾ ਜਾਗੇ ਤਾਂ ਫਿਰ ਜਿਉਂਦੇ ਹੀ ਬੇਪਤ ਹੋ ਕੇ ਗੰਵਾਰ ਭੇਡਾਂ ਵਾਂਗ ਪੁਜਾਰੀਆਂ ਦੇ ਭੇਖ ਵਾਲੇ ਆਜੜੀਆਂ ਦੇ ਝੁੰਡਾਂ ਵਿਚ ਸ਼ਾਮਲ ਹੋਣ ਲਈ ਤਿਆਰ ਰਹੋ।

## ਪੰਜ ਸੌ ਇਕਵੰਜਾ ਸਾਲ ਬਾਅਦ

ਪੰਜ ਸੌ ਇਕਵੰਜਾ ਸਾਲ ਹੋਏ,
ਗੁਰੂਆਂ ਦੀ ਸਿੱਖਿਆ ਨਾਲ ਹੋਏ,
ਪੁਰਖਿਆਂ ਦੀ ਸੋਚ ਸਿਆਣੀ ਤੋਂ ਅਸੀਂ ਕੀ ਸਿੱਖਿਆ?
ਬਾਬਾ ਨਾਨਕ ਜੀ ਦੀ ਬਾਣੀ ਤੋਂ ਅਸੀਂ ਕੀ ਸਿੱਖਿਆ?

ਉਸ ਦਾ ਸੱਚਾ ਸੌਦਾ ਸਾਨੂੰ ਕਾਸਤੋਂ ਭੁੱਲ ਗਿਆ ਏ।
ਸਾਡਾ ਤਨ ਤੇ ਮਨ ਕਿਉਂ ਦੌਲਤ ਉੱਪਰ ਡੁੱਲ ਗਿਆ ਏ।
ਥਾਂ ਥਾਂ 'ਤੇ ਹੁੰਦੀ ਵੰਡ ਕਾਣੀ ਤੋਂ ਅਸੀਂ ਕੀ ਸਿੱਖਿਆ?
ਬਾਬਾ ਨਾਨਕ ਜੀ ਦੀ ਬਾਣੀ ਤੋਂ ਅਸੀਂ ਕੀ ਸਿੱਖਿਆ?

ਅਸੀਂ ਪਾਣੀ ਪਿਤਾ ਨੂੰ ਪੀਣ ਯੋਗ ਨਾ ਰਹਿਣ ਦਿੱਤਾ।
ਨਾਲੇ ਪਵਨ ਗੁਰੂ ਨੂੰ ਜੀਣ ਯੋਗ ਨਾ ਰਹਿਣ ਦਿੱਤਾ।
ਨਾਨਕ ਝੀਰੇ ਦੇ ਪਾਣੀ ਤੋਂ ਅਸੀਂ ਕੀ ਸਿੱਖਿਆ?
ਬਾਬਾ ਨਾਨਕ ਜੀ ਦੀ ਬਾਣੀ ਤੋਂ ਅਸੀਂ ਕੀ ਸਿੱਖਿਆ?

ਅਸੀਂ ਅੱਜ ਵੀ ਔਰਤ ਨੂੰ ਕਿੰਨਾ ਕੁ ਸਤਿਕਾਰਦੇ ਹਾਂ।
ਕਦੇ ਜਿਉਂਦੀ ਨੂੰ ਕਦੇ ਜਨਮ ਤੋਂ ਪਹਿਲਾਂ ਮਾਰਦੇ ਹਾਂ।
ਹਰ ਰੀਤ ਸਮੇਂ ਦੀ ਹਾਣੀ ਤੋਂ ਅਸੀਂ ਕੀ ਸਿੱਖਿਆ?
ਬਾਬਾ ਨਾਨਕ ਜੀ ਦੀ ਬਾਣੀ ਤੋਂ ਅਸੀਂ ਕੀ ਸਿੱਖਿਆ?

ਖਬਰੇ ਕੀ ਹੋ ਗਿਆ ਸਾਡੇ ਦਿਲੋ ਦਿਮਾਗ ਦੇ ਖਾਨੇ ਨੂੰ।
ਉਸ ਨੇ ਭਾਈ ਬਣਾਇਆ ਸੀ ਬਾਲੇ ਮਰਦਾਨੇ ਨੂੰ।
ਆਪਣੇ ਗੁਰੂਆਂ ਦੀ ਕੁਰਬਾਨੀ ਤੋਂ ਅਸੀਂ ਕੀ ਸਿੱਖਿਆ?
ਬਾਬਾ ਨਾਨਕ ਜੀ ਦੀ ਬਾਣੀ ਤੋਂ ਅਸੀਂ ਕੀ ਸਿੱਖਿਆ?

ਉਨ੍ਹਾਂ ਬਾਬਰ ਨੂੰ ਜਾਬਰ ਕਹਿ ਕੇ ਵੰਗਾਰਿਆ ਸੀ।
ਉਹ ਤਾਂ ਵਲੀ ਕੰਧਾਰੀ ਵਰਗਿਆਂ ਤੋਂ ਨਾ ਹਾਰਿਆ ਸੀ।
ਚਮਕੌਰ ਦੀ ਗੜ੍ਹੀ ਨਿਮਾਣੀ ਤੋਂ ਅਸੀਂ ਕੀ ਸਿੱਖਿਆ?
ਬਾਬਾ ਨਾਨਕ ਜੀ ਦੀ ਬਾਣੀ ਤੋਂ ਅਸੀਂ ਕੀ ਸਿੱਖਿਆ?

ਅਸੀਂ ਸੰਗਤ ਨੂੰ ਬੱਸ ਮੱਥੇ ਟੇਕਣ ਲਾਇਆ ਏ।
ਮਹਾਂਪੁਰਸ਼ਾਂ ਦੀਆਂ ਤਸਵੀਰਾਂ ਵੇਖਣ ਲਾਇਆ ਏ।
ਇੱਕ ਤੰਦ ਨ੍ਹੀਂ, ਉਲਝੀ ਤਾਣੀ ਤੋਂ ਅਸੀਂ ਕੀ ਸਿੱਖਿਆ?
ਬਾਬਾ ਨਾਨਕ ਜੀ ਦੀ ਬਾਣੀ ਤੋਂ ਅਸੀਂ ਕੀ ਸਿੱਖਿਆ?

ਗੁਰੂ ਮੁੜ ਕੇ ਫੇਰਾ ਪਾਵਣਗੇ ਹੈ ਆਸ ਅਜੇ।
ਅਸੀਂ ਕਰਾਮਾਤਾਂ ਵਿਚ ਰਖਦੇ ਹਾਂ ਵਿਸ਼ਵਾਸ ਅਜੇ।
ਸੜਕਾਂ 'ਤੇ ਬੈਠੀ ਕਿਰਸਾਣੀ ਤੋਂ ਅਸੀਂ ਕੀ ਸਿੱਖਿਆ?
ਬਾਬਾ ਨਾਨਕ ਜੀ ਦੀ ਬਾਣੀ ਤੋਂ ਅਸੀਂ ਕੀ ਸਿੱਖਿਆ?

ਜੇਕਰ ਖੁਦ ਹੀ ਉਲਟੇ ਪੁਲਟੇ ਕਰਮ ਕਮਾਵਾਂਗੇ।
ਆਪਣੇ ਧੀਆਂ ਪੁੱਤਾਂ ਨੂੰ ਅਸੀਂ ਕਿਵੇਂ ਸਮਝਾਵਾਂਗੇ।
ਗੁਰੂਆਂ ਦੀ ਅਜਬ ਕਹਾਣੀ ਤੋਂ ਅਸੀਂ ਕੀ ਸਿੱਖਿਆ?
ਬਾਬਾ ਨਾਨਕ ਜੀ ਦੀ ਬਾਣੀ ਤੋਂ ਅਸੀਂ ਕੀ ਸਿੱਖਿਆ?

ਦੱਸੋ ਕੀ ਕੀਮਤ ਹੈ ਏਦਾਂ ਜ਼ਿੰਦਗੀ ਗਾਲੇ ਦੀ।
ਨਿੱਤ ਕਲਮ ਕੂਕਦੀ ਪਿੰਡ ਰੰਚਣਾਂ ਵਾਲੇ ਦੀ।
ਇਸ ਡੁੱਬ ਜਾਣੀ ਮਰ ਜਾਣੀ ਤੋਂ ਅਸੀਂ ਕੀ ਸਿੱਖਿਆ?
ਬਾਬਾ ਨਾਨਕ ਜੀ ਦੀ ਬਾਣੀ ਤੋਂ ਅਸੀਂ ਕੀ ਸਿੱਖਿਆ?

*-ਮੂਲ ਚੰਦ ਸ਼ਰਮਾ*
*ਪਿੰਡ ਰੰਚਣਾਂ, ਸੰਗਰੂਰ*
*ਫੋਨ: 91-94784-08898*

ਗੁਰਬਾਣੀ ਵਿਆਖਿਆ

# ਜਪੁਜੀ ਅਧਿਐਨ-ਸਿੱਟੇ

ਜਪੁਜੀ ਦੇ ਅਧਿਐਨ ਤੋਂ ਫਿਰ ਕੀ ਸਮਝੀਏ? ਜੋ ਕੁਝ ਦੂਜਿਆਂ ਤੋਂ ਸੁਣਿਆ ਤੇ ਜੋ ਕੁਝ ਗੁਰੂ ਸਾਹਿਬ ਦੀ ਲਿਖਤ 'ਚੋਂ ਪੜ੍ਹਿਆ, ਉਸ ਵਿਚ ਕੀ ਫਰਕ ਕਰੀਏ? ਗੁਰੂ ਸਾਹਿਬ ਦੀ ਸਿਖਿਆ 'ਤੇ ਵਿਚਾਰ ਕਰ ਕੇ ਕੀ ਲੱਖਣ ਲਾਈਏ ਕਿ ਕੀ ਠੀਕ ਤੇ ਕੀ ਗਲਤ ਹੈ, ਅਰਥਾਤ ਜੀਵਨ ਵਿਚ ਕੀ ਰੁਖ ਅਪਨਾਈਏ? ਕਿਸੇ ਵੀ ਪੁਸਤਕ, ਖਾਸ ਕਰ ਕੇ ਜਪੁਜੀ ਜਿਹੀ ਮਹਾਨ ਕ੍ਰਿਤ ਦੇ ਅਧਿਐਨ ਪਿਛੋਂ ਇਸ ਤਰ੍ਹਾਂ ਦੇ ਪ੍ਰਸ਼ਨ ਆਮ ਉੱਠਦੇ ਹਨ। ਉੱਠਣੇ ਚਾਹੀਦੇ ਵੀ ਹਨ, ਕਿਉਂਕਿ ਸਹੀ ਮੁਲੰਕਣ ਤੋਂ ਬਿਨਾ ਕੋਈ ਵੀ ਅਧਿਐਨ ਅਧੂਰਾ ਹੈ। ਉਂਜ ਇਹ ਸਿੱਟੇ ਹਰੇਕ ਪਾਠਕ ਨੂੰ ਆਪ ਕੱਢਣੇ ਬਣਦੇ ਹਨ, ਕਿਉਂਕਿ ਹਰੇਕ ਆਪਣੀ ਜ਼ਿੰਦਗੀ ਦਾ ਆਪ ਚਾਲਕ ਹੈ ਤੇ ਹਰੇਕ ਨੇ ਇਸ ਨੂੰ ਚਲਾਉਣ ਲਈ ਆਪ ਰਾਹ ਬਣਾਉਣਾ ਹੈ। ਸਿੱਖੀ ਦਾ ਮਾਰਗ ਵਿਧੀ ਆਧਾਰਿਤ ਹੈ, ਇਸ ਲਈ ਇਹ ਵਿਧੀ ਸਿੱਖਣ ਦੀ ਜ਼ਿੰਮੇਵਾਰੀ ਹਰ ਇਕ ਦੀ ਆਪਣੀ ਹੈ, ਪਰ ਇਸ ਪ੍ਰਕ੍ਰਿਆ ਦੀ ਮੋਟੀ ਰਾਹ ਜੋ ਸਿੱਖੀ ਉਦੇਸ਼

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਵਲ ਸਭ ਨੂੰ ਸਿੱਧਾ ਲੈ ਕੇ ਜਾ ਸਕਦੀ ਹੈ, ਸਾਰਿਆਂ ਲਈ ਇਕੋ ਹੈ। ਬਸ ਇਸੇ ਮੁਢਲੀ ਸਿਖਿਆ ਦਾ ਲੇਖਾ-ਜੋਖਾ ਤੇ ਇਸ ਤੋਂ ਬਣਦੇ ਸਿੱਟਿਆਂ ਦਾ ਜ਼ਿਕਰ ਇੱਥੇ ਕੀਤਾ ਗਿਆ ਹੈ।

ਜਪੁਜੀ ਦੇ ਇਸ ਅਧਿਐਨ ਤੋਂ ਬਾਅਦ ਸਭ ਤੋਂ ਵੱਡੀ ਗੱਲ ਇਹ ਸਮਝ ਵਿਚ ਆਉਂਦੀ ਹੈ ਕਿ ਗੁਰੂ ਸਾਹਿਬ ਕੋਈ ਆਮ ਵਿਅਕਤੀ ਨਹੀਂ ਸਨ ਤੇ ਨਾ ਹੀ ਉਨ੍ਹਾਂ ਦੀ ਬਾਣੀ ਕੋਈ ਆਮ ਲਿਖਤ ਹੈ। ਉਹ ਕੋਈ ਆਮ ਮਾਲਾ ਫੇਰਨ ਵਾਲੇ ਸੰਤ ਮਹਾਤਮਾ ਨਹੀਂ ਸਨ, ਸਗੋਂ ਵਿਸ਼ਵ ਚਿੰਤਨ ਦੀ ਉੱਚੀ ਸੋਝੀ ਵਾਲੇ ਵਿਦਵਾਨ ਸਨ। ਉਹ ਯਥਾਰਥ ਤੋਂ ਉੱਪਰ ਉੱਠੇ ਹਵਾਈ ਗੱਲਾਂ ਕਰਨ ਵਾਲੇ ਪੂਜਾ ਪਾਠੀ ਨਹੀਂ ਸਨ, ਜੋ ਅਧਿਆਤਮਵਾਦ ਦੇ ਰਸਤੇ ਜੀਵਨ ਮੁਕਤੀ ਦੇ ਰਾਹ ਪਏ ਹੋਣ। ਉਨ੍ਹਾਂ ਦੀ ਪ੍ਰਤਿਭਾ ਦਾ ਸੱਚਾ ਬਿਆਨ ਇਹ ਹੈ ਕਿ ਉਹ ਬਹੁਪੱਖੀ ਸ਼ਖਸੀਅਤ ਦੇ ਮਾਲਕ ਸਨ ਅਤੇ ਉਸ ਤੋਂ ਵੀ ਉੱਪਰ ਡੂੰਘੀ ਸਮਝ ਤੇ ਵਿਗਿਆਨਕ ਸੋਚ ਦੇ ਧਾਰਨੀ ਸਨ। ਉਹ ਹਰ ਗੱਲ ਬਿਨਾ ਕਿਸੇ ਊਚ ਨੀਚ ਅਤੇ ਬਿਨਾ ਕਿਸੇ ਲਾਭ-ਹਾਣ ਜਾਂ ਆਪਣੇ-ਪਰਾਏ ਦੇ ਭੇਦ ਭਾਵ ਤੋਂ ਵਿਚਾਰਦੇ ਸਨ। ਉਨ੍ਹਾਂ ਦੀ ਹਰ ਗੱਲ ਸੱਚ ਦੇ ਤਰਾਜੂ ਵਿਚੋਂ ਤੁਲ ਕੇ ਨਿਕਲੀ ਤੇ ਵਿਗਿਆਨੀ ਮਿਆਰ ਦੀ ਹੁੰਦੀ ਸੀ। ਇਹ ਸੱਚ ਕਿਸੇ ਸਿਰ-ਨਰੜ ਮਿਲਾਪੜੀ ਸੰਧੀ ਜਾਂ ਮਧੱਯਸਤੀ ਫੈਸਲੇ ਵਾਂਗ ਨਹੀਂ ਸੀ ਹੁੰਦਾ, ਸਗੋਂ ਜਮੀਨੀ ਹਕੀਕਤਾਂ ਤੋਂ ਉੱਭਰਿਆ, ਤਿੱਖੀ ਪਰਖ ਪੜਚੋਲ ਨਾਲ ਕਸ਼ੀਦਿਆ ਅਤੇ ਯਥਾਰਥ ਦੀ ਕਸਵੱਟੀ 'ਤੇ ਖਰਾ ਉਤਰਨ ਵਾਲਾ ਦੁਰਾਡਾ ਤੇ ਸਦੀਵੀ ਸੱਚ ਹੁੰਦਾ ਸੀ। ਇੰਜ ਆਖੋ, ਉਨ੍ਹਾਂ ਦੀ ਦੱਸੀ ਰਾਹ ਆਪ ਵਿਗਿਆਨਕ ਸੇਧ ਸੀ, ਜਿਸ ਨੂੰ ਜਿਵੇਂ ਵੀ ਪਰਖੋ, ਸਹੀ ਸਿੱਧ ਹੁੰਦੀ ਸੀ। ਆਪਣੀ ਪ੍ਰਬਲ ਆਮ ਸੋਚ (Commonsense) ਤੇ ਡੂੰਘੇ ਹਕੀਕੀ ਅਨੁਭਵਾਂ ਰਾਹੀਂ ਉਨ੍ਹਾਂ ਨੇ 15ਵੀਂ-16ਵੀਂ ਸਦੀ ਦੇ ਅੰਧ-ਵਿਸ਼ਵਾਸੀ ਯੁਗ ਵਿਚ ਚੌਂਕਾਉਣ ਵਾਲੇ ਅਗਾਂਹਵਧੂ ਦਾਰਸ਼ਨਿਕ ਵਿਚਾਰ ਦਿੱਤੇ, ਜੋ ਹਮੇਸ਼ਾ ਲਈ ਚਿੰਤਕਾਂ ਤੇ ਵਿਗਿਆਨੀਆਂ ਦਾ ਮਾਰਗ-ਦਰਸ਼ਨ ਕਰਦੇ ਰਹਿਣਗੇ।

ਇਸ ਲਈ ਜਦੋਂ ਕੋਈ ਵਿਅਕਤੀ ਇਹ ਕਹਿੰਦਾ ਹੈ ਕਿ ਉਹ ਗੁਰੂ ਸਾਹਿਬ ਨੂੰ ਮੰਨਦਾ ਹੈ, ਉਸ ਨੂੰ ਆਪਣੇ ਅੰਦਰ ਇਹ ਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਗੁਰੂ ਸਾਹਿਬ ਨੂੰ ਕਿਵੇਂ ਮੰਨਦਾ ਹੈ? ਗੁਰੂ ਸਾਹਿਬ ਦੀ ਪ੍ਰਤੀਬੱਧਤਾ ਸਤਿ ਨਾਲ ਸੀ ਤੇ ਸਤਿ ਨੂੰ ਪ੍ਰਾਪਤ ਕਰਨ ਦੀ ਵਿਧੀ ਨਾਲ ਸੀ। ਜੋ ਗੱਲ ਸਤਿ ਨਹੀਂ ਸੀ ਜਾਂ ਜੋ ਸੱਚ ਤੋਂ ਦੂਰ ਲੈ ਕੇ ਜਾਣ ਵਾਲੀ ਸੀ, ਉਹ ਉਨ੍ਹਾਂ ਲਈ ਪਰਾਈ ਤੇ ਵਿਅਰਥ ਸੀ। ਇਸ ਲਈ ਗੁਰੂ ਸਾਹਿਬ ਨੂੰ ਮੰਨਣ ਦਾ ਭਾਵ ਮੁੱਖ ਤੌਰ 'ਤੇ ਉਨ੍ਹਾਂ ਦੇ ਇਸ ਗੁਰ ਨੂੰ ਮੰਨਣਾ ਹੈ ਤੇ ਇਹੀ ਉਨ੍ਹਾਂ ਦੀ ਸਿੱਖਿਆ ਦਾ ਨਿਚੋੜ ਹੈ। ਇਸ ਨੂੰ ਕਿਸੇ ਹੋਰ ਢੰਗ ਨਾਲ ਮੰਨਣਾ ਕਰਮ ਕਾਂਡ ਤੇ ਪਖੰਡ ਹੈ।

ਅਜੋਕੇ ਸਿੱਖ ਵਿਦਵਾਨ ਜੋ ਗੁਰੂ ਸਾਹਿਬ ਦੀ ਤਾਰੀਫ ਕਰਦੇ ਲਿਖਦੇ ਹਨ ਕਿ ਉਨ੍ਹਾਂ ਨੇ ਲੋਕਾਂ ਦੀ ਬੋਲੀ ਵਿਚ ਆਮ ਲੋਕਾਂ ਨੂੰ ਆਪਣਾ ਗਿਆਨ ਦਿੱਤਾ, ਉਹ ਬੱਸ ਇਥੋਂ ਤੀਕ ਹੀ ਠੀਕ ਹਨ। ਤਹਿ ਵਿਚ ਜਾਉ ਤਾਂ ਸਿੱਟੇ ਭਿੰਨ ਨਿਕਲਦੇ ਹਨ। ਲੋਕਾਂ ਦੀ ਬੋਲੀ ਪੰਜਾਬੀ ਵਿਚ ਤਾਂ ਹਿਸਾਬ, ਵਿਗਿਆਨ ਤੇ ਅਰਥ-ਸਾਸ਼ਤਰ ਦੀਆਂ ਪੁਸਤਕਾਂ ਵੀ ਹਨ, ਪਰ ਕਿੰਨੇ ਕੁ ਆਮ ਲੋਕ ਇਨ੍ਹਾਂ ਦੇ ਮਾਹਿਰ ਹਨ, ਕਿੰਨੇ ਪੜ੍ਹਨ ਵਿਚ ਦਿਲਚਸਪੀ ਰੱਖਦੇ ਹਨ ਤੇ ਕਿੰਨੇ ਕੁ ਇਨ੍ਹਾਂ ਨੂੰ ਸਮਝ ਸਕਦੇ ਹਨ? ਅਨਪੜ੍ਹ ਤਾਂ ਚਲੋ ਪੜ੍ਹ ਨਹੀਂ ਸਕਦੇ, ਪਰ ਇਕ ਵਿਸ਼ੇ ਦੇ ਡਿਗਰੀ ਪਾਸ ਵੀ ਦੂਜੇ ਵਿਸ਼ੇ ਵਿਚ ਅਨਪੜ੍ਹ ਸਮਾਨ ਹੀ ਹੁੰਦੇ ਹਨ। ਹਰ ਵਿਸ਼ੇ ਦੀ ਆਪਣੀ ਸ਼ਬਦਾਵਲੀ ਤੇ ਆਪਣੀਆਂ ਸਬੰਧਤ ਧਾਰਨਾਵਾਂ ਹੁੰਦੀਆਂ ਹਨ, ਜੋ ਸਿੱਖੀ ਸਿਧਾਂਤ ਦੀਆਂ ਵੀ ਹਨ। ਸਰਲ ਬੋਲੀ ਜਾਂ ਮਾਂ ਬੋਲੀ ਵਿਚ ਉੱਲਥਾ ਕਰਨ ਨਾਲ ਇਹ ਸਰਲ ਨਹੀਂ ਹੋ ਜਾਂਦੀਆਂ ਤੇ ਨਾ ਹੀ ਇਨ੍ਹਾਂ ਨਾਲ ਜੁੜੇ ਵਿਚਾਰ ਸਰਲ ਹੁੰਦੇ ਹਨ। ਜੇ ਸਰਲ ਕਰ ਵੀ ਲਏ ਜਾਣ ਤਾਂ ਇਹ ਗਿਆਨ ਉਸਾਰੀ ਦੇ ਕੰਮ ਨਹੀਂ ਆ ਸਕਦੇ। ਜੇ ਸਰਲ ਰੂਪ ਵਿਚ ਇਹ ਗਿਆਨ ਵਿਚ ਰੁਕਾਵਟ ਬਣਦੇ ਸਨ ਤਾਂ ਹੀ ਇਨ੍ਹਾਂ ਨੂੰ ਸਰਬ-ਸੰਕਲਪਿਤ ਰੂਪ ਦੇਣਾ ਪਿਆ। ਇਸ ਲਈ ਜਦੋਂ ਤੀਕ ਸਿੱਖ ਜਗਿਆਸੂ ਸਿੱਖ ਮੱਤ ਨੂੰ ਰੁਚੀ ਨਾਲ ਨਾ ਸਿੱਖਣ, ਇਸ ਦਾ ਲੋਕ ਬੋਲੀ ਪੰਜਾਬੀ ਵਿਚ ਲਿਖੇ ਹੋਣਾ ਕਾਫੀ ਨਹੀਂ। ਗੁਰੂ ਸਾਹਿਬ ਦੀ ਦਰਸਾਈ ਸੇਧ ਅਨੁਸਾਰ ਸਿੱਖਣ ਤੋਂ ਬਿਨਾ ਸਿੱਖੀ ਵਿਚਾਰਾਂ ਦੀ ਸਮਝ ਪੈਣੀ ਔਖੀ ਹੈ।

ਇਸ ਲਈ ਇਹ ਜਰੂਰੀ ਨਹੀਂ ਕਿ ਹਰ ਵਿਅਕਤੀ ਹੀ ਕੁਦਰਤੀ ਤੌਰ 'ਤੇ ਸਿੱਖੀ ਨੂੰ ਸਿੱਖਣ ਵਿਚ ਰੁਚੀ ਰੱਖਦਾ ਹੋਵੇ। ਉਹ ਦੂਜੇ ਕਿਸੇ ਵੀ ਵਿਸ਼ੇ ਨੂੰ ਸਿੱਖਣ ਵਿਚ ਵਧੇਰੇ ਦਿਲਚਸਪੀ ਰੱਖਦਾ ਹੋ ਸਕਦਾ ਹੈ। ਬਹੁਤ ਸਾਰੇ ਵਿਦਿਆਰਥੀਆਂ ਨੂੰ ਗਣਿੱਤ ਤੇ ਵਿਗਿਆਨ ਦੀ ਥਾਂ ਸੰਗੀਤ ਤੇ ਸਾਹਿਤ ਪੜ੍ਹਨ ਦੀ ਵਧੇਰੇ ਚਾਹ ਹੋ ਸਕਦੀ ਹੈ। ਹਰ ਇਕ ਵਿਸ਼ੇ ਵਲ ਜਾਣ ਦੀ ਹਰ ਇਕ ਦੀ ਰੁਚੀ ਨਹੀਂ ਹੋ ਸਕਦੀ। ਫਿਰ ਇਹ ਤਵੱਕੋ ਕਿਵੇਂ ਰੱਖੀ ਜਾ ਸਕਦੀ ਹੈ ਕਿ ਵਿਗਿਆਨ ਤੇ ਦਰਸ਼ਨ ਦੇ ਉੱਚ ਸੁਮੇਲ ਵਾਲੀ ਸਿੱਖੀ ਨੂੰ ਹਰ ਵਿਅਕਤੀ ਆਸਾਨੀ ਨਾਲ ਸਿੱਖ ਸਕੇ ਤੇ ਇਸ ਨੂੰ ਸਮਝਣ ਵਿਚ ਮੁਹਾਰਤ ਕਰ ਸਕੇ। ਬਹੁਤ ਸਾਰੇ ਲੋਕ ਸਿਰਫ ਉਪਚਾਰਕ ਕਾਰਨਾਂ ਕਰ ਕੇ ਹੀ ਸਿੱਖੀ ਦਾ ਦਮ ਭਰਦੇ ਹੋ ਸਕਦੇ ਹਨ। ਇਹ ਵੀ ਉਚਿੱਤ ਗੱਲ ਨਹੀਂ ਕਿ ਆਮ ਲੋਕਾਂ ਨੂੰ ਭਰਮਾਉਣ ਲਈ ਸਿੱਖੀ ਸਿਧਾਂਤਾਂ ਨੂੰ ਪਤਲਾ (Dilute) ਤੇ ਹੱਦੋਂ ਵੱਧ ਸਰਲ ਕਰਕੇ ਅਧਿਆਤਮਵਾਦ ਦੀ ਥਾਲੀ ਵਿਚ ਪਰੋਸਿਆ ਜਾਵੇ। ਇਸ ਢੰਗ ਨਾਲ ਜਾਗਰੂਕ ਸਿੱਖਾਂ ਦੀ ਥਾਂ ਅੰਧ-ਵਿਸ਼ਵਾਸੀ ਤੇ ਕਰਮ-ਕਾਂਡੀ ਸ਼ਰਧਾਲੂ ਪੈਦਾ ਹੋਣਗੇ। ਇਹ ਵਿਧੀ ਅਨੈਤਿਕ ਤਾਂ ਹੈ ਹੀ, ਨਾਲ ਸਿੱਖ ਤੇ ਸਿੱਖੀ-ਦੋਹਾਂ ਲਈ ਹਾਨੀਕਾਰਕ ਵੀ ਹੈ।

ਇਕ ਵੱਡਾ ਸਿੱਟਾ ਉੱਭਰ ਕੇ ਇਹ ਸਾਹਮਣੇ ਆਉਂਦਾ ਹੈ ਕਿ ਸਿੱਖੀ ਵਿਚ ਰੁਚੀ ਰੱਖਣ ਵਾਲੇ ਸ਼ਰਧਾਲੂਆਂ ਲਈ ਗਣਿੱਤ ਤੇ ਵਿਗਿਆਨ ਦਾ ਅਧਿਐਨ ਬੜਾ ਜਰੂਰੀ ਹੈ। ਇਹ ਇਸ ਲਈ ਕਿ ਸਿੱਖੀ ਵੀ ਇਨ੍ਹਾਂ ਵਿਸ਼ਿਆਂ ਵਾਂਗ ਤਰਕ (Logic), ਬੁੱਧੀ (Intellect) ਤੇ ਸੰਖੇਪਤਾ ਉੱਤੇ ਆਧਾਰਿਤ ਹੈ। ਗੁਰੂ ਸਾਹਿਬ ਔਰਤਾਂ ਨਾਲ ਵਿਤਕਰੇ ਨੂੰ ਨਿਖੇਧਦੇ ਹਨ, ਕਰਮ-ਕਾਂਡਾਂ ਨੂੰ ਨਿੰਦਦੇ ਹਨ, ਸੱਚ ਦਾ ਰਾਹ ਅਪਨਾਉਣ 'ਤੇ ਜੋਰ ਦਿੰਦੇ ਹਨ, ਕਿਰਤ ਕਰਨ ਦੀ ਸਿੱਖਿਆ ਦਿੰਦੇ ਸਨ ਤੇ ਵੰਡ ਛਕਣ ਲਈ ਕਹਿੰਦੇ ਹਨ। ਇਹ ਕੋਈ ਬੇਤੁਕੀਆਂ ਤੇ ਬੇਬੁਨਿਆਦ ਗੱਲਾਂ ਨਹੀਂ, ਸਗੋਂ ਦਲੀਲਾਂ ਨਾਲ ਪਰੋਏ ਵਿਚਾਰ ਹਨ। ਇਨ੍ਹਾਂ ਦਲੀਲਾਂ ਦੀਆਂ ਤਾਰਾਂ ਉਸੇ ਅਗਾਂਹਵਧੂ ਤਰਕ-ਬੁੱਧੀ ਨਾਲ ਜੁੜੀਆਂ ਹੋਈਆਂ ਹਨ, ਜੋ ਗਣਿੱਤ ਤੇ ਵਿਗਿਆਨ ਦੇ ਸੂਤਰਾਂ ਵਿਚ ਮਿਲਦੀ ਹੈ। ਸਿੱਖੀ ਦੇ ਸਭ ਸੰਕਲਪ ਤਰਕ, ਬੁੱਧੀ ਤੇ ਨਿਰਪੇਖ ਨਦਰ ਤੇ ਉੱਸਰੇ ਹੋਏ ਹਨ ਅਤੇ ਇਨ੍ਹਾਂ ਰਾਹੀਂ ਹੀ ਇਨ੍ਹਾਂ ਦਾ ਸਹੀ ਸਹੀ ਸਪਸ਼ਟੀਕਰਣ ਕੀਤਾ ਜਾ ਸਕਦਾ ਹੈ।

ਮਿਸਾਲ ਵਜੋਂ ਜਦੋਂ ਗੁਰੂ ਸਾਹਿਬ "ਬੂਝੈ" ਸ਼ਬਦ ਵਰਤਦੇ ਹਨ ਤਾਂ ਉਨ੍ਹਾਂ ਦਾ ਭਾਵ ਖੋਜ ਤੋਂ ਹੈ। ਖੋਜ ਵਿਚ ਸਰਵੇਖਣ ਕਰਨਾ, ਅਕਲ ਦੌੜਾਉਣਾ, ਪ੍ਰਮਾਣ ਇੱਕਠੇ ਕਰਨਾ, ਅਨੁਭਵ ਵਰਤਣਾ ਤੇ ਪਰਿਖਣ ਕਰਨਾ ਸ਼ਾਮਲ ਹਨ। ਇਹ ਬਾਹਰਮੁਖੀ ਕ੍ਰਿਆ ਹੈ, ਜੋ ਦੂਜੇ ਜਗਿਆਸੂਆਂ ਨੂੰ ਸਮਝਾਈ ਜਾ ਸਕਦੀ ਹੈ; ਪਰ ਆਮ ਸ਼ਰਧਾਲੂ ਇਸ ਨੂੰ ਬੁਝਾਰਤ ਬੁੱਝਣ ਵਾਂਗ ਅੰਦਾਜ਼ਾ ਲਾਉਣ ਵਾਲੀ ਅੰਤਰਮੁਖੀ ਕ੍ਰਿਆ ਸਮਝ ਕੇ ਪੂਜਾ ਪਾਠ ਦੇ ਰਸਤੇ ਹੱਲ ਕਰਨਾ ਸਮਝ ਲੈਂਦੇ ਹਨ। ਇਸੇ ਤਰ੍ਹਾਂ ਹੀ ਸ਼ਬਦ "ਧਿਆਉਣ" ਦਾ ਅਰਥ ਧਿਆਨ ਲਾਉਣਾ ਅਰਥਾਤ ਦਿਮਾਗ ਵਰਤਣਾ ਹੈ, ਪਰ ਗਣਿੱਤ-ਵਿਗਿਆਨ ਦੀ ਸਮਝ ਤੋਂ ਕੋਰੇ ਸ਼ਰਧਾਲੂ ਇਸ ਨੂੰ ਵੀ ਪੂਜਾ ਪਾਠ ਜਾਂ ਸ਼ਾਂਤ ਸਮਾਧੀ ਹੀ ਮੰਨੀ ਜਾਂਦੇ ਹਨ। ਇਸ ਲਈ ਵਿਗਿਆਨਕ ਵਿਸ਼ਿਆ ਦੀ ਸਿੱਖਿਆ ਹਰ ਸਿੱਖ ਲਈ ਅਤਿ ਜਰੂਰੀ ਹੈ। ਇਸ ਮੰਤਵ ਲਈ ਸਿੱਖ ਵਿਦਵਾਨ, ਗ੍ਰੰਥੀ, ਪ੍ਰਚਾਰਕ ਤੇ ਪ੍ਰਬੰਧਕ ਵੀ ਗਣਿੱਤ ਤੇ ਵਿਗਿਆਨ ਦੀ ਜਾਣਕਾਰੀ ਰੱਖਦੇ ਹੋਣੇ ਚਾਹੀਦੇ ਹਨ। ਚੰਗਾ ਹੋਵੇ ਜੇ ਅਜਿਹੇ ਗਿਆਨ ਤੋਂ ਵਿਜੋਗਿਆ ਵਿਅਕਤੀ ਆਪ ਹੀ ਗ੍ਰੰਥੀ, ਪ੍ਰਚਾਰਕ ਤੇ ਪ੍ਰਬੰਧਕ ਬਣਨਾ ਸਵੀਕਾਰ ਨਾ ਕਰੇ।

ਜਪੁਜੀ ਅਨੁਸਾਰ ਸਹੀ ਗੱਲ ਇਹ ਹੈ ਕਿ ਸਭ ਸਿੱਖ ਗਣਿੱਤ ਤੇ ਵਿਗਿਆਨ ਨੂੰ ਪੜ੍ਹਾਈ ਲਿਖਾਈ ਵਿਚ ਉਹੀ ਮਹੱਤਵ ਦੇਣ, ਜੋ ਉਹ ਮਾਂ ਬੋਲੀ ਪੰਜਾਬੀ ਨੂੰ ਦਿੰਦੇ ਹਨ। ਸਭ ਵਿਅਕਤੀ ਸਕੂਲ-ਕਾਲਜ ਵਿਚ ਆਪਣੀ ਆਮ ਸਿੱਖਿਆ ਹਾਸਲ ਕਰਨ ਤੇ ਫਿਰ ਜਿਹੜੇ ਸ਼ੌਕ ਰੱਖਦੇ ਹੋਣ, ਉਹ ਭਾਈ ਲਹਿਣਾ ਵਾਂਗ ਸਿੱਖੀ ਦੇ ਅਧਿਐਨ ਵਿਚ ਜੁਟ ਜਾਣ। ਜੇ ਉਨ੍ਹਾਂ ਦੇ ਮਨ ਵਿਚ ਬਚਪਨ ਵਿਚ ਗ੍ਰਹਿਣ ਕੀਤੇ ਕੋਈ ਗੈਰ ਵਿਗਿਆਨਕ, ਪੱਖਪਾਤੀ ਤੇ ਕਰਮ-ਕਾਂਡੀ ਵਿਚਾਰ ਹੋਣ, ਤਾਂ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੇ ਸਨਮੁੱਖ ਉਨ੍ਹਾਂ ਦਾ ਤੁਰੰਤ ਨਿਖੇਧ ਕਰਨ। ਉਹ ਆਪ ਅਗਾਂਹ ਲਈ ਇਹ ਸਮਝਣ ਤੇ ਦੂਜਿਆਂ ਨੂੰ ਦੱਸਣ ਕਿ ਅਜਿਹੇ ਵਿਚਾਰ ਮਾਸੂਮਾਂ ਦੇ ਮਨਾਂ ਵਿਚ ਭਰਨਾ ਉਨ੍ਹਾਂ ਨਾਲ ਵਿਸਾਹਘਾਤ ਕਰਨ ਦੇ ਬਰਾਬਰ ਹੈ।

ਗੁਰੂ ਨਾਨਕ ਦੇ ਜਨੇਊ ਸਵੀਕਾਰ ਨਾ ਕਰਨ ਵਾਂਗ ਹਰ ਬਾਲ ਦਾ ਜਮਾਂਦਰੂ ਹੱਕ ਹੈ ਕਿ ਉਸ ਦਾ ਬਚਪਨ ਨਿਰੋਲ ਸੱਚ ਤੋਂ ਬਿਨਾ ਸਭ ਵਿਚਾਰਧਾਰਕ ਪ੍ਰਭਾਵਾਂ ਤੋਂ ਮਹਿਫੂਜ਼ ਰਹੇ। ਯੂਨਾਨੀ ਵਿਦਵਾਨ ਪਲੈਟੋ ਨੇ ਵੀ ਆਪਣੀ ਸਿੱਖਿਆ ਸਬੰਧੀ ਵਿਚਾਰਾਂ ਵਿਚ ਇਹੀ ਕਿਹਾ ਹੈ ਕਿ ਮਨੁੱਖ ਦੀ ਸਿੱਖਿਆ ਹਮੇਸ਼ਾ ਸੱਚ ਨੂੰ ਸਾਹਮਣੇ ਰੱਖ ਕੇ ਹੋਣੀ ਚਾਹੀਦੀ ਹੈ, ਵੱਡਿਆਂ ਦੀ ਤਥਾਤਮਿਕ ਸੱਚ ਨੂੰ ਤੇ ਛੋਟਿਆਂ ਦੀ ਸਿਧਾਂਤਕ ਸੱਚ ਨੂੰ। ਚਾਹੇ ਅਜੋਕੇ ਸਿੱਖ ਵਿਦਵਾਨ ਇਸ ਸੁਝਾਅ ਨੂੰ ਵਿਰਸਾ ਵਿਸਾਰਨ ਵਾਲਾ ਹੀ ਸਮਝਣ, ਪਰ ਅਸਲ ਸਿੱਖੀ ਵਿਰਸਾ ਵਿਗਿਆਨ ਤੋਂ ਬੇਮੁਖ ਹੋਣਾ ਨਹੀਂ, ਸਗੋਂ ਭਰਮ-ਭੁਲੇਖਿਆਂ ਤੋਂ ਦੂਰ ਰਹਿਣਾ ਹੈ।

ਜਪੁਜੀ ਦਾ ਅਧਿਐਨ ਇਹ ਭਰਮ ਤੋੜਦਾ ਹੈ ਕਿ ਗੁਰੂ ਨਾਨਕ ਸਭ ਕੁਝ ਜਾਣਦੇ ਸਨ। ਜੋ ਲੋਕ ਇਹ ਭੁਲੇਖਾ ਪਾਲਦੇ ਹਨ, ਉਹ ਬਹੁਤ ਹੱਦ ਤੀਕ ਠੀਕ ਹਨ ਤੇ ਬਹੁਤ ਹੱਦ ਤੀਕ ਠੀਕ ਨਹੀਂ ਵੀ ਹਨ। ਗੁਰੂ ਸਾਹਿਬ ਇਹ ਜਾਣਦੇ ਸਨ ਕਿ ਮਨੁੱਖਤਾ ਦਾ ਮਨੋਰਥ ਪਰਮ-ਸਤਿ ਨੂੰ ਜਾਣਨਾ ਹੈ। ਉਨ੍ਹਾਂ ਨੂੰ ਪਰਮ-ਸਤਿ ਦੀਆਂ ਕੁਝ ਇਕ ਵਿਸ਼ੇਸ਼ਤਾਈਆਂ ਦਾ ਵੀ ਪਤਾ ਸੀ ਤੇ ਬਾਕੀਆਂ ਨੂੰ ਪ੍ਰਾਪਤ ਕਰਨ ਦੀ ਵਿਧੀ ਪਤਾ ਸੀ, ਪਰ ਉਨ੍ਹਾਂ ਦੀ ਸਭ ਤੋਂ ਮਹਾਨ ਗੱਲ ਇਹ ਸੀ ਕਿ ਉਹ ਪ੍ਰਕਿਰਤੀ ਦੇ ਸਾਰੇ ਨਿਯਮਾਂ ਨੂੰ ਜਾਣਨਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਸਾਰਾ ਗਿਆਨ ਹਾਸਲ ਕਰ ਕੇ ਪਰਮ-ਸਤਿ ਦੀ ਛਵੀ ਦੀ ਅਸਲ ਰੂਪ ਰੇਖਾ ਸਾਹਮਣੇ ਆਵੇ ਤੇ ਇਸ ਦੇ ਹੁਕਮਾਂ ਦੇ ਗਿਆਨ ਦਾ ਲਾਭ ਮਨੁੱਖਤਾ ਨੂੰ ਮਿਲੇ। ਇਸ ਲਈ ਉਨ੍ਹਾਂ ਦੇ ਗਿਆਨ ਸਬੰਧੀ ਵਿਚਾਰਾਂ ਨੂੰ ਇਕ ਸਰਬ ਗਿਆਤਾ ਪੈਗੰਬਰ ਦੇ ਇਲਹਾਮ ਦੇ ਰੂਪ ਵਿਚ ਨਹੀਂ, ਸਗੋਂ ਇਕ ਸੱਚ ਦੀ ਖੋਜ ਵਿਚ ਰੁਝੇ ਵਿਗਿਆਨੀ ਦੇ ਤਪਸਰਿਆਂ ਦੇ ਰੂਪ ਵਿਚ ਲਿਆ ਜਾਣਾ ਚਾਹੀਦਾ ਹੈ। ਵਿਗਿਆਨ ਪੈਗੰਬਰੀ ਗਿਆਨ ਨੂੰ ਝੁਠਲਾ ਸਕਦਾ ਹੈ, ਪਰ ਗੁਰੂ ਸਾਹਿਬ ਦੇ ਸਿੱਖੀ ਸਿਧਾਂਤ ਨੂੰ ਨਹੀਂ। ਕਾਰਨ ਇਹ ਕਿ ਗੁਰੂ ਸਾਹਿਬ ਉਸ ਮੁੱਖ ਉਦੇਸ ਨੂੰ ਸੰਕਲਪ ਰੂਪ ਵਿਚ ਜਾਣਦੇ ਸਨ, ਜਿਸ ਦੀ ਵਿਗਿਆਨ ਹਾਲੇ ਭੂਮਿਕਾ ਤਿਆਰ ਕਰ ਰਿਹਾ ਹੈ।

ਇਹ ਗੱਲ ਸਿੱਖੀ ਨੂੰ ਵਿਗਿਆਨ ਦੇ ਸਮਾਨੰਤਰ ਰੱਖਦੀ ਹੈ ਤੇ ਇਕ ਤਰ੍ਹਾਂ ਇਸ ਤੋਂ ਅੱਗੇ ਵੀ ਲੈ ਜਾਂਦੀ ਹੈ। ਅੱਗੇ ਇਸ ਲਈ ਕਿ ਜਿਨ੍ਹਾਂ ਕੂੜ ਸੰਕਲਪਾਂ ਨੂੰ ਗੁਰੂ ਸਾਹਿਬ ਨੇ 15ਵੀਂ ਸਦੀ ਵਿਚ ਨਕਾਰਿਆ, ਵਿਗਿਆਨ ਨੇ ਉਨ੍ਹਾਂ ਨੂੰ ਬਾਅਦ ਵਿਚ ਹੌਲੀ ਹੌਲੀ ਨਕਾਰਿਆ। ਜੋ ਖੋਜ ਵਿਧੀ ਗੁਰੂ ਸਾਹਿਬ ਨੇ 16ਵੀਂ ਸਦੀ ਵਿਚ ਨਿਰਧਾਰਤ ਕੀਤੀ, ਉਹ ਵਿਗਿਆਨ ਨੇ ਬੜੀ ਬਾਅਦ ਵਿਚ ਅਪਨਾਈ। ਖੋਜ-ਉਦੇਸ਼ ਦੀ, ਜੋ ਰੂਪ ਰੇਖਾ ਜਪੁਜੀ ਵਿਚ ਮੱਧ ਕਾਲ ਦੀ ਦਿੱਤੀ ਹੋਈ ਹੈ, ਵਿਗਿਆਨ ਨੇ ਉਹ 20ਵੀਂ ਸਦੀ ਵਿਚ ਆ ਕੇ ਪਾਈ ਹੈ। ਇਸੇ ਤਰ੍ਹਾਂ ਜੋ ਹੋਰ ਪੂਰਨੇ ਗੁਰੂ ਸਾਹਿਬ ਨੇ ਪਹਿਲਾਂ ਦੇ ਪਾਏ ਹੋਏ ਹਨ, ਵਿਗਿਆਨ ਉਨ੍ਹਾਂ ਨੂੰ ਹੁਣ ਚੱਲ ਕੇ ਸਾਕਾਰ ਕਰ ਰਿਹਾ ਹੈ। ਸਮਾਨੰਤਰ ਇਸ ਲਈ ਕਿ ਜਿਵੇਂ ਜਿਵੇਂ ਵਿਗਿਆਨ ਵਿਚ ਵਾਧਾ ਹੋ ਰਿਹਾ ਹੈ, ਤਿਵੇਂ ਤਿਵੇਂ ਹੀ ਗੁਰੂ ਸਾਹਿਬ ਦੀਆਂ ਉੱਕਤੀਆਂ ਪ੍ਰਮਾਣਿਤ ਹੋ ਰਹੀਆਂ ਹਨ।

ਇੰਜ ਲਗਦਾ ਹੈ ਕਿ ਜੋ ਕੁਝ ਗੁਰੂ ਸਾਹਿਬ ਆਪਣੀ ਸਮਝ ਤੇ ਅਨੁਭਵ ਅਨੁਸਾਰ ਘੜ੍ਹ ਕੇ ਰੱਖ ਗਏ, ਵਿਗਿਆਨ ਉਸ ਨੂੰ ਪਰਖ ਕੇ ਪੱਕਾ ਕਰ ਰਿਹਾ ਹੈ। ਮਿਸਾਲ ਵਜੋਂ ਗੁਰੂ ਸਾਹਿਬ ਨੇ ਨਾਮਕਰਣ ਦੀ ਮਹਿਮਾ 16ਵੀਂ ਸਦੀ ਵਿਚ ਦੱਸ ਦਿੱਤੀ ਸੀ, ਜਦੋਂ ਉਨ੍ਹਾਂ ਨੇ ਪਰਮ-ਸਤਿ ਦਾ ਸੱਚਾ ਨਾਮ ਜਾਣਨ 'ਤੇ ਜੋਰ ਦਿੱਤਾ ਸੀ। ਇਕ ਤਰ੍ਹਾਂ ਨਾਲ ਉਨ੍ਹਾਂ ਨੇ ਦੁਨੀਆਂ ਦੇ ਰੱਖੇ ਕੱਚੇ ਨਾਂਵਾਂ ਨੂੰ ਵਿਅਰਥ ਸਮਝ ਕੇ ਗੁਣ-ਵਡਿਆਈਆਂ ਆਧਾਰਤ ਪੱਕਾ ਨਾਮ ਢੂੰਡਣ ਦੀ ਗੱਲ ਕੀਤੀ। ਵਿਗਿਆਨ ਵਿਚ ਵੀ ਨਾਮ ਦੀ ਬੜੀ ਮਹੱਤਤਾ ਹੈ। ਐਟਮ, ਇਲੈਕਟ੍ਰਾਨ, ਤਾਰੇ, ਸਿਤਾਰੇ, ਆਕਾਸ਼-ਗੰਗਾਵਾਂ, ਆਕਾਸ਼ ਦੇ ਖੰਡਾਂ (Regions) ਦੇ ਖਾਸ ਨਾਮ ਰੱਖੇ ਹੋਏ ਹਨ। ਚੰਦਰਮਾ, ਮੰਗਲ ਗ੍ਰਹਿ ਆਦਿ ਦੇ ਖੇਤਰਾਂ ਦੇ ਵੀ ਨਾਮ ਹਨ। ਨਾਮ ਤੋਂ ਬਿਨਾ ਗਿਆਨ ਤੇ ਵਿਗਿਆਨ ਅੱਗੇ ਨਹੀਂ ਚਲਦੇ। ਇੱਥੇ ਅਗਿਆਤ ਰੇਡੀਆਈ ਕਿਰਨ ਐਕਸਰੇ ਦਾ ਵੀ ਨਾਮ ਰੱਖਣਾ ਪਿਆ ਹੈ। ਫਿਰ ਸਭ ਤੋਂ ਪਾਰਲੇ ਤੱਤ ਪਰਮ-ਤੱਤ ਦਾ ਅਸਲ ਨਾਮ ਲੱਭਣਾ ਤਾਂ ਅਤਿ-ਮਹੱਤਵਪੂਰਨ ਬਣਦਾ ਹੀ ਹੈ; ਪਰ ਨਾਮ ਦੇਣ ਤੋਂ ਪਹਿਲਾਂ ਨਾਮ ਵਾਲੇ ਦਾ ਪਤਾ ਵੀ ਹੋਣਾ ਚਾਹੀਦਾ ਹੈ। ਇਸ ਲਈ ਉਸ ਦੀ ਭਾਲ ਉਸ ਦੇ ਨਾਮ ਤੋਂ ਵੀ ਪਹਿਲਾਂ ਜਰੂਰੂ ਹੈ।

ਇਸ ਲਈ ਜਪੁਜੀ ਦੀ ਬਾਣੀ ਜਿਸ ਮੰਤਵ ਨੂੰ ਲੈ ਕੇ ਚਲਦੀ ਹੈ, ਉਹ ਸਤਿ ਨਾਮ ਦੀ ਖੋਜ ਹੈ। ਭਾਲ ਉਸ ਦੇ ਸੱਚੇ ਨਾਮ ਦੀ ਕਰਨੀ ਹੈ, ਜੋ ਬ੍ਰਹਿਮੰਡ ਦਾ ਚਾਲਕ ਹੈ। ਉਸ ਦੇ ਅਸਲ ਨਾਮ ਦੀ ਭਾਲ ਇਸ ਲਈ ਕਰਨੀ ਹੈ ਕਿ ਉਸ ਨੂੰ ਜਾਣਨਾ ਹੈ। ਸਹੀ ਨਾਮ ਉਸ ਦੀਆਂ ਵਡਿਆਈਆਂ ਅਨੁਸਾਰ ਹੋਵੇਗਾ। ਉਸ ਦੇ ਗੁਣ ਵਡਿਆਈਆਂ ਦੀ ਭਾਲ ਅੰਤ ਵਿਚ ਉਸ ਦੇ ਆਪਣੇ ਵਜੂਦ ਦੀ ਭਾਲ ਹੈ। ਇਸ ਲਈ ਸਤਿ ਨਾਮ ਦੀ ਖੋਜ ਸਿਰਫ ਨਾਮ ਦੀ ਖੋਜ ਨਹੀਂ, ਸਗੋਂ ਸਰਬ-ਪ੍ਰਥਮ ਸੱਚੇ ਨਾਮ ਦੇ ਧਾਰਕ ਦੀ ਖੋਜ ਹੈ। ਵੱਖ ਵੱਖ ਵਡਿਆਈਆਂ ਦੀ ਖੋਜ ਵਿਗਿਆਨ ਦੇ ਵੱਖ ਵੱਖ ਵਿਸ਼ਿਆਂ ਰਾਹੀ ਹੁੰਦੀ ਹੈ। ਇਸ ਲਈ ਇਹ ਖੋਜ ਵਿਗਿਆਨਕ ਵਿਧੀ ਰਾਹੀਂ ਕਰਨੀ ਹੈ ਤਾਂ ਜੋ ਸਤਿ ਨੂੰ ਅਸਤਿ ਤੋਂ ਨਿਖੇੜਿਆ ਜਾਵੇ। ਇਹ ਖੋਜ ਸਿੱਧੀ, ਜ਼ਿੱਦੀ ਤੇ ਕਰਮ-ਕਾਂਡੀ ਕਿਸਮ ਦੀ ਨਹੀਂ, ਸਗੋਂ ਸਹਿਜ, ਨਿਰਲੇਪਤਾ ਤੇ ਸਮਝਦਾਰੀ ਦੀ ਵਰਤੋਂ ਵਾਲੀ ਹੈ। ਸਤਿ ਨਾਮ ਦੀ ਇਹ ਖੋਜ ਪੂਜਾ ਪਾਠ, ਆਰਤੀਆਂ, ਯੱਗਾਂ, ਹਵਨਾਂ ਤੇ ਮਾਲਾ ਦੇ ਗੇੜਿਆਂ ਰਾਹੀਂ ਜਿਹਬਾ-ਰਟਨ ਜਿਹੀ ਨਹੀਂ ਤੇ ਨਾ ਹੀ ਕਿਸੇ ਗਵਾਚੇ ਨੂੰ ਭਾਲਣ ਵਾਲੀ ਹੈ। ਇਹ ਅਕਲ, ਧਿਆਨ, ਅਨੁਭਵ, ਦਲੀਲ ਤੇ ਪ੍ਰਮਾਣ ਰਾਹੀਂ, ਅਰਥਾਤ ਵਿਗਿਆਨਕ ਤਰਕੀਬ ਰਾਹੀਂ, ਸਾਹਮਣੇ ਪਈ ਅਦਿੱਖ ਵਸਤੂ ਨੂੰ ਦੇਖਣ ਵਾਲੀ ਹੈ।

ਇਹ ਗੱਲ ਜਪੁਜੀ ਦੀਆਂ ਮੁਢਲੀਆਂ ਕੁਝ ਪੰਕਤੀਆਂ ਵਿਚ ਹੀ ਸਮਝਾਈ ਗਈ ਹੈ ਕਿ ਜਿਸ ਪੱਧਰ 'ਤੇ ਪਰਮ-ਸਤਿ ਦੀ ਹੋਂਦ ਹੈ, ਉਸ ਉਤੇ ਉਸ ਦੀ ਪੂਜਾ ਹੋ ਹੀ ਨਹੀਂ ਸਕਦੀ। ਉਹ ਅਜੂਨੀ, ਸੈਭੰ ਤੇ ਅਕਾਲ ਮੂਰਤਿ ਹੈ। ਉਹ ਨਾ ਮਨੁੱਖ ਰੂਪ, ਨਾ ਜੀਵ ਰੂਪ, ਨਾ ਦਿਖਣਯੋਗ ਤੇ ਨਾ ਛੂਹਣਯੋਗ ਹੈ। ਉਸ ਨੂੰ ਪੂਜਾ ਕਰਨ ਦੀ ਗੱਲ ਕੋਈ ਸੋਚੇਗਾ ਕਿਉਂ ਤੇ ਪੂਜਾ ਕਰ ਕੇ ਕੋਈ ਕਰੇਗਾ ਕੀ? ਭਗਤਜਨ ਪੂਜਾ ਕਰਦੇ ਹਨ ਉਸ ਨੂੰ ਮਿਲਣ ਲਈ, ਮੁਕਤੀ ਲਈ ਤੇ ਮੁਰਾਦਾਂ ਲਈ; ਪਰ ਜਪੁਜੀ ਅਨੁਸਾਰ ਉਹ ਉਦਾਸੀਨ ਹੈ। ਨਾ ਉਹ ਪੱਖਪਾਤ ਕਰਦਾ ਹੈ, ਨਾ ਤਰਸ ਕਰਦਾ ਹੈ; ਨਾ ਭਲਾ ਕਰਦਾ ਹੈ ਤੇ ਨਾ ਬੁਰਾ ਕਰਦਾ ਹੈ। ਨਾ ਉਹ ਮੁਰਾਦਾਂ ਦੇ ਸਕਦਾ ਹੈ, ਨਾ ਮੁਕਤੀ। ਉਹ ਕਿਸੇ ਦੇ ਕਹੇ ਕੁਝ ਨਹੀਂ ਕਰਦਾ। ਕਰਦਾ ਉਹ ਸਭ ਕੁਝ ਆਪ ਹੀ ਹੈ, ਪਰ ਮਰਜ਼ੀ ਨਾਲ ਕੁਝ ਨਹੀਂ ਕਰਦਾ। ਉਹ ਹਰ ਚੀਜ਼ ਆਪਣੇ ਨਿਯਮਾਂ ਅਨੁਸਾਰ ਕਰਦਾ ਹੈ। ਉਹ ਸਿਰਫ ਖੋਜ ਤੇ ਵਿਚਾਰ ਦਾ ਵਿਸ਼ਾ ਹੈ, ਕਿਉਂਕਿ ਉਹ ਦਿਸਦਾ ਨਹੀਂ। ਅਣਦਿਸਦਾ ਉਹ ਇਸ ਕਰਕੇ ਨਹੀਂ ਕਿ ਉਹ ਛੁਪ ਕੇ ਰਹਿੰਦਾ ਹੈ, ਸਗੋਂ ਇਸ ਲਈ ਕਿ ਉਸ ਨੂੰ ਦੇਖਣ ਵਾਲੀਆਂ ਅੱਖਾਂ ਕਿਸੇ ਕੋਲ ਨਹੀਂ। ਉਹ ਇੰਨਾ ਛੋਟਾ ਹੈ ਕਿ ਕੋਲ ਪਿਆ ਵੀ ਹਜ਼ਾਰਾਂ ਕੋਹ ਦੂਰ ਪਈ ਵਸਤ ਵਾਂਗ ਲੱਗੇ। ਇਕ ਹਜ਼ਾਰ ਮੀਲ ਦੂਰ ਪਏ ਰੇਤ ਦੇ ਕਿਣਕੇ ਨੂੰ ਦੇਖਣ ਵਾਲੀ ਨਿਗਾਹ ਜਿਸ ਕੋਲ ਹੋਵੇ, ਉਹ ਉਸ ਨੂੰ ਦੇਖੇ। ਇਸ ਲਈ ਮੌਜੂਦਾ ਅੱਖਾਂ ਨਾਲ ਉਸ ਦੇ ਦਰਸ਼ਨ ਅਸੰਭਵ ਹਨ। ਭਾਵੇਂ ਮਨੁੱਖ ਕੋਲ ਇੰਨੀ ਬਾਰੀਕ ਨਜ਼ਰ ਨਹੀਂ, ਜੋ ਉਸ ਨੂੰ ਦੇਖ ਸਕੇ, ਪਰ ਇੰਨਾ ਬਾਰੀਕ ਦਿਮਾਗ ਜਰੂਰ ਹੈ, ਜੋ ਉਸ ਦੇ ਵਜੂਦ ਤੇ ਕ੍ਰਿਆਵਾਂ ਨੂੰ ਤਿਰਛੇ ਢੰਗ ਦਲੀਲਾਂ ਨਾਲ ਸਮਝ ਸਕੇ।

ਸ਼ਾਇਦ ਇਸੇ ਨੂੰ ਕਈ ਲੋਕ ਮਨ ਦੀਆਂ ਅੱਖਾਂ ਨਾਲ ਦਰਸ਼ਨ ਕਰਨਾ ਕਹਿੰਦੇ ਹਨ, ਪਰ ਮਨ ਤਾਂ ਦਿਮਾਗ ਦੀ ਖੇਡ ਹੈ ਤੇ ਦਿਮਾਗ ਦੀਆਂ ਅੱਖਾਂ ਤਰਕ ਤੇ ਵਿਵੇਕ ਹਨ। ਇਨ੍ਹਾਂ ਦੀ ਵਰਤੋਂ ਨਾਲ ਨਿੱਕੀ ਤੋਂ ਨਿੱਕੀ ਚੀਜ਼ ਲੱਭੀ ਜਾ ਸਕਦੀ ਹੈ। ਇਸੇ ਲਈ ਐਟਮ ਤੇ ਇਸ ਦੇ ਅੰਦਰਲੇ ਮਹੀਨ ਕਣ ਭਾਵੇਂ ਕਿਸੇ ਵੱਡੀ ਤੋਂ ਵੱਡੀ ਖੁਰਦਬੀਨ ਨਾਲ ਨਹੀਂ ਦਿਸਦੇ, ਪਰ ਵਿਗਿਆਨਕ ਤੇ ਗਣਿੱਤੀ ਸੰਕਲਪਾਂ ਸਹਾਰੇ ਮਨੁੱਖ ਨੂੰ ਇਨ੍ਹਾਂ ਦੀ ਵਿਸਤ੍ਰਿਤ ਜਾਣਕਾਰੀ ਹੈ। ਤਾਂ ਵੀ ਐਟਮ ਤੇ ਇਲੈਕਟ੍ਰਾਨ ਪੂਜਾ ਦਾ ਵਿਸ਼ਾ ਨਹੀਂ, ਜਾਣਕਾਰੀ ਦਾ ਵਿਸ਼ਾ ਹਨ। ਇਨ੍ਹਾਂ ਤੋਂ ਵੀ ਛੋਟੇ ਆਕਾਰ ਦਾ ਪਰਮ-ਸਤਿ ਤਾਂ ਕਿਸੇ ਲਿਹਾਜ਼ ਵੀ ਪੂਜਿਆ ਨਹੀਂ ਜਾ ਸਕਦਾ। ਗੁਣਾਤਮਕ ਤੌਰ 'ਤੇ ਵੀ ਪਰਮ-ਸਤਿ ਪਦਾਰਥ ਦੇ ਦੂਜੇ ਪੱਧਰ 'ਤੇ ਹੈ। ਉੱਥੇ ਪ੍ਰਤੱਖ ਮਾਯਾਵੀ ਸੰਸਾਰ ਦੀਆਂ ਗਿਣਤੀਆਂ-ਮਿਣਤੀਆਂ (Parameters) ਲਾਗੂ ਨਹੀਂ ਹੁੰਦੀਆਂ। ਜਿਵੇਂ ਬਰਫ ਨੂੰ ਪੀਣਾ ਤੇ ਭਾਪ ਉੱਤੇ ਜਹਾਜਰਾਨੀ ਕਰਨਾ ਅਰਥ-ਭਰਪੂਰ ਪ੍ਰਯੋਜਨ ਨਹੀਂ ਹੋ ਸਕਦੇ, ਤਿਵੇਂ ਹੀ ਪਰਮ-ਸਤਿ ਨੂੰ ਪੂਜਣ ਦੀ ਪ੍ਰੇਰਣਾ ਦੇ ਵੀ ਅਰਥਹੀਣ ਸੁਝਾਅ ਹੈ।

ਇਸ ਲਈ ਜਪੁਜੀ ਦਾ ਇਕ ਅਹਿਮ ਸਿੱਟਾ ਇਹ ਨਿਕਲਦਾ ਹੈ ਕਿ ਸਿੱਖੀ ਕੋਈ ਧਰਮ ਨਹੀਂ, ਇਹ ਜੀਵਨ ਜਿਉਣ ਦੀ ਵਿਗਿਆਨਕ ਜਾਚ ਹੈ। ਇਸ ਵਿਚ ਖੋਜ ਹੈ, ਵਿਧੀ ਹੈ ਤੇ ਸੱਚ ਹੈ। ਇਸ ਵਿਚ ਪ੍ਰਮੇਸ਼ਰ ਨਹੀਂ, ਪੂਜਾ ਨਹੀਂ, ਤੇ ਕਰਮ-ਕਾਂਡ ਨਹੀਂ। ਜੇ ਕੋਈ ਪਰਮੇਸ਼ਰ, ਪੂਜਾ ਤੇ ਕਰਮ-ਕਾਂਡ ਦਿਖਾਈ ਦਿੰਦੇ ਹਨ, ਉਹ ਗੁਰੂ ਸਾਹਿਬ ਵਲੋਂ ਨਹੀਂ ਆਏ, ਸਗੋਂ ਉਨ੍ਹਾਂ ਦੇ ਸ਼ਰਧਾਲੂਆਂ ਦੇ ਬ੍ਰਾਹਮਣਵਾਦੀ ਦਿਮਾਗੀ ਜੁਗਾੜ ਕਰ ਕੇ ਆਏ ਹਨ। ਸਦੀਆਂ ਦੇ ਕਰਮ-ਕਾਂਡੀ ਰੁਝਾਨ ਨੇ ਉਨ੍ਹਾਂ ਦਾ ਅਧਿਆਤਮਵਾਦੀ ਸੋਚ ਨੂੰ ਤਿਆਗਣਾ ਮੁਸ਼ਕਿਲ ਕਰ ਦਿੱਤਾ ਹੋਇਆ ਹੈ। ਗੁਰੂ ਸਾਹਿਬ ਦੀ ਵਿਗਿਆਨਕ ਸਿੱਖਿਆ ਨੂੰ ਉਨ੍ਹਾਂ ਨੇ ਆਪਣੀ ਚਲਦੀ ਵਿਚਾਰਧਾਰਾਤਮਕ ਰੌਂ ਵਿਚ ਰਲਗੱਡ ਕਰ ਲਿਆ। ਹੁਣ ਜਦੋਂ ਉਹ ਆਪਣਾ ਸਿੱਖੀ ਦਾ ਵਿਗਿਆਨਕ ਵਿਰਸਾ ਭੁੱਲ-ਵਿਸਰ ਗਏ ਹਨ ਤਾਂ ਉਨ੍ਹਾਂ ਨੂੰ ਡਰ ਲਗਦਾ ਹੈ ਕਿ ਉਨ੍ਹਾਂ ਦੇ "ਧਰਮ" ਨੂੰ ਹਿੰਦੂ ਧਰਮ ਨਿਗਲ ਜਾਵੇਗਾ। ਅਜਿਹਾ ਖਦਸ਼ਾ ਸਿੱਖ ਬੁੱਧੀਜੀਵੀ ਕਈ ਵਾਰ ਕਰ ਚੁਕੇ ਹਨ ਤੇ ਕਰਦੇ ਹੀ ਰਹਿੰਦੇ ਹਨ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਇਕ ਪਾਸੇ ਸਮਾਜ ਵਿਚ ਸੰਪਰਦਾਇਕ ਖਿੱਚੋਤਾਣ ਦਾ ਮਾਹੌਲ ਬਣਦਾ, ਜੋ ਮਨੁੱਖਤਾ ਵਿਰੋਧੀ ਹੈ।

ਦੂਜੇ ਪਾਸੇ ਸ਼ਰਧਾਲੂਆਂ ਦੀ ਸਿੱਖੀ ਸਿਧਾਂਤ ਦੁਆਲੇ ਨਹੀਂ, "ਸਿੱਖ ਧਰਮ" ਬਾਰੇ ਨਿਸ਼ਚਾ ਪੱਕੀ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸੱਚ ਦੀ ਖੋਜ ਛੱਡ ਕੇ ਸ਼ਰਧਾਲੂਆਂ ਦਾ ਪੂਰਾ ਜੋਰ ਸਿੱਖੀ ਵਿਚਾਰਧਾਰਾ ਨੂੰ ਇਕ "ਵੱਖਰਾ ਧਰਮ" ਮੰਨਵਾਉਣ 'ਤੇ ਲੱਗਿਆ ਹੋਇਆ ਹੈ। ਪਰ ਜੇ ਉਹ ਆਪ ਹੀ ਸਿੱਖੀ ਨੂੰ ਧਰਮ ਮੰਨਦੇ ਹਨ ਤਾਂ ਇਸ ਨੂੰ ਕਿਸੇ ਦੂਜੇ ਧਰਮ ਦੇ ਨਿਗਲਣ ਤੋਂ ਕਿਉਂ ਘਬਰਾਉਂਦੇ ਹਨ, ਕਿਉਂਕਿ ਧਰਮ ਨੇ ਧਰਮ ਨੂੰ ਹੀ ਖਾਣਾ ਹੈ। ਕੋਈ ਧਰਮ ਵਿਗਿਆਨ ਨੂੰ ਨਹੀਂ ਖਾਂਦਾ। ਬੜੀ ਹੈਰਾਨੀ ਦੀ ਗੱਲ ਹੈ ਕਿ ਸਮੁੱਚਾ ਸਿੱਖ ਜਗਤ ਵਿਗਿਆਨਕ ਸਿੱਖੀ ਨੂੰ ਸਿੱਖ ਧਰਮ ਬਣਾ ਕੇ ਦੂਜੇ ਧਰਮਾਂ ਅੱਗੇ ਪੇਸ਼ ਕਰ ਰਿਹਾ ਹੈ। ਉਹ ਇਸ ਨੂੰ ਨਿਗਲਣਗੇ ਨਾ ਤਾਂ ਹੋਰ ਕੀ ਕਰਨਗੇ? ਇਸ ਲਈ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਸਿੱਖੀ ਨੂੰ ਸਹੀ ਸੇਧ ਵਿਚ ਵਿਚਾਰ ਕੇ ਇਸ ਦੇ ਵਿਗਿਆਨਕ ਖਾਸੇ ਨੂੰ ਸਮਝਣ ਤੇ ਉਜਾਗਰ ਕਰਨ। ਇਸੇ ਵਿਚ ਹੀ ਸਿੱਖੀ ਦੀ ਸਹੀ ਸ਼ਾਨ ਤੇ ਸੁਰਖਿਆ ਹੈ।

ਜਪੁਜੀ ਦੇ ਅਧਿਐਨ ਤੋਂ ਇਸ ਦੇ ਨਾਲ ਲਗਵਾਂ ਇਕ ਸਿੱਟਾ ਇਸ ਦੀ ਸ਼ਬਦਾਵਲੀ ਬਾਰੇ ਹੈ। ਸਿੱਖੀ ਵਿਗਿਆਨ ਤਾਂ ਹੈ, ਪਰ ਜਪੁਜੀ, ਜਿਸ ਵਿਚ ਇਸ ਦਾ ਕੇਂਦ੍ਰਿਤ ਵਰਨਣ ਹੈ, 15ਵੀਂ ਸਦੀ ਦੀ ਲਿਖਤ ਹੈ। ਇਸ ਲਈ ਇਸ ਵਿਚ ਉਸ ਸਦੀ ਦੀ ਵਿਗਿਆਨਕ ਸ਼ਬਦਾਵਲੀ ਵਰਤੀ ਹੋਈ ਹੈ। ਪੁਰਾਣੀ ਸ਼ਬਦਾਵਲੀ ਉੱਤੇ ਅਧਿਆਤਮਕ ਪਰਤਾਂ ਚੜ੍ਹ ਗਈਆਂ ਹਨ। ਇਸ ਦੇ ਕਈ ਕਾਰਨ ਹੋ ਸਕਦੇ ਹਨ, ਪਰ ਇਸ ਨੂੰ ਉਸ ਭਾਵ ਅਨੁਸਾਰ ਪਰਿਭਾਸ਼ਤ ਕੀਤਾ ਜਾਣਾ ਬਣਦਾ ਹੈ, ਜਿਸ ਵਿਚ ਗੁਰੂ ਸਾਹਿਬ ਨੇ ਇਸ ਨੂੰ ਵਰਤਿਆ ਹੈ। ਜੇ ਇਸ ਨੂੰ ਵਿਗਿਆਨਕ ਯੁਗ ਦੇ ਮਨੁੱਖ ਨੇ ਪੜ੍ਹਨਾ ਹੈ ਤਾਂ ਇਸ ਨੂੰ ਆਧੁਨਿਕ ਗਿਆਨ ਨਾਲ ਜੋੜ ਕੇ ਆਧੁਨਿਕ ਕਾਲ ਦੇ ਸੰਵਾਦ ਅਨੁਸਾਰ ਉਲਥਾਇਆ ਜਾਣਾ ਜਰੂਰੀ ਹੈ। ਇਹ ਬਾਣੀ ਆਪਣੇ

(ਬਾਕੀ ਅਗਲੇ ਸਫੇ 'ਤੇ)

# ਕੱਤਕ ਕਿ ਵੈਸਾਖ? ਕਿ ਦੋਵੇਂ?

ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਬਾਰੇ ਬਹੁ-ਗਿਣਤੀ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਗੁਰੂ ਜੀ ਦਾ ਜਨਮ ਪਿੰਡ ਰਾਇ ਭੋਇੰ ਵਿਖੇ ਵਿਸਾਖ ਸੁਦੀ ਤਿੰਨ ਸੰਮਤ 1526 ਅਨੁਸਾਰ 15 ਅਪਰੈਲ 1469 ਈਸਵੀ ਨੂੰ ਹੋਇਆ। ਇਹ ਜਨਮ ਮਿਤੀ ਲਿਖਣ ਉਪਰੰਤ ਨਾਲ ਹੀ ਇਤਿਹਾਸਕਾਰ ਫੁਟ-ਨੋਟ ਦੇ ਦਿੰਦੇ ਹਨ ਕਿ ਉਂਜ ਸਿੱਖ ਸੰਗਤਾਂ ਇਹ ਦਿਹਾੜਾ ਕੱਤਕ ਪੂਰਨਮਾਸ਼ੀ ਨੂੰ ਮਨਾਉਂਦੀਆਂ ਹਨ। ਪ੍ਰਕਾਸ਼ ਉਤਸਵ ਕਦੋਂ ਤੋਂ ਕੱਤਕ ਪੂਰਨਮਾਸ਼ੀ ਵਾਲੇ ਦਿਨ ਮਨਾਇਆ ਜਾਣਾ ਸ਼ੁਰੂ ਹੋਇਆ ਜਾਂ ਕਿਉਂ ਬਦਲਿਆ ਗਿਆ ਜਾਂ ਕੀ ਸੱਚੀਂ-ਮੁੱਚੀਂ ਹੀ ਪ੍ਰਕਾਸ਼ ਦਿਹਾੜਾ ਕੱਤਕ ਪੂਰਨਮਾਸ਼ੀ ਨੂੰ ਹੀ ਸੀ? ਇਸ ਬਾਰੇ ਸਿੱਖ ਵਿਦਵਾਨਾਂ ਵਿਚ ਕਾਫੀ ਵਾਦ-ਵਿਵਾਦ ਰਿਹਾ ਹੈ



**ਡਾ: ਆਸਾ ਸਿੰਘ ਘੁੰਮਣ**
ਨਡਾਲਾ (ਕਪੂਰਥਲਾ)
ਵਟਸਐਪ: 91-98152-53245

ਅਤੇ ਅੱਜ ਵੀ ਕਾਇਮ ਹੈ। ਗੁਰੂ ਜੀ ਦੀਆਂ ਵਿਸ਼ੇਸ਼ ਜਨਮ-ਸ਼ਤਾਬਦੀਆਂ ਮੌਕਿਆਂ ਚੇਤੰਨ ਸਿੱਖਾਂ ਵੱਲੋਂ ਅਕਸਰ ਇਹ ਮੰਗ ਉੱਠਦੀ ਰਹੀ ਹੈ ਕਿ ਇਸ ਦਾ ਕੋਈ ਸਦੀਵੀ ਹੱਲ ਲੱਭ ਲੈਣਾ ਚਾਹੀਦਾ ਹੈ, ਪਰ ਅਜਿਹਾ ਹੋ ਨਹੀਂ ਸਕਿਆ। ਹਾਲਾਂਕਿ ਇਹ ਮਤ ਵੀ ਵਾਜਬ ਸਮਝਿਆ ਜਾਂਦਾ ਹੈ ਕਿ ਗੁਰੂ ਜੀ ਦਾ ਪ੍ਰਕਾਸ਼ ਪੁਰਬ ਕਿਸੇ ਵੀ ਦਿਨ ਮਨਾ ਲਈਏ ਕੀ ਫਰਕ ਪੈਂਦਾ ਹੈ, ਅਸਲ ਮਹੱਤਵ ਤਾਂ ਉਨ੍ਹਾਂ ਦੀਆਂ ਸਿਖਿਆਂਵਾਂ ਨੂੰ ਜੀਵਨ ਵਿਚ ਅਮਲੀ ਰੂਪ ਦੇਣ ਦਾ ਹੈ।

ਗੁਰੂ ਜੀ ਦਾ ਫਲਸਫਾ ਤਾਂ ਉਨ੍ਹਾਂ ਦੀਆਂ ਲਿਖਤਾਂ ਦੇ ਰੂਪ ਵਿਚ ਗੁਰੂ ਅਰਜੁਨ ਦੇਵ ਜੀ ਦੀ ਦੂਰ-ਦ੍ਰਿਸ਼ਟੀ ਦੀ ਬਦੌਲਤ ਸਾਡੇ ਕੋਲ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਾਰਨ ਸਾਂਭਿਆ ਪਿਆ ਹੈ, ਪਰ ਗੁਰੂ ਜੀ ਦੇ ਇਤਿਹਾਸਕ ਅਤੇ ਸੰਸਾਰਕ ਜੀਵਨ ਬਾਰੇ ਜਾਣਨ ਲਈ ਸਾਡੇ ਕੋਲ ਜਨਮ ਸਾਖੀਆਂ ਤੋਂ ਬਿਨਾ ਹੋਰ ਕੋਈ ਲਿਖਤਾਂ ਨਹੀਂ। ਜਨਮ ਸਾਖੀਆਂ ਦਾ ਭਾਵੇਂ ਪੰਜਾਬੀ ਵਾਰਤਕ ਸਾਹਿਤ ਅਤੇ ਖਾਸ ਤੌਰ 'ਤੇ ਸ਼ਰਧਾ-ਮਈ ਸਾਹਿਤ (hagiographic literature) ਵਿਚ ਵਿਸ਼ੇਸ਼ ਸਥਾਨ ਹੈ, ਪਰ ਸਿੱਖ ਇਤਿਹਾਸਕਾਰੀ ਵਿਚ ਉਨ੍ਹਾਂ ਦਾ ਮੁਕਾਮ ਨਿਸ਼ਚਿਤ ਕਰਨਾ ਇੱਕ ਕਠਿਨ ਕਾਰਜ ਹੈ। ਅਸਲੀਅਤ ਤਾਂ ਇਹੀ ਹੈ ਕਿ ਜਨਮ ਸਾਖੀਆਂ ਸ਼ਰਧਾਵਾਨਾਂ ਵੱਲੋਂ ਸਿੱਖ ਸੰਗਤਾਂ ਨੂੰ ਪ੍ਰਭਾਵਿਤ ਕਰਨ ਦੇ ਮਕਸਦ ਨਾਲ ਲਿਖੀਆਂ ਗਈਆਂ, ਨਾ ਕਿ ਇਤਿਹਾਸ ਲਿਖਣ ਦੇ ਮੰਤਵ ਨਾਲ। ਸਾਖੀਕਾਰਾਂ ਦੇ ਗੁਪਤ-ਲੁਪਤ ਏਜੰਡੇ ਵੀ ਸਨ, ਜਿਨ੍ਹਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਤੱਥਾਂ ਨੂੰ ਤਰੋੜ-ਮਰੋੜ ਕੇ ਪੇਸ਼ ਕੀਤਾ।

ਡਬਲਿਊ. ਐਚ. ਮੈਕਲੌਡ ਠੀਕ ਲਿਖਦਾ ਹੈ ਕਿ ਅੱਜ ਵੀ ਪੰਜਾਬ ਵਿਚ ਜੇ ਕਿਸੇ ਬੁੱਕ-ਸ਼ਾਪ ਤੋਂ ਜਨਮ ਸਾਖੀ ਦੀ ਮੰਗ ਕੀਤੀ ਜਾਵੇ ਤਾਂ ਵੀਹ-ਵਿਸਵੇ ਦੁਕਾਨਦਾਰ ਤੁਹਾਨੂੰ ਬਾਲਾ ਜਨਮ ਸਾਖੀ ਹੀ ਦੇਵੇਗਾ, ਹਾਲਾਂਕਿ ਸਾਖੀ ਪਰੰਪਰਾ ਵਿਚ ਭਾਈ ਬਾਲੇ ਤੋਂ ਬਿਨਾ ਘੱਟੋ-ਘੱਟ ਤਿੰਨ ਹੋਰ ਜਨਮ ਸਾਖੀਆਂ ਬਹੁਤ ਮਹੱਤਵ ਰੱਖਦੀਆਂ ਹਨ: ਪੁਰਾਤਨ ਜਨਮ ਸਾਖੀ/ਵਲਾਇਤ ਵਾਲੀ ਜਨਮ-ਸਾਖੀ/ਕੋਲਬਰੁੱਕ ਵਾਲੀ/ਹਾਫਜ਼ਾਬਾਦੀ ਜਨਮ ਸਾਖੀ; ਭਾਈ ਮਿਹਰਬਾਨ ਵਾਲੀ ਜਨਮ ਸਾਖੀ ਅਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ। ਇਨ੍ਹਾਂ ਵਿਚੋਂ ਸਭ ਤੋਂ ਵੱਧ ਪੁਰਾਤਨ ਜਨਮ ਸਾਖੀ ਵਲਾਇਤ ਵਾਲੀ ਜਾਂ ਕੋਲਬਰੁੱਕ ਵਾਲੀ ਜਨਮ ਸਾਖੀ ਹੀ ਮੰਨੀ ਜਾਂਦੀ ਰਹੀ ਹੈ, ਹਾਲਾਂਕਿ ਇਸ ਦੇ ਅਗਲੇ-ਪਿਛਲੇ ਸਫੇ ਫਟੇ ਹੋਣ ਕਾਰਨ ਕੁਝ ਨਹੀਂ ਕਿਹਾ ਜਾ ਸਕਦਾ ਕਿ ਇਹ ਕਿਸ ਨੇ ਲਿਖੀ ਅਤੇ ਕਦੋਂ ਲਿਖੀ। ਭਾਈ ਮਿਹਰਬਾਨ ਵਾਲੀ ਇਕੱਲੀ ਐਸੀ ਜਨਮ ਸਾਖੀ ਹੈ, ਜਿਸ ਦੇ ਰਚਨਾਕਾਰ ਅਤੇ ਰਚਨਾ-ਕਾਲ ਬਾਰੇ ਯਕੀਨ ਨਾਲ ਕੁਝ ਕਿਹਾ ਜਾ ਸਕਦਾ ਹੈ। ਭਾਈ ਮਨੀ ਸਿੰਘ ਦੇ ਨਾਂ 'ਤੇ ਵੀ ਕਿੰਤੂ-ਪ੍ਰੰਤੂ ਕੀਤੇ ਜਾਂਦੇ ਹਨ, ਹਾਲਾਂਕਿ ਕੁਝ ਵਿਦਵਾਨ ਇਹ ਵਿਸ਼ਵਾਸ ਰੱਖਦੇ ਹਨ ਕਿ ਇਹ ਭਾਈ ਮਨੀ ਸਿੰਘ ਉਹੀ ਸਨ, ਜਿਨ੍ਹਾਂ ਦੀ ਮਹਿਮਾ ਸਿੱਖ ਅਰਦਾਸ ਵਿਚ ਕੀਤੀ ਜਾਂਦੀ ਹੈ। ਇਨ੍ਹਾਂ ਤਿੰਨਾਂ ਹੀ ਜਨਮ-ਸਾਖੀਆਂ ਵਿਚ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਵਿਸਾਖ ਮਹੀਨੇ ਦਾ ਹੀ ਲਿਖਿਆ ਗਿਆ ਹੈ। ਇਨ੍ਹਾਂ ਤੋਂ ਬਿਨਾ ਬੀ-40 ਜਨਮ ਸਾਖੀ, ਐਲ. ਡੀ. ਪੀ.-174 ਜਨਮ ਸਾਖੀ, ਸਾਖੀ ਮਹਲੇ ਪਹਿਲੇ ਕੀ (ਸਾਖੀਕਾਰ ਸੀਹਾਂ ਉੱਪਲ) ਆਦਿ ਜਨਮ ਸਾਖੀਆਂ ਵਿਚ ਵੀ ਪ੍ਰਕਾਸ਼ ਮਹੀਨਾ ਵਿਸਾਖ ਹੀ ਲਿਖਿਆ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਇੱਕ ਇਕੱਲੀ ਜਨਮ ਸਾਖੀ ਐਸੀ ਹੈ, ਜਿਸ ਵਿਚ ਗੁਰੂ ਜੀ ਦਾ ਜਨਮ ਦਿਵਸ ਕੱਤਕ ਪੂਰਨਮਾਸ਼ੀ ਦਿੱਤਾ ਗਿਆ ਹੈ।

ਭਾਈ ਬਾਲੇ ਵਾਲੀ ਜਨਮ ਸਾਖੀ ਤੇ ਪਹਿਲਾ ਵੱਡਾ ਹੱਲਾ 1912 ਈ: ਵਿਚ ਕਰਮ ਸਿੰਘ ਹਿਸਟੋਰੀਅਨ ਨੇ ਆਪਣੀ ਪੁਸਤਕ 'ਕੱਤਕ ਕਿ ਵਿਸਾਖ' ਵਿਚ ਕੀਤਾ। ਕਰਮ ਸਿੰਘ ਹਿਸਟੋਰੀਅਨ ਨੇ ਦਲੀਲਾਂ ਸਹਿਤ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਕਿ ਭਾਈ ਬਾਲਾ ਨਾ ਤਾਂ ਗੁਰੂ ਜੀ ਦਾ ਅੰਗੀ-ਸੰਗੀ ਸੀ ਅਤੇ ਨਾ ਹੀ ਭਾਈ ਬਾਲੇ ਦਾ ਜ਼ਿਕਰ ਭਾਈ ਗੁਰਦਾਸ ਨੇ ਕੀਤਾ ਹੈ। ਕਈ ਹਵਾਲਿਆਂ ਨਾਲ ਇਹ ਵੀ ਸਾਬਤ ਕੀਤਾ ਜਾ ਸਕਦਾ ਹੈ ਕਿ ਇਹ ਜਨਮ ਸਾਖੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਨਹੀਂ ਲਿਖੀ ਗਈ। ਬਹੁਮਤ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਜਨਮ ਸਾਖੀ ਹਿੰਦਾਲੀਆ ਅਥਵਾ ਨਿਰੰਜਨੀਆਂ ਵੱਲੋਂ ਲਿਖਵਾਈ ਗਈ ਅਤੇ ਇਸ ਤਰ੍ਹਾਂ ਇਸ ਦਾ ਲਿਖਣ ਕਾਲ ਵੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੇਲੇ ਦਾ ਹੀ ਹੈ।

ਕਰਮ ਸਿੰਘ ਹਿਸਟੋਰੀਅਨ ਦਾ ਖਿਆਲ ਹੈ ਕਿ ਨਿਰੰਜਨੀਆਂ ਨੇ ਜਨਮ ਤਾਰੀਖ ਬਦਨੀਤੀ ਨਾਲ ਕੱਤਕ ਮਹੀਨੇ ਦੀ ਲਿਖੀ। ਕਰਮ ਸਿੰਘ ਅਨੁਸਾਰ, "ਇਸ ਯਤਨ ਵੇਲੇ ਉਨ੍ਹਾਂ ਦੇ ਮਨ ਵਿਚ ਪੰਜਾਬ ਦਾ ਉਹ ਪ੍ਰਸਿੱਧ ਭਰਮ ਮੌਜੂਦ ਸੀ, ਜੋ ਇਸ ਤਰ੍ਹਾਂ ਹੈ ਕਿ ਜਿਸ ਇਸਤਰੀ ਦੇ ਭਾਦਰੋਂ ਜਾਂ ਕੱਤਕ ਵਿਚ ਬਾਲਕ ਜਨਮੇ ਉਸ ਨੂੰ ਘਰੋਂ ਕੱਢ ਦਿੰਦੇ ਹਨ। ਬਹੁਤੇ ਤਾਂ ਉਸ ਨੂੰ ਘਰੋਂ ਕੱਢ ਕੇ ਬ੍ਰਾਹਮਣ ਨੂੰ ਸੰਕਲਪ ਕਰ ਦਿੰਦੇ ਤੇ ਫਿਰ ਮੁੱਲ ਦੇ ਕੇ ਉਸ ਪਾਸੋਂ ਲੈ ਲੈਂਦੇ ਤੇ ਇਸ ਤਰ੍ਹਾਂ ਕਰਨ ਨਾਲ ਉਸ ਬਾਲਕ ਦੀ ਅਸ਼ੁੱਭਤਾ ਚਲੀ ਗਈ ਮੰਨ ਲੈਂਦੇ।"

ਮੈਕਾਲਿਫ ਅਨੁਸਾਰ ਸੰਨ 1815 ਤੱਕ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਵਿਸਾਖ ਸੁਦੀ ਤਿੰਨ ਹੀ ਮਨਾਇਆ ਜਾਂਦਾ ਸੀ, ਇਸ ਨੂੰ ਉਸ ਵੇਲੇ ਦੇ ਦਰਬਾਰ ਸਾਹਿਬ ਦੇ ਸਰਬਰਾਹ ਤੇ ਜਾਇਦਾਦ-ਪ੍ਰਬੰਧਕ ਗਿਆਨੀ ਸੰਤ ਸਿੰਘ ਨੇ ਕੱਤਕ ਪੂਰਨਮਾਸ਼ੀ ਵਾਲੇ ਦਿਨ ਬਦਲ ਦਿੱਤਾ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਨਾਨਕਸ਼ਾਹੀ ਸੰਮਤ ਵੀ ਕੱਤਕ ਪੂਰਨਮਾਸ਼ੀ ਤੋਂ ਮੰਨ ਲਿਆ ਤੇ ਇਸ ਦਿਨ ਦੀ ਛੁੱਟੀ ਕਰਨੀ ਵੀ ਮੰਨ ਲਈ (ਇਸ ਪਿਛੇ ਇਹ ਕਾਰਨ ਵੀ ਹੋ ਸਕਦੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਆਪਣਾ ਜਨਮ ਵੀ ਕੱਤਕ ਦਾ ਹੀ ਸੀ)। ਮੈਕਾਲਿਫ ਅਨੁਸਾਰ ਗਿਆਨੀ ਸੰਤ ਸਿੰਘ ਨੇ ਅਜਿਹਾ ਰਾਮ ਤੀਰਥ 'ਤੇ ਲੱਗਦੇ ਕੱਤਕ ਪੂਰਨਮਾਸ਼ੀ ਦੇ ਮੇਲੇ ਵਿਚੋਂ ਸਿੱਖਾਂ ਨੂੰ ਦਰਬਾਰ ਸਾਹਿਬ ਵੱਲ ਪ੍ਰੇਰਿਤ ਕਰਨ ਲਈ ਕੀਤਾ। ਉਸ ਨੇ ਭਾਈ ਬਾਲੇ ਵਾਲੀ ਜਨਮ ਸਾਖੀ ਅਨੁਸਾਰ ਹੀ ਭਾਈ ਸੰਤੋਖ ਸਿੰਘ ਤੋਂ ਗੁਰੂ ਜੀ ਦਾ ਪ੍ਰਕਾਸ਼ ਪੁਰਬ ਵੀ ਕੱਤਕ ਪੂਰਨਮਾਸ਼ੀ ਲਿਖਵਾ ਲਿਆ।

ਦੂਜੇ ਪਾਸੇ ਭਾਈ ਈਸ਼ਰ ਸਿੰਘ ਨਾਰਾ ਦਾ ਮਤ ਹੈ ਕਿ ਇਸ ਸਾਰੇ ਪੁਆੜੇ ਦੀ ਜੜ੍ਹ ਭਾਈ ਮਿਹਰਬਾਨ ਸੀ। ਸੰਨ 1970 ਵਿਚ ਛਪੀ ਆਪਣੀ ਪੁਸਤਕ 'ਵਿਸਾਖ ਨਹੀਂ ਕੱਤਕ' ਵਿਚ ਭਾਈ ਨਾਰਾ ਭਾਈ ਬਾਲੇ ਵਾਲੀ ਜਨਮ ਸਾਖੀ ਨੂੰ ਗੁਰੂ ਅੰਗਦ ਦੇਵ ਜੀ ਵੱਲੋਂ ਲਿਖਵਾਉਣ ਦੀ ਗੱਲ ਨੂੰ ਸਹੀ ਮੰਨਦਾ ਹੈ। ਉਸ ਅਨੁਸਾਰ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਕੱਤਕ ਪੂਰਨਮਾਸ਼ੀ ਨੂੰ ਹੀ ਸੀ, ਇਹ ਤਾਂ ਭਾਈ ਮਿਹਰਬਾਨ ਨੇ ਆਪ ਦੀ ਜਨਮ ਸਾਖੀ ਵਿਚ ਸਾਜਿਸ਼ ਅਧੀਨ ਵਿਸਾਖ ਸੁਦੀ ਤਿੰਨ ਆਪਣੇ ਪਿਤਾ ਹਰਿ ਰਾਏ ਦੀ ਮਿਤੀ ਲਿਖ ਦਿੱਤੀ ਸੀ ਤਾਂ ਕਿ ਸਮਾਂ ਪਾ ਕੇ ਸਿੱਖ ਸੰਗਤ ਉਸ ਦੇ ਪਿਤਾ ਦਾ ਜਨਮ ਦਿਹਾੜਾ ਮਨਾਇਆ ਕਰੇਗੀ। ਨਾਰਾ ਅਤੇ ਉਸ ਦੇ ਸਮਰਥਕਾਂ ਦਾ ਮੰਨਣਾ ਹੈ ਕਿ ਕਹੀ ਜਾਂਦੀ ਵਲਾਇਤ ਵਾਲੀ ਜਨਮ ਸਾਖੀ ਵੀ ਅਸਲ ਵਿਚ ਕਿਸੇ ਮਿਹਰਬਾਨ ਭਗਤ ਨੇ ਹੀ ਸੰਖੇਪ ਰੂਪ ਵਿਚ ਕੋਲਬਰੁੱਕ ਨੂੰ ਤੋਹਫੇ ਵਜੋਂ ਦਿੱਤੀ ਸੀ, ਜਿਸ ਨੇ ਉਹ ਕਾਪੀ ਇੰਡੀਆ ਆਫਿਸ ਲੰਡਨ ਪਹੁੰਚਾ ਦਿੱਤੀ। ਇਸ ਨੂੰ ਭੁਲੇਖੇ ਨਾਲ ਸਭ ਤੋਂ ਪੁਰਾਤਨ ਜਨਮ ਸਾਖੀ ਮੰਨਿਆ ਜਾਂਦਾ ਹੈ।

ਉਂਜ ਜੇ ਦੋਹਾਂ ਧਿਰਾਂ ਦੀਆਂ ਦਲੀਲਾਂ ਨੂੰ ਗਹੁ ਨਾਲ ਵਾਚੀਏ ਜਾਂ ਦਿੱਤੀਆਂ ਦਲੀਲਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਸਾਫ ਜਾਹਰ ਹੋ ਜਾਂਦਾ ਹੈ ਕਿ ਪ੍ਰਕਾਸ਼ ਦਿਹਾੜੇ ਦੀ ਅਦਲਾ-ਬਦਲਾ ਬਾਰੇ ਦਿੱਤੀਆਂ ਦਲੀਲਾਂ ਨਾ ਤਾਂ ਪ੍ਰਭਾਵਸ਼ਾਲੀ ਹਨ ਤੇ ਨਾ ਹੀ ਮੰਨਣਯੋਗ। ਕਰਮ ਸਿੰਘ ਹਿਸਟੋਰੀਅਨ ਦਾ ਇਹ ਮਤ ਕਿ ਕੱਤਕ-ਪੂਰਨਮਾਸ਼ੀ ਕੁਲਹਿਣਾ ਦਿਹਾੜਾ ਹੈ, ਕਿਵੇਂ ਮੰਨਿਆ ਜਾ ਸਕਦਾ ਹੈ? ਕੱਤਕ ਦਾ ਜੇ ਕਨੇਤ ਮੰਨ ਵੀ ਲਈਏ ਤਾਂ ਵੀ ਪੂਰਨਮਾਸ਼ੀ ਨੂੰ ਕਿਵੇਂ ਅਸ਼ੁੱਭ ਮੰਨਿਆ ਜਾ ਸਕਦਾ ਹੈ? ਭਾਈ ਨਾਰਾ ਦਾ ਤਰਕ ਹੋਰ ਵੀ ਕਮਜ਼ੋਰ ਲੱਗਦਾ ਹੈ ਕਿ ਭਾਈ ਮਿਹਰਬਾਨ ਨੇ ਕੱਤਕ ਪੂਰਨਮਾਸ਼ੀ ਦਿਹਾੜਾ ਬਦਲ ਕੇ ਆਪਣੇ ਪਿਤਾ ਵਾਲੀ ਜਨਮ ਮਿਤੀ ਲਿਖ ਦਿੱਤੀ। ਕੀ ਸਿੱਖ ਸੰਗਤਾਂ ਐਡੀਆਂ ਹੀ ਬੁੱਧੂ ਸਨ ਕਿ ਉਹ ਭਾਈ ਮਿਹਰਬਾਨ ਦੇ ਝਾਂਸੇ ਵਿਚ ਆ ਕੇ ਆਪਣੇ ਗੁਰੂ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਬਦਲ ਦਿੰਦੀਆਂ? ਭਾਈ ਗੁਰਦਾਸ ਜੀ ਦੀਆਂ ਤੁਕਾਂ ਤੋਂ ਸਾਫ ਜਾਹਰ ਹੈ ਕਿ ਸਿੱਖ ਸੰਗਤ ਲੰਬੇ ਸਮੇਂ ਤੋ ਗੁਰਪੁਰਬ ਮਨਾਉਂਦੀਆਂ ਆ ਰਹੀਆਂ ਸਨ:

ਭਾਇ ਭਗਤਿ ਭੈ ਵਰਤਮਾਨ
ਗੁਰ ਸੇਵਾ ਗੁਰਪੁਰਬ ਕਰੰਦੇ।
ਭਾਇ ਭਗਤਿ ਬੈ ਸੇਵਦੇ ਗੁਰਪੁਰਬ ਕਰਾਏ।

---

ਕੁਰਬਾਣੀ ਤਿਨਾ ਗੁਰਸਿਖਾ
ਭਾਇ ਭਗਤਿ ਗੁਰਪੁਰਬ ਕਰੰਦੇ।

---

ਧਰਮਸਾਲ ਵਿਚਿ ਬੀਜਦੇ
ਕਰ ਗੁਰਪੁਰਬ ਸੁ ਵਣਜ ਸਓਤੇ।

ਗੁਰਪੁਰਬ ਪਹਿਲਾਂ ਤੋਂ ਹੀ ਵਿਸਾਖ ਸੁਦੀ ਤਿੰਨ ਅਤੇ ਕੱਤਕ ਪੂਰਨਮਾਸ਼ੀ ਨੂੰ ਮਨਾਏ ਜਾਣੇ ਸ਼ੁਰੂ ਹੋ ਗਏ ਸਨ। ਅਸੀਂ ਗੁਰੂ ਨਾਨਕ ਦੇਵ ਜੀ ਦੇ ਮਾਮਲੇ ਵਿਚ ਅਸਲ ਵਿਚ ਸਿਰਫ ਦੋ ਤਾਰੀਖਾਂ ਨੂੰ ਹੀ ਮਾਨਤਾ ਦਿੰਦੇ ਰਹੇ ਹਾਂ-ਪ੍ਰਕਾਸ਼ ਪੁਰਬ ਅਤੇ ਪ੍ਰਗਮਨ ਦਿਨ। ਕੁਝ ਵਿਦਵਾਨਾਂ ਦੀ ਇਹ ਰਾਏ ਹੈ ਕਿ ਰਾਇ ਭੋਇੰ ਦੀ ਤਲਵੰਡੀ ਵਿਖੇ ਤਾਂ ਗੁਰੂ ਜੀ ਦਾ ਪ੍ਰਕਾਸ਼ ਦਿਹਾੜਾ ਉਨ੍ਹਾਂ ਦੇ ਜਿਉਂਦਿਆ ਹੀ ਰਾਏ ਬੁਲਾਰ ਨੇ ਉਨ੍ਹਾਂ ਦੀ ਯਾਦ ਵਿਚ ਮਨਾਉਣਾ ਸ਼ੁਰੂ ਕਰ ਦਿੱਤਾ ਸੀ। ਕਰਤਾਰਪੁਰ ਵਿਖੇ ਜੋਤੀ ਜੋਤ ਸਮਾਉਣ ਦਾ ਦਿਹਾੜਾ ਬਹੁਤ ਮਹੱਤਵਪੂਰਨ ਸੀ, ਕਿਉਂਕਿ ਸੰਗਤਾਂ ਨੇ ਗੁਰੂ ਜੀ ਦਾ ਆਖਰੀ ਮੌਕਾ ਅੱਖੀਂ ਦੇਖਿਆ ਸੀ; ਪਰ ਸੁਲਤਾਨਪੁਰ ਲੋਧੀ ਵਿਖੇ ਗੁਰੂ ਜੀ ਦਾ ਪੁਨਰ ਜਨਮ ਦਿਹਾੜਾ ਅਥਵਾ ਪ੍ਰਭੂ-ਮਿਲਨ ਦਿਹਾੜਾ ਬਹੁਤ ਅਹਿਮ ਸੀ। ਜਦੋਂ ਸਾਰੇ ਪਾਸੇ ਇਹ ਸਮਝਿਆ ਜਾਣ ਲੱਗ ਪਿਆ ਕਿ ਗੁਰੂ ਜੀ ਸਵੇਰੇ ਇਸ਼ਨਾਨ ਕਰਨ ਗਏ ਦਰਿਆ ਵਿਚ ਡੁੱਬ ਗਏ ਹਨ ਤਾਂ ਸਾਰੇ ਪਾਸੇ ਹਾਹਾਕਾਰ ਮੱਚ ਗਈ। 'ਤਬ ਜੈ ਰਾਮ ਕਉ ਖਬਰਿ ਭਈ, ਉਨਿ ਲਾਹਿ ਪਗ ਭੁਇੰ ਨਾਲ ਮਾਰੀ, ਸਿਆਪਾ ਹੂਆ।' ਤਿੰਨ ਦਿਨ ਬਾਅਦ ਜਦ ਪ੍ਰਭੂ ਮਿਲਾਪ ਪਿਛੋਂ ਉਹ 'ਗੁਰੂ ਪਰਮੇਸ਼ਰ' ਦੇ ਰੱਬੀ ਰੂਪ ਵਿਚ ਉਹ ਪਰਗਟ ਹੋਏ; ਉਸੇ ਹੀ ਘਾਟ ਤੋਂ, ਸਵੇਰੇ ਸਾਝਰੇ, ਅੰਮ੍ਰਿਤ ਵੇਲੇ, ਇੱਕ ਵੱਖਰੇ ਅਨੂਪ-ਸਰੂਪ ਵਿਚ, ਭੈ-ਮੁਕਤ, ਬੰਧਨ ਮੁਕਤ ਅਵੱਸਥਾ ਵਿਚ, ਅਨੋਖੇ ਜਾਹੋ-ਜਲਾਲ ਵਿਚ, ਨੂਰੋ-ਨੂਰ।

ਜਨਮ ਸਾਖੀਆਂ ਅਨੁਸਾਰ ਉਹ ਸਵੇਰ ਕੱਤਕ ਪੂਰਨਮਾਸ਼ੀ ਦੀ ਸ਼ੁਭ ਸਵੇਰ ਸੀ। ਉਸ ਦਿਨ ਤੋਂ ਬਾਅਦ ਆਲੇ-ਦੁਆਲੇ ਦੀਆਂ ਸੰਗਤਾਂ ਨੇ ਹਰ ਸਾਲ ਇਹ ਦਿਹਾੜਾ ਮਨਾਉਣਾ ਸ਼ੁਰੂ ਕਰ ਦਿੱਤਾ। ਇਹ ਦਿਹਾੜਾ ਕਿਵੇਂ ਭੁਲਾਇਆ ਜਾ ਸਕਦਾ ਸੀ, ਜਦੋਂ ਉਨ੍ਹਾਂ ਦੇ ਦੁੱਖ-ਸੁੱਖ ਦਾ ਭਾਈਵਾਲ, ਦੈਵੀ ਗੁਣਾਂ ਦਾ ਧਾਰਨੀ, ਤੇਰਾਂ ਤੇਰਾਂ ਤੋਲਣ ਵਾਲਾ, ਮਿੱਠਾ-ਮਿੱਠਾ ਬੋਲਣ ਵਾਲਾ, ਭੈਣ ਨਾਨਕੀ ਦਾ ਵੀਰ ਵੇਈਂ ਦੇ ਪਾਣੀਆਂ ਵਿਚੋਂ ਮੁੜ ਪਰਗਟ ਹੋਇਆ ਸੀ ਅਤੇ ਉਸ ਦੇ ਅਗੰਮੀ ਬੋਲਾਂ ਸਾਹਮਣੇ ਸ਼ਾਹੀ ਕਾਜ਼ੀ ਅਤੇ ਨਵਾਬ ਦੌਲਤ ਖਾਨ ਲੋਧੀ ਵੀ ਅੰਤਰ-ਝਾਤ ਮਾਰਨ ਨੂੰ ਮਜਬੂਰ ਹੋ ਗਏ ਸਨ ਤੇ ਗੁਰੂ ਜੀ ਦੇ ਰੱਬੀ ਸ਼ਬਦਾਂ ਅੱਗੇ ਝੁਕ ਗਏ ਸਨ।

ਜਨਮ ਸਾਖੀਆਂ ਦੇ ਲਿਖਣ ਵੇਲੇ ਤੱਕ ਕਈ ਸਾਲ ਬੀਤ ਚੁਕੇ ਸਨ। ਗੱਲ ਮੌਖਿਕ ਰੂਪ ਵਿਚ ਤੁਰਦੀ ਤੁਰਦੀ ਦੋਹਾਂ ਤਾਰੀਖਾਂ ਦੇ ਭੁਲੇਖੇ ਵਿਚ ਪੈ ਗਈ। ਅਸਲੀਅਤ ਇਹੀ ਹੈ ਕਿ ਸਿੱਖ ਸੰਗਤਾਂ ਦੋਵੇਂ ਦਿਹਾੜੇ ਮਨਾਉਂਦੀਆਂ ਆਈਆਂ ਹਨ।

# ਜਪੁਜੀ ਅਧਿਐਨ-ਸਿੱਟੇ

*(ਪਿਛਲੇ ਸਫੇ ਦੀ ਬਾਕੀ)*

ਸਹੀ ਸੰਦਰਭ ਵਿਚ ਸਹੀ ਤੌਰ 'ਤੇ ਤਾਂ ਹੀ ਸਮਝੀ ਜਾ ਸਕਦੀ ਹੈ, ਜੇ ਇਸ ਦੀ ਸ਼ਬਦਾਵਲੀ ਦੇ ਅਰਥ ਵਿਗਿਆਨ ਯੁਗ ਦੇ ਹਾਣ ਦੇ ਹੋਣ।

ਜਿਵੇਂ ਉਪਰ ਜ਼ਿਕਰ ਕੀਤਾ ਗਿਆ ਹੈ, ਧਿਆਉਣ ਦਾ ਸਿੱਧਾ ਅਰਥ ਧਿਆਨ ਦੇਣਾ ਜਾਂ ਦਿਮਾਗ ਲਾਉਣਾ ਹੈ, ਪਰ ਸਭ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਇਸ ਦਾ ਅਰਥ ਪੂਜਾ ਪਾਠ ਕਰਨਾ ਕਰਦੇ ਹਨ। ਇਹ ਉਨ੍ਹਾਂ ਦਾ ਪਾਇਆ ਵਿਗਾੜ ਹੈ। ਇਸ ਨੂੰ ਇਸ ਦੇ ਮੌਲਿਕ ਅਰਥ ਦੇਣ ਲਈ ਇਸ ਦਾ ਅਨੁਵਾਦ ਦਿਮਾਗ ਨਾਲ ਸੋਚਣਾ ਕਰਨਾ ਬਣਦਾ ਹੈ। ਤਦੇ ਹੀ ਗੁਰੂ ਸਾਹਿਬ ਦੀ ਬਾਣੀ ਦੇ ਤਾਰਕਿਕ ਤੇ ਸਾਰਥਿਕ ਅਰਥ ਨਿਕਲ ਸਕਦੇ ਹਨ। ਇਸੇ ਤਰ੍ਹਾਂ ਸਿਮਰਨ ਕਰਨਾ ਦਾ ਭਾਵ ਭੁਲਾ ਨਾ ਦੇਣਾ; ਗੁਰ ਦਾ ਅਰਥ ਲਘੁ-ਸੂਤਰ; ਮੁਕਤੀ ਦਾ ਅਰਥ ਅਗਿਆਨ ਤੋਂ ਛੁਟਕਾਰਾ; ਹੁਕਮ ਦਾ ਭਾਵ ਕੁਦਰਤੀ ਨਿਯਮ; ਹਉਮੈ ਦਾ ਅਰਥ ਮਨਘੜ੍ਹਤ ਵਿਚਾਰ ਅਤੇ ਸਤਿ ਨਾਮੁ ਦਾ ਭਾਵ ਗੁਣਾਂ ਅਨੁਸਾਰ ਗਿਆਨ ਸ਼੍ਰਿੰਖਲਾ ਵਿਚ ਵਰਤਿਆ ਜਾ ਸਕਣ ਵਾਲਾ ਪੱਕਾ ਤੇ ਸਦੀਵੀ ਨਾਮ, ਆਦਿ ਵਧੇਰੇ ਸਾਰਥਕ ਹੋਣਗੇ। ਵਿਦਵਾਨਾਂ ਨੂੰ ਮੁਕਤੀ, ਅਜੂਨੀ, ਪ੍ਰਸਾਦਿ, ੴ, ਜਿਨਸੀ, ਮੰਨੈ, ਕਪੜਾ, ਅਮ੍ਰਿਤ ਵੇਲਾ, ਵਡਿਆਈ, ਸੋਚੈ, ਨਦਰੁ ਆਦਿ ਦੇ ਅਰਥ ਵੀ ਯਥਾਰਥਕ ਪੱਖ ਤੋਂ ਕਰਨੇ ਚਾਹੀਦੇ ਹਨ ਤਾਂ ਜੋ ਗੁਰੂ ਸਾਹਿਬ ਦੀ ਬਾਣੀ ਦੀ ਵਿਆਖਿਆ ਉਨ੍ਹਾਂ ਦੀ ਆਪਣੀ ਸਮਝ ਮੁਤਾਬਿਕ ਕੀਤੀ ਜਾ ਸਕੇ।

ਸਭ ਤੋਂ ਅਹਿਮ ਸਬਕ ਇਹ ਕਿ ਜਪੁਜੀ ਗੁਰੂ ਸਾਹਿਬ ਦੀ ਮੁਢਲੀ, ਸਿਧਾਂਤਕ ਤੇ ਸਿਰਮੌਰ ਬਾਣੀ ਹੈ, ਇਸ ਲਈ ਉਨ੍ਹਾਂ ਦੀ ਹੋਰ ਬਾਣੀ ਤੇ ਗ੍ਰੰਥ ਸਾਹਿਬ ਵਿਚ ਦਰਜ ਸਮੁੱਚੀ ਬਾਣੀ ਨੂੰ ਇਸ ਦੀ ਲੋਅ ਵਿਚ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਗੁਰਬਾਣੀ ਦੀਆਂ ਤੁਕਾਂ ਦੇ ਸਾਰਥਕ ਅਰਥ ਨਿਕਲਣਗੇ ਤੇ ਇਨ੍ਹਾਂ ਦੇ ਆਤਮ-ਵਿਰੋਧੀ ਅਰਥ ਕਰਨ ਦੇ ਰੁਝਾਨ ਨੂੰ ਠੱਲ੍ਹ ਪਵੇਗੀ। ਸਭ ਤੋਂ ਮਹੱਤਵਪੂਰਨ ਸਬਕ ਇਹ ਕਿ ਜਪੁਜੀ ਗੁਰੂ ਸਾਹਿਬ ਦੀ ਮੁਢਲੀ, ਸਿਧਾਂਤਕ ਤੇ ਸਿਰਮੌਰ ਬਾਣੀ ਹੈ। ਇਸ ਵਿਚ ਉਨ੍ਹਾਂ ਨੇ ਆਪਣੇ ਉਦੇਸ਼ ਤੇ ਵਿਧੀ ਨਿਸ਼ਚਿਤ ਕੀਤੇ ਹੋਏ ਹਨ। ਇਸ ਨੂੰ ਉਨ੍ਹਾਂ ਨੇ ਆਪਣੀ ਰਚਨਾਤਮਕ ਆਯੂ ਦੇ ਆਖਰੀ ਦੌਰ ਵਿਚ ਆਪਣੇ ਤਜ਼ਰਬਿਆਂ ਦੇ ਨਿਚੋੜ ਦੇ ਰੂਪ ਵਿਚ ਬੜੇ ਹੀ ਉੱਦਮ ਤੇ ਉਚੇਚ ਨਾਲ ਆਪਣੇ ਸਿੱਖਾਂ ਲਈ ਤਿਆਰ ਕਰਵਾਇਆ। ਇਹ ਬਾਣੀ ਉਨ੍ਹਾਂ ਦੀ ਦਿੱਤੀ ਸੇਧ ਦਾ ਸਾਰਤੱਤ ਹੈ। ਇਸ ਲਈ ਉਨ੍ਹਾਂ ਦੀ ਸਾਰੀ ਬਾਣੀ ਤੇ ਗ੍ਰੰਥ ਸਾਹਿਬ ਵਿਚ ਦਰਜ ਸਮੁੱਚੀ ਬਾਣੀ ਨੂੰ ਇਸ ਦੀ ਲੋਅ ਵਿਚ ਵਿਚਾਰਿਆ ਜਾਣਾ ਚਾਹੀਦਾ ਹੈ। ਨਤੀਜਾ ਇਹ ਕਿ ਜਪੁਜੀ ਨੂੰ ਗ੍ਰੰਥ ਸਾਹਿਬ ਦੀ ਸਿਧਾਂਤਿਕ ਵਿਆਕਰਣ ਸਮਝਿਆ ਜਾਣਾ ਚਾਹੀਦਾ ਹੈ।

(ਚਲਦਾ)

## ਸੰਪਾਦਕ ਦੀ ਡਾਕ

# ਗੁਰੂ ਨਾਨਕ ਪ੍ਰਕਾਸ਼ ਪੁਰਬ

**ਸੰਪਾਦਕ ਜੀ,**

'ਪੰਜਾਬ ਟਾਈਮਜ਼' ਦੇ 28 ਨਵੰਬਰ ਦੇ ਅੰਕ ਵਿਚ ਡਾ. ਆਸਾ ਸਿੰਘ ਘੁੰਮਣ ਨੇ ਆਪਣੇ ਸਵਾਲ, "ਗੁਰੂ ਨਾਨਕ ਪ੍ਰਕਾਸ਼ ਪੁਰਬ ਇਸ ਸਾਲ ਮੱਘਰ ਦੀ ਪੂਰਨਮਾਸ਼ੀ ਨੂੰ ਕਿਉਂ?", ਦਾ ਆਪ ਹੀ ਜਵਾਬ ਦਿੱਤਾ ਹੈ। ਉਨ੍ਹਾਂ ਦਾ ਜਵਾਬ ਪੜ੍ਹ ਕੇ ਹੈਰਾਨੀ ਹੋਈ ਹੈ ਕਿ ਲੇਖਕ ਨੇ ਬਿਨਾ ਕਿਸੇ ਦਲੀਲ ਦੇ ਗੁਰੂ ਨਾਨਕ ਜੀ ਦਾ ਜਨਮ ਦਿਹਾੜਾ, ਜੋ ਪ੍ਰਚੱਲਤ ਰਵਾਇਤ ਮੁਤਾਬਕ ਕੱਤਕ ਦੀ ਪੁੰਨਿਆ ਨੂੰ ਮਨਾਇਆ ਜਾਂਦਾ ਹੈ, ਇਸ ਸਾਲ ਮੱਘਰ ਦੀ ਪੁੰਨਿਆ ਦਾ ਮੰਨ ਲਿਆ ਹੈ।

ਲੇਖਕ ਦਾ ਇਹ ਲਿਖਣਾ, "ਪਰ ਇਸ ਸਾਲ ਇਕ ਹੋਰ ਵਰਤਾਰਾ ਨਜ਼ਰ ਆ ਰਿਹਾ ਹੈ, ਗੁਰੂ ਜੀ ਦਾ ਗੁਰਪੁਰਬ ਕੱਤਕ ਦੀ ਪੂਰਨਮਾਸ਼ੀ ਨੂੰ ਨਹੀਂ, ਸਗੋਂ ਮੱਘਰ ਦੀ ਪੂਰਨਮਾਸ਼ੀ ਨੂੰ ਮਾਇਆ ਜਾ ਰਿਹਾ ਹੈ। ਪਿਛਲੇ ਸਾਲ ਗੁਰੂ ਜੀ ਦਾ 550 ਸਾਲ ਬੜੇ ਉਤਸ਼ਾਹ ਨਾਲ ਸਾਰੇ ਸਿੱਖ ਜਗਤ ਨੇ ਕੱਤਕ ਪੂਰਨਮਾਸ਼ੀ, 13 ਨਵੰਬਰ ਨੂੰ ਮਨਾਇਆ ਸੀ, ਪਰ ਇਸ ਸਾਲ ਕੱਤਕ ਦੀ ਪੂਰਨਮਾਸ਼ੀ ਭਾਵੇਂ ਕਿ ਦੀਵਾਲੀ ਤੋਂ ਪਹਿਲਾਂ 15 ਕੱਤਕ ਨੂੰ ਆ ਗਈ ਸੀ, ਪਰ ਇਹ ਦਿਹਾੜਾ ਉਸ ਦਿਨ ਨਹੀਂ ਮਨਾਇਆ ਗਿਆ", ਕੈਲੰਡਰ ਦੀ ਮੁੱਢਲੀ ਜਾਣਕਾਰੀ ਤੋਂ ਸੱਖਣੇ ਹੋਣ ਦਾ ਸਬੂਤ ਹੈ।

ਇਸ ਸਬੰਧੀ ਬੇਨਤੀ ਇਹ ਹੈ ਕਿ ਉੱਤਰੀ ਭਾਰਤ ਵਿਚ ਚੰਦ ਦਾ ਮਹੀਨਾ ਪੁੰਨਿਆ ਤੋਂ ਪੁੰਨਿਆ, ਜਿਸ ਨੂੰ ਪੂਰਨਮੰਤਾ ਕਹਿੰਦੇ ਹਨ, ਦਾ ਅਰੰਭ ਪੁੰਨਿਆ ਤੋਂ ਅਗਲੇ ਦਿਨ ਭਾਵ ਵਦੀ ਏਕਮ ਨੂੰ ਹੁੰਦਾ ਹੈ। ਇਸ ਸਾਲ ਚੰਦ ਦੇ ਕੈਲੰਡਰ ਮੁਤਾਬਕ, ਕੱਤਕ ਦੇ ਮਹੀਨੇ ਦਾ ਅਰੰਭ ਭਾਵ ਕੱਤਕ ਵਦੀ ਏਕਮ, 16 ਕੱਤਕ (ਬਿਕ੍ਰਮੀ-ਦ੍ਰਿਕਗਿਣਤ ਸਿਧਾਂਤ) ਦਿਨ ਐਤਵਾਰ ਨੂੰ ਹੋਇਆ ਸੀ। ਕੱਤਕ ਦੀ ਮੱਸਿਆ 1 ਮੱਘਰ (15 ਨਵੰਬਰ) ਦਿਨ ਐਤਵਾਰ ਨੂੰ ਆਈ ਸੀ, ਪਰ ਦਿਨ ਦੀਵਾਲੀ ਨਹੀਂ ਸੀ। ਇਸ ਸਾਲ ਦੀਵਾਲੀ ਕੱਤਕ ਵਦੀ ਚੌਦਸ, 14 ਨਵੰਬਰ ਦਿਨ ਸ਼ਨਿਚਰਵਾਰ ਨੂੰ ਸੀ। ਕੱਤਕ ਦੀ ਪੁੰਨਿਆ 16 ਮੱਘਰ (30 ਨਵੰਬਰ) ਨੂੰ ਦਿਨ ਸੋਮਵਾਰ ਨੂੰ ਸੀ। ਪ੍ਰਚੱਲਤ ਰਵਾਇਤ ਅਨੁਸਾਰ ਇਸ ਦਿਨ ਗੁਰੂ ਨਾਨਕ ਜੀ ਦਾ ਪ੍ਰਕਾਸ਼ ਪੁਰਬ ਸੀ। ਲੇਖਕ ਵੱਲੋਂ ਲਿਖੀ ਗਈ ਮੱਘਰ ਦੀ ਪੂਰਨਮਾਸ਼ੀ ਤਾਂ 16 ਪੋਹ (30 ਦਸੰਬਰ) ਦਿਨ ਬੁਧਵਾਰ ਨੂੰ ਆਵੇਗੀ।

ਲੇਖਕ ਦੇ ਇਨ੍ਹਾਂ ਸ਼ਬਦਾਂ, "ਪਰ ਇਸ ਸਾਲ ਕੱਤਕ ਦੀ ਪੂਰਨਮਾਸ਼ੀ ਭਾਵੇਂ ਕਿ ਦੀਵਾਲੀ ਤੋਂ ਪਹਿਲਾਂ 15 ਕੱਤਕ ਨੂੰ ਆ ਗਈ ਸੀ", ਸਬੰਧੀ ਬੇਨਤੀ ਹੈ ਕਿ 15 ਕੱਤਕ ਦਿਨ ਸ਼ਨਿਚਰਵਾਰ ਨੂੰ ਕੱਤਕ ਦੀ ਪੂਰਨਮਾਸ਼ੀ ਨਹੀਂ ਸੀ, ਇਸ ਦਿਨ ਤਾਂ ਦੂਜੇ ਅੱਸੂ (ਸ਼ੁਭ) ਦੀ ਪੂਰਨਮਾਸ਼ੀ ਸੀ। ਇਸ ਸਾਲ ਅੱਸੂ ਦੇ ਦੋ ਮਹੀਨੇ ਸਨ। ਪਹਿਲੇ ਅੱਸੂ ਦੇ ਸ਼ੁਭ ਪੱਖ (ਵਦੀ ਪੱਖ) ਦਾ ਅਰੰਭ 19 ਭਾਦੋਂ (3 ਸਤੰਬਰ) ਨੂੰ ਹੋਇਆ ਸੀ, ਪਹਿਲੇ ਅੱਸੂ ਦੇ ਅਸ਼ੁਭ ਪੱਖ (ਸੁਦੀ ਪੱਖ) ਦਾ ਅਰੰਭ 3 ਅੱਸੂ (18 ਸਤੰਬਰ) ਨੂੰ ਹੋਇਆ ਸੀ। ਦੂਜੇ ਅੱਸੂ (ਅਸ਼ੁਭ ਪੱਖ) ਦਾ ਅਰੰਭ 17 ਅੱਸੂ (2 ਅਕਤੂਬਰ) ਨੂੰ ਅਤੇ ਦੂਜੇ ਅੱਸੂ (ਸ਼ੁਭ ਪੱਖ) ਦਾ ਅਰੰਭ 1 ਕੱਤਕ (17 ਸਤੰਬਰ) ਨੂੰ ਹੋਇਆ ਸੀ, ਅਤੇ ਅੱਸੂ ਦੀ ਪੁੰਨਿਆ 15 ਕੱਤਕ (31 ਸਤੰਬਰ) ਨੂੰ ਆਈ ਸੀ। ਇਸ ਲਈ ਲੇਖਕ ਦਾ ਇਹ ਲਿਖਣਾ ਕਿ, "ਪਰ ਇਸ ਸਾਲ ਕੱਤਕ ਦੀ ਪੂਰਨਮਾਸ਼ੀ ਭਾਵੇਂ ਕਿ ਦੀਵਾਲੀ ਤੋਂ ਪਹਿਲਾਂ 15 ਕੱਤਕ ਨੂੰ ਆ ਗਈ ਸੀ" ਸਹੀ ਨਹੀਂ ਹੈ। ਕੱਤਕ ਦੀ ਪੁੰਨਿਆ ਦੀਵਾਲੀ ਤੋਂ ਪਹਿਲਾਂ ਆ ਹੀ ਨਹੀਂ ਸਕਦੀ। ਮੇਰੇ ਖਿਆਲ ਅਨੁਸਾਰ ਲੇਖਕ, ਚੰਦ ਦਾ ਮਹੀਨਾ, ਜੋ ਪੁੰਨਿਆ ਤੋਂ ਪੁੰਨਿਆ ਹੁੰਦਾ ਹੈ ਅਤੇ ਸੂਰਜੀ ਮਹੀਨਾ ਜੋ ਸੰਗਰਾਂਦ ਤੋਂ ਸੰਗਰਾਂਦ ਤਾਈ ਹੁੰਦਾ ਹੈ, ਵਿਚ ਉਲਝ ਗਿਆ ਹੈ। ਕੱਤਕ ਦੀ ਪੁੰਨਿਆ ਦਾ, ਸੂਰਜੀ ਮੱਘਰ ਮਹੀਨੇ ਆਉਣਾ ਕੋਈ ਨਵਾਂ ਵਰਤਾਰਾ ਨਹੀਂ ਹੈ। 2015 ਵਿਚ ਵੀ ਕੱਤਕ ਦੀ ਪੁੰਨਿਆ 10 ਮੱਘਰ ਨੂੰ ਹੀ ਆਈ ਸੀ। 2018 ਵਿਚ ਵੀ ਕੱਤਕ ਦੀ ਪੁੰਨਿਆ 8 ਮੱਘਰ ਨੂੰ ਹੀ ਆਈ ਸੀ। ਇਸ ਸਾਲ ਇਹ 16 ਮੱਘਰ ਨੂੰ ਸੀ, 2021 'ਚ 6 ਮੱਘਰ, 2023 'ਚ 12 ਮੱਘਰ, 2026 'ਚ 9 ਮੱਘਰ ਅਤੇ 2029 'ਚ ਕੱਤਕ ਦੀ ਪੁੰਨਿਆ 6 ਮੱਘਰ ਨੂੰ ਆਵੇਗੀ।

ਡਾ. ਆਸਾ ਸਿੰਘ ਘੁੰਮਣ ਦਾ ਇਹ ਲਿਖਣਾ, "ਸੰਨ 1469 ਵਿਚ ਕੱਤਕ ਦੀ ਪੂਰਨਮਾਸ਼ੀ 20 ਅਕਤੂਬਰ ਨੂੰ ਸੀ। ਇਸ ਲਈ ਪਾਲ ਸਿੰਘ ਪੁਰੇਵਾਲ ਦੇ ਮੁਤਾਬਕ ਗੁਰੂ ਜੀ ਦੇ ਪ੍ਰਕਾਸ਼ ਪੁਰਬ ਦੀ ਤਾਰੀਖ ਪੱਕੇ ਤੌਰ 'ਤੇ 20 ਅਕਤੂਬਰ ਨਿਸ਼ਚਿਤ ਕੀਤੀ ਜਾ ਸਕਦੀ ਹੈ; ਪਰ ਅਜਿਹਾ ਹੋ ਨਾ ਸਕਿਆ", ਵੀ ਸੱਚਾਈ ਤੋਂ ਕੋਹਾਂ ਦੂਰ ਹੈ। ਬੜੇ ਅਫਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਜੇ ਲੇਖਕ ਨੇ ਨਾਨਕਸ਼ਾਹੀ ਕੈਲੰਡਰ ਦੀ ਭੂਮਿਕਾ ਪੜ੍ਹੀ ਹੁੰਦੀ ਤਾਂ ਉਨ੍ਹਾਂ ਨੂੰ ਪਤਾ ਹੋਣਾ ਸੀ ਕਿ ਨਾਨਕਸ਼ਾਹੀ ਕੈਲੰਡਰ ਵਿਚ ਵਦੀ-ਸੁਦੀ ਨੂੰ ਬਦਲੀ ਕਰਨ ਵੇਲੇ ਅੰਗਰੇਜ਼ੀ ਤਾਰੀਖਾਂ ਨੂੰ ਨਹੀਂ, ਸਗੋਂ ਪ੍ਰਵਿਸ਼ਟਿਆਂ ਨੂੰ ਮੁਖ ਰੱਖਿਆ ਗਿਆ ਹੈ। ਦੂਜੀ ਬੇਨਤੀ ਇਹ ਹੈ ਕਿ ਸ. ਪਾਲ ਸਿੰਘ ਪੁਰੇਵਾਲ ਨੇ ਤਾਂ ਇਹ ਸਾਬਿਤ ਕੀਤਾ ਹੈ ਕਿ ਗੁਰੂ ਦਾ ਜਨਮ 1 ਵੈਸਾਖ, ਸੰਮਤ 1526 ਬਿਕ੍ਰਮੀ ਦਿਨ ਸੋਮਵਾਰ ਦਾ ਹੈ। ਇਸ ਦਿਨ ਚੇਤ ਦੀ ਪੁੰਨਿਆ ਸੀ। 1 ਵੈਸਾਖ ਹੀ 1999 ਈ: ਵਿਚ ਸ਼੍ਰੋਮਣੀ ਕਮੇਟੀ ਵੱਲੋਂ ਪਹਿਲੀ ਵਾਰ ਛਾਪੇ ਗਏ ਕੈਲੰਡਰ ਵਿਚ ਦਰਜ ਹੈ।

*-ਸਰਵਜੀਤ ਸਿੰਘ ਸੈਕਰਾਮੈਂਟੋ*
*Sarbjits@gmail.com*

# ਮੈਂ ਤੇ ਮੇਰੀ ਕਲਮ: ਸੰਵਾਦ

ਮੈਂ ਮੇਰੀ ਕਲਮ ਨੂੰ ਆਖਿਆ, "ਸਰਬ ਸਾਂਝੇ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ। ਸਾਰੀ ਦੁਨੀਆਂ ਗੁਰੂ ਸਾਹਿਬ ਦੇ ਸਨੇਹ ਵਿਚ ਭਿੱਜੀ ਉਨ੍ਹਾਂ ਬਾਰੇ ਕੁਝ ਨਾ ਕੁਝ ਆਖ ਰਹੀ ਹੈ, ਚੱਲ ਆਪਾਂ ਵੀ ਆਪਣੇ ਵੱਲੋਂ ਕੁਝ ਲਿਖੀਏ।"

ਮੇਰੀ ਕਲਮ ਹੱਸ ਪਈ ਤੇ ਸਵਾਲ ਕੀਤਾ, "ਔਕਾਤ ਹੈ ਆਪਣੀ ਲਿਖਣ ਦੀ?"

"ਮਤਲਬ?" ਮੈਂ ਪੁੱਛਿਆ।

"ਮਤਲਬ...ਗੁਰੂ ਨਾਨਕ ਸਾਹਿਬ ਨੂੰ ਪੜ੍ਹਿਐ?" ਉਸ ਨੇ ਸਵਾਲ ਕੀਤਾ।

**ਅੰਮ੍ਰਿਤ ਕੌਰ, ਬਡਰੁੱਖਾਂ**
**ਫੋਨ: 91-98767-14004**

"ਹਾਂ! ਗੁਰੂ ਨਾਨਕ ਸਾਹਿਬ ਤਾਂ ਸਭ ਦੇ ਸਾਂਝੇ ਨੇ। ਉਨ੍ਹਾਂ ਨੂੰ ਤਾਂ ਸਾਰੇ ਪੜ੍ਹਦੇ ਨੇ।"

"ਤੂੰ ਪੜ੍ਹਿਆ?"

"ਹਾਂ, ਬਚਪਨ ਤੋਂ ਪੜ੍ਹਦੇ ਆ ਰਹੇ ਆਂ। ਜਦੋਂ ਤੋਂ ਅੱਖਰਾਂ ਦੀ ਪਛਾਣ ਹੋਈ ਜਾਂ ਫਿਰ ਇਹ ਵੀ ਆਖ ਸਕਦੇ ਆਂ ਕਿ ਜਦੋਂ ਅੱਖਰਾਂ ਦੀ ਪਛਾਣ ਵੀ ਨਹੀਂ ਸੀ ਹੋਈ, ਉਦੋਂ ਵੀ; ਬਾਪੂ ਜੀ ਆਪਣੇ ਢਿੱਡ 'ਤੇ ਬਿਠਾ ਕੇ ਕੰਠ ਕਰਵਾਉਂਦੇ ਸੀ ਗੁਰੂ ਸਾਹਿਬ ਦੀ ਬਾਣੀ।" ਮੈਂ ਆਖਿਆ।

"ਵਾਹ ਜੀ ਵਾਹ! ਚਲੋ ਇਹ ਵੀ ਦੱਸ ਦਿਓ ਕਿ ਗੁਰੂ ਨਾਨਕ ਸਾਹਿਬ ਨੂੰ ਅੰਦਰ ਕਿੰਨਾ ਉਤਾਰਿਆ?"

"ਉਹ ਤਾਂ ਸਭ ਦੇ ਦਿਲਾਂ ਦੇ ਅੰਦਰ ਵਸਦੇ ਨੇ, ਸਭ ਦੇ ਸਾਂਝੇ; ਜਿਵੇਂ ਸੂਰਜ ਨੂੰ ਬੁੱਕਲ ਵਿਚ ਨਹੀਂ ਲੁਕੋਇਆ ਜਾ ਸਕਦਾ, ਇਸੇ ਤਰ੍ਹਾਂ ਗੁਰੂ ਸਾਹਿਬ ਦੀ ਰੂਹਾਨੀ ਰੌਸ਼ਨੀ ਨੂੰ ਵੀ ਕੋਈ ਲੁਕੋ ਨਹੀਂ ਸਕਦਾ ਕੋਈ। ਉਹ ਕਿਸੇ ਖਾਸ ਦੀ ਜਾਗੀਰ ਨਹੀਂ, ਸਭ ਦੇ ਸਾਂਝੇ ਨੇ...।"

ਮੈਂ ਅਜੇ ਗੱਲ ਪੂਰੀ ਵੀ ਨਹੀਂ ਸੀ ਕੀਤੀ, ਉਸ ਨੇ ਖਿਝ ਕੇ ਆਖਿਆ, "ਮੈਂ ਸਿਰਫ ਤੇਰੀ ਗੱਲ ਕਰਦੀ ਆਂ, ਤੂੰ ਸਿਰਫ ਆਪਣੀ ਸਮਝ ਦੇ ਆਧਾਰ 'ਤੇ ਜਵਾਬ ਦਿਆ ਕਰ।"

ਮੈਂ ਸੰਭਲਣ ਦੀ ਕੋਸ਼ਿਸ਼ ਕੀਤੀ। ਮੈਨੂੰ ਲੱਗਿਆ, ਕਲਮ ਮੈਨੂੰ ਉਲਝਾ ਰਹੀ ਹੈ।

"ਗੁਰੂ ਨਾਨਕ ਸਾਹਿਬ ਬਾਰੇ ਤੁਸੀਂ ਕਾਫੀ ਕੁਝ ਜਾਣਦੇ ਓ।" ਉਸ ਨੇ ਫਿਰ ਕਿਹਾ।

"ਨਹੀਂ, ਥੋੜ੍ਹਾ ਜਿਹਾ।" ਮੈਂ ਸੋਚ ਕੇ ਕਿਹਾ। ਮੈਂ ਸਮਝ ਲਿਆ ਸੀ ਕਿ ਮੈਨੂੰ ਓਨਾ ਕੁਝ ਨਹੀਂ ਪਤਾ, ਜਿੰਨਾ ਮੈਂ ਸੋਚ ਰੱਖਿਆ ਸੀ।

"ਗੁਰੂ ਨਾਨਕ ਸਾਹਿਬ ਨੂੰ ਕਿਵੇਂ ਜਾਣਿਆ ਜਾ ਸਕਦਾ ਹੈ?"

ਉਹ ਤਾਂ ਖੁਦ ਲਿਖ ਗਏ ਨੇ, "ਏਵਡੁ ਊਚਾ ਹੋਵੈ ਕੋਇ ਤਿਸੁ ਊਚੇ ਕਉ ਜਾਣੈ ਸੋਇ॥' ਮੈਂ ਕਿਹਾ।

ਉਹ ਸਿਰਫ ਮੁਸਕਰਾਈ। ਮੈਨੂੰ ਪਤਾ ਸੀ ਉਹ ਕੀ ਸਵਾਲ ਕਰੇਗੀ। ਮੈਂ ਆਪਣੇ ਆਪ ਹੀ ਕਹਿਣਾ ਸ਼ੁਰੂ ਕਰ ਦਿੱਤਾ, "ਗੁਰੂ ਸਾਹਿਬ ਭਾਵੇਂ ਇੱਥੇ ਪਰਮਾਤਮਾ ਦੀ ਗੱਲ ਕਰਦੇ ਨੇ, ਪਰ ਮੈਂ ਇਸ ਲਈ ਆਖਿਆ ਹੈ ਕਿ ਗੁਰੂ ਸਾਹਿਬ ਨੂੰ ਸਮਝਣ ਲਈ ਵੀ ਉਨ੍ਹਾਂ ਵਰਗੀ ਉਚ ਅਵਸਥਾ ਦੀ ਜ਼ਰੂਰਤ ਐ। ਉਸ ਅਵਸਥਾ ਦੇ ਨੇੜੇ-ਤੇੜੇ ਵੀ ਨਹੀਂ ਢੁਕ ਸਕਦੀ ਮੈਂ।"

"ਚਲੋ! ਇਹ ਦੱਸੋ, ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਦੇ ਓ?"

"ਹਾਂ!" ਮੈਂ ਕਿਹਾ।

"ਕਿੱਥੋਂ?" ਉਸ ਫਿਰ ਪੁੱਛਿਆ।

"ਧਾਰਮਿਕ ਸਥਾਨਾਂ 'ਤੇ, ਦੁਕਾਨਾਂ 'ਤੇ, ਘਰਾਂ ਦੀਆਂ ਕੰਧਾਂ 'ਤੇ, ਕਿਤਾਬਾਂ ਵਿਚੋਂ, ਮੋਬਾਈਲ ਵਿਚੋਂ ਨੈੱਟ ਖੋਲ੍ਹ ਕੇ ਕਰ ਲਈਦੇ ਨੇ ਰੋਜ਼।"

"ਉਨ੍ਹਾਂ ਦੇ ਅਸਲ ਦਰਸ਼ਨ ਪਤੈ ਕਿੱਥੋਂ ਹੁੰਦੇ ਨੇ?" ਉਹ ਗੰਭੀਰ ਹੋ ਕੇ ਬੋਲੀ। ਮੈਂ ਚੁੱਪ ਕਰ ਕੇ ਉਸ ਵੱਲ ਵੇਖ ਰਹੀ ਸੀ।

"ਉਨ੍ਹਾਂ ਦੇ ਅਸਲ ਦਰਸ਼ਨ ਉਨ੍ਹਾਂ ਦੀ ਬਾਣੀ ਵਿਚੋਂ ਹੁੰਦੇ ਨੇ। ਦੂਸਰੇ ਉਨ੍ਹਾਂ ਬਾਰੇ ਕੀ ਲਿਖਦੇ ਨੇ, ਕੀ ਬੋਲਦੇ ਨੇ, ਕੀ ਤਸਵੀਰਾਂ ਵਿਚ ਦਿਖਾਉਂਦੇ ਨੇ, ਇਹੀ ਦੇਖਦੇ ਓ ਨਾ ਤੁਸੀਂ? ਪਰ ਜੋ ਉਹ ਕਹਿ ਗਏ ਨੇ, ਉਸ ਬਾਣੀ ਵਿਚੋਂ ਦਰਸ਼ਨ ਕੀਤੇ ਕਦੀ?" ਮੈਂ ਚੁੱਪ ਸਾਂ, ਕੁਝ ਨਹੀਂ ਸੀ ਸੁੱਝ ਰਿਹਾ।

"ਗੁਰੂ ਨਾਨਕ ਸਾਹਿਬ ਦੀ ਬਾਣੀ ਕੰਠ ਹੋਵੇਗੀ...ਪੜ੍ਹਦੇ-ਸੁਣਦੇ ਵੀ ਹੋਵੋਗੇ। ਆਪਣੀ ਸੁਵਿਧਾ ਅਨੁਸਾਰ ਮਤਲਬ ਵੀ ਕੱਢ ਲੈਂਦੇ ਹੋਵੋਗੇ।"

"ਹਾਂ।" ਮੇਰੀਆਂ ਨਜ਼ਰਾਂ ਝੁਕੀਆਂ ਹੋਈਆਂ ਸਨ। ਉਸ ਨੇ ਸ਼ਾਇਦ ਮੇਰੀ ਹਾਲਤ ਭਾਂਪ ਲਈ ਸੀ।

"ਚਲੋ ਛੱਡੋ! ਬਹੁਤੇ ਲੋਕਾਂ ਦਾ ਇਹੀ ਹਾਲ ਐ। ਲੋਕਾਂ ਦਾ ਈ ਨਹੀਂ, ਕਈ ਵੱਡੇ ਵੱਡੇ ਭਾਸ਼ਣ ਦੇਣ ਵਾਲੇ ਵੀ ਅਮਲਾਂ ਵਾਲੇ ਪਾਸਿਓਂ ਖੋਖਲੇ ਹੁੰਦੇ ਨੇ। ਤੈਨੂੰ ਸ਼ਾਇਦ ਇਹ ਵੀ ਨਹੀਂ ਪਤਾ ਹੋਣਾ, ਜਿਹੜੇ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੇ ਬਹੁਤੇ ਨੇੜੇ ਹੋਣ ਦਾ ਦਿਖਾਵਾ ਕਰਦੇ ਨੇ, ਉਹ ਵੀ ਖਾਲੀ ਪੀਪਿਆਂ ਦੀ ਤਰ੍ਹਾਂ ਖੜਕਣਾ ਹੀ ਜਾਣਦੇ ਨੇ ਬਸ। ਉਨ੍ਹਾਂ ਨੇ ਜੋ ਬੋਲਣਾ ਹੁੰਦੈ, ਉਹ ਵੀ ਉਨ੍ਹਾਂ ਦੇ ਆਪਣੇ ਵਿਚਾਰ ਨਹੀਂ ਹੁੰਦੇ, ਕਿਸੇ ਹੋਰ ਦੇ ਹੁੰਦੇ ਨੇ।" ਉਸ ਦੀਆਂ ਗੱਲਾਂ ਸੁਣ ਕੇ ਮੈਂ ਵੀ ਨਜ਼ਰਾਂ ਉਪਰ ਨੂੰ ਚੁੱਕੀਆਂ।

"ਸਾਰੇ ਇੱਕ ਵਰਗੇ ਨਹੀਂ ਹੁੰਦੇ, ਬਥੇਰੇ ਬਹੁਤ ਚੰਗੇ ਵੀ ਹੁੰਦੇ ਨੇ।" ਮੈਂ ਕਿਹਾ।

"ਹਾਂ ਹੁੰਦੇ ਨੇ, ਤੈਨੂੰ ਪਤੈ ਅਸੀਂ ਬੜੀਆਂ ਟੌਹਰਾਂ ਮਾਰਦੇ ਆਂ ਕਿ ਗੁਰੂ ਨਾਨਕ ਸਾਹਿਬ ਸਾਡੇ ਨੇ; ਪਰ ਅਸੀਂ ਉਨ੍ਹਾਂ ਦੇ ਬਣੀਏ ਤਾਂ ਗੱਲ ਬਣੇ। ਜੇ ਅਸੀਂ ਉਨ੍ਹਾਂ ਦੇ ਬਣੇ ਹੁੰਦੇ ਤਾਂ ਕਿਰਤ ਦਾ ਮੁੱਲ ਪੈਂਦਾ। ਕਿਰਤ ਸੱਭਿਆਚਾਰ ਨੂੰ ਖੋਰਾ ਨਾ ਲੱਗਦਾ। ਕਿਰਤ ਕਰਨ ਵਾਲੇ ਆਪਣੇ ਹੱਕਾਂ ਲਈ ਸੰਘਰਸ਼ ਦੇ ਰਾਹ 'ਤੇ ਤੁਰ ਹੋਏ ਨੇ। ਗਰਮੀਆਂ ਸਰਦੀਆਂ ਸੜਕਾਂ 'ਤੇ ਗੁਜ਼ਾਰਨ ਲਈ ਮਜ਼ਬੂਰ ਨੇ। ਬਾਬੇ ਨਾਨਕ ਨੂੰ ਸਿਰ ਝੁਕਾਉਣ ਵਾਲੇ, ਉਨ੍ਹਾਂ ਦੇ ਜਨਮ ਦਿਨ 'ਤੇ ਸਾਰੇ ਜਗਤ ਨੂੰ ਵਧਾਈਆਂ ਦੇਣ ਵਾਲੇ ਉਨ੍ਹਾਂ ਦੇ ਕਿਰਤੀਆਂ ਨੂੰ ਰੋਲ ਰਹੇ ਨੇ...ਹੈ ਨਾ ਕਮਾਲ ਦੀ ਗੱਲ।"

"ਹਾਂ, ਦੁਖਦਾਈ ਵੀ ਐ ਇਹ ਸਭ।" ਮੈਂ ਕਿਹਾ।

"ਦੁਨੀਆਂ ਦੀ ਕਹਿਣੀ ਤੇ ਕਰਨੀ ਵਿਚ ਫਰਕ ਆ ਗਿਆ। ਲੋਕ ਦਿਖਾਵਾ ਕੁਝ ਹੋਰ ਕਰਦੇ ਨੇ, ਹੁੰਦੇ ਕੁਝ ਹੋਰ ਨੇ। ਕਈ ਵਾਰ ਤਾਂ ਸਾਰੀ ਉਮਰ ਆਪਣੇ ਆਪ ਨੂੰ ਉਹੀ ਸਮਝ ਬੈਠਦੇ ਨੇ, ਜੋ ਉਹ ਨਹੀਂ ਹੁੰਦੇ। ਜਦੋਂ ਸੁਰਤ ਆਉਂਦੀ ਐ, ਉਦੋਂ ਪਛਤਾਉਂਦੇ ਨੇ।" ਉਹ ਗੰਭੀਰ ਸੀ।

"ਆਪਾਂ ਲਿਖੀਏ ਹੁਣ ਕੁਸ਼...!" ਮੈਂ ਮੁਸਕਰਾਉਂਦਿਆਂ ਕਿਹਾ। ਉਸ ਨੇ ਹੈਰਾਨੀ ਨਾਲ ਵੇਖਿਆ ਤੇ ਬੋਲੀ, "ਅਜੇ ਵੀ ਲਿਖਣ ਦਾ ਸੋਚ ਰਹੀ ਏਂ?"

"ਹਾਂ!" ਮੈਂ ਕਿਹਾ।

"ਕੀ ਲਿਖਣਾ ਚਾਹੁੰਦੀ ਏਂ?"

"ਸੱਚ।"

"ਹਿੰਮਤ ਹੈ?" ਉਸ ਦਾ ਸਵਾਲ ਸੀ।

"ਹਾਂ! ਸੱਚ ਲਿਖਣਾ ਔਖਾ ਨਹੀਂ, ਝੂਠ ਨੂੰ ਸੱਚ ਦੇ ਲੇਪ ਚੜ੍ਹਾ ਕੇ ਲਿਖਣਾ ਔਖਾ ਹੁੰਦੈ।" ਮੈਂ ਕਿਹਾ।

"ਕੀ ਲਿਖੀਏ?"

"ਉਹੀ ਜੋ ਹੁਣੇ ਗੱਲਬਾਤ ਕੀਤੀ।"

"ਮਤਲਬ?" ਉਹ ਹੈਰਾਨੀ ਨਾਲ ਤੱਕ ਰਹੀ ਸੀ।

"ਮਤਲਬ ਕਿ ਅਸੀਂ ਫੋਕੀਆਂ ਫੜ੍ਹਾਂ ਮਾਰਨ ਵਾਲੇ ਆਂ...ਅਸੀਂ ਗੁਰੂ ਬਾਬੇ ਦੀ ਗੱਲ ਮੰਨਣ ਨੂੰ ਤਿਆਰ ਨਹੀਂ। ਅਸੀਂ ਕਹਿੰਦੇ ਕੁਝ ਹੋਰ ਤੇ ਕਰਦੇ ਕੁਝ ਹੋਰ ਹਾਂ। ਦਿਖਾਵੇ ਤੇ ਸ਼ਹੁਰਤ ਲਈ ਬਹੁਤ ਕੁਝ ਅਜਿਹਾ ਕਹਿੰਦੇ ਜਾਂ ਕਰਦੇ ਹਾਂ, ਜੋ ਸਾਨੂੰ ਖੁਦ ਨੂੰ ਵੀ ਠੀਕ ਨਹੀਂ ਲੱਗਦਾ ਹੁੰਦਾ ਕਈ ਵਾਰ। ਪਤਾ ਵੀ ਹੋਵੇ ਕਿ ਗਲਤ ਬੋਲ ਰਹੇ ਹਾਂ ਤਾਂ ਵੀ ਬੋਲੀ ਜਾਂਦੇ ਹਾਂ। ਪਤਾ ਹੋਵੇ ਕਿ ਗਲਤ ਬੰਦੇ ਦੀ ਤਾਰੀਫ ਕਰਦੇ ਹਾਂ ਤਾਂ ਵੀ ਕਰੀ ਜਾਂਦੇ ਆਂ। ਪਤਾ ਹੋਵੇ, ਗਲਤ ਬੰਦੇ ਦੇ ਨਾਲ ਤੁਰਦੇ ਹਾਂ, ਫਿਰ ਵੀ ਨਹੀਂ ਰੁਕਦੇ। ਆਪਣੇ ਆਪ ਨੂੰ ਦੁਨੀਆਂ ਤੋਂ ਵੱਖਰਾ ਰੱਖ ਕੇ ਸੋਚਦੇ ਹਾਂ ਕਿ ਗੁਰੂ ਸਾਹਿਬ ਦੇ ਸਿਧਾਂਤਾਂ 'ਤੇ ਆਪਣੇ ਆਪ ਨੂੰ ਤੋਰਨਾ ਜ਼ਰੂਰੀ ਨਹੀਂ ਸਮਝਦੇ। ਇਹੀ ਸੋਚਦੇ ਆਂ ਕਿ ਬਾਕੀ ਦੁਨੀਆਂ ਨੂੰ ਚੱਲਣਾ ਚਾਹੀਦਾ ਹੈ। ਗੁਰੂ ਸਾਹਿਬ ਦੇ ਉਪਦੇਸ਼ ਪੜ੍ਹ ਕੇ ਸੁਣਾਉਣ ਨਾਲ ਹੀ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਂਦੇ ਹਾਂ। ਅਮਲ ਕਰਨ ਲਈ ਦੂਸਰਿਆਂ ਨੂੰ ਆਖਦੇ ਹਾਂ...।" ਮੈਂ ਪਤਾ ਨਹੀਂ ਕਿੰਨਾ ਕੁ ਬੋਲਦੀ। ਉਸ ਨੇ ਮੈਨੂੰ ਰੋਕਦਿਆਂ ਆਖਿਆ, "ਚਲ ਬਸ ਕਰ।"

ਉਸ ਦੇ ਬੁੱਲ੍ਹਾਂ 'ਤੇ ਵੱਡੀ ਸਾਰੀ ਮੁਸਕਾਨ ਆਈ। ਮੈਂ ਉਸ ਦੇ ਚਿਹਰੇ ਵੱਲ ਦੇਖਿਆ, ਉਸ ਦੀਆਂ ਅੱਖਾਂ ਵੀ ਮੁਸਕਰਾ ਰਹੀਆਂ ਸਨ। ਅਸੀਂ ਘੁੱਟ ਕੇ ਜੱਫੀ ਪਾਈ। ਮੈਂ ਉਸ ਦਾ ਮੱਥਾ ਚੁੰਮਿਆ ਤੇ ਉਹ ਕਾਗਜ਼ਾਂ ਨੂੰ ਸਜਦਾ ਕਰ ਕੇ ਅੱਖਰਾਂ ਨੂੰ ਮੋਤੀਆਂ ਵਾਂਗ ਪਰੋਣ ਲੱਗੀ।

## ਨਾਨਕ ਮਲਾਹ

ਸਹਿਕਦਿਆਂ ਨੂੰ ਆਇਆ ਸਾਹ
ਆਇਆ ਨਾਨਕ ਜਦ ਮਲਾਹ
ਧਾੜੀ ਲੁੱਟਣ ਕੱਟਣ ਵੱਸਣ
ਤੌਹੀਨ ਭਰੇ ਆਵਾਜ਼ੇ ਕੱਸਣ
ਬੁਜ਼ਦਿਲਾਂ 'ਤੇ ਉਚੀ ਹੱਸਣ
ਡਰਦੇ ਲੋਕੀਂ ਲੁਕਣ ਨੱਸਣ
ਲੁਕਣ ਲਈ ਨਾ ਲੱਭੇ ਰਾਹ
ਸਹਿਕਦਿਆਂ ਨੂੰ ਆਇਆ ਸਾਹ
ਆਇਆ ਨਾਨਕ ਜਦ ਮਲਾਹ।

ਭਾਰਤ ਹੈਸੀ ਐਸਾ ਦੇਸ਼
ਹਰੇ, ਚਿੱਟੇ, ਭਗਵੇਂ ਵੇਸ
ਕਿਸ ਤਰ੍ਹਾਂ ਦੇ ਹੋਣ ਉਪਦੇਸ਼
ਉਪਦੇਸ਼ਾਂ ਨੇ ਰੂਹ ਦਿੱਤੀ ਮੇਸ
ਦੁਨੀਆਂ ਤੱਕੀ ਉਸ ਨੇ ਗਾਹ
ਸਹਿਕਦਿਆਂ ਨੂੰ ਆਇਆ ਸਾਹ
ਆਇਆ ਨਾਨਕ ਜਦ ਮਲਾਹ।

ਉਸ ਤੱਕੇ ਢਾਣੇ ਤੱਕੀ ਢਾਣੀ
ਸੂਟੇ-ਚਿਲਮਾਂ ਹੁੱਕਾ ਪਾਣੀ
ਤੱਕ ਕੇ ਉਸ ਨੇ ਨਬਜ਼ ਪਛਾਣੀ
ਨਬਜ਼ ਪਛਾਣ ਉਚਰੀ ਬਾਣੀ
ਜਿਸ ਬਾਣੀ ਦੇ ਅਰਥ ਅਥਾਹ
ਸਹਿਕਦਿਆਂ ਨੂੰ ਆਇਆ ਸਾਹ
ਆਇਆ ਨਾਨਕ ਜਦ ਮਲਾਹ।

ਰਾਜਿਆਂ ਨਾਲ ਅੱਖ ਲਗਾਈ
ਅੱਖ ਲਗਾ ਕੇ ਕਿਹਾ ਕਸਾਈ
ਜਨਤਾ ਤੜਪੇ ਹਾਲ ਦੁਹਾਈ
ਬੰਦੇ ਬੰਦੀ ਨੇ ਪੱਤ ਗਵਾਈ
ਰੱਬ ਅੱਗੇ ਜਾ ਕੱਢੀ ਹਾਅ
ਸਹਿਕਦਿਆਂ ਨੂੰ ਆਇਆ ਸਾਹ
ਆਇਆ ਨਾਨਕ ਜਦ ਮਲਾਹ।

ਜੀਵਨ ਦੇ ਭੇਤ ਉਸ ਖੋਲ੍ਹੇ
ਸੋਚਾਂ ਸੱਭੇ ਵਹੀਆਂ ਫੋਲੇ
ਡਿੱਠੇ ਸੱਭੇ ਹੀ ਵਾ-ਵਰੋਲੇ
ਕਿਵੇਂ ਜੀਣਾ ਹੈ, ਮੂੰਹੋਂ ਬੋਲੇ
ਜੀਵੰਦਿਆਂ ਹੋ ਰਹੋ ਫਨਾਹ
ਸਹਿਕਦਿਆਂ ਨੂੰ ਆਇਆ ਸਾਹ
ਆਇਆ ਨਾਨਕ ਜਦ ਮਲਾਹ।

ਧਨਾਢਾਂ ਦੇ ਉਹਨੇ ਖੋਲ੍ਹੇ ਪਾਜ
ਪਿੰਜਣ ਕਿਰਤੀ ਕਰਦੇ ਰਾਜ
ਅੰਨ ਦਿੰਦੇ ਦੇਣ ਵਸਤਾਂ ਸਾਜ
ਤਾਂ ਵੀ ਨ ਸੀ ਉਨ੍ਹਾਂ ਦੀ ਲਾਜ
ਰੱਖਣਾ ਸਿਰ ਉਨ੍ਹਾਂ ਦੇ ਤਾਜ
ਆਖੇ ਨਾਨਕ ਖੜ੍ਹਾ ਗਵਾਹ
ਤਦ ਆਊ ਸਭ ਨੂੰ ਸੌਖਾ ਸਾਹ
ਆਇਆ ਨਾਨਕ ਅੱਜ ਮਲਾਹ।

*-ਓਂਕਾਰ ਸਿੰਘ ਡੁਮੇਲੀ*
*ਫੋਨ: 347-476-1604*

---

## ਸੂਰਜ ਨੂੰ ਅਰਘ

ਬਾਬਾ ਜੀ ਤੁਰ ਪਏ ਅਗਾਂਹ,
ਸੱਜਣ ਠੱਗ ਨੂੰ ਪਾ ਕੇ ਰਾਹ।
ਹਰਿਦਵਾਰ ਜਾ ਕੇ ਤੱਕਿਆ,
ਸੂਰਜ ਨੂੰ ਅਰਘ ਰਹੇ ਚੜ੍ਹਾ।
ਝੱਟ ਸਮਝ ਗਏ ਪਖੰਡ ਸਾਰੇ,
ਪੰਡਿਤਾਂ ਪਾਏ ਲੋਕੀਂ ਪੁੱਠੇ ਰਾਹ।
ਗੁਰੂ ਜੀ ਗੰਗਾ ਵਿਚ ਵੜ ਕੇ,
ਪਾਣੀ ਸੁੱਟਣ ਲੱਗੇ ਪਿਛਾਂਹ।

ਪੁਜਾਰੀਆਂ ਨੇ ਆ ਪੁੱਛਿਆ,
"ਇਹ ਕੀ ਤੂੰ ਕਰਨ ਡਿਹਾਂ?
ਅਸੀਂ ਪਾਣੀ ਚੜ੍ਹਦੇ ਨੂੰ ਦੇ ਕੇ,
ਪਿੱਤਰਾਂ ਦੇ ਸੀਨੇ ਠੰਡ ਪਾਉਂਦੇ।
ਪਰ ਤੂੰ ਪਾਣੀ ਪੱਛੋਂ ਨੂੰ ਸੁੱਟ ਕੇ,
ਕਿੰਜ ਆਪਣੇ ਖੇਤੀਂ ਪਹੁੰਚਾਉਂਦੇ?
ਤੇਰਾ ਪਾਣੀ ਪੁੱਜ ਨਹੀਂ ਸਕਦਾ,
ਕਿਉਂ ਤੂੰ ਲੋਕਾਂ ਨੂੰ ਭਟਕਾਉਂਦੈਂ?"

ਸੁਣੇ ਬਾਬਾ ਧਿਆਨ ਲਗਾ ਕੇ,
ਬੁੱਲ੍ਹਾਂ ਵਿਚ ਥੋੜ੍ਹਾ ਮੁਸਕਰਾ ਕੇ।
ਪੰਡਿਤਾਂ ਤਾਂਈਂ ਸਵਾਲ ਕਰ ਕੇ,
ਪੁੱਛਦੇ ਫਿਰ ਇੰਜ ਫੁਰਮਾ ਕੇ,
"ਜੇ ਪਾਣੀ ਕੁਝ ਦੂਰ ਨਾ ਪਹੁੰਚੇ,
ਤੁਹਾਡਾ ਕਿੰਜ ਸਵਰਗੀਂ ਪਹੁੰਚੇ?"
ਸੁਣ ਕੇ ਅੱਗੋਂ ਟੇਢਾ ਸਵਾਲ,
ਪੰਡਿਤ ਲੱਗੇ ਮਚਾਉਣ ਬਵਾਲ।

ਝੱਟ ਪੱਟ ਮੁਖੀਏ ਨੂੰ ਬੁਲਾਇਆ,
ਸਾਰਾ ਮਸਲਾ ਕਹਿ ਸਮਝਾਇਆ।
ਤਰਕ ਤਰਕ ਨਾਲ ਗੱਲਾਂ ਹੋਵਣ,
ਗੁਰੂ ਜੀ ਫਿਰ ਲੱਗੇ ਸਮਝਾਵਣ।
ਸੂਰਜ ਨੂੰ ਪਾਣੀ ਦੇਣਾ ਹੈ ਪਖੰਡ,
ਐਵੇਂ ਕਿਉਂ ਵਾਧੂ ਦੀ ਪਾਈ ਡੰਡ।
ਆਖ ਗੋਰਖਮਤੇ ਨੂੰ ਪਾਏ ਚਾਲੇ,
ਕਰਨ ਗੋਸ਼ਟੀ ਜੋਗੀਆਂ ਨਾਲੇ।

*-ਸੇਵਾ ਸਿੰਘ ਨੂਰਪੁਰੀ*

---

## ਨਾਨਕ ਦਾ ਹਲ

ਕਰਤਾਰਪੁਰ ਦੇ ਖੇਤਾਂ ਵਿਚ ਵੱਗਦਾ
ਬਾਬੇ ਨਾਨਕ ਦਾ ਹਲ
ਮਨ-ਮਿੱਟੀ ਦੀ ਜ਼ਰਖੇਜ਼ਤਾ ਟੋਹ
ਸ਼ਬਦ-ਜੋਤ ਬੀਜਦਾ
ਕਿਰਤ ਦਾ ਮਾਣ ਬਿਖੇਰਦਾ ਸੀ।

ਬਾਬੇ ਦਾ ਹਲ
ਕਦੇ ਚੜ੍ਹਦੇ ਵੰਨੀਂ ਜਾਂਦਾ
ਤੇ ਫਿਰ ਲਹਿੰਦੇ ਵੰਨੀਂ ਪਰਤਦਾ
ਨਹੀਂ ਸਨ ਹੱਦਾਂ-ਸਰਹੱਦਾਂ
ਤੇ ਕੱਟੜਤਾ ਦੀਆਂ ਵਲਗਣਾਂ।

ਨਾਨਕ ਦੇ ਹਲ ਨਾਲ
ਮਿੱਟਦੀਆਂ ਸਨ
ਜਾਤ-ਪਾਤ ਦੀਆਂ ਵੱਟਾਂ
ਤੇ ਬੋਹਲ ਦੇ ਦਸਵੰਧ ਨਾਲ
ਚੱਲਦਾ ਸੀ ਲੰਗਰ ਦਾ ਪ੍ਰਵਾਹ।

ਜੋਗ ਦੀਆਂ ਟੱਲੀਆਂ ਨਾਲ
ਗੂੰਜਦਾ ਸੀ ਫਿਜ਼ਾ ਵਿਚ
ਕਿਰਤ ਦਾ ਹੋਕਰਾ
ਸੱਚ ਦੀ ਸੱਦ
ਤੇ ਅਨਿਆਂ ਵਿਰੁੱਧ ਬੁਲੰਦਗੀ।

ਹਲ ਵਾਹੁੰਦਿਆਂ
ਨਾਨਕ ਹਾਲੀ ਦੇ ਪ੍ਰਵਚਨਾਂ 'ਚੋਂ
ਪ੍ਰਕਾਸ਼ਮਾਨ ਹੁੰਦਾ ਸੀ,
'ਸੁਰਤਿ ਮਤਿ ਬੁਧਿ ਪਰਗਾਸੁ॥'

ਵਕਤ ਦੀ ਚਾਲ ਨਾਲ
ਕੋਝੀਆਂ ਕਰਵਟਾਂ ਨੇ
ਤਹਿਜ਼ੀਬ ਦੀ ਹਿੱਕ 'ਚ
ਬੀਜ ਦਿੱਤੇ ਸਨ
ਕੁਝ ਸ਼ੱਕ ਤੇ ਭਰਮ-ਭੁਲੇਖੇ।

ਪਰ ਹੁਣ
ਦਿੱਲੀ ਦੇ ਧੁੰਦਲਕੇ 'ਚ ਉਗਿਆ
ਸੂਰਜ ਹੀ ਤਾਂ ਹੈ
ਲੋਕ-ਮਨਾਂ ਵਿਚ
ਨਾਨਕ ਦੇ ਹਲ ਦਾ ਜੋਤਰਾ।

*-ਡਾ. ਗੁਰਬਖਸ਼ ਸਿੰਘ ਭੰਡਾਲ*

# ਧਰਤੀ ਪੁੱਤਰ ਦੀ ਗਰਜ

ਭਗਤੀ ਲਹਿਰ ਦੀ ਉਪਰਲੀ ਚਾਦਰ ਹੇਠਾਂ ਜਾਤੀਵਾਦ ਦੇ ਖਿਲਾਫ ਸਮਾਜਕ ਨਿਆਂ ਅਤੇ ਧਰਮ ਦੇ ਪਾਖੰਡਵਾਦ, ਭੇਖਵਾਦ ਤੇ ਪੁਜਾਰੀਵਾਦ ਦੇ ਵਿਰੋਧ ਵਿਚ ਨੈਤਿਕ ਕ੍ਰਾਂਤੀ ਦੀ ਅੱਗ ਸੁਲਘਦੀ ਸੀ। ਰੋਸ ਦੀ ਇਹ ਲਹਿਰ ਸਾਮੰਤਵਾਦੀ ਰਾਜਾਸ਼ਾਹੀ ਨੂੰ ਬਹੁਤ ਚੁਭਦੀ ਰਹੀ। ਭਾਰਤ-ਭੂਮੀ ਦੇ ਵੱਖ-ਵੱਖ ਖੇਤਰਾਂ ਵਿਚੋਂ ਉਚੀ-ਨੀਵੀਂ ਚਾਲੇ ਚੱਲਦੀ ਇਹ ਲਹਿਰ ਪੰਜਾਬ ਵਿਚ ਗੁਰੂ ਨਾਨਕ ਦੀ ਅਗਵਾਈ ਵਿਚ ਸਮਾਜਕ ਕ੍ਰਾਂਤੀ ਦੀ ਲਹਿਰ ਬਣ ਗਈ। ਇਹ ਲਗਾਤਾਰ ਆਪਣੀਆਂ ਉਚਾਈਆਂ 'ਤੇ ਅੱਪੜਨ ਲੱਗੀ। ਗੁਰੂ ਨਾਨਕ ਦੇਵ ਜੀ ਦੀ ਦਾਰਸ਼ਨਿਕ ਬਾਣੀ ਜਪੁਜੀ ਸਿੱਖ ਇਨਕਲਾਬ ਦਾ ਆਧਾਰ ਬਣ ਗਈ। ਸਿੱਖ ਇਨਕਲਾਬ ਅਸਲੀ ਅਰਥਾਂ ਵਿਚ ਕਿਸਾਨੀ ਇਨਕਲਾਬ ਹੀ ਸੀ, ਜਿਸ ਦੀ ਤਾਕਤ ਵੱਖ-ਵੱਖ ਕਿੱਤੇ, ਕੰਮ ਕਰਨ ਵਾਲੇ ਮਿਹਨਤੀ ਲੋਕ ਹੀ ਸਨ। ਇਸੇ ਲਹਿਰ ਦਾ ਸਿੱਖਰ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਦੀ ਫਤਿਹ ਵਿਚ ਨਿਕਲਿਆ, ਜਦੋਂ ਉਸ ਨੇ ਅਤਿ ਗਰੀਬ ਜਾਤੀਆਂ ਵਿਚੋਂ ਭਾਈ ਬਾਜ਼ ਸਿੰਘ ਨੂੰ ਸਹਰਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਤੇ ਉਸ ਨੇ ਹਲਵਾਹਕਾਂ ਨੂੰ ਜ਼ਮੀਨਾਂ ਦੇ ਮਾਲਕ ਹੋਣ ਦੇ ਐਲਾਨ ਕਰ ਦਿੱਤਾ। ਸਮਾਂ ਪਾ ਕੇ ਜ਼ਮੀਨਾਂ ਦੇ ਮਾਲਕ ਜਗੀਰਦਾਰ ਫਿਰ ਬਣ ਗਏ। ਅੰਗਰੇਜ਼ ਹਕੂਮਤ ਨੇ ਜਗੀਰਦਾਰੀ ਪ੍ਰਬੰਧ ਨੂੰ ਹੋਰ ਵੀ ਮਜ਼ਬੂਤ ਕਰ ਦਿੱਤਾ।

ਸਰਦਾਰ ਭਗਤ ਸਿੰਘ ਤੇ ਉਨ੍ਹਾਂ ਦੀ ਕ੍ਰਾਂਤੀਕਾਰੀ ਪਾਰਟੀ ਨੇ ਸਮਾਜਵਾਦੀ ਵਿਚਾਰਾਂ ਨੂੰ ਉਭਾਰਿਆ ਤੇ ਇਨਕਲਾਬ-ਜ਼ਿੰਦਾਬਾਦ ਦੇ ਨਾਹਰੇ ਨੂੰ ਬੁਲੰਦ ਕਰਕੇ ਅੰਗਰੇਜ਼ਾਂ ਦੇ ਪੈਰਾਂ ਹੇਠ ਭਾਂਬੜ ਬਾਲ ਦਿੱਤੇ। ਲੋਕ ਜਾਗੇ, ਉਠੇ ਤੇ ਸੰਗਠਿਤ ਹੋਣ ਲੱਗੇ। ਭਾਰਤੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਪੂਰੇ ਭਾਰਤ ਵਿਚ ਮੁਜਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣ ਲਈ ਜਗੀਰਦਾਰੀ ਪ੍ਰਬੰਧ ਨੂੰ ਖਤਮ ਕਰਨ ਵਾਸਤੇ ਸਖਤ ਘੋਲ ਲੜਿਆ ਗਿਆ। ਇਹ ਘੋਲ ਵੀ ਪੰਜਾਬ ਵਿਚ ਸਿਖਰਾਂ ਛੋਹ ਗਿਆ।

ਆਖਰ ਨਹਿਰੂ ਸਰਕਾਰ ਨੂੰ ਮੁਜਾਰਿਆਂ ਦੇ ਮਾਲਕੀ ਹੱਕ ਮੰਨਣੇ ਪਏ। ਪੰਜਾਬ ਦੀ ਕਿਸਾਨੀ ਨੂੰ ਕੈਰੋਂ ਸਰਕਾਰ ਨਾਲ ਖੁਸ਼ਹੈਸੀਅਤ ਟੈਕਸ ਨੂੰ ਖਤਮ ਕਰਨ ਲਈ ਬਣੇ ਕਾਲੇ ਕਾਨੂੰਨਾਂ ਦੇ ਵਿਰੁੱਧ ਸਿਰੜੀ ਘੋਲ ਲੜਨਾ ਪਿਆ। ਜਿੱਤ ਪੰਜਾਬ ਦੀ ਕਿਸਾਨੀ ਦੀ ਹੋਈ।

ਕੇਂਦਰ ਦੀ ਮੋਦੀ ਸਰਕਾਰ ਨੇ ਹੁਣ ਫਿਰ ਤਿੰਨ ਖੇਤੀ ਕਾਨੂੰਨ ਬਣਾ ਕੇ ਭਾਰਤ ਦੀ ਕਿਸਾਨੀ ਨੂੰ ਤਬਾਹ ਕਰਨ ਲਈ ਸਾਰਾ ਜ਼ੋਰ ਲਾ ਦਿੱਤਾ ਹੈ। ਇਨ੍ਹਾਂ ਤਿੰਨਾਂ ਖੇਤੀ ਕਾਨੂੰਨਾਂ ਦੇ ਖਿਲਾਫ ਰੋਸ ਤਾਂ ਸਾਰੇ ਭਾਰਤ ਵਿਚ ਹੈ, ਪਰ ਇਹ ਰੋਸ ਪੰਜਾਬ ਤੇ ਹਰਿਆਣਾ (ਪੁਰਾਣਾ ਪੰਜਾਬ) ਵਿਚ ਭਾਂਬੜ ਬਣਦਾ ਜਾ ਰਿਹਾ ਹੈ। ਕਿਸਾਨ ਇਨ੍ਹਾਂ ਤਿੰਨਾਂ ਖੇਤੀ ਕਾਨੂੰਨਾਂ ਨੂੰ 'ਮੌਤ ਦੇ ਵਾਰੰਟ' ਆਖ ਰਹੇ ਹਨ। ਇਹ ਪਹਿਲੀ ਵਾਰ ਹੈ ਕਿ ਤਿੰਨਾਂ ਖੇਤੀ ਕਾਨੂੰਨਾਂ ਦੇ ਖਿਲਾਫ ਸਾਰੀਆਂ ਕਿਸਾਨ ਜਥੇਬੰਦੀਆਂ ਆਪਣੀ-ਆਪਣੀ ਸਮਰੱਥਾ ਅਨੁਸਾਰ ਡਟੀਆਂ ਖੜ੍ਹੀਆਂ ਹਨ।

ਪੰਜਾਬ ਦਾ ਕਿਸਾਨ-ਘੋਲ ਹਿੰਦ-ਪੰਜਾਬ ਦੀ ਜੰਗ ਵੀ ਨਹੀਂ ਤੇ ਇਹ ਸਿੱਖਾਂ ਦੀ ਕੇਂਦਰ ਖਿਲਾਫ ਲੜਾਈ ਵੀ ਨਹੀਂ, ਸਗੋਂ ਭਾਰਤ ਦੇ ਕਿਸਾਨਾਂ ਤੇ ਉਨ੍ਹਾਂ ਦੇ ਸਹਿਯੋਗੀਆਂ ਦਾ ਆਪਣੀ ਆਰਥਕ, ਸੱਭਿਆਚਾਰਕ ਤੇ ਸਮਾਜਕ ਹੋਂਦ ਨੂੰ ਬਚਾਉਣ ਤੇ ਵਿਕਸਿਤ ਕਰਨ ਦਾ ਜੋਰਦਾਰ ਯਤਨ ਹੈ। 26-27 ਨਵੰਬਰ ਨੂੰ ਦਿੱਲੀ ਪਹੁੰਚ ਕੇ ਭਾਰਤ ਦੇ ਕਿਸਾਨਾਂ ਨੇ ਆਪਣੀਆਂ ਮੰਗਾਂ ਨੂੰ ਕੇਂਦਰ ਸਰਕਾਰ ਦੇ ਸਾਹਮਣੇ ਰੱਖਿਆ ਹੈ। ਹਰਿਆਣਾ ਅਤੇ ਦਿੱਲੀ ਦੀ ਪੁਲਿਸ ਵੱਲੋਂ ਲਾਈਆਂ ਰੋਕਾਂ ਨੂੰ ਤੋੜਦਿਆਂ ਕਿਸਾਨ ਦਿੱਲੀ ਵਿਚ ਜਾ ਗਰਜੇ ਹਨ।

ਜਿਵੇਂ ਭਗਤੀ ਲਹਿਰ ਦੀ ਰੋਸ ਲਹਿਰ ਦੀ ਅਗਵਾਈ ਪੰਜਾਬ ਵਿਚ ਆਪਣੀਆਂ ਸਿਖਰਾਂ 'ਤੇ ਪਹੁੰਚੀ ਸੀ, ਉਵੇਂ ਹੀ ਭਾਰਤ ਦੀ ਕਿਸਾਨੀ ਲਹਿਰ ਦੀ ਸਿਖਰ ਵੀ ਪੰਜਾਬ ਵਿਚ ਬਣਦੀ ਜਾ ਰਹੀ ਹੈ। ਕਿਸਾਨਾਂ ਦੀ ਸਮਝਦਾਰ ਲੀਡਰਸ਼ਿਪ ਭਾਰਤੀ ਸਮਾਜ ਨੂੰ ਇਨਕਲਾਬ ਦੀਆਂ ਬਰੂਹਾਂ ਵੱਲ ਨੂੰ ਲਗਾਤਾਰ ਵਧਾ ਰਹੀ ਹੈ। ਜਦੋਂ ਭਾਰਤ ਦੀਆਂ ਕੱਟੜ ਹਿੰਦੂਤਵੀ ਤਾਕਤਾਂ ਗੰਗਾ-ਜਮਨੀ ਸਾਂਝੀ ਤਹਿਜੀਬ ਵਾਲੀ ਵਸੋਂ ਨੂੰ 'ਹਿੰਦੂ ਰਾਸ਼ਟਰ' ਬਣਾਉਣ ਵੱਲ ਧੱਕ ਰਹੀਆਂ ਹਨ, ਬਿਲਕੁਲ ਉਸੇ ਸਮੇਂ ਭਾਰਤ ਦਾ ਕਿਸਾਨੀ ਘੋਲ ਦਿੱਲੀ ਵਿਚ ਪਹੁੰਚ ਕੇ ਭਾਰਤ ਦੇ ਸਾਂਝੇ ਭਾਈਚਾਰੇ ਨੂੰ ਮਜ਼ਬੂਤ ਕਰਦਾ ਹੋਇਆ ਭਾਰਤ ਨੂੰ ਬਹੁ-ਧਰਮੀ, ਬਹੁ-ਸੱਭਿਆਚਾਰੀ ਤੇ ਬਹੁ-ਭਾਸ਼ਾਈ ਦੇਸ਼ ਬਣਾਈ ਰੱਖਣ ਲਈ ਗੰਭੀਰ ਜੱਦੋ-ਜਹਿਦ 'ਚ ਹੈ। ਇਸ ਲਹਿਰ ਦੀ ਹਮਦਰਦੀ, ਤਾਕਤ ਤੇ ਕੀਮਤ ਲਗਾਤਾਰ ਵਧ ਰਹੀ ਹੈ।

ਪੰਜਾਬ ਦਾ ਕਿਸਾਨ ਧਰਤੀ ਪੁੱਤਰ ਵੀ ਹੈ ਤੇ ਭਾਰਤ ਦੀ ਭੁੱਖ ਮਿਟਾਉਣ ਵਾਲਾ ਅੰਨਦਾਤਾ ਵੀ। ਰਾਜੇ-ਰਾਣੇ ਸਭ ਦੌਲਤਾਂ ਵਾਲੇ ਹੀਰਿਆਂ ਦੇ ਵਪਾਰੀ ਤੇ ਪਹਾੜਾਂ ਜਿੱਡੇ ਕਾਰੋਬਾਰੀ ਅਤੇ ਹੋਰ ਸਾਰੇ ਇਸ ਦਾ ਦਿੱਤਾ ਹੀ ਖਾਂਦੇ ਹਨ, ਪਰ ਇਸ ਦੀ ਸਾਰ ਕੋਈ ਨਹੀਂ ਲੈ ਰਿਹਾ। ਇਸ ਦੀ ਤਾਕਤ ਸ਼ੇਰ ਵਰਗੀ ਹੈ। ਹੁਣ ਇਹ ਜਾਗ ਰਿਹਾ ਹੈ, ਜੁੜ ਰਿਹਾ ਹੈ ਤੇ ਲੜਾਈ ਦੇ ਰਾਹ ਪੈ ਗਿਆ ਹੈ। ਸਾਂਭ ਲਿਆ ਜਾਵੇ, ਨਹੀਂ ਤਾਂ ਸੰਭਾਲਣਾ ਔਖਾ ਹੋ ਜਾਵੇਗਾ। ਜੇ ਇਹ ਆਪਣੀ ਆਈ 'ਤੇ ਆ ਗਿਆ ਤਾਂ ਦਿੱਲੀ ਤਖਤ ਦੇ ਚਾਰੇ ਪਾਵੇ ਹਿਲਾ ਦੇਵੇਗਾ।

ਆਓ, ਦੁਆ ਕਰੀਏ ਕਿ ਹੱਕ ਲੈਣ ਲਈ ਨਿਕਲੇ ਕਿਸਾਨਾਂ ਨੂੰ ਫਤਹਿ ਨਸੀਬ ਹੋਵੇ ਤੇ ਪੰਜਾਬ ਸਦਾ ਵੱਸਦਾ ਰਹੇ।

*-ਕਮਲਜੀਤ ਸਿੰਘ ਟਿੱਬਾ*
*ਫੋਨ: 91-98554-70128*

# ਫੁਟਬਾਲ ਦਾ ਜਾਦੂਗਰ ਡੀਏਗੋ ਮੈਰਾਡੋਨਾ

***ਸੰਸਾਰ ਪ੍ਰਸਿੱਧ ਫੁੱਟਬਾਲ ਖਿਡਾਰੀ ਡੀਏਗੋ ਮੈਰਾਡੋਨਾ (30 ਅਕਤੂਬਰ 1960-25 ਨਵੰਬਰ 2020) ਦੀ ਕੋਈ ਰੀਸ ਨਹੀਂ ਸੀ। ਉਹਦੀ ਖੇਡ ਨੂੰ ਭਾਵੇਂ ਉਸ ਤੋਂ ਪਹਿਲਾਂ ਖੇਡੇ ਬਰਾਜ਼ੀਲ ਦੇ ਖਿਡਾਰੀ ਪੇਲੇ ਨਾਲ ਮੇਲਿਆ ਗਿਆ ਅਤੇ ਬਾਅਦ ਵਾਲੇ ਕਈ ਖਿਡਾਰੀਆਂ ਨੂੰ ਵੀ ਉਸ ਵਰਗੇ ਆਖਿਆ ਗਿਆ, ਪਰ ਉਸ ਦੀ ਖੇਡ ਬਹੁਤ ਨਿਵੇਕਲੀ ਸੀ। ਉਹ ਖੇਡ ਦੇ ਮੈਦਾਨ ਵਿਚ ਬਾਲ ਨੂੰ ਸੱਚਮੁੱਚ ਨਚਾਉਂਦਾ ਸੀ। 1986 ਵਾਲੇ ਸੰਸਾਰ ਕੱਪ ਵਿਚ ਉਸ ਦੀ ਖੇਡ ਦਾ ਰੰਗ ਦੇਖਿਆਂ ਹੀ ਬਣਦਾ ਹੈ। ਨਵਦੀਪ ਸਿੰਘ ਗਿੱਲ ਨੇ ਮੈਰਾਡੋਨਾ ਦੀ ਖੇਡ ਅਤੇ ਜੀਵਨ ਦੇ ਕੁਝ ਖਾਸ ਪੱਖਾਂ ਬਾਰੇ ਰੋਸ਼ਨੀ ਆਪਣੇ ਇਸ ਲੇਖ ਵਿਚ ਪਾਈ ਹੈ। -ਸੰਪਾਦਕ***



**ਨਵਦੀਪ ਸਿੰਘ ਗਿੱਲ**
ਫੋਨ: +91-97800-36216)

ਅਰਜਨਟਾਈਨਾ ਦੇ ਮਹਾਨ ਫੁਟਬਾਲਰ ਡੀਏਗੋ ਮੈਰਾਡੋਨਾ ਦੇ ਇਸ ਜਹਾਨੋਂ ਤੁਰ ਜਾਣ ਨਾਲ ਖੇਡ ਜਗਤ ਵਿਚ ਸੋਗ ਦੀ ਲਹਿਰ ਫੈਲ ਗਈ। ਮੈਰਾਡੋਨਾ ਨਾ ਸਿਰਫ ਫੁਟਬਾਲ ਬਲਿਕ ਸਮੁੱਚੇ ਖੇਡ ਜਗਤ ਵਿਚ ਮਕਬੂਲੀਅਤ ਦਾ ਸਿਖਰ ਸੀ। ਉਸ ਲਈ ਹਰ ਮਿੱਥ ਛੋਟੀ ਸੀ। ਉਸ ਦੇ ਤੁਰ ਜਾਣ 'ਤੇ ਹਰ ਅੱਖ ਰੋਈ। ਅਰਜਨਟੀਨਾ ਵਿਚ ਰਸਮੀ ਤੌਰ 'ਤੇ ਤਿੰਨ ਦਿਨ ਦਾ ਸਰਕਾਰੀ ਸੋਗ ਐਲਾਨਿਆ ਗਿਆ ਪਰ ਖੇਡ ਜਗਤ ਵਿਚ ਅਣ-ਐਲਾਨਿਆ ਸੋਗ ਫੈਲ ਗਿਆ। ਬਰਾਜ਼ੀਲ ਦੇ ਕਾਲੇ ਮੋਤੀ ਵਜੋਂ ਪ੍ਰਸਿੱਧ ਮਸ਼ਹੂਰ ਖਿਡਾਰੀ ਪੇਲੇ ਜਿਸ ਨਾਲ ਤਾਉਮਰ ਮੈਰਾਡੋਨਾ ਦੀ ਤੁਲਨਾ ਹੁੰਦੀ ਰਹੀ, ਨੇ ਇਸ ਮਹਾਨ ਖਿਡਾਰੀ ਨੂੰ ਯਾਦ ਕਰਦਿਆਂ ਕਿਹਾ, "ਆਪਾਂ ਇਕੱਠੇ ਸਵਰਗਾਂ ਵਿਚ ਫੁਟਬਾਲ ਨੂੰ ਕਿੱਕ ਮਾਰਾਂਗੇ।" ਫਰਾਟਾ ਦੌੜਾਕ ਉਸੈਨ ਬੋਲਟ ਨੇ ਆਪਣੀਆਂ ਮੈਰਾਡੋਨਾ ਨਾਲ ਤਸਵੀਰਾਂ ਸਾਂਝੀਆਂ ਕਰ ਕੇ ਸ਼ਰਧਾਂਜਲੀ ਦਿੱਤੀ। ਭਾਰਤ ਵਿਚ ਫੁਟਬਾਲ ਦੇ ਘਰ ਬੰਗਾਲ ਨਾਲ ਸਬੰਧਤ ਸਾਬਕਾ ਭਾਰਤੀ ਕ੍ਰਿਕਟ ਕਪਤਾਨ ਸੌਰਵ ਗਾਂਗੁਲੀ ਨੇ ਇਹ ਗੱਲ ਕੇ ਯਾਦ ਕੀਤਾ ਕਿ ਉਹ ਮੈਰਾਡੋਨਾ ਕਰ ਕੇ ਹੀ ਫੁਟਬਾਲ ਦੇਖਦਾ ਸੀ। ਦੁਨੀਆ ਦੇ ਹਰ ਭਾਸ਼ਾ ਦੇ ਅਖਬਾਰ ਨੇ ਮੈਰਾਡੋਨਾ ਦੀ ਮੌਤ ਦੀ ਖਬਰ ਨੂੰ ਪਹਿਲੇ ਪੰਨੇ ਦੀ ਸੁਰਖੀ ਬਣਾਇਆ। ਚਰਚਿਤ 'ਹੈਂਡ ਆਫ ਗੌਡ' ਨਾਲ ਗੋਲ ਕਰ ਕੇ ਮਸ਼ਹੂਰ ਹੋਏ ਮੈਰਾਡੋਨਾ ਦੇ ਤੁਰ ਜਾਣ 'ਤੇ ਬਹੁਤੇ ਅਖਬਾਰਾਂ ਦੀ ਸੁਰਖੀ ਵੀ ਇਹ ਬਣੀ, "ਇਨ ਹੈਂਡਜ਼ ਆਫ ਗੌਡ"। ਕੁੱਲ ਮਿਲਾ ਮੈਰਾਡੋਨਾ ਦੀ 60 ਵਰ੍ਹਿਆਂ ਦੀ ਉਮਰੇ ਇਸ ਜਹਾਨੋਂ ਰੁਖਸਤਗੀ ਉਤੇ ਹਰ ਖੇਡ ਪ੍ਰੇਮੀ ਦੇ ਸੀਨੇ ਚੀਸ ਪਈ।

ਮੈਰਾਡੋਨਾ ਦੀ ਤੁਲਨਾ ਆਪਣੇ ਤੋਂ ਪਹਿਲੇ ਪੇਲੇ ਅਤੇ ਬਾਅਦ ਦੇ ਖਿਡਾਰੀਆਂ ਰੋਨਾਲਡੋ, ਜ਼ਿਨਾਡਿਨ ਜ਼ਿਡਾਨੇ, ਲਿਓਨਲ ਮੈਸੀ ਆਦਿ ਨਾਲ ਵੀ ਸਮੇਂ-ਸਮੇਂ 'ਤੇ ਹੁੰਦੀ ਰਹੀ ਪਰ ਮੈਰਾਡੋਨਾ ਦੀ ਖਿੱਚ ਅਤੇ ਉਸ ਨੂੰ ਚਾਹੁਣ ਵਾਲਿਆਂ ਵਿਚ ਉਸ ਪ੍ਰਤੀ ਜਾਨੂੰਨ ਵੱਖਰਾ ਹੀ ਹੈ। ਖੇਡ ਦਾ ਸਿਖਰ ਛੂਹਣ ਵਾਲੇ ਮੈਰਾਡੋਨਾ ਨੇ ਵਿਵਾਦ ਵੀ ਖੱਟੇ। ਉਸ ਦੀ ਖੇਡ ਕਲਾ ਅੱਗੇ ਸਭ ਵਿਵਾਦ ਊਣੇ ਸਨ। ਉਸ ਦੇ ਚਾਹੁਣ ਵਾਲਿਆਂ ਅੱਗੇ ਆਲੋਚਕਾਂ ਦੇ ਤਰਕ ਫਿੱਕੇ ਪੈ ਜਾਂਦੇ ਸਨ। ਆਪਣੇ ਦਮ 'ਤੇ ਅਰਜਨਟੀਨਾ ਨੂੰ ਵਿਸ਼ਵ ਕੱਪ ਜਿਤਾਉਣ ਅਤੇ ਫੀਫਾ ਵੱਲੋਂ ਸਦੀ ਦਾ ਸਰਵੋਤਮ ਤੇ ਫੁਟਬਾਲ ਦੀ ਖੇਡ ਦਾ ਸਰਵੋਤਮ ਗੋਲ ਸਕੋਰਰ ਐਲਾਨਿਆ ਗਿਆ। ਮੈਰਾਡੋਨਾ ਨਸ਼ੀਲੇ ਪਦਾਰਥਾਂ ਦੇ ਸੇਵਨ ਕਰ ਕੇ ਵਿਸ਼ਵ ਕੱਪ ਵਿਚੋਂ ਬਰਖਾਸਤ ਵੀ ਹੋਇਆ। ਇਥੋਂ ਤੱਕ ਕਿ ਉਹ ਕਈ ਵਾਰ ਮੌਤ ਦੇ ਮੂੰਹੋਂ ਵੀ ਬਚ ਕੇ ਆਇਆ। ਭਾਰ ਵੀ ਸਵਾ ਕੁਇੰਟਲ ਤੋਂ ਪਾਰ ਹੋ ਗਿਆ ਪਰ ਮੈਰਾਡੋਨਾ ਦੀ ਚਾਹਤ ਕਿਤੇ ਵੀ ਨਹੀਂ ਘਟੀ। ਫੁਟਬਾਲ ਨੂੰ ਕਲਾਬਾਜ਼ੀਆਂ ਖਵਾਉਣ ਵਾਲਾ ਇਹ ਲਾਤੀਨੀ ਅਮਰੀਕੀ ਖਿਡਾਰੀ ਸੱਚਮੁੱਚ ਖੇਡ ਦਾ ਜਾਦੂਗਰ ਸੀ ਜਿਸ ਦੇ ਪੈਰਾਂ ਦੇ ਇਸ਼ਾਰਿਆਂ 'ਤੇ ਬਾਲ ਨੱਚਦੀ ਸੀ। ਡਰਿਬਲਿੰਗ, ਬਾਲ ਕੰਟਰੋਲ, ਸੇਧੇ ਹੋਏ ਪਾਸ ਉਸ ਦੀ ਖੇਡ ਦੀ ਸਭ ਤੋਂ ਵੱਡੀ ਖਾਸੀਅਤ ਸੀ। ਮਹਿਜ਼ ਪੰਜ ਫੁੱਟ ਤੇ ਪੰਜ ਇੰਚ ਵਾਲੇ ਮਧਰੇ ਕੱਦ ਵਾਲੇ ਇਸ ਖਿਡਾਰੀ ਦਾ ਫੁਟਬਾਲ ਦੀ ਖੇਡ ਵਿਚ ਦਿਓ ਕੱਦ ਖਿਡਾਰੀ ਵਜੋਂ ਦੇਖਿਆ ਜਾਂਦਾ ਹੈ।



ਮੈਰਾਡੋਨਾ ਦਾ ਜਨਮ 30 ਅਕਤੂਬਰ 1960 ਨੂੰ ਅਰਜਨਟੀਨਾ ਦੇ ਸੂਬੇ ਬਿਓਨਸ ਆਇਰਸ ਦੇ ਸ਼ਹਿਰ ਲਾਤੁਸ ਵਿਖੇ ਹੋਇਆ। ਚਾਰ ਭੈਣਾਂ ਤੋਂ ਛੋਟੇ ਅਤੇ ਦੋ ਭਰਾਵਾਂ ਤੋਂ ਵੱਡੇ ਡੀਏਗੋ ਮੈਰਾਡੋਨਾ ਦਾ ਬਚਪਨ ਤੰਗੀਆਂ ਤੁਰਸ਼ੀਆਂ ਵਿਚ ਗੁਜ਼ਰਿਆ। ਉਹ 12 ਵਰ੍ਹਿਆਂ ਦਾ ਸੀ ਜਦੋਂ ਉਹ ਫਸਟ ਡਿਵੀਜ਼ਨ ਲੀਗ ਦੇ ਮੈਚਾਂ ਦੌਰਾਨ ਅੱਧੇ ਸਮੇਂ ਦੀ ਵਕਫੇ ਵਿਚ ਬਾਲ ਨਾਲ ਕਰਤੱਬ ਕਰਦਾ ਹੋਇਆ ਦਰਸ਼ਕਾਂ ਦਾ ਮਨੋਰੰਜਨ ਕਰਦਾ ਸੀ। ਸੋਲਵੇਂ ਸਾਲ ਵਿਚ ਹੀ ਉਸ ਨੇ ਅਰਜਨਟੀਨਾ ਦੀ ਜੂਨੀਅਰ ਟੀਮ ਵੱਲੋਂ 16 ਨੰਬਰ ਦੀ ਜਰਸੀ ਪਹਿਨ ਕੇ ਆਪਣਾ ਪਹਿਲਾ ਮੈਚ ਖੇਡਿਆ। ਆਪਣੇ ਪਹਿਲੇ ਹੀ ਮੈਚ ਵਿਚ ਜੁਆਨ ਡੌਮਿੰਗੋ ਦੇ ਪੈਰਾਂ ਹੇਠੋਂ ਮੈਰਾਡੋਨਾ ਵੱਲੋਂ ਲਗਾਈ ਕਿੱਕ ਉਸ ਖਿਡਾਰੀ ਨੂੰ ਰਹਿੰਦੀ ਦੁਨੀਆ ਤੱਕ ਚੇਤੇ ਰਹੀ। ਸਤਾਰਵੇਂ ਸਾਲ ਵਿਚ ਮੈਰਾਡੋਨਾ ਨੇ ਹੰਗਰੀ ਖਿਲਾਫ ਸੀਨੀਅਰ ਵਰਗ ਵਿਚ ਆਪਣਾ ਪਹਿਲਾ ਕੌਮਾਂਤਰੀ ਮੈਚ ਖੇਡਿਆ। 1979 ਵਿਚ ਮੈਰਾਡੋਨਾ ਫੁਟਬਾਲ ਦੇ ਆਲਮ ਵਿਚ ਛਾ ਗਿਆ ਜਦੋਂ ਉਸ ਦੀ ਸ਼ਮੂਲੀਅਤ ਵਾਲੀ ਟੀਮ ਨੇ ਫੀਫਾ ਵਿਸ਼ਵ ਯੂਥ ਚੈਂਪੀਅਨਸ਼ਿਪ ਜਿੱਤੀ। ਮੈਰਾਡੋਨਾ ਨੂੰ ਸਰਵੋਤਮ ਖਿਡਾਰੀ ਵਜੋਂ ਗੋਲਡਨ ਬਾਲ ਅਤੇ ਛੇ ਗੋਲ ਕਰਨ ਬਦਲੇ ਗੋਲਡਨ ਬੂਟ ਦਾ ਖਿਤਾਬ ਵੀ ਮਿਲਿਆ। ਇਸੇ ਸਾਲ ਉਸ ਨੇ ਸਕਾਟਲੈਂਡ ਖਿਲਾਫ ਸੀਨੀਅਰ ਵਰਗ ਵਿਚ ਆਪਣਾ ਪਹਿਲਾ ਗੋਲ ਕੀਤਾ।

ਮੈਰਾਡੋਨਾ ਦੀ ਖੇਡ ਦਾ ਸਿਖਰ 1986 ਵਿਚ ਮੈਕਸੀਕੋ ਵਿਖੇ ਖੇਡਿਆ ਫੀਫਾ ਵਿਸ਼ਵ ਕੱਪ ਸੀ ਜਿਹੜਾ ਉਸ ਦੀ ਕਪਤਾਨੀ ਹੇਠ ਅਰਜਨਟੀਨਾ ਨੇ ਜਿੱਤਿਆ। ਮੈਰਾਡੋਨਾ ਨੂੰ ਸਰਵੋਤਮ ਖਿਡਾਰੀ ਐਲਾਨਿਆ ਗਿਆ ਜਿਸ ਸਦਕਾ ਉਸ ਗੋਲਡਨ ਬਾਲ ਮਿਲੀ। ਮੈਰਾਡੋਨਾ ਪੰਜ ਗੋਲ ਕਰ ਕੇ ਸਿਲਵਰ ਬੂਟ ਖਿਤਾਬ ਵੀ ਜਿੱਤਿਆ। ਪੰਜ ਗੋਲ ਹੀ ਮੈਰਾਡੋਨਾ ਵੱਲੋਂ ਪਾਸ ਦੇ ਕੇ ਕਰਵਾਏ ਗਏ। ਇਸ ਵਿਸ਼ਵ ਕੱਪ ਦੇ ਕੁਆਰਟਰ ਫਾਈਨਲ ਵਿਚ ਮੈਰਾਡੋਨਾ ਨੇ ਇੰਗਲੈਂਡ ਖਿਲਾਫ ਇਤਿਹਾਸਕ ਮੈਚ ਖੇਡਿਆ ਜੋ ਸਦੀਆਂ ਤੱਕ ਯਾਦ ਰਹੇਗਾ। ਇਸ ਮੈਚ ਵਿਚ ਮੈਰਾਡੋਨਾ ਨੇ ਦੋ ਗੋਲ ਕੀਤੇ। 51ਵੇਂ ਮਿੰਟ ਵਿਚ ਮੈਰਾਡੋਨਾ ਵੱਲੋਂ ਪਹਿਲਾ ਗੋਲ ਫੁਟਬਾਲ ਦੀ ਖੇਡ ਦਾ ਸਭ ਤੋਂ ਵਿਵਾਦਪੂਰਨ ਗੋਲ ਹੈ ਜਿਸ ਬਾਰੇ ਸ਼ੱਕ ਪ੍ਰਗਟਾਇਆ ਗਿਆ ਕਿ ਮੈਰਾਡੋਨਾ ਵੱਲੋਂ ਲਗਾਈ ਛਲਾਂਗ ਦੌਰਾਨ ਹੱਥ ਨਾਲ ਗੋਲ ਕੀਤਾ। ਇਸ ਗੋਲ ਨੂੰ 'ਹੈਂਡ ਆਫ ਗੌਡ' ਗੋਲ ਨਾਲ ਜਾਣਿਆ ਜਾਂਦਾ ਹੈ। 55ਵੇਂ ਮਿੰਟ ਵਿਚ ਮੈਰਾਡੋਨਾ ਵੱਲੋਂ ਆਪਣੀ ਸਾਈਡ ਤੋਂ 60 ਗਜ਼ ਦੇ ਕਰੀਬ ਦੂਰੀ ਤੱਕ ਇਕੱਲਿਆ ਬਾਲ ਨੂੰ ਡਰਿਬਲ ਕਰਦਿਆਂ ਪੰਜ ਇੰਗਲਿਸ਼ ਖਿਡਾਰੀਆਂ ਝਕਾਨੀ ਦੇ ਕੇ ਕੀਤੇ ਗੋਲ ਨੂੰ ਫੁਟਬਾਲ ਦੀ ਖੇਡ ਦਾ ਸਰਵੋਤਮ ਗੋਲ ਐਲਾਨਿਆ ਗਿਆ ਹੈ। ਚਾਰ ਵਰ੍ਹਿਆਂ ਬਾਅਦ 1990 ਵਿਚ ਮੈਰਾਡੋਨਾ ਦੀ ਕਪਤਾਨੀ ਹੇਠ ਅਰਜਨਟੀਨਾ ਨੇ ਫੇਰ ਫਾਈਨਲ ਖੇਡਿਆ ਪਰ ਇਸ ਵਾਰ ਉਹ ਉਪ ਜੇਤੂ ਹੀ ਬਣ ਸਕੇ। 1994 ਦੇ ਵਿਸ਼ਵ ਕੱਪ ਮੌਕੇ ਮੈਰਾਡੋਨਾ 34 ਵਰ੍ਹਿਆਂ ਦਾ ਸੀ। ਯੂਨਾਨ ਖਿਲਾਫ ਪਹਿਲੇ ਮੈਚ ਵਿਚ ਉਸ ਵੱਲੋਂ ਗੋਲ ਕਰਨ ਬਾਅਦ ਕੈਮਰੇ ਵੱਲ ਵਧ ਕੇ ਮਨਾਏ ਗਏ ਜਸ਼ਨ ਫੁਟਬਾਲ ਪ੍ਰੇਮੀ ਹੁਣ ਤੱਕ ਨਹੀਂ ਭੁੱਲੇ। ਦੂਜੇ ਮੈਚ ਤੋਂ ਬਾਅਦ ਮੈਰਾਡੋਨਾ ਡੋਪਿੰਗ ਦੇ ਦੋਸ਼ਾਂ ਕਾਰਨ ਬਾਹਰ ਕਾਹਦਾ ਹੋਇਆ, ਸਮਝੋ ਅਰਜਨਟੀਨਾ ਦੀ ਕਿਸਮਤ ਹੀ ਰੁੱਸ ਗਈ। ਸਭ ਤੋਂ ਵੱਧ ਚੀਸ ਮੈਰਾਡੋਨਾ ਦੇ ਪ੍ਰਸੰਸਕਾ ਦੇ ਦਿਲਾਂ ਵਿਚ ਸੀ।





*ਮੈਰਾਡੋਨਾ: 1986 ਵਿਚ ਜਿੱਤਿਆ ਸੰਸਾਰ ਕੱਪ ਚੁੰਮਦਿਆਂ ਅਤੇ (ਸੱਜੇ) ਮੈਦਾਨ ਅੰਦਰ ਜਾਦੂਗਰੀ ਦਿਖਾਉਂਦਿਆਂ।*

ਮੈਰਾਡੋਨਾ ਨੇ ਆਪਣੇ 21 ਸਾਲਾਂ ਦੇ ਪੇਸ਼ਾਵਰ ਖੇਡ ਕਰੀਅਰ ਵਿਚ ਵੱਖ-ਵੱਖ ਕਲੱਬਾਂ ਵੱਲੋਂ 491 ਮੈਚ ਖੇਡਦਿਆਂ 259 ਗੋਲ ਕੀਤੇ। ਅਰਜਨਟੀਨਾ ਦੀ ਨੈਸ਼ਨਲ ਟੀਮ ਵੱਲੋਂ ਉਸ ਨੇ 91 ਮੈਚ ਖੇਡੇ ਅਤੇ 34 ਗੋਲ ਕੀਤੇ। ਮੈਰਾਡੋਨਾ ਦੇ ਨਾਮ ਦੋ ਵਾਰ ਵਿਸ਼ਵ ਦਾ ਸਭ ਤੋਂ ਮਹਿੰਗੇ ਖਿਡਾਰੀ ਦਾ ਰਿਕਾਰਡ ਵੀ ਦਰਜ ਹੈ। ਉਸ ਵੇਲੇ ਮੈਰਾਡੋਨਾ ਨੂੰ ਪਹਿਲੀ ਵਾਰ ਬਾਰਸੀਲੋਨਾ ਨੇ 5 ਮਿਲੀਅਨ ਪੌਂਡ ਅਤੇ ਫੇਰ ਨਾਪੋਲੀ ਨੇ 6.9 ਮਿਲੀਅਨ ਪੌਂਡ ਵਿਚ ਕਰਾਰ ਕੀਤਾ ਸੀ। ਮੈਰਾਡੋਨਾ ਆਪਣੇ ਖੇਡ ਕਰੀਅਰ ਦੌਰਾਨ ਬੋਕਾ ਜੂਨੀਅਰ, ਬਾਰਸੀਲੋਨਾ, ਨਾਪੋਲੀ ਵੱਲੋਂ ਕਈ ਖਿਤਾਬ ਜਿੱਤੇ। 2002 ਵਿਚ ਫੀਫਾ ਵੱਲੋਂ ਕਰਵਾਈ ਗਈ ਆਨਲਾਈਨ ਵੋਟਿੰਗ ਵਿਚ ਮੈਰਾਡੋਨਾ ਸਦੀ ਦਾ ਸਰਵੋਤਮ ਫੁਟਬਾਲਰ ਐਲਾਨਿਆ ਗਿਆ। ਮੈਰਾਡੋਨਾ ਨੂੰ 53.6 ਫੀਸਦੀ ਵੋਟਾਂ ਪਈਆਂ ਜਦੋਂ ਕਿ ਪੇਲੇ ਨੂੰ ਸਿਰਫ 18.53 ਫੀਸਦੀ ਵੋਟਾਂ ਪਈਆਂ। ਪ੍ਰਸਿੱਧ ਰਸਾਲੇ 'ਫੋਰ ਫੋਰ ਟੂ' ਵੱਲੋਂ ਮੈਰਾਡੋਨਾ ਨੂੰ ਸਾਰਿਆਂ ਸਮਾਂ ਦਾ ਸਰਵੋਤਮ ਖਿਡਾਰੀ ਚੁਣਿਆ ਗਿਆ। ਮੈਰਾਡੋਨਾ ਦੇ ਸੰਨਿਆਸ ਲੈਣ ਤੋਂ ਬਾਅਦ ਉਸ ਦੇ ਕਲੱਬ ਨਾਪੋਲੀ ਨੇ ਤਾਂ ਮੈਰਾਡੋਨਾ ਵੱਲੋਂ ਪਾਈ ਜਾਂਦੀ 10 ਨੰਬਰ ਦੀ ਜਰਸੀ ਵੀ ਰਿਟਾਇਰ ਕਰ ਦਿੱਤੀ ਗਈ। 2015 ਵਿਚ ਮੈਰਾਡੋਨਾ 'ਹੈਂਡ ਆਫ ਗੌਡ' ਗੋਲ ਵਾਲੇ ਮੈਚ ਦੀ ਰੈਫਰੀ ਕਰਨ ਵਾਲੇ ਟਿਊਨੇਸ਼ੀਆ ਦੇ ਅਲੀ ਬਿਨ-ਨਾਸਿਰ ਨੂੰ ਉਚੇਚੇ ਤੌਰ 'ਤੇ ਮਿਲ ਕੇ ਆਇਆ ਅਤੇ ਆਪਣੀ ਅਰਜਨਟੀਨਾ ਦੀ ਜਰਸੀ ਆਟੋਗ੍ਰਾਫ ਨਾਲ ਭੇਂਟ ਕੀਤੀ।

ਮੈਰਾਡੋਨਾ ਜਿੱਥੇ ਜਾਨੂੰਨੀ ਖਿਡਾਰੀ ਰਿਹਾ, ਉਥੇ ਮੂਡੀ ਵੀ ਬਹੁਤ ਸੀ। ਉਹਦੇ ਮੂਡ ਦਾ ਕਿਤੇ ਕੋਈ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਸੀ। ਉਹ ਕਈ ਵਾਰ ਮੀਡੀਆ ਨਾਲ ਖਹਿਬੜਿਆ ਪਰ ਉਹਦੇ ਚਹੇਤਿਆਂ ਨੂੰ ਉਹਦਾ ਹਰ ਅੰਦਾਜ਼ ਪਸੰਦ ਸੀ। ਉਹ ਅਰਜਨਟੀਨਾ ਦੇ ਮਹਾਨ ਇਨਕਲਾਬੀ ਚੀ ਗਵੇਰਾ ਦਾ ਬਹੁਤ ਵੱਡਾ ਪ੍ਰਸੰਸਕ ਸੀ ਜਿਸ ਦੀ ਫੋਟੋ ਉਸ ਨੇ ਟੈਟੂ ਦੇ ਰੂਪ ਵਿਚ ਆਪਣੇ ਡੌਲੇ ਉਤੇ ਖੁਣਵਾਇਆ ਹੋਇਆ ਸੀ। ਉਸ ਬਾਰੇ ਮੈਰਾਡੋਨਾ ਕਹਿੰਦਾ ਸੀ, "ਮੈਂ ਚੀ ਨੂੰ ਆਪਣੀ ਬਾਹ ਅਤੇ ਦਿਲ ਅੰਦਰ ਰੱਖਦਾ ਹਾਂ।" ਦੂਜਾ ਪ੍ਰਸੰਸਕ ਉਹ ਕਿਊਬਾ ਦੇ ਵੱਡੇ ਆਗੂ ਫੀਦਲ ਕਾਸਤਰੋ ਦਾ ਸੀ ਜਿਸ ਦੀ ਫੋਟੋ ਉਸ ਨੇ ਟੈਟੂ ਦੇ ਰੂਪ ਵਿਚ ਖੁਣਵਾਈ ਸੀ। ਇਕ ਵਾਰ ਉਸ ਨੇ ਕਾਸਤਰੋ ਨਾਲ ਮੁਲਾਕਾਤ ਦੌਰਾਨ ਇਹ ਟੈਟੂ ਦਿਖਾਉਂਦਿਆਂ ਕਿਹਾ ਸੀ, "ਤੁਹਾਨੂੰ ਮਿਲਣਾ ਅਸਮਾਨ ਨੂੰ ਛੂਹਣ ਦੇ ਤੁਲ ਹੈ, ਜੋ ਤੁਸੀਂ ਤੇ ਪਰਮਾਤਮਾ ਨੇ ਮੇਰੇ ਲਈ ਕੀਤਾ, ਉਹ ਅਦਭੁੱਤ ਹੈ। ਤੁਸੀਂ ਹੀ ਮੇਰੇ ਜਿਊਣ ਦਾ ਇਕ ਮਾਤਰ ਕਾਰਨ ਹੋ।"

ਮੈਰਾਡੋਨਾ ਵੱਲੋਂ ਬਾਲ ਨੂੰ ਕਲਾਬਾਜ਼ੀਆਂ ਖਵਾਉਣ ਵਾਲੀਆਂ ਵੀਡਿਓਜ਼ ਸੋਸ਼ਲ ਮੀਡੀਆ ਉਤੇ ਕਰੋੜਾਂ ਖੇਡ ਪ੍ਰੇਮੀਆਂ ਵੱਲੋਂ ਦੇਖੀਆਂ ਜਾਂਦੀਆਂ ਹਨ। ਫੁਟਬਾਲ ਦੀ ਦੁਨੀਆ ਵਿਚ ਜਿਨ੍ਹਾਂ ਨੇ ਪੇਲੇ ਨੂੰ ਖੇਡਦੇ ਨਹੀਂ ਵੇਖਿਆ, ਉਨ੍ਹਾਂ ਨੂੰ ਕੋਈ ਰੰਜ ਨਹੀਂ ਕਿਉਂਕਿ ਉਨ੍ਹਾਂ ਨੇ ਮੈਰਾਡੋਨਾ ਨੂੰ ਖੇਡਦੇ ਅੱਖੀਂ ਵੇਖਿਆ ਹੈ। ਇਹੋ ਕਾਰਨ ਹੈ ਕਿ ਮੈਰਾਡੋਨਾ ਦੇ ਤੁਰ ਜਾਣ ਦੀ ਖਬਰ ਨੇ ਖੇਡ ਜਗਤ ਨੂੰ ਸੁੰਨ ਕਰ ਦਿੱਤਾ। ਮੈਰਾਡੋਨ ਦਾ ਕੁਝ ਦਿਨ ਪਹਿਲਾ ਦਿਮਾਗ ਦਾ ਆਪ੍ਰੇਸ਼ਨ ਕਰ ਕੇ ਕਲੌਟ ਕੱਢਿਆ ਸੀ। 25 ਨਵੰਬਰ ਦਿਲ ਦਾ ਦੌਰਾ ਪੈਣ ਕਰ ਕੇ ਇਸ ਮਹਾਨ ਖਿਡਾਰੀ ਦੀ ਦਿਲ ਦੀ ਧੜਕਣ ਸਦਾ ਲਈ ਰੁਕ ਗਈ। ਹਰ ਖਿਡਾਰੀ, ਖੇਡ ਪ੍ਰਬੰਧਕ ਤੇ ਖੇਡ ਪ੍ਰੇਮੀ ਚਾਹੇ ਉਹ ਕਿਸੇ ਵੀ ਮੁਲਕ ਦਾ ਹੋਵੇ ਜਾਂ ਫੇਰ ਕਿਸੇ ਵੀ ਖੇਡ ਦਾ, ਸਭ ਨੇ ਇਸ ਮਹਾਨ ਖਿਡਾਰੀ ਨੂੰ ਯਾਦ ਕੀਤਾ ਹੈ। ਭਾਰਤ ਵਿਚ ਫੁਟਬਾਲ ਪ੍ਰੇਮੀਆਂ ਨੇ ਉਸ ਦੀਆਂ ਦੋ ਭਾਰਤ ਫੇਰੀਆਂ ਦੀਆਂ ਤਸਵੀਰਾਂ ਸਾਂਝੀਆਂ ਕਰ ਕੇ ਯਾਦ ਕੀਤਾ। ਮੈਰਾਡੋਨਾ ਨੂੰ ਰਹਿੰਦੀ ਦੁਨੀਆ ਤੱਕ ਫੁਟਬਾਲ ਪ੍ਰੇਮੀ ਇਸ ਦੀ ਜਾਦੂਗਰੀ ਦੇ ਨਾਲ ਉਸ ਦੀਆਂ ਸ਼ਰਾਰਤਾਂ ਅਤੇ ਵਿਵਾਦਾਂ ਕਰ ਕੇ ਵੀ ਚੇਤੇ ਕਰਦੇ ਰਹਿਣਗੇ।





*ਬਰਾਜ਼ੀਲ ਦੇ ਮਹਾਨ ਫੁੱਟਬਾਲ ਖਿਡਾਰੀ ਪੇਲੇ ਅਤੇ (ਸੱਜੇ) ਹਮਵਤਨ ਫੁੱਟਬਾਲ ਖਿਡਾਰੀ ਲਿਓਨਲ ਮੈਸੀ ਨਾਲ।*

# ਪ੍ਰੋ. ਕਰਮ ਸਿੰਘ ਦੀਆਂ 'ਮੱਲਾਂ ਦੀਆਂ ਗੱਲਾਂ'


ਪੰਜਾਬੀ ਖੇਡ ਸਾਹਿਤ

18



ਪ੍ਰਿੰ. ਸਰਵਣ ਸਿੰਘ
ਫੋਨ: 91-94651-01651


ਪਹਿਲਵਾਨ ਪ੍ਰੋ. ਕਰਮ ਸਿੰਘ ਗੱਲਾਂ ਦਾ ਧਨੀ ਸੀ। ਆਪਣੇ ਪਿੰਡ ਭੂੰਦੜ ਤੋਂ ਲੈ ਕੇ ਇਰਾਨ, ਯੂਨਾਨ ਤਕ ਦੀਆਂ ਗੱਲਾਂ ਕਰੀ ਜਾਂਦਾ। ਸਾਦ ਮੁਰਾਦਾ ਏਨਾ ਕਿ ਕਾਲਜ ਵਿਚ ਪ੍ਰੋਫੈਸਰ ਲੱਗ ਕੇ ਵੀ ਕਮੀਜ਼-ਪੈਂਟ ਦੀ ਥਾਂ ਕੁੜਤੇ-ਚਾਦਰੇ ਨੂੰ ਤਰਜੀਹ ਦਿੰਦਾ। ਬਠਿੰਡੇ ਦੇ ਇਲਾਕੇ 'ਚ ਉਹਦੀ ਬੜੀ ਮਾਨਤਾ ਸੀ। ਕੁਸ਼ਤੀ ਦਾ ਉਹ ਨੈਸ਼ਨਲ ਚੈਂਪੀਅਨ ਸੀ। ਉਸ ਨੇ ਪ੍ਰੋਫੈਸਰੀ ਤੇ ਪਹਿਲਵਾਨੀ-ਦੋਹਾਂ 'ਚ ਚੋਖਾ ਨਾਮਣਾ ਖੱਟਿਆ। ਸੁਭਾਅ ਦਾ ਸਾਧ ਬੰਦਾ ਸੀ, ਜਿਸ ਨੇ ਤਨ ਵੀ ਸਾਧਿਆ ਤੇ ਮਨ ਵੀ ਸਾਧਿਆ ਹੋਇਆ ਸੀ। ਉਸ ਨੇ 916 ਪੰਨਿਆਂ ਦਾ ਮਹਾਂ-ਕਾਵਿ 'ਸੋਹਣੀ' ਲਿਖਿਆ ਅਤੇ ਮੱਲਾਂ ਬਾਰੇ ਪੁਸਤਕ 'ਮੱਲਾਂ ਦੀਆਂ ਗੱਲਾਂ' ਲਿਖੀ, ਜੋ ਪੰਜਾਬੀ ਖੇਡ ਸਾਹਿਤ ਦਾ ਮਾਣ ਹੈ। ਉਹ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ ਤੇ ਫਾਰਸੀ ਦਾ ਗਿਆਤਾ ਸੀ। ਉਸ ਨੇ ਇਤਿਹਾਸ ਦੀਆਂ ਦੋ ਕਿਤਾਬਾਂ 'ਕਾਰਵਾਂ' ਤੇ 'ਬਠਿੰਡਾ' ਲਿਖੀਆਂ ਅਤੇ 'ਅਠੋਤਰੀ ਕਾਵਿ' ਨਾਂ ਦਾ ਅਨੂਪਮ ਗ੍ਰੰਥ ਰਚਿਆ। ਉਸ ਦਾ ਜਨਮ ਬਠਿੰਡੇ ਦੇ ਪਿੰਡ ਭੂੰਦੜ 'ਚ ਪਹਿਲਵਾਨ ਨਿੱਕਾ ਸਿੰਘ ਚੌਹਾਨ ਦੇ ਘਰ 1922 ਵਿਚ ਹੋਇਆ ਸੀ ਤੇ ਮ੍ਰਿਤੂ 13 ਜੁਲਾਈ 2007 ਨੂੰ ਹੋਈ। 'ਮੱਲਾਂ ਦੀਆਂ ਗੱਲਾਂ' ਨਾਲ ਉਹ ਆਪਣੀਆਂ ਵੀ ਬਹੁਤ ਸਾਰੀਆਂ ਗੱਲਾਂ ਪਿੱਛੇ ਛੱਡ ਗਿਆ, ਜੋ ਦੇਰ ਤਕ ਹੁੰਦੀਆਂ ਰਹਿਣਗੀਆਂ। ਆਓ, ਪਹਿਲਾਂ ਉਹਦੀ ਮੱਲਾਂ ਬਾਰੇ ਲਿਖੀ ਕਵਿਤਾ ਦਾ ਰੰਗ ਮਾਣੀਏ,

ਦੇਸ ਮਹਿਫਿਲਾਂ ਵਿਆਹ ਸ਼ਿੰਗਾਰਨੇ ਨੂੰ,
ਬੰਦੇ ਮੱਲਾਂ ਦਾ ਸਾਥ ਬਣਾਉਂਦੇ ਨੇ।
ਪੱਗਾਂ ਸਜਣ ਬਨਾਰਸੀ ਸਿਰੀਂ ਮੱਲਾਂ,
ਆਕਲ ਅੱਲਾਹ ਦੀ ਯਾਦ ਮਨਾਉਂਦੇ ਨੇ।
ਬਾਦਸ਼ਾਹਾਂ ਦੇ ਸਿਰਾਂ 'ਤੇ ਤਾਜ ਸੋਂਹਦੇ,
ਮੁਕਟ ਕਾਹਨ ਅਵਤਾਰ ਸੁਹਾਉਂਦੇ ਨੇ।
ਮੱਲ ਖਾਸ ਸ਼ਿੰਗਾਰ ਹਨ ਸ਼ਹਿਨਸ਼ਾਹਾਂ,
ਰੁਸਤਮ ਜਾਲ ਸੁਹਰਾਬ ਸਜਾਉਂਦੇ ਨੇ।
ਹਨੂਮਾਨ ਨੂੰ ਭੁੱਲਣ ਕਿਉਂ ਹਿੰਦ ਵਾਸੀ,
ਜਿਹੜੇ ਚੁੱਕ ਪਹਾੜ ਲਿਆਉਂਦੇ ਨੇ।
ਜਿਥੇ ਗਾਮੇ ਦਾ ਨਾਮ ਪਟਿਆਲੇ ਦਾ ਜੇ,
ਜਦੋਂ ਰੁਸਤਮੇ-ਜ਼ਮਾਂ ਕਹਾਉਂਦੇ ਨੇ।
ਪਿੰਡਾਂ ਦੇਸਾਂ ਦੀ ਆਬ ਭਲਵਾਨ ਹੁੰਦੇ,
ਰਣਵਾਸ ਵੀ ਦੀਦ ਨੂੰ ਆਉਂਦੇ ਨੇ।
ਆਪੋ ਆਪਣੇ ਮੱਲਾਂ ਨੂੰ ਨਾਲ ਲੈ ਕੇ,
ਮੇਲੇ ਜਸ਼ਨ ਵਿਆਹ ਮਨਾਉਂਦੇ ਨੇ।
ਗੱਲਾਂ ਚਿਰਾਂ ਤਕ ਹੋਣਗੀਆਂ ਮੱਲਾਂ ਦੀਆਂ,
ਜਸ ਕੁੱਖ ਜਣੇਂਦੀ ਵਧਾਉਂਦੇ ਨੇ।
ਪਹਿਲਵਾਨ ਪਹਾੜ ਨੇ ਹਿੰਮਤਾਂ ਦੇ,
ਘੁਲਣਾ ਜ਼ਿੰਦਗੀ ਨਾਲ ਸਿਖਾਉਂਦੇ ਨੇ।
ਮੱਲ ਸਾਧਾਂ ਵਰਗੇ ਸਖੀ ਸੂਰਮੇ ਨੇ,
ਫੜ ਕੇ ਇਧਰੋਂ ਅੱਗੇ ਵਰਤਾਉਂਦੇ ਨੇ।
ਸ਼ਰਫ 'ਕਰਮ' ਤੇ ਮੱਲਾਂ ਦੀਆਂ ਕਰੇ ਗੱਲਾਂ,
ਰਸਾ ਜੀਵਣੇ ਵਿਚ ਮਨਾਉਂਦੇ ਨੇ।
ਪਹਿਲਵਾਨਾਂ 'ਤੇ ਰੱਬ ਦੀ ਮਿਹਰ ਸਿੱਧੀ,
ਖੁਸ਼ਨਸੀਬੀਆਂ ਰੰਗ ਵਿਖਾਉਂਦੇ ਨੇ...।

ਪ੍ਰੋ. ਕਰਮ ਸਿੰਘ ਨੇ ਆਪਣੇ ਪਹਿਲਵਾਨੀ ਦੇ ਸ਼ੌਕ ਬਾਰੇ ਲਿਖਿਆ: ਸੰਸਕ੍ਰਿਤ ਦੇ ਵਿਦਵਾਨਾਂ ਨੇ ਮਨੁੱਖ ਸਿਰ ਪੰਜ ਕਰਜ਼ੇ-ਪਿਤਰੀ ਰਿਣ, ਗੁਰੂ ਰਿਣ, ਰਿਸ਼ੀ ਰਿਣ, ਅਤਿਥੀ ਰਿਣ ਤੇ ਦੇਵ ਰਿਣ ਥਾਪੇ ਹਨ। ਅਹਿਲੇ ਅਕਲ ਸੋਝੀ ਆਉਣ ਤੋਂ ਲੈ ਕੇ ਜੀਵਨ ਦੇ ਤੋੜ ਤਕ ਉਨ੍ਹਾਂ ਕਰਜ਼ਿਆਂ ਨੂੰ ਉਤਾਰਨ ਦੀ ਵਾਹ ਲਾਉਂਦੇ ਹਨ। ਈਸ਼ਵਰ ਦੀ ਕਿਰਪਾ ਨਾਲ ਮੈਂ ਉਪਰੋਕਤ ਕਰਜ਼ਿਆਂ ਦੀ ਪੂਰਤੀ ਕਰਦਿਆਂ 'ਢੱਡ ਸਾਰੰਗੀ ਵੱਜਦੀ ਮਾਲਵੇ' ਤੇ 'ਮੱਲਾਂ ਦੀਆਂ ਗੱਲਾਂ' ਪੁਸਤਕਾਂ ਰਾਹੀਂ ਗਮੰਤਰੀਆਂ ਤੇ ਪਹਿਲਵਾਨਾਂ ਪ੍ਰਤੀ ਕਰਜ਼ੇ ਅਦਾ ਕਰ ਦਿੱਤੇ ਹਨ।

ਮੈਂ ਪਹਿਲਵਾਨੀ ਦੇ ਰੰਗਾਂ ਨੂੰ ਬਹੁਤ ਹੰਢਾਇਆ ਤੇ ਪਹਿਲਵਾਨੀ ਰਾਹੀਂ ਜੀਵਨ ਖੱਟੀਆਂ ਖੱਟੀਆਂ। ਜਿੰਨੀ ਕੁ ਸਰੀ, ਆਪ ਪਹਿਲਵਾਨੀ ਮਾਣੀ। ਪਹਿਲਵਾਨੀ ਦੀਆਂ ਲਟਕਾਂ ਲਈਆਂ। ਧਨਵਾਨ ਤੇ ਹੁਕਮਰਾਨ ਉਹ ਅਨੰਦ ਨਹੀਂ ਮਾਣ ਸਕੇ, ਜਿਹੜਾ ਰੰਗ ਸੁਆਦ ਮੈਂ ਸਿੱਧਾ ਹੀ ਪਹਿਲਵਾਨੀ ਨਾਲ ਬਗਲਗੀਰ ਹੋ ਕੇ ਮਾਣਿਆ। ਮੇਰੀਆਂ ਲਿਖਤਾਂ ਮੇਰੇ ਅਨੰਦ ਹੰਢਾਈ ਦੀ ਗਵਾਹੀ ਭਰਦੀਆਂ ਹਨ।

ਮੇਰਾ ਮੁਬਾਰਿਕ ਜਨਮ ਨਗਰ ਭੂੰਦੜ, ਭਾਵੇਂ ਦਾਰੂ ਪੀਣਿਆਂ ਦਾ ਗਿਣਿਆ ਜਾਂਦਾ ਸੀ, ਪਰ ਮੱਲਾਂ ਵਾਲਾ ਵੱਡਾ ਭੂੰਦੜ ਵੀ ਵੱਜਦਾ ਸੀ। ਗਨੀ ਸੂੰ ਖਾਨਾ, ਭਗਤਾ ਮੰਡੀ ਗੁਲਾਬੂ ਕੀ ਵਾਲਾ, ਕਾਕਾ ਦਲ ਸੂੰ ਵਾਲਾ ਤੇ ਭਾਰੇ ਵਾਲਾ ਕਿੱਕਰ ਸੂੰ, ਕੇਹਰ ਸੂੰ, ਭੂੰਦੜ ਅਖਾੜੇ ਦੇ ਮੱਲ ਵੱਜਦੇ ਸਨ। ਇਨ੍ਹਾਂ ਪਹਿਲਵਾਨਾਂ ਕਰਕੇ ਹਰ ਗਲੀ ਮਹੱਲੇ ਵਿਚ ਘਰ-ਘਰ ਪਹਿਲਵਾਨੀ ਦਾ ਪ੍ਰਭਾਵ ਸੀ। ਦੋਹਾਂ ਡੇਰਿਆਂ-ਸੰਤ ਹਰਕਾ ਦਾਸ ਜੀ ਵਾਲੇ ਅਤੇ ਦੂਜੇ ਪਾਸੇ ਦੇਵਾ ਦਾਸ ਜੀ ਵਾਲੇ ਡੇਰੇ ਅੱਠੋ ਪਹਿਰ ਦੇ ਅਖਾੜੇ ਸਨ। ਪਿੰਡ ਦੀ ਫਿਰਨੀ 'ਤੇ ਪੈਂਦੀਆਂ ਬੈਠਕਾਂ ਵਿਚ ਮੱਲਾਂ ਦੇ ਡੰਡਾਂ ਦੀ 'ਹੈ-ਹੈ' ਪਈ ਹੁੰਦੀ, ਜਦੋਂ ਜਿਦ-ਜਿਦ ਕੇ ਡੰਡਾਂ ਦੀਆਂ ਝੁੱਟੀਆਂ ਲੱਗਦੀਆਂ, ਸਪਾਟੇ ਲੱਗਦੇ।

...ਮੈਨੂੰ ਕਈ ਵਾਰੀ ਸੁਪਨੇ ਵੀ ਪਹਿਲਵਾਨੀ ਦੇ ਹੀ ਆਉਂਦੇ। ਅੱਜ 82ਵੇਂ ਸਾਲ ਵਿਚ ਵੀ ਡੰਡ, ਜ਼ੋਰ ਤੇ ਘੁਲਣ ਦੇ ਸੁਪਨੇ ਆਉਂਦੇ ਹਨ। ਮਿਤੀ 17-1-2005 ਨੂੰ ਸਵੇਰੇ ਸੁਪਨੇ ਵਿਚ ਇਮਾਮ ਬਖਸ਼ ਜੀ ਦੇ ਦਰਸ਼ਨ ਹੋਏ। ਕਈ ਵਾਰ ਸੁੱਤੇ ਪਏ ਹੀ ਘੁਲਦਾ-ਘੁਲਦਾ ਪੈਰ ਦੀ ਅੱਡੀ ਤੇ ਬਾਂਹ ਦੀ ਕੂਹਣੀ, ਨਾਲ ਲੱਗਦੀ ਕੰਧ ਵਿਚ ਮਾਰ ਜਾਂਦਾ ਹਾਂ। ਛੇਵੀਂ ਜਮਾਤ ਵਿਚ ਮੈਂ ਜਾਂਘੀਆ ਪਾ ਕੇ ਅਖਾੜੇ ਵਿਚ ਖੜ੍ਹਨ ਲੱਗ ਪਿਆ ਸਾਂ। ਮੈਨੂੰ ਭਾਗ ਸੂੰ ਵਸਾਵੇ ਨੇ ਡੇਰੇ ਦੇ ਵੱਡੇ ਤਖਤ-ਪੋਸ਼ ਨਾਲ ਹੱਥ ਪਾ ਕੇ ਬੈਠਕਾਂ ਕੱਢਣ ਲਾਇਆ। ਪੰਜ ਸੌ ਤੋਂ ਉਤੇ ਬੈਠਕਾਂ ਤੇ ਬੈਠਕ ਦੀ ਦਿਹਲੀ ਉਤੇ ਹੱਥ ਧਰ ਕੇ ਦੋ ਤਿੰਨ ਸੌ ਡੰਡ ਕੱਢਣ ਲਾ ਲਿਆ ਸੀ।

ਸਕੂਲੋਂ ਘਰ ਮੁੜਦਿਆਂ ਹੀ ਕਿਤਾਬ, ਕਾਪੀ ਤੇ ਸਲੇਟ, ਕਿਸੇ ਮੰਜੀ ਦੇ ਪੈਂਦ ਸਿਰ੍ਹਾਣੇ ਸੁੱਟ, ਛਾਬੇ ਵਾਲੀ ਕੋਠੀ ਨੂੰ ਜਾ ਚੁੰਬੜਦਾ। ਘਿਉ ਵਾਲੇ ਕੁੱਜੇ ਦੀ ਚੱਪਣੀ ਲਾਹ, ਚਹੇੜੂ ਉਤੇ ਆਏ ਘਿਉ ਨੂੰ ਰੋਟੀ ਨਾਲ, ਕੁਝ ਬਿਨਾ ਰੋਟੀਓਂ, ਜਦੋਂ ਮੇਰੀ ਉਮਰ ਚੌਦਾਂ ਪੰਦਰਾਂ ਸਾਲ ਦੀ ਸੀ, ਸਿੱਧਾ ਹੀ ਛਕ ਲੈਂਦਾ ਸਾਂ। ਜੇ ਮਾਤਾ ਜੀ ਘਰੇ ਨਾ ਹੁੰਦੇ ਤਾਂ ਹਾਰੇ ਵਾਲੀ ਤੌੜੀ ਉਤੇ ਦਾਅ ਭਰ ਜਾਂਦਾ। ਸਾਰੀ ਮਲਾਈ ਥਾਲੀ ਵਿਚ ਲਾਹ ਕੇ ਹਰੀ ਹਰ ਕਰ ਜਾਂਦਾ। ਖੂਬ ਦੁੱਧ, ਘਿਉ ਤੇ ਮੱਖਣ-ਮਲਾਈ ਪਦਾਰਥ ਬਹੁਤ ਛਕੇ। ਬਦਾਮ ਬੜੇ ਰਗੜ ਘੋਟ ਕੇ ਪੀਤੇ। ਬਦਾਮਾਂ ਦੀ ਰਗੜਾਈ ਪੰਡਤ ਲਾਲ ਚੰਦ ਨੇ ਸਮਝਾਈ, ਜਿਹੜੀ ਬੜੀ ਉੱਤਮ ਖੁਰਾਕ ਹੈ। ਮਾਤਾ ਜੀ ਦਾ ਪੀਪੀ ਵਿਚ ਪਾਇਆ ਘਿਉ ਬਰਫੀ ਵਾਂਗੂੰ ਲੱਗਦਾ। ਕੱਢਦਾ ਕੱਢਦਾ ਹੀ ਪਾਈਆ ਤਿੰਨ ਛਟਾਂਕ ਖਾ ਜਾਂਦਾ। ਰੱਜ ਕੇ ਖਾਣਾ, ਰੱਜ ਕੇ ਜ਼ੋਰ ਕਰਨਾ, ਤੀਜਾ 'ਬੰਧੇਜ' ਪਹਿਲਵਾਨੀ ਦੇ ਤਿੰਨੋ ਮੂਲ ਗੁਣ ਹਨ।


ਮੈਂ ਜਮਾਤਾਂ ਵਿਚ ਪੜ੍ਹਾਉਂਦਾ ਵਿਦਿਆਰਥੀਆਂ ਨੂੰ ਅਕਸਰ ਹੀ ਕਹਿੰਦਾ ਹੁੰਦਾ ਸਾਂ ਜਿਵੇਂ ਵਿਦਿਆਰਥੀਆਂ ਲਈ ਲਿਖਣਾ, ਪੜ੍ਹਨ ਨਾਲੋਂ ਵਧੇਰੇ ਜ਼ਰੂਰੀ ਹੈ, ਤਿਵੇਂ ਪਹਿਲਵਾਨੀ ਲਈ ਡੰਡ ਬੈਠਕਾਂ ਲਾਉਣ ਨਾਲੋਂ ਜ਼ੋਰ ਕਰਨੇ ਜ਼ਰੂਰੀ ਹਨ ਤਾਂ ਕਿ ਤੁਸੀਂ ਮੈਦਾਨ ਵਿਚ ਵਧੀਆ ਕਲਾਕਾਰੀ/ਕਾਰਾਗਰੀ ਨਾਲ ਘੁਲ ਕੇ ਦਿਖਾਓ। ਪਹਿਲਵਾਨ ਜ਼ਿੰਦਗੀ ਦਾ ਬਹੁਤ ਰਸ ਲੈਂਦੇ ਹਨ। ਛਿੰਝਾਂ ਦੇ ਮੇਲੇ, ਕਿਤੇ ਬਹਿ ਕੇ ਤਿਆਰੀਆਂ ਕਰਨੀਆਂ, ਰੜਕਾਂ ਮੜਕਾਂ ਥਾਪੀਆਂ ਮਾਰ ਘੁਲਣਾ, ਜੀਵਨ ਦਾ ਸਰਬੋਤਮ ਰਸ ਹੈ, ਜੋ ਸੁਭਾਗੇ ਹੀ ਹੰਢਾਉਂਦੇ ਹਨ। ਸਾਧੂ ਸੰਤ, ਹਰ ਭਾਂਤ ਦਾ ਗੁਣੀ ਗਿਆਨੀ ਪਹਿਲਵਾਨ ਦੇ ਦਰਸ਼ਨਾਂ ਦਾ ਚਾਹਵਾਨ ਹੁੰਦਾ ਹੈ।

ਮੈਂ 1964 ਪਿੱਛੋਂ ਕਾਲਜ ਵਿਚ ਸਰਦੀ ਦੀਆਂ ਸ਼ਾਮਾਂ ਨੂੰ ਜ਼ੋਰ ਕਰ ਕੇ ਨ੍ਹਾਉਂਦਾ ਨਹੀਂ ਸਾਂ। ਅਖਾੜੇ ਦੀ ਮਿੱਟੀ ਮੈਨੂੰ ਪਾਊਡਰ ਵਰਗੀ ਜਾਪਦੀ। ਹਰ ਰੋਜ਼ ਚੁੱਲ੍ਹੇ ਅੱਗੇ ਪੰਥੀ ਮਾਰੀ ਰੋਟੀ ਖਾਂਦਾ-ਖਾਂਦਾ ਉਥੇ ਹੀ ਸੌਂ ਜਾਂਦਾ। ਵੱਡੇ ਕੌਲੇ ਵਿਚ ਦੁੱਧ ਪਾ ਕੇ ਚੁੱਲ੍ਹੇ ਵਿਚ ਧਰ ਲੈਂਦਾ ਤੇ ਕੜ੍ਹੇ ਦੁੱਧ ਨੂੰ ਇਕ ਵਾਰ ਫੇਰ ਕੌਲਾ ਭਰ ਕੇ ਅੰਦਰ ਰਿਸਕਾ ਲੈਂਦਾ। ਵੱਡੀ ਰਾਤ ਸਵਾ ਡੂਢ ਸੇਰ ਦੁੱਧ ਜਦੋਂ ਸੇਰ ਕੁ ਰਹਿ ਜਾਂਦਾ, ਕੜ੍ਹ ਕੇ ਹਥੇਲੀ ਵਰਗੀ ਮੋਟੀ ਮਲਾਈ ਬਣ ਜਾਂਦੀ, ਉਹ ਦੁੱਧ ਪੀਂਦਾ। ਦੁੱਧ ਪੀਂਦੇ ਨੂੰ ਮੈਨੂੰ ਆਪਣੇ ਪ੍ਰੋਫੈਸਰ ਭਰਾ ਯਾਦ ਆਉਂਦੇ ਕਿ ਉਨ੍ਹਾਂ ਵਿਚਾਰਿਆਂ ਨੂੰ ਅਜਿਹੀਆਂ ਖੁਰਾਕਾਂ ਕਿਥੇ! ਉਹ ਮੇਰਾ ਕੱਪੜਾ-ਲੱਤਾ ਤੱਕ ਕੇ ਮੈਨੂੰ ਵਿਚਾਰਾ ਗਰੀਬੜਾ ਜਿਹਾ ਸਮਝਦੇ। ਮੈਨੂੰ ਉਹ ਦੁਰਭਾਗੀਏ ਜਾਪਦੇ, ਜਿਨ੍ਹਾਂ ਦੇ ਭਾਗਾਂ ਵਿਚ ਅਜਿਹੇ ਕੜ੍ਹੇ ਮਲਾਈਆਂ ਵਾਲੇ ਦੁੱਧ ਕਿਥੇ!

ਰੁਸਤਮ ਤੇ ਸੁਹਰਾਬ ਇਰਾਨ ਦੇ ਦੈਵੀ ਤਾਕਤਾਂ ਵਾਲੇ ਦਿਉ ਕੱਦ ਪਹਿਲਵਾਨ ਸਨ। ਫਿਰਦੌਸੀ ਦਾ ਸ਼ਾਹਨਾਮਾ ਉਨ੍ਹਾਂ ਦੀ ਸੂਰਮਗਤੀ ਤੇ ਵੀਰਤਾ ਦੀਆਂ ਵਾਰਾਂ ਨਾਲ ਭਰਿਆ ਪਿਆ ਹੈ। ਕਹਿੰਦੇ ਹਨ, ਰੁਸਤਮ ਦੀ ਗੁਰਜ ਏਨੀ ਭਾਰੀ ਸੀ ਕਿ ਉਸ ਨੂੰ ਅੱਠ ਪੱਠੇ ਮਸੀਂ ਚੁੱਕਦੇ। ਕੁਸ਼ਤੀ ਸ਼ਬਦ ਫਾਰਸੀ ਦੇ ਸ਼ਬਦ ਕੁਸ਼ਤਨ ਤੋਂ ਬਣਿਆ ਹੈ। 'ਕੁਸ਼ਤਨ' ਦਾ ਮਾਇਨਾ ਹੈ, ਮਾਰਨਾ। ਈਰਾਨ ਦੇ ਨਾਮਵਰ ਪਹਿਲਵਾਨ ਰੁਸਤਮ ਅਤੇ ਸੁਹਰਾਬ ਦੀ ਕਹਾਣੀ ਵੀ 'ਕੁਸ਼ਤਨ' ਦੇ ਅਰਥ ਹੀ ਸਪੱਸ਼ਟ ਕਰਦੀ ਹੈ। ਕਿਹਾ ਜਾਂਦੈ ਕਿ ਜ਼ਾਲ੍ਹ ਦੇ ਪੁੱਤਰ ਰੁਸਤਮ ਨੇ ਆਪਣੇ ਪੁੱਤਰ ਸੁਹਰਾਬ ਨੂੰ ਜੰਗੇ-ਮੈਦਾਨ 'ਚ ਅਣਜਾਣਪੁਣੇ ਵਿਚ ਹੀ ਮਾਰ ਦਿੱਤਾ ਸੀ। ਉਨ੍ਹਾਂ ਦੀ ਵਾਰਤਾ ਮਹਾਂ-ਕਵੀ ਫਿਰਦੌਸੀ ਨੇ ਇਉਂ ਬਿਆਨ ਕੀਤੀ:

ਈਰਾਨ ਦੇ ਨਾਮੀ ਪਹਿਲਵਾਨ ਸਾਮ ਦਾ ਪੁੱਤਰ ਜ਼ਾਲ੍ਹ ਸੀ ਤੇ ਜ਼ਾਲ੍ਹ ਦਾ ਪੁੱਤਰ ਰੁਸਤਮ। ਰੁਸਤਮ ਕੈਕਾਊਸ ਬਾਦਸ਼ਾਹ ਦਾ ਪਹਿਲਵਾਨ ਸੀ। ਉਹ ਆਪਣੇ ਬਾਦਸ਼ਾਹ ਦੀ ਆਗਿਆ ਨਾਲ ਲੰਮੇ ਪੈਂਡੇ ਦੀ ਸੈਰੋ-ਸਿਆਹਤ ਨੂੰ ਰਵਾਨਾ ਹੋ ਗਿਆ। ਰਾਹ 'ਚ ਇਕ ਹੋਰ ਬਾਦਸ਼ਾਹ ਦੇ ਰਾਜ-ਘਰ ਵਿਚ ਰੁਸਤਮ ਬਤੌਰ ਸ਼ਾਹੀ ਮਹਿਮਾਨ ਠਹਿਰਿਆ। ਬਾਦਸ਼ਾਹ ਦੀ ਰਾਜਕੁਮਾਰੀ 'ਤਹਿਮੀਨਾ' ਰੁਸਤਮ 'ਤੇ ਮੋਹਤ ਹੋ ਗਈ। ਕੁਝ ਸਮੇਂ ਲਈ ਉਹ ਪਤੀ-ਪਤਨੀ ਵਾਂਗ ਰਹੇ। ਉਨ੍ਹਾਂ ਦੀ ਮੁਹੱਬਤ ਨੂੰ ਫਲ ਪੈ ਗਿਆ। ਫਿਰ ਰੁਸਤਮ ਉਸ ਰਾਜ ਵਿਚੋਂ ਅਗਲੇ ਰਾਜ ਨੂੰ ਰਵਾਨਾ ਹੋ ਗਿਆ। ਰਵਾਨਾ ਹੋਣ ਤੋਂ ਪਹਿਲਾਂ ਉਸ ਨੇ ਆਪਣੀ ਸੱਜ-ਵਿਆਹੀ ਪਤਨੀ ਨੂੰ ਇਕ ਤਾਵੀਜ਼ ਦਿੱਤਾ ਤੇ ਕਿਹਾ ਜੇ ਪੁੱਤਰ ਹੋਵੇ ਤਾਂ ਉਸ ਦੇ ਡੌਲੇ ਉਤੇ ਇਹ ਤਾਵੀਜ਼ ਬੰਨ੍ਹ ਦੇਵੀਂ। ਕਰਨੀ ਰੱਬ ਦੀ, ਉਹਦੀ ਕੁੱਖੋਂ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਂ ਸੁਹਰਾਬ ਰੱਖਿਆ ਗਿਆ। ਸੁਹਰਾਬ ਜੁਆਨੀ ਚੜ੍ਹਿਆ ਤਾਂ ਬਾਪ ਵਾਂਗ ਬਾਹੂਬਲੀ ਬਣ ਗਿਆ, ਪਰ ਉਹਦਾ ਆਪਣੇ ਬਾਪ ਨਾਲ ਕਦੇ ਮੇਲ ਨਾ ਹੋਇਆ।






ਕੁਝ ਸਮਾਂ ਪਾ ਕੇ ਦੋਹਾਂ ਬਾਦਸ਼ਾਹਾਂ ਵਿਚ ਜੰਗ ਛਿੜ ਪਈ। ਇਕ ਬਾਦਸ਼ਾਹ ਦੀ ਫੌਜ ਵੱਲੋਂ ਰੁਸਤਮ ਸੈਨਾਪਤੀ ਸੀ ਤੇ ਦੂਜੇ ਬਾਦਸ਼ਾਹ ਦੀ ਫੌਜ ਵੱਲੋਂ ਸੁਹਰਾਬ; ਪਰ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਉਹ ਪਿਉ-ਪੁੱਤ ਹਨ। ਲੜਾਈ ਵਿਚ ਜਿੱਤ ਲਈ ਰੁਸਤਮ ਤੇ ਸੁਹਰਾਬ ਦਾ ਬੜਾ ਤਕੜਾ ਭੇੜ ਹੋਇਆ। ਆਖਰ ਰੁਸਤਮ ਨੇ ਸੁਹਰਾਬ ਨੂੰ ਅੱਧਮੋਇਆ ਕਰ ਸੁੱਟਿਆ। ਉਧਰ ਰੁਸਤਮ ਵੀ ਹਾਲੋਂ ਬੇਹਾਲ ਹੋ ਚੁਕਾ ਸੀ। ਅੱਧ-ਮਰੇ ਸੋਹਰਾਬ ਨੂੰ ਰੁਸਤਮ ਨੇ ਪੁੱਛਿਆ ਕਿ ਤੂੰ ਹੈਂ ਕੌਣ, ਜਿਸ ਨੇ ਮੇਰਾ ਏਨਾ ਜ਼ੋਰ ਲੁਆਇਆ? ਕੌਣ ਹੈ ਤੇਰਾ ਪਿਉ? ਨਾਲੇ ਆਪਣੀ ਅੰਤਿਮ ਇੱਛਾ ਵੀ ਦੱਸ ਦੇਹ ਜੋ ਮੈਂ ਪੂਰੀ ਕਰ ਸਕਾਂ।

ਮਰਦਿਆਂ ਸੁਹਰਾਬ ਮਸੀਂ ਇਹ ਬੋਲ, ਬੋਲ ਸਕਿਆ, "ਹੁਣ ਤੁਸੀਂ ਮੇਰੇ ਪਿਤਾ ਰੁਸਤਮ ਨਾਲ ਲੜਨਾ ਤਾਂ ਕਿ ਉਹ ਤੁਹਾਡੇ ਕੋਲੋਂ ਮੇਰੇ ਮਰਨ ਦਾ ਬਦਲਾ ਲੈ ਸਕੇ।"

ਰੁਸਤਮ ਦਾ ਨਾਂ ਸੁਣ ਕੇ ਰੁਸਤਮ ਅਤਿਅੰਤ ਹੈਰਾਨ ਤੇ ਬੇਹੱਦ ਦੁਖੀ ਹੋਇਆ ਅਤੇ ਸਬੂਤ ਵਜੋਂ ਆਪਣਾ ਦਿੱਤਾ ਹੋਇਆ ਤਾਵੀਜ਼ ਮੰਗਿਆ। ਸੁਹਰਾਬ ਨੇ ਆਪਣੇ ਡੌਲੇ ਨਾਲੋਂ ਤਾਵੀਜ਼ ਲਾਹ ਕੇ ਰੁਸਤਮ ਨੂੰ ਦੇ ਦਿੱਤਾ। ਪੁੱਤਰ ਦੀ ਆਪਣੇ ਹੱਥੋਂ ਹੋਈ ਮੌਤ ਵੇਖਦਿਆਂ ਰੁਸਤਮ ਦੀ ਧਾਹ ਨਿਕਲ ਗਈ। ਉਹ ਧਾਹਾਂ ਮਾਰਨ ਲੱਗਾ ਤੇ ਲਹੂ ਦੇ ਅਥਰੂ ਉਹਦੀਆਂ ਅੱਖਾਂ 'ਚੋਂ ਵਗ ਤੁਰੇ। ਸੁਹਰਾਬ ਆਪਣੇ ਬਾਪ ਰੁਸਤਮ ਦੀਆਂ ਅੱਖਾਂ ਸਾਹਵੇਂ ਪੂਰਾ ਹੋ ਗਿਆ।

ਮਿਥਿਹਾਸ ਨੇ ਸਮੇਂ ਨੂੰ ਚਾਰ ਯੁਗਾਂ ਵਿਚ ਵੰਡਿਆ ਹੈ। ਸਤਿਯੁਗ, ਦੁਆਪਰ, ਤਰੇਤਾ ਤੇ ਕਲਯੁਗ। ਸਤਿਯੁਗ ਵਿਚ ਦੇਵਤਿਆਂ ਤੇ ਦੈਤਾਂ ਦੀਆਂ ਲੜਾਈਆਂ ਦਾ ਜ਼ਿਕਰ ਆਉਂਦਾ ਹੈ। ਉਹ ਇਕ ਦੂਜੇ ਨਾਲ ਮੱਲ-ਯੁੱਧ ਕਰਦੇ ਹਨ। ਕਹਿੰਦੇ ਹਨ ਕਿ ਇਕ ਵਾਰ ਵਿਸ਼ਨੂੰ ਭਗਵਾਨ ਦਾ ਜਲੰਧਰ ਦੈਂਤ ਨਾਲ ਮੱਲ-ਯੁੱਧ ਹੋਇਆ। ਵਿਸ਼ਨੂੰ ਭਗਵਾਨ ਦੀ ਜਿੱਤ ਹੋਈ। ਤਸਵੀਰਾਂ ਵਿਚ ਵਿਸ਼ਨੂੰ ਦੇ ਇਕ ਹੱਥ ਵਿਚ ਗਦਾ ਫੜੀ ਹੁੰਦੀ ਹੈ ਤੇ ਹਨੂੰਮਾਨ ਦੇ ਸੱਜੇ ਮੋਢੇ ਉਤੇ ਗਦਾ ਸਜੀ ਹੁੰਦੀ ਹੈ। ਗਦਾ ਪਹਿਲਵਾਨੀ ਵਿਚ ਜਿੱਤ ਦੀ ਗੁਰਜ ਕਹੀ ਜਾਂਦੀ ਹੈ। ਪੁਰਾਤਨ ਯੁੱਗ ਵਿਚ ਗਦਾ ਹਥਿਆਰ ਦਾ ਕੰਮ ਕਰਦੀ ਸੀ, ਜੋ ਬਾਅਦ ਵਿਚ ਪਹਿਲਵਾਨੀ ਦੀ ਜਿੱਤ ਦਾ ਨਿਸ਼ਾਨ ਬਣ ਗਈ। ਗੁਰਬਾਣੀ ਵਿਚ ਗਦਾ ਨੂੰ 'ਗਰੀਬੀ ਗਦਾ ਹਮਾਰੀ' ਕਹਿ ਕੇ ਸਲਾਹਿਆ ਗਿਆ। ਈਰਾਨੀ ਗਦਾ ਨੂੰ ਗੁਰਜ ਕਹਿੰਦੇ ਹਨ।

ਸਤਿਯੁਗ ਤੋਂ ਬਾਅਦ ਦੁਆਪਰ ਤੇ ਤਰੇਤੇ ਯੁੱਗ ਵਿਚ ਵੀ ਘੋਲਾਂ ਦਾ ਲਿਖਤੀ ਵੇਰਵਾ ਮਿਲਦਾ ਹੈ। ਹਨੂੰਮਾਨ, ਜਿਸ ਨੂੰ ਬਜਰੰਗ ਬਲੀ ਵੀ ਕਿਹਾ ਜਾਂਦੈ, ਸ੍ਰੀ ਰਾਮ ਚੰਦਰ ਦੇ ਸਮੇਂ ਬੜਾ ਬਲਵਾਨ ਯੋਧਾ ਸੀ। ਪਹਿਲਵਾਨ ਉਸ ਨੂੰ ਗੁਰੂਆਂ ਵਾਂਗ ਪੂਜਦੇ ਹਨ। ਮਿਥਿਹਾਸਕ ਕਥਾ ਹੈ ਕਿ ਉਸ ਨੇ ਸੰਜੀਵਨੀ ਬੂਟੀ ਲਿਆਉਣ ਸਮੇਂ ਪਹਾੜ ਹੀ ਹੱਥ 'ਤੇ ਚੁੱਕ ਖੜਿਆ ਸੀ। ਦੋਹਾਂ ਬਲੀ ਭਰਾਵਾਂ-ਬਾਲੀ ਤੇ ਸੁਗਰੀਵ ਦਾ ਮੱਲ-ਯੁੱਧ ਤੇ ਗਦਾ-ਯੁੱਧ ਹੋਇਆ ਸੀ। ਹਨੂੰਮਾਨ ਸੁਗਰੀਵ ਦਾ ਸੈਨਾਪਤੀ ਸੀ, ਜਿਸ ਨੇ ਲੰਕਾ ਫਤਿਹ ਕੀਤੀ। ਬਾਬੂ ਰਜਬ ਅਲੀ ਨੇ ਪਾਂਡਵਾਂ ਨੂੰ ਮੱਲਾਂ ਦਾ ਖਿਤਾਬ ਦਿੱਤਾ ਹੈ:

ਸੁਣੋ ਹਾਲ ਪਾਂਡਵਾਂ ਦਲੇਰ ਮੱਲਾਂ ਦਾ,
ਬਾਰਾਂ ਵਰ੍ਹੇ ਕੱਟਿਆ ਦਸੌਂਟਾ ਝੱਲਾਂ ਦਾ...।

ਸਿੱਖ-ਮੱਤ ਵਿਚ ਵੀ ਮੱਲਾਂ ਦੀ ਮਹਿਮਾ ਮਿਲਦੀ ਹੈ। ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਦੇ ਅਖਾੜੇ ਵਿਚ ਮੱਲਾਂ ਦਾ ਜ਼ੋਰ ਕਰਵਾਇਆ ਕਰਦੇ ਸਨ। ਉਸ ਜਗ੍ਹਾ ਉਤੇ ਹੁਣ ਗੁਰਦੁਆਰਾ ਮੱਲ ਅਖਾੜਾ ਸਾਹਿਬ ਸੁਭਾਏਮਾਨ ਹੈ। ਚੰਗੀਆਂ ਖੁਰਾਕਾਂ ਖਾਣ, ਜੁੱਸੇ ਤਕੜੇ ਕਰਨ ਅਤੇ ਨਿਡਰ ਤੇ ਚੜ੍ਹਦੀ ਕਲਾ 'ਚ ਰਹਿਣ ਵਾਲੇ ਬੰਦੇ ਬਣਾਉਣ ਲਈ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਕਿਰਤ ਤੇ ਕਸਰਤ ਦੇ ਲੜ ਲਾਇਆ। ਰੂਹਾਨੀਅਤ ਦੇ ਰੁਸਤਮ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਕਰਨ ਸਮੇਂ ਪਹਿਲਵਾਨੀ ਨਾਲ ਸਬੰਧਿਤ ਸ਼ਬਦ ਵੀ ਸੰਪਾਦਤ ਕੀਤੇ:

ਹਉ ਗੁਸਾਈ ਦਾ ਪਹਿਲਵਾਨੜਾ॥
ਮੈ ਗੁਰ ਮਿਲ ਉਚ ਦੁਮਾਲੜਾ॥
ਸਭ ਹੋਈ ਛਿੰਝ ਇਕਠੀਆ
ਦਯੁ ਬੈਠਾ ਵੇਖੈ ਆਪ ਜੀਉ॥
ਵਾਤ ਵਜਨਿ ਟਮਕ ਭੇਰੀਆ॥
ਮਲ ਲਥੇ ਲੈਦੇ ਫੇਰੀਆ॥
ਨਿਹਤੇ ਪੰਜ ਜੁਆਨ ਮੈ
ਗੁਰ ਥਾਪੀ ਦਿਤੀ ਕੰਡਿ ਜੀਉ॥

ਉਨ੍ਹਾਂ ਨੇ ਸੁਖਮਨੀ ਸਾਹਿਬ ਵਿਚ 'ਸੁਖੀ ਵਸੇ ਮਸਕੀਨੀਆ ਆਪ ਨਿਵਾਰ ਤਲੇ' ਲਿਖ ਕੇ ਪਹਿਲਵਾਨਾਂ ਦੀ ਨਿਮਰਤਾ, ਨਿਰਮਾਣਤਾ, ਪਰਉਪਕਾਰ ਤੇ ਨਿਸ਼ਕਾਮਤਾ ਦੇ ਗੁਣਾਂ ਨੂੰ ਵਡਿਆਇਆ। ਮਨ ਨੀਵਾਂ ਤੇ ਮੱਤ ਉੱਚੀ ਦਾ ਉਪਦੇਸ਼ ਦਿੱਤਾ। ਗੁਰੂ ਹਰਗੋਬਿੰਦ ਸਾਹਿਬ ਖੁਦ ਪਹਿਲਵਾਨ ਅਤੇ ਮੱਲਾਂ ਦੇ ਪਾਲਕ ਸਨ। ਪਾਇੰਦੇ ਖਾਨ ਉਨ੍ਹਾਂ ਦਾ ਦਰਬਾਰੀ ਪਹਿਲਵਾਨ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਹੋਲੇ ਮਹੱਲੇ ਨਾਲ ਖੇਡ ਮੁਕਾਬਲੇ ਵੀ ਅਰੰਭ ਕੀਤੇ। ਅਨੰਦਪੁਰ ਸਾਹਿਬ ਤੇ ਪਾਉਂਟਾ ਸਾਹਿਬ ਵਿਖੇ ਗਤਕਾ ਤੇ ਤੀਰਅੰਦਾਜ਼ੀ ਵਰਗੀਆਂ ਮਾਰਸ਼ਲ ਖੇਡਾਂ ਹੁੰਦੀਆਂ। ਮਾਰਸ਼ਲ ਖੇਡਾਂ ਨਾਲ ਜੰਗ ਲੜਨ ਦੀ ਸਿੱਖਿਆ ਮਿਲਦੀ।

ਸਿੱਖ ਇਤਿਹਾਸ ਵਿਚ ਮੱਲਾਂ ਦੇ ਘੋਲ ਦੀ ਇਕ ਘਟਨਾ ਪ੍ਰਸਿੱਧ ਹੈ, ਜਿਸ ਨਾਲ ਤੱਤ ਖਾਲਸੇ ਅਤੇ ਬੰਦਈਆਂ ਦੇ ਭਵਿਸ਼ ਦਾ ਫੈਸਲਾ ਹੋਇਆ ਸੀ। ਬਾਬਾ ਬੰਦਾ ਸਿੰਘ ਦੀ ਸ਼ਹੀਦੀ ਤੋਂ ਇਕ ਬਰਸ ਮਗਰੋਂ ਸੰਨ 1721 ਈ: ਨੂੰ ਸਿੱਖਾਂ ਦਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਪਹਿਲੀ ਵਾਰ ਭਰਵਾਂ ਜੋੜ ਮੇਲਾ ਹੋਇਆ। ਚੜ੍ਹਾਵਾ ਵੀ ਬਹੁਤ ਚੜ੍ਹਿਆ। ਪੂਜਾ ਦੇ ਵੰਡਾਰੇ ਅਤੇ ਸੇਵਾ ਸੰਭਾਲ ਬਾਰੇ ਤੱਤ ਖਾਲਸੇ ਅਤੇ ਬੰਦਈਆਂ ਵਿਚਕਾਰ ਝਗੜਾ ਹੋ ਗਿਆ। ਬੰਦਈਆਂ ਨੇ ਭਾਈ ਲਾਹੌਰਾ ਸਿੰਘ ਨੂੰ ਤੱਤ ਖਾਲਸੇ ਕੋਲ ਭੇਜਿਆ। ਲਾਹੌਰਾ ਸਿੰਘ ਦਾ ਪੁੱਤਰ ਸੰਗਤ ਸਿੰਘ ਵੀ ਨਾਲ ਸੀ। ਤੱਤ ਖਾਲਸੇ ਵੱਲੋਂ ਭਾਈ ਕਾਨ੍ਹ ਸਿੰਘ ਨੇ ਸੁਝਾਉ ਦਿੱਤਾ ਕਿ ਤੁਹਾਡੇ ਪੁੱਤਰ ਸੰਗਤ ਸਿੰਘ ਤੇ ਮੇਰੇ ਪੁੱਤਰ ਮੀਰੀ ਸਿੰਘ ਦਾ ਅਕਾਲ ਤਖਤ ਅੱਗੇ ਘੋਲ ਕਰਾਇਆ ਜਾਵੇ। ਜਿਸ ਜਥੇ ਦਾ ਪਹਿਲਵਾਨ ਜਿੱਤ ਜਾਵੇ, ਉਹ ਜਥਾ ਸਹੀ ਮੰਨਿਆ ਜਾਵੇ। ਦੋਹਾਂ ਜਥਿਆਂ ਨੇ ਇਸ ਫੈਸਲੇ ਨੂੰ ਮੰਨ ਲਿਆ। ਅਕਾਲ ਤਖਤ ਅੱਗੇ ਘੋਲ ਸ਼ੁਰੂ ਹੋ ਗਿਆ। ਦੋਨੋਂ ਜਥੇ ਘੇਰਾ ਬੰਨ੍ਹ ਕੇ ਘੋਲ ਵੇਖ ਰਹੇ ਸਨ। ਅੰਤ ਮੀਰੀ ਸਿੰਘ ਨੇ ਸੰਗਤ ਸਿੰਘ ਨੂੰ ਢਾਹ ਲਿਆ। ਇਸ ਤਰ੍ਹਾਂ ਬੰਦਈਆਂ ਦੀ ਹਾਰ ਹੋ ਗਈ ਅਤੇ ਤੱਤ ਖਾਲਸਾ ਜੇਤੂ ਬਣ ਗਿਆ।

ਪਹਿਲਵਾਨਾਂ ਦੀ ਉਸਤਤ ਵਿਚ ਕਿੱਸਾਕਾਰ ਰੀਟਾ ਦੀਨ ਲਿਖਦੈ:

ਮੱਖਣ ਮਲਾਈ ਤਿਓੜ ਪੀਣ ਯਖਣੀ,
ਇੱਜ਼ਤ ਵਡਿਆਈ ਸਾਂਭ ਸਾਂਭ ਰੱਖਣੀ।
ਮਾਂਵਾਂ ਭੈਣਾਂ ਦੇਖ ਘੱਤਦੇ ਨੇ ਨੀਵੀਆਂ,
ਮੱਲਾਂ ਸਾਧਾਂ ਸੂਰਿਆਂ ਨੂੰ ਪੱਟਣ ਤੀਵੀਆਂ।
ਰੀਟੇ ਦੀਨਾ ਮੱਲਾਂ ਦੀਆਂ ਸੁਣਾਵਾਂ ਗੱਲਾਂ ਜੀ,
ਨਦੀਆਂ 'ਤੇ ਹੰਸ, ਸ਼ੇਰ ਵਿਚ ਝੱਲਾਂ ਜੀ।

---

ਪਹਿਲਵਾਨ ਕਰਮ ਸਿੰਘ ਨੇ ਤਾਂ ਲਿਖਣਾ ਹੀ ਸੀ:

ਮੱਲ ਦੇਸ ਤੇ ਦੁਨੀ ਦੀ ਸ਼ਾਨ ਹੁੰਦੇ,
ਜਿਨ੍ਹਾਂ ਜੰਮੇ ਜਾਏ ਸ਼ਹਿਰਾਂ ਗਾਮਾਂ ਦੀ ਜੇ।
ਪਹਿਲਵਾਨ ਸੁਹਾਂਵਦੇ ਮਹਿਫਿਲਾਂ ਨੂੰ,

*(ਬਾਕੀ ਅਗਲੇ ਸਫੇ 'ਤੇ)*

# ਆਕਾਸ਼ਵਾਣੀ ਜਲੰਧਰ: ਅਰਸ਼ ਤੋਂ ਫਰਸ਼ ਵੱਲ



**ਰਮੇਸ਼ਵਰ ਸਿੰਘ**
ਫੋਨ: 91-99148-80392

ਆਜ਼ਾਦੀ ਤੋਂ ਪਹਿਲਾਂ ਆਕਾਸ਼ਵਾਣੀ ਜਲੰਧਰ ਦਾ ਪ੍ਰਸਾਰਨ ਚਾਲੂ ਹੋ ਗਿਆ ਸੀ, ਪਰ ਜਿਸ ਦੀ ਪਹੁੰਚ ਬਹੁਤ ਦੂਰ ਤੱਕ ਨਹੀਂ ਸੀ ਤੇ ਰੇਡੀਓ ਕੀ ਹੈ, ਇਸ ਬਾਰੇ ਲੋਕਾਂ ਨੂੰ ਬਹੁਤੀ ਜਾਣਕਾਰੀ ਨਹੀਂ ਸੀ। ਆਜ਼ਾਦੀ ਤੋਂ ਬਾਅਦ ਉੱਚ ਪੱਧਰ ਦੇ ਟਰਾਂਸਮੀਟਰ ਰਾਹੀਂ ਇਸ ਦਾ ਪ੍ਰਸਾਰਨ ਚਾਲੂ ਕੀਤਾ ਗਿਆ ਹੈ। ਸ਼ੁਰੂ ਵਿਚ ਖਬਰਾਂ ਅਤੇ ਮਨੋਰੰਜਨ ਲਈ ਸੰਗੀਤ ਦੇ ਪ੍ਰੋਗਰਾਮ ਹੁੰਦੇ ਸਨ। ਪੰਜਾਬ ਸੂਬੇ ਦਾ ਮੁੱਖ ਕਿੱਤਾ ਖੇਤੀਬਾੜੀ ਹੈ, ਜਿਸ ਲਈ ਖੇਤੀਬਾੜੀ ਦੇ ਪ੍ਰੋਗਰਾਮ ਸ਼ੁਰੂ ਕੀਤੇ ਗਏ, ਜਿਸ ਨਾਲ ਕਿਸਾਨਾਂ ਨੂੰ ਆਧੁਨਿਕ ਤਰੀਕਿਆਂ ਨਾਲ ਸਾਇੰਸ ਦੇ ਆਧਾਰ 'ਤੇ ਖੇਤੀ ਕਰਨ ਦੇ ਤਰੀਕੇ ਦੱਸੇ ਤੇ ਸਮਝਾਏ ਜਾਂਦੇ ਸਨ। 1970 ਦਹਾਕੇ ਦੌਰਾਨ ਹਰੀ ਕ੍ਰਾਂਤੀ ਜ਼ੋਰ ਫੜ ਰਹੀ ਸੀ, ਜਿਸ ਲਈ ਖੇਤੀਬਾੜੀ ਨੂੰ ਉੱਨਤ ਕਰਨ ਲਈ ਦਿਹਾਤੀ ਪ੍ਰੋਗਰਾਮ ਨਾਂ ਨਾਲ ਪ੍ਰੋਗਰਾਮ ਚਾਲੂ ਕੀਤਾ ਗਿਆ, ਜੋ ਬਹੁਤ ਸੋਹਣੇ ਤਰੀਕੇ ਨਾਲ ਅੱਜ ਤੱਕ ਪੇਸ਼ ਹੋ ਰਿਹਾ ਹੈ। ਰੇਡੀਓ ਨਵੀਂ ਤਕਨੀਕ ਡਿਜ਼ੀਟਲ ਵਿਚ ਆ ਗਿਆ। ਐਫ. ਐਮ. ਲਈ ਵੱਖ ਵੱਖ ਥਾਂਵਾਂ 'ਤੇ ਨਵੇਂ ਟਰਾਂਸਮੀਟਰ ਸਥਾਪਿਤ ਕੀਤੇ ਗਏ, ਜਿਸ ਨਾਲ ਬਹੁਤ ਸਾਫ ਅਵਾਜ਼ ਦੂਰ ਤੱਕ ਪਹੁੰਚਦੀ ਹੈ।

ਸਾਲ ਦੋ ਹਜ਼ਾਰ ਵਿਚ ਪੂਰੇ ਭਾਰਤ ਵਿਚ ਡੀ. ਟੀ. ਐੱਚ. ਸੇਵਾ ਚਾਲੂ ਕੀਤੀ ਗਈ, ਜਿਸ ਵਿਚ ਟੈਲੀਵਿਜ਼ਨ ਸੈਟ ਉੱਤੇ ਰੇਡੀਓ ਲਈ ਅਲੱਗ ਚੈਨਲ ਚਾਲੂ ਕੀਤੇ ਗਏ। ਇਸ ਰਾਹੀਂ ਪੂਰੀ ਦੁਨੀਆਂ ਵਿਚ ਆਕਾਸ਼ਵਾਣੀ ਜਲੰਧਰ ਦੇ ਮੁੱਖ ਚੈਨਲ ਦੀ ਅਵਾਜ਼ ਪਹੁੰਚਣ ਲੱਗ ਗਈ। ਸਾਲ, ਡੇਢ ਸਾਲ ਪਹਿਲਾਂ ਸਮਾਰਟਫੋਨ ਦੀ ਐਪ ਦੁਆਰਾ ਵੀ ਇਸ ਦਾ ਪ੍ਰਸਾਰਨ ਚਾਲੂ ਹੋ ਗਿਆ। ਮੁੱਖ ਚੈਨਲ ਆਕਾਸ਼ਵਾਣੀ ਜਲੰਧਰ ਦੀ ਸੇਵਾ ਚੌਵੀ ਘੰਟੇ ਐਪ 'ਤੇ ਡੀ. ਟੀ. ਐੱਚ. ਸਰਵਿਸ 'ਤੇ ਚਾਲੂ ਰਹਿੰਦੀ ਹੈ।

ਪ੍ਰਸਾਰ ਭਾਰਤੀ ਨੇ ਇਕ ਹੋਰ ਚੈਨਲ 'ਰੇਨਬੋ' ਪਤਾ ਨਹੀਂ ਕਿਸ ਮਨੋਰਥ ਨੂੰ ਮੁੱਖ ਰੱਖ ਕੇ ਚਾਲੂ ਕੀਤਾ ਹੈ, ਜਦ ਕਿ ਮੁੱਖ ਚੈਨਲ ਨਾਲ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਕੀਤੀ ਜਾ ਸਕਦੀ ਹੈ। ਰੇਨਬੋ 'ਤੇ ਗੀਤ ਸੰਗੀਤ ਦਾ ਜ਼ਿਆਦਾ ਪ੍ਰਸਾਰਨ ਹੁੰਦਾ ਹੈ, ਜਿਸ ਵਿਚ ਪਹਿਲ ਅਜੋਕੀ ਗਾਇਕੀ ਨੂੰ ਦਿੱਤੀ ਜਾਂਦੀ ਹੈ। ਇਸ ਨੂੰ ਪੇਸ਼ ਕਰਨ ਵਾਲੇ ਐਂਕਰ ਆਪਣੇ ਆਪ ਨੂੰ ਆਰ. ਜੇ. ਕਹਿ ਕੇ ਸੰਬੋਧਨ ਕਰਦੇ ਹਨ। ਗੀਤ ਨੂੰ ਟ੍ਰੈਕ ਕਹਿੰਦੇ ਹਨ ਤੇ ਗੀਤ ਚਾਲੂ ਕਰਨ ਤੋਂ ਪਹਿਲਾਂ ਕਹਿੰਦੇ ਹਨ, 'ਬਾਕੀ ਗੱਲਾਂ ਗੀਤ ਦੇ ਉਸ ਪਾਰ।' ਪਤਾ ਨਹੀਂ ਗੀਤ ਨੇ ਕਿਹੜੀ ਨਦੀ ਟੱਪਣੀ ਹੁੰਦੀ ਹੈ! ਕੁੱਲ ਮਿਲਾ ਕੇ ਸਾਡੀ ਮਾਂ ਬੋਲੀ ਪੰਜਾਬੀ ਦੀ ਖਿਚੜੀ ਉਸ ਚੈਨਲ ਦੇ ਉੱਤੇ ਪਕਾਈ ਜਾਂਦੀ ਹੈ। ਅਜਿਹੇ ਪ੍ਰਸਾਰਨ ਸਬੰਧੀ ਜਦੋਂ ਕੋਈ ਸੁਆਲ ਪੁੱਛਿਆ ਜਾਂਦਾ ਹੈ, ਉਸ ਦਾ ਜਵਾਬ ਹੁੰਦਾ ਹੈ ਕਿ ਰੇਨਬੋ ਚੈਨਲ ਨੌਜਵਾਨ ਪੀੜ੍ਹੀ ਲਈ ਹੈ। ਕੀ ਬੱਚੇ ਅਤੇ ਬੁੱਢੇ ਅਜਿਹੇ ਘਟੀਆ ਪ੍ਰੋਗਰਾਮ ਸੁਣਨੇ ਬੰਦ ਕਰ ਦੇਣ? ਇਸ ਬਾਰੇ ਵੀ ਚੈਨਲ ਤੋਂ ਦੱਸ ਦੇਣਾ ਚਾਹੀਦਾ ਹੈ। ਹਰ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਇਕ ਪ੍ਰੋਮੋ ਚਾਲੂ ਕਰ ਲੈਣਾ ਚਾਹੀਦਾ ਹੈ ਕਿ ਹੁਣ ਅਸੀਂ ਨੌਜਵਾਨਾਂ ਨੂੰ ਵਿਗਾੜਨ ਦਾ ਬਹੁਤ ਸੋਹਣਾ ਉਪਰਾਲਾ ਕਰ ਰਹੇ ਹਾਂ। ਬਾਕੀ ਘਰ ਦੇ ਮੈਂਬਰ ਚੁੱਪ ਚਾਪ ਰੇਡੀਓ ਤੋਂ ਪਾਸੇ ਹਟ ਜਾਵੋ। ਜਿੰਨੇ ਵੀ ਇਸ ਕੇਂਦਰ 'ਤੇ ਐਂਕਰ ਹਨ, ਉਨ੍ਹਾਂ ਨੂੰ ਪੰਜਾਬੀ ਮਾਂ ਬੋਲੀ ਦਾ ਕੋਈ ਖਾਸ ਗਿਆਨ ਨਹੀਂ। ਸੌ ਨੂੰ ਸੋ, ਚੌਲਾਂ ਨੂੰ ਚੋਲ; ਪ੍ਰੋਗਰਾਮ ਬੰਦ ਹੋ ਰਿਹਾ ਹੈ, ਉਸ ਲਈ ਪਤਾ ਨਹੀਂ ਕਿਹੜੀ ਭਾਸ਼ਾ ਦਾ ਸ਼ਬਦ ਬੋਲਿਆ ਜਾਂਦਾ ਹੈ, 'ਹੁਣ ਅਸੀਂ ਪ੍ਰੋਗਰਾਮ ਨੂੰ ਵੈਡ ਅੱਪ ਕਰ ਰਹੇ ਹਾਂ।' ਪੂਰਾ ਦਿਨ ਹਿੰਦੀ ਤੇ ਪੰਜਾਬੀ ਦੇ ਗੀਤ ਚੱਲਦੇ ਰਹਿੰਦੇ ਹਨ, ਉਹ ਵੀ ਸਮਝ ਤੋਂ ਬਾਹਰ ਹੀ ਹੁੰਦੇ ਹਨ।

ਪ੍ਰੋਗਰਾਮ 'ਦੇਸ਼ ਪੰਜਾਬ', ਜੋ ਨਾਮ ਤੋਂ ਹੀ ਪਤਾ ਲੱਗਦਾ ਹੈ ਕਿ ਪੰਜਾਬੀ ਭਾਸ਼ਾ ਤੇ ਵਿਰਸੇ ਦੀ ਗੱਲ ਇਸ ਪ੍ਰੋਗਰਾਮ ਵਿਚ ਹੁੰਦੀ ਹੋਵੇਗੀ। ਕਿਉਂਕਿ ਇਹ ਵਿਦੇਸ਼ੀ ਸਰਵਿਸ ਹੈ, ਵਿਦੇਸ਼ੀ ਸਰੋਤਿਆਂ ਦਾ ਮਨੋਰੰਜਨ, ਤੇ ਸਾਡੀ ਮਾਂ ਬੋਲੀ ਦਾ ਮਾਣ ਸਨਮਾਨ ਕੀ ਹੈ? ਵਿਦੇਸ਼ੀ ਸਰੋਤਿਆਂ ਨੂੰ ਦੱਸਿਆ ਜਾਂਦਾ ਹੈ। ਦੋ ਕੁ ਦਹਾਕਿਆਂ ਤੋਂ ਦੇਸ਼ ਪੰਜਾਬ ਸਿਰਫ ਨਾਮ ਹੀ ਰਹਿ ਗਿਆ ਹੈ, ਇਸ ਵਿਚ ਸਿਰਫ ਖਬਰਾਂ ਤੇ ਗੀਤ ਪੇਸ਼ ਕੀਤੇ ਜਾਂਦੇ ਹਨ। ਪੰਜਾਬੀ ਸਾਹਿਤ ਦੇ ਅਨੇਕਾਂ ਰੂਪ ਹਨ, ਜਿਸ ਦੇ ਪ੍ਰਚਾਰ ਤੇ ਪ੍ਰਸਾਰ ਲਈ ਮੁੱਖ ਚੈਨਲ ਦੇ ਪ੍ਰੋਗਰਾਮਾਂ ਨੂੰ ਮੁੜ ਪ੍ਰਸਾਰਨ ਦੇ ਰੂਪ ਵਿਚ ਪੇਸ਼ ਕੀਤਾ ਜਾ ਸਕਦਾ ਹੈ, ਪਰ ਅਜਿਹਾ ਬਿਲਕੁਲ ਨਹੀਂ। ਇੱਕ ਸੁਖਵਿੰਦਰ ਸੁੱਖੀ ਹੀ ਇਸ ਦਾ ਐਂਕਰ, ਨਿਰਮਾਤਾ ਤੇ ਕਮਾਂਡਰ ਹੈ। ਉਸ ਦੇ ਆਪਣੇ ਹੀ ਤਰੀਕੇ ਹਨ। 'ਚਿੱਠੀਆਂ ਦੇ ਜਵਾਬ' ਪ੍ਰੋਗਰਾਮ ਵਿਚ ਚਿੱਠੀ ਪੜ੍ਹਨ ਵੇਲੇ ਅਜੀਬ ਤਰ੍ਹਾਂ ਦੇ ਸਰੋਤਿਆਂ ਵੱਲੋਂ ਲਿਖੀਆਂ ਗੱਲਾਂ ਨੂੰ ਚੁਟਕਲਾ ਰੂਪੀ ਬਣਾ ਦਿੱਤਾ ਜਾਂਦਾ ਹੈ।

ਆਕਾਸ਼ਵਾਣੀ ਜਲੰਧਰ ਦੇ ਹੋਰ ਸਾਰੇ ਪ੍ਰੋਗਰਾਮਾਂ ਵਿਚ ਐਂਕਰ ਪ੍ਰੋਗਰਾਮ ਵਿਚ ਨਵਾਂ ਰੰਗ ਭਰਨ ਲਈ ਬਦਲ ਦਿੱਤੇ ਜਾਂਦੇ ਹਨ, ਪਰ ਇਸ ਲਈ ਇੱਕ ਹੀ ਕਰਤਾ ਧਰਤਾ ਬਹੁਤ ਸਾਲਾਂ ਤੋਂ ਪ੍ਰੋਗਰਾਮ ਪੇਸ਼ ਨਹੀਂ, ਘੜੀਸ ਰਿਹਾ ਹੈ। ਸਵੇਰ ਵੇਲੇ ਮੁੱਖ ਪ੍ਰੋਗਰਾਮ ਸਵੇਰੇ ਸਵੇਰੇ ਹੁੰਦਾ ਹੈ, ਜਿਸ ਵਿਚ ਕਿਸੇ ਖਾਸ ਵਿਸ਼ੇ 'ਤੇ ਗੱਲਬਾਤ ਹੁੰਦੀ ਹੈ ਅਤਟ ਗੀਤ ਸੰਗੀਤ ਤੇ ਅੱਜ ਦੀਆਂ ਖਬਰਾਂ ਦਾ ਵੇਰਵਾ ਦਿੱਤਾ ਜਾਂਦਾ ਹੈ। ਇਸ ਪ੍ਰੋਗਰਾਮ ਨੂੰ ਸਾਲ ਕੁ ਪਹਿਲਾਂ ਦੋ ਐਂਕਰ ਪੇਸ਼ ਕਰਦੇ ਸਨ ਅਤੇ ਪ੍ਰੋਗਰਾਮ ਦਾ ਵਧੀਆ ਨਿਭਾਅ ਹੋ ਜਾਂਦਾ ਸੀ। ਅੱਜ ਕੱਲ੍ਹ ਇੱਕ ਐਂਕਰ ਪ੍ਰੋਗਰਾਮ ਪੇਸ਼ ਕੀ ਕਰਦਾ ਹੈ, ਬੱਸ ਟਾਈਮ ਪੂਰਾ ਕਰਨ ਵਾਲੀ ਗੱਲ ਹੀ ਹੈ। ਸਰੋਤਿਆਂ ਦੀ ਪਸੰਦ ਦੇ ਗੀਤ ਪੇਸ਼ ਕਰਨ ਲਈ ਸਵੇਰੇ ਦਸ ਵਜੇ ਤੋਂ ਬਾਰਾਂ ਵਜੇ ਤੱਕ ਇੱਕ ਇੱਕ ਘੰਟੇ ਲਈ ਹਿੰਦੀ ਤੇ ਪੰਜਾਬੀ ਗੀਤ ਪੇਸ਼ ਕੀਤੇ ਜਾਂਦੇ ਹਨ, ਜਿਸ ਵਿਚ ਫਰਮਾਇਸ਼ ਫੋਨ ਕਾਲ ਤੇ ਐੱਸ. ਐੱਮ. ਐੱਸ. ਰਾਹੀਂ ਹੁੰਦੀ ਹੈ। ਖੇਤੀ ਕਰਨ ਵਾਲੇ ਕਿਸਾਨ, ਮਜ਼ਦੂਰ, ਨੌਕਰੀ ਵਾਲੇ ਤੇ ਵਿਦਿਆਰਥੀ ਵਰਗ ਸਵੇਰੇ ਹੀ ਆਪਣੇ ਕੰਮ ਕਾਰ ਲਈ ਨਿੱਕਲ ਜਾਂਦੇ ਹਨ, ਕੌਣ ਸੁਣਦਾ ਹੋਵੇਗਾ, ਇਨ੍ਹਾਂ ਪ੍ਰੋਗਰਾਮਾਂ ਨੂੰ? ਕਿਸ ਦੀ ਪਸੰਦ ਪੂਰੀ ਹੁੰਦੀ ਹੋਵੇਗੀ?

ਆਕਾਸ਼ਵਾਣੀ ਜਲੰਧਰ ਵਾਲਿਆਂ ਦੀ ਸੋਚ ਕੁਝ ਵੱਖਰੀ ਹੀ ਹੈ। ਤਿੰਨ ਵਜੇ ਚਿੱਠੀਆਂ ਰਾਹੀਂ ਪ੍ਰੋਗਰਾਮ ਪੇਸ਼ ਕੀਤਾ ਜਾਂਦਾ ਹੈ, ਡਾਕ ਘਰ ਵਿਚੋਂ ਪੋਸਟ ਕਾਰਡ ਤੇ ਲਿਫਾਫੇ ਮਿਲਦੇ ਨਹੀਂ, ਪਤਾ ਨਹੀਂ ਅਕਾਸ਼ਵਾਣੀ ਜਲੰਧਰ ਕੋਲ ਕਿੱਥੋਂ ਚਿੱਠੀਆਂ ਆ ਜਾਂਦੀਆਂ ਹਨ? ਹਰ ਰੋਜ਼ ਇੱਕੋ ਜਿਹੇ ਨਾਮ ਵਾਰ ਵਾਰ ਦੁਹਰਾਏ ਜਾਂਦੇ ਹਨ। ਆਕਾਸ਼ਵਾਣੀ ਤੇ ਬਠਿੰਡਾ ਵਾਲੇ ਈ-ਮੇਲ ਜਾਂ ਵੱਟਸਐਪ ਰਾਹੀਂ ਵੀ ਫਰਮਾਇਸ਼ਾਂ ਪ੍ਰਾਪਤ ਕਰਦੇ ਹਨ। ਇਹ ਦੋਨੋਂ ਚੈਨਲ ਹੁਣ ਆਨ ਲਾਈਨ ਹੋਣ ਕਰਕੇ ਪੂਰੀ ਦੁਨੀਆਂ ਵਿਚ ਸੁਣਾਈ ਦਿੰਦੇ ਹਨ ਤੇ ਇੱਥੋਂ ਦੇ ਅਧਿਕਾਰੀਆਂ ਦੀ ਸੋਚ ਤੇ ਕੜੀ ਮਿਹਨਤ ਸਦਕਾ ਆਕਾਸ਼ਵਾਣੀ ਜਲੰਧਰ ਨੂੰ ਉਹ ਦੋਨੋਂ ਚੈਨਲ ਮਾਤ ਪਾ ਰਹੇ ਹਨ।

ਆਕਾਸ਼ਵਾਣੀ ਦਾ ਇੱਕ ਖਾਸ ਆਧਾਰ ਹੁੰਦਾ ਹੈ, ਜਿੱਥੋਂ ਖਾਸ ਇਮਤਿਹਾਨ ਰਾਹੀਂ ਨਵੇਂ ਗਾਇਕ ਸਥਾਪਤ ਕੀਤੇ ਜਾਂਦੇ ਹਨ। ਹਰ ਸਾਲ ਨਵੇਂ ਗਾਇਕਾਂ ਲਈ ਇਸ ਆਧਾਰ 'ਤੇ ਇਮਤਿਹਾਨ ਹੁੰਦਾ ਹੈ, ਪਰ ਉਹ ਗਾਇਕ ਕਦੋਂ ਤੇ ਕਿੱਥੇ ਗਾਉਂਦੇ ਹਨ, ਕਦੇ ਸੁਣਾਈ ਨਹੀਂ ਦਿੱਤੇ। ਜਦੋਂ ਤਵਿਆਂ ਦਾ ਯੁੱਗ ਸੀ, ਆਕਾਸ਼ਵਾਣੀ ਜਲੰਧਰ ਤੋਂ ਪੰਜਾਬੀ ਰੰਗ ਰੂਪ ਨਾਲ ਰੰਗਤ ਹਰ ਮਹਾਨ ਗਾਇਕ ਦੇ ਗੀਤ ਪੇਸ਼ ਕੀਤੇ ਜਾਂਦੇ ਸਨ। ਜਦੋਂ ਦੀ ਨਵੀਂ ਤਕਨੀਕ ਕੰਪਿਊਟਰ ਵਿਚ ਗੀਤ ਭਰ ਦਿੱਤੇ ਗਏ ਤਾਂ ਮੁਹੰਮਦ ਸਦੀਕ, ਦੀਦਾਰ ਸੰਧੂ, ਚਾਂਦੀ ਰਾਮ ਸਮੇਤ ਹੋਰ ਅਨੇਕਾਂ ਗਾਇਕ ਜੋੜੀਆਂ ਦੇ ਅੱਧੇ ਕੁ ਗੀਤ ਹੀ ਇਨ੍ਹਾਂ ਕੋਲ ਮੌਜੂਦ ਹਨ। ਕਰਮਜੀਤ ਧੂਰੀ, ਗੁਰਦਿਆਲ ਨਿਰਮਾਣ, ਕਰਨੈਲ ਗਿੱਲ, ਸਵਰਨ ਲਤਾ, ਰਾਜਿੰਦਰ ਰਾਜਨ, ਰੀਪੂ ਦਮਨ ਸ਼ੈਲੀ ਦਾ ਕੋਈ ਵੀ ਰਿਕਾਰਡ ਇਨ੍ਹਾਂ ਦੇ ਖਜਾਨੇ ਵਿਚ ਨਹੀਂ। ਨਵੀਆਂ ਗਾਇਕ ਜੋੜੀਆਂ ਆਤਮਾ ਸਿੰਘ ਬੁੱਢੇਵਾਲੀਆ, ਬਿੱਟੂ ਖੰਨੇ ਵਾਲਾ, ਸੋਨੂੰ ਵਿਰਕ ਹੋਰ ਅਨੇਕਾਂ ਗਾਇਕ ਜੋੜੀਆਂ ਦੇ ਗੀਤ ਮਾਰਕੀਟ ਵਿਚ ਆ ਚੁੱਕੇ ਹਨ, ਜੋ ਕਿ ਮਾਂ ਬੋਲੀ ਪੰਜਾਬੀ ਦਾ ਮਾਣ ਵਧਾਉਣ ਵਾਲੇ ਹਨ, ਪਰ ਕਦੇ ਵੀ ਸੁਣਾਈ ਨਹੀਂ ਦਿੱਤੇ।

ਪੰਜਾਬੀ ਲੋਕ ਗਾਇਕੀ ਕਿੱਸਾ ਕਾਵਿ ਤੇ ਢਾਡੀ ਵਾਰਾਂ ਨਾਲ ਸ਼ੁਰੂ ਹੋਈ ਸੀ। ਦੀਦਾਰ ਸਿੰਘ ਰਟੈਂਡਾ, ਅਮਰ ਸਿੰਘ ਸ਼ੌਂਕੀ ਆਦਿ ਅਨੇਕਾਂ ਢਾਡੀਆਂ ਦੀ ਰਿਕਾਰਡਿੰਗ, ਜੋ ਐਚ. ਐਮ. ਵੀ. ਕੰਪਨੀ ਦੀ ਹੈ, ਜਿਸ ਨਾਲ ਪ੍ਰਸਾਰ ਭਾਰਤੀ ਦਾ ਸਮਝੌਤਾ ਹੈ, ਪਰ ਆਕਾਸ਼ਵਾਣੀ ਜਲੰਧਰ ਨੂੰ ਚੰਗੇ ਤੇ ਵਧੀਆ ਗੀਤ ਵਜਾਉਣ ਲਈ ਪਤਾ ਨਹੀਂ ਕਿਸ ਨਾਲ ਸਮਝੌਤਾ ਕਰਨਾ ਹੈ। ਹਰ ਰੇਡੀਓ ਕੇਂਦਰ ਦਾ ਆਧਾਰ ਸਰੋਤੇ ਹੁੰਦੇ ਹਨ, ਜਿਸ ਵਿਚ ਪਹਿਲਾਂ ਸਰੋਤਿਆਂ ਦੀਆਂ ਚਿੱਠੀਆਂ ਆਉਂਦੀਆਂ ਸਨ, ਉਨ੍ਹਾਂ ਦੇ ਜਵਾਬ ਦਿੱਤੇ ਜਾਂਦੇ ਸਨ। ਪ੍ਰੋਗਰਾਮਾਂ ਵਿਚ ਸਮਤੋਲ ਬਣਿਆ ਰਹਿੰਦਾ ਸੀ। ਹੁਣ ਇਹ ਪ੍ਰੋਗਰਾਮ ਬੰਦ ਕਰ ਕੇ ਸਰੋਤਿਆਂ ਦੇ ਮੂੰਹ 'ਤੇ

## ਚਲਦੇ-ਚਲਦੇ

ਵੀ ਪੱਟੀ ਲਾ ਦਿੱਤੀ ਹੈ। ਪਟਿਆਲਾ ਤੇ ਬਠਿੰਡਾ ਆਕਾਸ਼ਵਾਣੀ ਕੇਂਦਰ ਸਰੋਤਿਆਂ ਦੀ ਮੰਗ ਨੂੰ ਮੁੱਖ ਰੱਖਦਿਆਂ ਹਰ ਤਰ੍ਹਾਂ ਦੇ ਪ੍ਰੋਗਰਾਮ ਬਹੁਤ ਸੋਹਣੇ ਤਰੀਕੇ ਨਾਲ ਨਿਭਾਉਂਦੇ ਹਨ। ਸਰੋਤਿਆਂ ਨੂੰ ਆਪਣੀ ਪਸੰਦ ਦੱਸਣ ਲਈ ਖਾਸ ਪ੍ਰੋਗਰਾਮ ਕੇਂਦਰ ਮੁਖੀ ਵੱਲੋਂ ਪੇਸ਼ ਕੀਤੇ ਜਾਂਦੇ ਹਨ, ਜਿਸ ਵਿਚ ਸਰੋਤੇ ਆਪਣੀਆਂ ਮੰਗਾਂ ਤੇ ਪਸੰਦ ਚਿੱਠੀਆਂ, ਈ-ਮੇਲ ਤੇ ਫੋਨ ਕਾਲ ਰਾਹੀਂ ਭੇਜਦੇ ਹਨ। ਹਰ ਸਰੋਤੇ ਦੀ ਮੰਗ ਪੂਰੀ ਕੀਤੀ ਜਾਂਦੀ ਹੈ।

ਗੀਤਾਂ ਦੀ ਰਿਕਾਰਡਿੰਗ ਦੁਨੀਆਂ ਵਿਚ ਪੱਥਰ ਦੇ ਤਵਿਆਂ ਤੋਂ ਚਾਲੂ ਹੋਈ ਸੀ, ਦੋਹਾਂ ਕੇਂਦਰਾਂ ਕੋਲ ਪੱਥਰ ਦੇ ਤਵਿਆਂ ਤੋਂ ਲੈ ਕੇ ਹੁਣ ਤਕ ਨਵੀਂ ਤਕਨੀਕ ਨਾਲ ਜਿੰਨੇ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਹਾਮੀ ਭਰਦੇ ਗੀਤ ਹਨ, ਸਭ ਮੌਜੂਦ ਹਨ ਤੇ ਪੇਸ਼ ਕੀਤੇ ਜਾਂਦੇ ਹਨ। ਪ੍ਰੋਗਰਾਮਾਂ ਸਬੰਧੀ ਮੈਂ ਗੱਲਬਾਤ ਕਰਨ ਲਈ ਪ੍ਰੋਗਰਾਮ ਮੁਖੀ ਸ੍ਰੀਮਤੀ ਸੰਤੋਸ਼ ਰਿਸ਼ੀ ਨੂੰ ਕੇਂਦਰ ਵਿਚ ਜਾ ਕੇ ਮਿਲਿਆ ਤਾਂ ਉਨ੍ਹਾਂ ਨੇ ਪ੍ਰੋਗਰਾਮਾਂ ਸਬੰਧੀ ਹਰ ਗੱਲ ਵਿਚ 'ਹਾਂ, ਹੂੰ' ਕਰਕੇ ਟਾਲ ਦਿੱਤਾ।

ਕੁਝ ਖਾਸ ਤੇ ਜ਼ਰੂਰੀ ਗੱਲਾਂ: ਅਜੋਕੀ ਤਕਨੀਕ ਐਫ. ਐਮ. ਰਾਹੀਂ ਜੋ ਪ੍ਰਸਾਰਨ ਹੁੰਦਾ ਹੈ, ਉਹ ਸਟੀਰੀਓ ਫੋਨਿਕ ਸਿਸਟਮ ਰਾਹੀਂ ਹੁੰਦਾ ਹੈ। ਇਹ ਪ੍ਰਸਾਰਨ ਦੋ ਸਪੀਕਰਾਂ ਜਾਂ ਏਅਰ ਫੋਨ ਰਾਹੀਂ ਜੇ ਸੁਣਿਆ ਜਾਵੇ, ਤਾਂ ਬਹੁਤ ਅਨੰਦ ਭਰਪੂਰ ਹੁੰਦਾ ਹੈ, ਪਰ ਹੁਣ ਆਕਾਸ਼ਵਾਣੀ ਜਲੰਧਰ ਨੇ ਇਹ ਸਿਸਟਮ ਆਪਣੀ ਮਰਜ਼ੀ ਨਾਲ ਬੰਦ ਕਰ ਦਿੱਤਾ ਹੈ। ਪ੍ਰੋਗਰਾਮਾਂ ਦੌਰਾਨ ਐਂਕਰ ਇਕ ਖਾਸ ਤਕਨੀਕ ਰਾਹੀਂ ਪ੍ਰੋਗਰਾਮ ਪੇਸ਼ ਕਰਨ ਦੀ ਗੱਲ ਕਰਦੇ ਹਨ, ਜਿਸ ਨੂੰ ਡੀ. ਆਰ. ਐੱਮ. ਕਹਿੰਦੇ ਹਨ। ਇਸ ਚੈਨਲ 'ਤੇ ਬਹੁਤ ਸਾਫ ਪ੍ਰੋਗਰਾਮ ਸੁਣਾਈ ਦੇਣਗੇ, ਉਹ ਕੀ ਰੇਂਜ ਹੈ, ਕੋਈ ਨਵੀਂ ਤਰ੍ਹਾਂ ਦਾ ਰੇਡੀਓ ਸੈੱਟ ਹੈ? ਇਸ ਬਾਰੇ ਕੇਂਦਰ ਵਾਲਿਆਂ ਨੂੰ ਵੀ ਕੋਈ ਜਾਣਕਾਰੀ ਨਹੀਂ। ਆਕਾਸ਼ਵਾਣੀ ਜਲੰਧਰ ਖੇਤਰੀ ਚੈਨਲ ਦੇ ਤੌਰ 'ਤੇ ਸਥਾਪਤ ਕੀਤਾ ਗਿਆ ਸੀ, ਜਿਸ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਹਰ ਰੂਪ ਵਿਚ ਰੱਜ ਕੇ ਸੇਵਾ ਕੀਤੀ, ਪਰ ਇਸ ਦਾ ਮੁੱਖ ਮਨੋਰਥ ਲੋਕ ਪ੍ਰਸਾਰਨ ਸੇਵਾ ਹੈ। ਇਹ ਉਸ ਲਾਇਨ ਤੋਂ ਹੌਲੀ ਹੌਲੀ ਉਤਰਦਾ ਜਾ ਰਿਹਾ ਹੈ। ਉਹ ਦਿਨ ਦੂਰ ਨਹੀਂ, ਜਦੋਂ ਇਸ ਨੂੰ ਬੰਦ ਕਰ ਦਿੱਤਾ ਜਾਵੇਗਾ ਤੇ ਅਸੀਂ ਸਾਡੀ ਮਾਂ ਬੋਲੀ ਪੰਜਾਬੀ ਦੇ ਪ੍ਰਸਾਰ ਤੇ ਪ੍ਰਚਾਰ ਤੋਂ ਵਾਂਝੇ ਹੋ ਜਾਵਾਂਗੇ। ਪੰਜਾਬ ਕਲਾ ਪ੍ਰੀਸ਼ਦ, ਸਾਹਿਤ ਸਭਾਵਾਂ ਤੇ ਪੰਜਾਬ ਦੇ ਸੱਭਿਆਚਾਰਕ ਮੰਤਰੀ ਦਾ ਫਰਜ਼ ਬਣਦਾ ਹੈ ਕਿ ਬਿਜਲਈ ਮਾਧਿਅਮ ਰਾਹੀਂ ਜੋ ਆਪਣੀ ਪੰਜਾਬੀ ਮਾਂ ਬੋਲੀ ਦੀ ਸੇਵਾ ਹੈ, ਇਸ ਨੂੰ ਪੂਰਨ ਰੂਪ ਵਿਚ ਬਹਾਲ ਕਰਵਾਇਆ ਜਾਵੇ।

# ਪ੍ਰੋ. ਕਰਮ ਸਿੰਘ ਦੀਆਂ 'ਮੱਲਾਂ ਦੀਆਂ ਗੱਲਾਂ'

*(ਪਿਛਲੇ ਸਫੇ ਦੀ ਬਾਕੀ)*

ਪਹਿਲਵਾਨ ਸ਼ਾਨਾਂ ਰੌਣਕ ਧਾਮਾਂ ਦੀ ਜੇ।
ਜ਼ੋਰ ਰੱਖਵੇਂ ਖੁੱਲ੍ਹੀ ਖੁਰਾਕ ਮੱਲਾਂ,
ਢੇਰ ਦੁੱਧਾਂ ਤੇ ਘਿਓਆਂ, ਬਦਾਮਾਂ ਦੀ ਜੇ।
ਹੋਣ ਉਂਗਲਾਂ, ਪੂਰਨ ਤੇ ਜਾਣ ਚੰਨਣ,
ਵੇਖੇ ਜਾਂਦੇ ਮੈਂ ਮੰਡੀ ਸੁਨਾਮਾਂ ਦੀ ਜੇ।
ਪਹਿਲਵਾਨ ਸਾਂਭੇ ਪਾਲੇ ਜੱਗ ਜਾਣੇ,
ਖੱਦੀਪੁਰ ਦਰਬੰਗਾ ਨਗਰ ਜਾਮਾਂ ਦੀ ਜੇ।
ਹਰਨ ਵਿਚ ਡਾਰਾਂ ਕਰਮ ਮੱਲ ਤੁਰਦੇ,
ਦਾਓਗੀਰਾਂ ਦੀ ਮੱਲੀ ਵਰਿਆਮਾਂ ਦੀ ਜੇ।

---

ਕਿਰਪਾ ਸਾਗਰ ਦੀ 'ਕ੍ਰਿਤ ਲਕਸ਼ਮੀ ਦੇਵੀ' ਵਿਚੋਂ:

ਕੁੱਕੜ ਖੋਹੀ ਕਰਦਿਆਂ
ਹੋ ਗਿਆ ਵੇਲਾ ਢੇਰ,
ਮੌਕਾ ਤਾੜ ਪੰਜਾਬ ਸਿੰਘ
ਬਣ ਗਿਆ ਤੁਰਤ ਦਲੇਰ।
ਕੀਤਾ ਪਰਨੇ ਪਿੱਠ ਦੇ, ਦੇਹ ਗੋਡੇ ਦਾ ਭਾਰ,
ਆਖੇ ਹੁਣ ਤੂੰ ਮੰਨ ਲੈ ਜੈਮਲ ਮੱਲਾ ਹਾਰ।
ਗੋਡਾ ਉਸ ਦੀ ਹਿੱਕ 'ਤੇ
ਦਿੱਤਾ ਜੈਮਲ ਸ਼ੇਰ,
ਲੱਗਾ ਤੁਰਤ ਸੰਭਾਲਣੇ ਮੱਥੇ 'ਤੇ ਹੱਥ ਫੇਰ।
ਖੰਭ ਕਚੀਚੀ ਵੱਟ ਕੇ
ਲਾ ਨਹੁੰਆਂ ਤੱਕ ਜ਼ੋਰ,
ਗੋਡੇ ਹੇਠੋਂ ਨਿਕਲਿਆ ਪਿਆ ਅਖਾੜੇ ਸ਼ੋਰ।
ਠਿੱਬੀ ਲਾ ਕੇ ਡੇਗਿਆ ਵਿਚ ਅਖਾੜੇ ਫੇਰ,
ਲੱਗੀ ਕੰਡ ਜਵਾਨ ਦੀ ਢਾਹਿਆ ਬੁੱਢੇ ਸ਼ੇਰ।

---

ਰੇਵਤੀ ਪ੍ਰਸਾਦ ਦਾ ਪਹਿਲਵਾਨੀ ਛੰਦ:

ਭਾਗਾਂ ਵਾਲੀ ਧਰਤੀ
ਪੈਦਾ ਕਰਦੀ ਮੱਲਾਂ ਨੂੰ,
ਬੜੇ ਸ਼ੌਕ ਨਾਲ ਸੁਣਦੇ
ਲੋਕ ਮੱਲਾਂ ਦੀਆਂ ਗੱਲਾਂ ਨੂੰ।
ਦੂਰੋਂ ਦੂਰੋਂ ਲੋਕੀਂ
ਘੋਲਾਂ ਵੇਖਣ ਆਉਂਦੇ ਐ,
ਪਹਿਲਵਾਨ ਬਲਵਾਨ
ਜ਼ੋਰ ਦੇ ਜੌਹਰ ਦਿਖਾਉਂਦੇ ਐ।
ਜਤੀ ਸਤੀ ਸੰਤੋਖੀ ਰੱਖਦੇ
ਲਾਜ ਲੰਗੋਟੇ ਦੀ,
ਮੁੱਕੀ ਮਾਰ ਕੇ ਬੂਥ ਲੁਆਉਂਦੇ
ਭੂਸਰੇ ਹੋਏ ਝੋਟੇ ਦੀ।
ਸੁੰਡੋਂ ਫੜ ਕੇ ਹਾਥੀ
ਅਸਮਾਨ ਚਲਾਉਂਦੇ ਐ,
ਪਹਿਲਵਾਨ ਬਲਵਾਨ
ਜ਼ੋਰ ਦੇ ਜੌਹਰ ਦਿਖਾਉਂਦੇ ਐ।

---

ਮਿਲਖੀ ਰਾਮ ਦੇ ਕਿੱਸੇ ਵਿਚ ਕਿੱਕਰ ਸਿੰਘ ਤੇ ਕੱਲੂ ਦਾ ਘੋਲ:

ਲੜਨਾ ਪਵੇਗਾ ਅਭੀ ਜ਼ਰੂਰ ਤੈਨੂੰ,
ਹਰਗਿਜ਼ ਨਾ ਕਰੋ ਇਨਕਾਰ ਵਾਹਵਾ!
ਤੁਮ ਹਾਰ ਗਏ ਉਸ ਕੋ ਦਿਆਂ ਮਾਲੀ,
ਅੱਛਾ ਆਪ ਕੋ ਜੋ ਦਰਕਾਰ ਵਾਹਵਾ!
ਦਿੱਤੀ ਕੱਲੂ ਨੂੰ ਆਪ ਹਜ਼ੂਰ ਥਾਪੀ,
ਕੱਲੂ ਜਿੱਤਿਆ ਪਈ ਪੁਕਾਰ ਵਾਹਵਾ!
ਕਿੱਕਰ ਸਿੰਘ ਸੀ ਓਸ ਤੋਂ ਬਹੁਤ ਤਕੜਾ,
ਏਹ ਜਾਣਦਾ ਸਾਰਾ ਜਹਾਨ ਵਾਹਵਾ!

---

ਕਰਤਾਰ ਸਿੰਘ ਕਲਾਸਵਾਲੀਏ ਦਾ ਕਲਾਮ:

ਜਾ ਕੇ ਸ਼ਾਹ ਬਲਾਵਲ ਦੇ ਮਕਬਰੇ 'ਤੇ
ਬਾਰਾਂ ਦਰੀ ਦੇ ਤਾਈਂ ਸਜਾਇਆ ਏ।
ਵਿਚ ਬਾਰੀ ਦੇ ਬੈਠ ਕੇ ਸ਼ੇਰ ਸਿੰਘ ਨੇ
ਘੁਲਣ ਪਹਿਲਵਾਨਾਂ ਤਾਈਂ ਡਾਹਿਆ ਏ।
ਅੰਮ੍ਰਿਤਸਰੀ 'ਸਦੀਕ', 'ਭੁਚਾਲ' ਦੂਜਾ,
ਕੁਸ਼ਤੀ ਇਨ੍ਹਾਂ ਦੀ 'ਤੇ ਚਿੱਤ ਲਾਇਆ ਏ।

---

ਮਿਹਰ ਦੀਨ ਰੁਸਤਮ ਪਹਿਲਵਾਨ ਹੋਣ ਦੇ ਨਾਲ ਕਵੀ ਵੀ ਸੀ:

ਕਿਥੋਂ ਭਾਲੀਏ ਕੱਲੂ ਗੁਲਾਮ ਗਾਮਾ,
ਛੱਡ ਗਏ ਜਹਾਨ ਨਿਸ਼ਾਨੀਆਂ ਨੇ।
ਜ਼ਰਾ ਗੌਰ ਕਰਨਾ ਸਿਆਣੇ ਆਖਦੇ ਨੇ,
ਬਹੁਤ ਔਖੀਆਂ ਇਹ ਭਲਵਾਨੀਆਂ ਨੇ।
ਧੜਕਣ ਲੋਕਾਂ ਦੇ ਦਿਲਾਂ ਦੀ ਬਣ ਜਾਂਦਾ
ਅਤੇ ਮਾਪਿਆਂ ਦੇ ਦਿਲਾਂ ਦੀ ਸ਼ਾਨ ਬਣਦਾ।
ਮਿਹਰ ਦੀਨਾਂ ਜੇ ਰੱਬ ਦੀ ਮਿਹਰ ਹੋ ਜੇ,
ਫੇਰ ਆਣ ਕੇ ਬੰਦਾ ਭਲਵਾਨ ਬਣਦਾ।

ਮੱਲਾਂ ਦੀਆਂ ਗੱਲਾਂ ਦਾ ਅੰਤ ਨਹੀਂ। ਇਹ ਗੱਲਾਂ ਕਰਮ ਸਿੰਘ ਨੇ ਕਵਿਤਾ ਵਿਚ ਵੀ ਕੀਤੀਆਂ ਤੇ ਵਾਰਤਕ ਵਿਚ ਵੀ। ਉਹ ਭਲਵਾਨੀ ਦਾ ਸੱਚਾ ਆਸ਼ਕ ਸੀ। 'ਮੱਲਾਂ ਦੀਆਂ ਗੱਲਾਂ' ਪੁਸਤਕ ਦਾ ਤਤਕਰਾ ਹੈ: ਪਹਿਲਵਾਨੀ ਬਾਰੇ ਸ਼ਾਹਕਾਰ ਰਚਨਾ, ਇਕ ਵਿਲੱਖਣ ਕਿਰਤ, ਮੱਲਾਂ ਦੀਆਂ ਅਦਭੁੱਤ ਗੱਲਾਂ, ਮੇਰੇ ਪਹਿਲਵਾਨੀ ਦੇ ਸ਼ੌਕ, ਪੁਸ਼ਤ ਪਨਾਹੀ ਮੱਲਾਂ ਦੀ, ਪਹਿਲਵਾਨੀ, ਮਿਥਿਹਾਸ ਵਿਚ ਪਹਿਲਵਾਨੀ, ਸਾਹਿਤ ਵਿਚ ਪਹਿਲਵਾਨੀ, ਮੱਲਾਂ ਦੀਆਂ ਇੱਜ਼ਤਾਂ, ਹਾਸ਼ਮ ਫਤਿਹ ਨਸੀਬ ਤਿਨ੍ਹਾਂ ਨੂੰ, ਪਹਿਲਵਾਨਾਂ ਦੀਆਂ ਖੁਰਾਕਾਂ, ਪਹਿਲਵਾਨੀ ਦੇ ਦਾਓ, ਦੰਗਲ, ਛਿੰਝਾਂ, ਮਾਲਵੇ ਦੀ ਮੱਲੀ, ਮਾਝੇ ਤੇ ਦੁਆਬੇ ਦੀ ਮੱਲੀ, ਹਰਿਆਣੇ ਦੇ ਪਹਿਲਵਾਨ ਤੇ ਅਜੋਕੀ ਪਹਿਲਵਾਨੀ। ਇਹ ਪੁਸਤਕ ਲਿਖੀ ਤਾਂ ਕਾਫੀ ਪਹਿਲਾਂ ਸੀ, ਪਰ ਛਪੀ ਲੇਖਕ ਦੇ ਮਰਨ ਉਪਰੰਤ ਜੋ ਉਸ ਦੇ ਪਹਿਲਵਾਨ ਪੁੱਤਰ ਫਤਹਿ ਸਿੰਘ ਚੌਹਾਨ ਨੇ 2007 ਵਿਚ ਛਪਵਾਈ। ਉਸ ਵਿਚ ਸੈਂਕੜੇ ਪਹਿਲਵਾਨਾਂ ਦਾ ਜ਼ਿਕਰ ਹੈ, ਜਿਨ੍ਹਾਂ ਦੀਆਂ ਖਾਧ ਖੁਰਾਕਾਂ ਤੇ ਕਸਰਤਾਂ ਹੈਰਾਨ ਕਰ ਦੇਣ ਵਾਲੀਆਂ ਹਨ!

ਉਸਤਾਦ ਨੂਰ-ਉ-ਦੀਨ ਦੀ ਖੁਰਾਕ ਅਸਾਧਾਰਨ ਸੀ। ਉਹ ਨਿੱਤ ਸੱਤ ਸੇਰ ਦੁੱਧ ਦੀ ਰਬੜੀ, ਅੱਧ ਸੇਰ ਬਦਾਮ ਸਵੇਰੇ ਤੇ ਅੱਧ ਸੇਰ ਸ਼ਾਮ ਨੂੰ ਖਾਂਦਾ ਸੀ। ਇਹਦੇ ਨਾਲ ਉਹ ਇਕ ਮਣ ਮਾਸ ਦੀ ਯਖਣੀ (ਸੂਪ) ਪੀਂਦਾ ਸੀ। ਏਨੀ ਖੁਰਾਕ ਹਜ਼ਮ ਕਰਨ ਲਈ ਉਹ ਤੜਕੇ ਤਿੰਨ ਵਜੇ ਤੋਂ ਘੰਟਿਆਂ ਬੱਧੀ ਕਸਰਤਾਂ ਕਰਦਾ ਅਤੇ ਅੱਸੀ ਪੱਠਿਆਂ ਨੂੰ ਜ਼ੋਰ ਕਰਾਉਂਦਾ ਸੀ। ਉਹ ਕਾਫੀ ਲੰਮੀ ਉਮਰ ਜੀਵਿਆ, ਜਿਸ ਵਿਚ ਉਸ ਨੇ 361 ਦਾਅ ਪ੍ਰਚਲਿਤ ਕੀਤੇ, ਜਿਨ੍ਹਾਂ 'ਚੋਂ ਕਈ ਅੱਜ ਵੀ ਵਰਤੋਂ ਲਿਆਂਦੇ ਜਾਂਦੇ ਹਨ। ਪਹਿਲਵਾਨ ਕਿੱਕਰ ਸਿੰਘ ਬਾਰੇ ਕਿਹਾ ਜਾਂਦੈ ਕਿ ਉਹ ਸਾਬਤਾ ਬੱਕਰਾ ਖਾ ਜਾਂਦਾ ਸੀ ਅਤੇ ਗਲ ਵਿਚ ਖਰਾਸ ਦਾ ਪੁੜ ਪਾ ਕੇ ਤਿੰਨ ਮੀਲ ਦੌੜਦਾ ਸੀ। ਖੂਹ ਜੁੜ ਕੇ ਘੁਮਾਂ ਘੁਮਾਂ ਪੈਲੀ ਸਿੰਜ ਦਿੰਦਾ ਸੀ!

ਪ੍ਰੋ. ਕਰਮ ਸਿੰਘ ਦੇ ਗਿਣਾਏ ਕੁਸ਼ਤੀ ਦੇ ਦਾਅ ਪੇਚਾਂ ਦਾ ਵੀ ਕੋਈ ਅੰਤ ਸ਼ੁਮਾਰ ਨਹੀਂ। ਧੋਬੀ ਪਟੜਾ, ਮੋੜਾ, ਕਲਾ ਜੰਘ, ਪੁੱਠਾ ਕਲਾ ਜੰਘ, ਲੱਤ ਸਾਹਮਣਿਓਂ, ਸਾਲਤੂ, ਬਗਲ ਡੁੱਬਣਾ, ਮੁੰਨਾ ਫੇਰਨਾ, ਕੁੜੰਗਾ, ਖੁੱਚ ਕੱਢਣਾ, ਗਿੱਟੇ ਲੱਗਣਾ, ਜੂੜ ਮਾਰਨਾ, ਕੁੱਲਾ, ਚੌਮੁਖੀਆ, ਸਖੀ ਦੀ ਲੱਤ, ਬਾਗੜੀ, ਰਾਮ ਬਾਣ, ਪੌੜੀ, ਮੱਛੀ ਗੋਤਾ, ਰੇੜ੍ਹ, ਚਰਖਾ, ਜਨੇਊ, ਕਰਾਸ, ਰੋਮ, ਬਾਜ਼ੀ, ਨੈਲਸਨ, ਰੇਲਾ ਕਰਨਾ, ਢਾਕ ਚਾੜ੍ਹਨਾ, ਪੱਟੀਂ ਪੈਣਾ, ਮੁਲਤਾਨੀ ਮਾਰਨੀ, ਅੰਦਰ ਟੰਗੀ, ਬਾਹਰ ਟੰਗੀ, ਕਿੱਲੀ, ਸੂਤਨੇ ਹੱਥ ਪਾਉਣਾ, ਅੰਦਰਲੀ ਤੇ ਬਾਹਰਲੀ ਮਾਰਨੀ, ਸੁੱਟ ਕਰਨੀ, ਠਿੱਬੀ ਲਾਉਣੀ, ਕਰਚੀ ਮਾਰਨੀ, ਸਫਾਲ ਸੁੱਟਣਾ, ਬਾਹਾਂ ਬੰਨ੍ਹਣੀਆਂ, ਭੰਨ ਕੇ ਢਾਹੁਣਾ, ਝੋਲੀ ਕਰਨੀ, ਗਫੂਆ ਮਾਰਨਾ, ਨਕਾਲੋਂ ਪੁੱਟਣਾ, ਘੋੜੀ ਪਾਉਣੀ, ਗੋਡਾ ਟੇਕਣਾ, ਬੁੜ੍ਹਕਾ ਕੱਢਣਾ, ਕੁੰਡਾ, ਇੱਕ ਟੰਗੀ, ਸਵਾਰੀ, ਪੁੱਠੀ, ਪੁੱਠਾ, ਬਗਲ ਭਰਨੀ, ਸਾਵੀਂ, ਦਸਤੀ ਤੇ ਤੇਗਾ। ਦਾਅ ਤਾਂ ਹੋਰ ਵੀ ਬਥੇਰੇ ਗਿਣਾਏ ਹਨ ਜੋ ਕਦੇ ਫੇਰ ਸਹੀ। ਪ੍ਰੋ. ਕਰਮ ਸਿੰਘ ਕਹਿਣੀ ਦਾ ਹੀ ਨਹੀਂ, ਕਰਨੀ ਦਾ ਵੀ ਧਨੀ ਸੀ।

## ਜੰਗ-ਏ-ਆਜ਼ਾਦੀ ਹਿੰਦੋਸਤਾਨ

# ਦਸੰਬਰ ਮਹੀਨੇ ਦੇ ਸੰਗਰਾਮੀ ਤੇ ਸ਼ਹੀਦ ਯੋਧੇ

*ਗਰ ਬਾਜ਼ੀ ਇਸ਼ਕ ਕੀ ਬਾਜ਼ੀ ਹੈ, ਜੋ ਚਾਹੋ ਲਗਾ ਦੋ ਡਰ ਕੈਸਾ,*
*ਗਰ ਜੀਤ ਗਏ ਤੋ ਕਿਆ ਕਹਿਨਾ, ਹਾਰੇ ਭੀ ਤੋ ਬਾਜ਼ੀ ਮਾਤ ਨਹੀਂ।*
*(ਫੈਜ਼ ਅਹਿਮਦ ਫੈਜ਼)*

*ਜਦ 'ਅਣਖ ਅਤੇ ਵੰਗਾਰ' ਦੀ ਗੱਲ ਕਰਦੇ ਹਾਂ ਤਾਂ ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਦਾ ਜ਼ਿਕਰ ਕੀਤਾ ਜਾਂਦਾ ਹੈ। ਇਸ ਵਿਚ ਸਾਰੇ ਦੇਸ਼ ਦੇ ਬਹੁਕੌਮੀ ਅਣਖੀ ਯੋਧਿਆਂ ਨੇ ਆਪਣਾ ਯੋਗਦਾਨ ਪਾਇਆ। ਇਨ੍ਹਾਂ ਯੋਧਿਆਂ ਬਾਰੇ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਇਹ ਮਾਨਵ ਦੀ ਆਜ਼ਾਦ-ਖਿਆਲੀ ਪ੍ਰਤਿਭਾ ਨੂੰ ਦਾਬੇ ਤੋਂ ਰਹਿਤ ਰੱਖਣ ਵਾਲੇ ਸੂਰਮੇ ਸਨ। ਇਹ ਸੂਰਮੇ, ਸੈਂਕੜਿਆਂ ਦੀ ਗਿਣਤੀ ਵਿਚ ਫਾਂਸੀਆਂ 'ਤੇ ਚੜ੍ਹੇ, ਹਜ਼ਾਰਾਂ ਦੀ ਤਾਦਾਦ ਵਿਚ ਜੇਲ੍ਹਾਂ ਵਿਚ ਤਾੜੇ ਗਏ, ਜਾਇਦਾਦਾਂ ਦੀਆਂ ਕੁਰਕੀਆਂ ਅਤੇ ਬੇਗਿਣਤ ਘਰੋਂ ਬੇਘਰ ਕਰਕੇ ਜਲਾਵਤਨ ਕਰ ਦਿੱਤੇ। ਇਹ ਸੂਰਮਗਤੀ ਬਾਰੇ ਇਤਿਹਾਸ ਦੇ ਪੰਨ੍ਹੇ ਭਰੇ ਪਏ ਹਨ, ਜਿਨ੍ਹਾਂ ਨੂੰ ਪੜ੍ਹਦਿਆਂ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ ਅਤੇ ਆਜ਼ਾਦੀ ਦੇ ਅਕੀਦੇ-ਇਸ਼ਕ ਮੋਹਰੇ ਆਪਣੇ ਆਪ ਸਿਰ ਝੁਕ ਜਾਂਦਾ ਹੈ। ਅੰਗਰੇਜ਼ ਸਾਮਰਾਜ ਨੇ ਛੋਟੀ ਉਮਰ ਦੇ ਆਜ਼ਾਦੀ ਪਸੰਦ ਮਰਜੀਵੜਿਆਂ ਨੂੰ ਫੜ ਕੇ ਦਿਨਾਂ 'ਚ ਹੀ ਫਾਂਸੀਆਂ ਦਿੱਤੀਆਂ। ਡਰ ਅਤੇ ਦਹਿਸ਼ਤ ਦਾ ਇਰਾਦਾ ਸਫਲ ਨਹੀਂ ਹੋ ਸਕਿਆ, ਅੰਤ ਨੂੰ ਹਿੰਦੋਸਤਾਨ ਨੂੰ ਛੱਡ ਕੇ ਜਾਣਾ ਪਿਆ।*

*ਗੁਰੂਆਂ, ਪੀਰਾਂ ਅਤੇ ਯੋਧਿਆਂ ਦੀ ਧਰਤੀ ਨੂੰ ਸਦੀਆਂ ਹੀ ਬਾਹਰਲੀਆਂ ਹਕੂਮਤਾਂ ਨੇ ਲੁੱਟਿਆ ਅਤੇ ਬੇਪੱਤ ਕੀਤਾ। ਉਨ੍ਹਾਂ ਵਿਚੋਂ ਬਹੁਤਿਆਂ ਦੀਆਂ ਕਬਰਾਂ ਉੱਤੇ ਅੱਜ ਦੀਵੇ ਵੀ ਨਹੀਂ ਜਗਦੇ।*

*"ਕੋਈ ਵੀ ਕੌਮ ਆਜ਼ਾਦ ਨਹੀਂ ਹੋ ਸਕਦੀ, ਜੇ ਇਹ ਦੂਜੀਆਂ ਕੌਮਾਂ ਨੂੰ ਦਬਾਉਣਾ ਚਾਹੁੰਦੀ ਹੈ।"*

*"ਜਿਹੜੀ ਕੌਮ ਦੂਜੀ ਕੌਮ ਨੂੰ ਦਬਾਉਂਦੀ ਹੈ, ਉਹ ਆਪਣੀਆਂ ਜੰਜ਼ੀਰਾਂ ਆਪ ਘੜਦੀ ਹੈ।"*

*ਹਿੰਦੋਸਤਾਨ ਦੀ ਗੁਲਾਮੀ ਦੇ ਸਦੀਆਂ ਪੁਰਾਣੇ ਇਤਿਹਾਸ ਨੂੰ ਫਰੋਲਦੇ ਸਮੇਂ ਪਤਾ ਚੱਲਦਾ ਹੈ ਕਿ ਸਮੇਂ ਸਮੇਂ ਪੈਦਾ ਹੋਏ ਅਣਖੀ ਯੋਧਿਆਂ ਨੇ ਮੂੰਹ ਤੋੜਵੇਂ ਜਵਾਬ ਦਿੱਤੇ, ਲੜੇ ਅਤੇ ਅਮਰ ਸ਼ਹੀਦੀਆਂ ਪਾ ਕੇ ਦੇਸ਼ ਦਾ ਨਾਮ ਉੱਚਾ ਕੀਤਾ।*

*ਦਸੰਬਰ ਮਹੀਨੇ ਦੇ ਸ਼ਹੀਦਾਂ ਅਤੇ ਸੰਗਰਾਮੀਆਂ ਦੀ ਯਾਦ ਵਿਚ ਜਾਣਕਾਰੀ ਦਿੰਦਿਆਂ ਸ਼ਰਧਾਂਜਲੀ ਪੇਸ਼ ਕਰਦੇ ਹਾਂ:*

3 ਦਸੰਬਰ 1915 ਨੂੰ ਬਿਸ਼ਨ ਸਿੰਘ ਗਾਖਲ ਨੂੰ ਮੋਮਬਾਸਾ, ਕੀਨੀਆਂ ਦੀ ਮਾਕਾਡਾਰਾ ਮੰਡੀ ਵਿਚ ਸ਼ਰੇਆਮ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਉਹ ਗਦਰ ਪਾਰਟੀ ਆਗੂ ਅੰਗਰੇਜ਼ ਰਾਜ ਵਿਰੁੱਧ ਆਜ਼ਾਦੀ ਘੁਲਾਟੀਏ ਸਨ।

3 ਦਸੰਬਰ 1956 ਨੂੰ ਸਮੁੰਦ ਸਿੰਘ ਪੁੱਤਰ ਲਾਲ ਸਿੰਘ ਪਿੰਡ ਤੇ ਡਾਕਖਾਨਾ ਮੋਰਾਂਵਾਲੀ, ਤਹਿਸੀਲ ਗੜ੍ਹਸ਼ੰਕਰ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਅਤੇ ਗੁਰੂ ਕੇ ਬਾਗ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ। 21 ਮਹੀਨੇ ਲਾਹੌਰ ਅਤੇ ਨਾਭਾ ਬੀੜ ਜੇਲ੍ਹਾਂ ਦੀ ਯਾਤਰਾ ਕੀਤੀ।

4 ਦਸੰਬਰ 1924 ਨੂੰ ਬੰਤਾ ਸਿੰਘ ਪੁੱਤਰ ਕਾਲਾ ਸਿੰਘ, ਜਿਲਾ ਕਪੂਰਥਲਾ ਨਾਭਾ ਬੀੜ ਜੇਲ੍ਹ ਵਿਚ ਸਦੀਵੀ ਵਿਛੋੜਾ ਦੇ ਗਏ। ਉਹ ਜੈਤੋਂ ਦੇ ਮੋਰਚੇ#7 'ਚ ਸ਼ਾਮਲ ਹੋਏ।

4 ਦਸੰਬਰ 1924 ਨੂੰ ਬਤਨ ਸਿੰਘ ਪੁੱਤਰ ਫਕੀਰਾ ਸਿੰਘ ਅਤੇ ਮਾਤਾ ਹਰੋ, ਪਿੰਡ ਵਿਛੋੜੀ ਤਹਿਸੀਲ ਗੜ੍ਹਸ਼ੰਕਰ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। ਉਹ ਫੌਜ ਦੀ ਨੌਕਰੀ ਛੱਡ ਕੇ ਜੈਤੋਂ ਤੇ ਗੁਰੂ ਕੇ ਬਾਗ ਦੇ ਮੋਰਚੇ ਅਤੇ ਬੱਬਰ ਮੂਵਮੈਂਟ 'ਚ ਸ਼ਾਮਲ ਰਹੇ। ਸਾਢੇ ਤਿੰਨ ਸਾਲ ਨਾਭਾ ਜੇਲ੍ਹ, ਮੁਲਤਾਨ ਅਤੇ ਬਹਾਵਲਪੁਰ ਜੇਲ੍ਹਾਂ ਦੀ ਯਾਤਰਾ ਕੀਤੀ।

4 ਦਸੰਬਰ 1924 ਨੂੰ ਜੋਤਿਸ਼ ਚੰਦਰ ਪਾਲ ਸਦੀਵੀ ਵਿਛੋੜਾ ਦੇ ਗਏ। ਉਹ ਅੰਗਰੇਜ਼ ਰਾਜ ਵਿਰੁੱਧ ਬਾਘਾ ਯਤਨ ਸੰਸਥਾ ਦੇ ਮੈਂਬਰ ਸਨ।

4 ਦਸੰਬਰ 1945 ਨੂੰ ਕਰਤਾਰ ਸਿੰਘ ਜਿਲਾ ਸ਼ੇਖੂਪੁਰਾ ਫਰੰਗੀਆਂ ਨੇ ਸਿਆਲਕੋਟ 'ਚ ਫਾਂਸੀ ਦੇ ਕੇ ਸ਼ਹੀਦ ਕੀਤਾ। ਉਹ ਆਈ. ਐਨ. ਏ. ਦੇ ਸਿਪਾਹੀ ਸਨ।

4 ਦਸੰਬਰ 1954 ਨੂੰ ਮਨਫੂਲ ਪੁੱਤਰ ਹਰਖਾ ਰਾਮ, ਪਿੰਡ ਧਨੀ ਜੱਟਾਂ ਹਰਚੰਦ ਬਨ ਡਾਕਖਾਨਾ ਈਲਨਾਬਾਦ (ਹਿਸਾਰ) ਸਦੀਵੀ ਵਿਛੋੜਾ ਦੇ ਗਏ। ਉਹ ਸਿੰਗਾਪੁਰ ਹਾਂਗਕਾਂਗ ਰਾਇਲ ਆਰਟਿਲਰੀ ਦੇ ਲੈਂਸ ਨਾਇਕ ਸਨ। ਵਾਰ ਦੇ ਕੈਦੀ ਤੇ ਇੱਕ ਸਾਲ ਮੁਲਤਾਨ 'ਚ ਕੈਦ ਕੱਟੀ।

4 ਦਸੰਬਰ 1982 ਨੂੰ ਬਾਬਾ ਹਰਭਜਨ ਸਿੰਘ ਚਮਿੰਡਾ ਪੁੱਤਰ ਫਤਿਹ ਸਿੰਘ, ਮਾਤਾ ਬੀਬੀ ਭੋਲੀ ਸਦੀਵੀ ਵਿਛੋੜਾ ਦੇ ਗਏ। ਉਹ ਭਾਈ ਰਣਧੀਰ ਸਿੰਘ ਦੇ ਕੀਰਤਨੀ ਜਥੇ ਰਾਹੀਂ ਗਦਰ ਪਾਰਟੀ ਨਾਲ ਜੁੜੇ। ਸਰਦੂਲ ਸਿੰਘ ਦੀ ਪ੍ਰੈਸ ਵਿਚ ਕੰਪੋਜ਼ਟਰੀ ਕੀਤੀ। ਗਦਰੀਆਂ ਦੇ ਸਮਾਗਮਾਂ ਦੀ ਕਲਮ ਨਾਲ ਸੇਵਾ ਕੀਤੀ।

5 ਦਸੰਬਰ 1957 ਨੂੰ ਗਦਰੀ ਬਾਬਾ ਸੰਤ ਵਿਸਾਖਾ ਸਿੰਘ ਦਦੇਹਰ ਪੁੱਤਰ ਦਿਆਲ ਸਿੰਘ ਤੇ ਮਾਤਾ ਬੀਬੀ ਇੰਦ ਕੌਰ, ਪਿੰਡ ਦਦੇਹਰ (ਅੰਮ੍ਰਿਤਸਰ) ਤਰਨ ਤਾਰਨ ਵਿਖੇ ਸਦੀਵੀ ਵਿਛੋੜਾ ਦੇ ਗਏ। ਉਹ ਇੰਡੀਅਨ ਆਰਮੀ ਦੇ ਗਿਆਰਾਂ



ਸੰਤ ਵਿਸਾਖਾ ਸਿੰਘ ਦਦੇਹਰ

ਨੰਬਰ ਘੋੜ ਰਸਾਲੇ ਵਿਚ ਭਰਤੀ ਹੋਏ। 'ਪੱਗੜੀ ਸੰਭਾਲ ਜੱਟਾ' ਮੂਵਮੈਂਟ ਵਿਚ ਅਜੀਤ ਸਿੰਘ ਦਾ ਲੈਕਚਰ ਸੁਣ ਕੇ ਰਸਾਲੇ ਦੀ ਨੌਕਰੀ ਤੋਂ ਤਿਆਗ ਕਰ ਦਿੱਤਾ। ਘਰ ਦੀ ਸੁਰੱਗੀ ਲਈ ਸ਼ੰਘਾਈ ਚਲ ਗਏ, ਪੁਲਿਸ ਦੀ ਨੌਕਰੀ ਕੀਤੀ। ਵੱਢੀ ਖੋਰੀ ਤੋਂ ਤੰਗ ਹੋ ਕੇ ਨੌਕਰੀ ਤੋਂ ਅਸਤੀਫਾ ਦੇ ਕੇ ਅਮਰੀਕਾ ਪਹੁੰਚ ਗਏ। ਖੇਤੀ ਕੀਤੀ, ਗਦਰ ਪਾਰਟੀ ਬਣਾਈ ਅਤੇ ਚੰਗੀ ਸੁੱਖ ਭਰੀ ਜ਼ਿੰਦਗੀ ਛੱਡ ਹਿੰਦੋਸਤਾਨ ਆਜ਼ਾਦ ਕਰਾਉਣ ਵਾਪਿਸ ਦੇਸ਼ ਪਰਤੇ। ਜਲਾਵਤਨੀ ਅਤੇ ਜੇਲ੍ਹਾਂ ਨੇ ਸਿਹਤ ਖਰਾਬ ਕਰ ਦਿੱਤੀ। ਅੰਤਿਮ ਸਾਹ ਤੱਕ ਦੇਸ਼ ਹਿਤੈਸ਼ੀ ਰਹਿਣ ਦਾ ਰੁਤਬਾ ਪਾ ਗਏ।

5 ਦਸੰਬਰ 1988 ਨੂੰ ਪੰਡਿਤ ਦੁਰਗਾ ਦਾਸ ਉਰਫ ਦੋਆਬਾ ਗਾਂਧੀ, ਪਿੰਡ ਬਜਵਾੜਾ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। ਉਹ ਲਾਲਾ ਲਾਜਪਤ ਰਾਏ ਦੇ ਨਜ਼ਦੀਕੀ ਸਨ। ਉਨ੍ਹਾਂ 1920 ਵਿਚ ਗਾਂਧੀ ਮੂਵਮੈਂਟ 'ਚ ਸ਼ਿਰਕਤ ਕੀਤੀ ਅਤੇ ਜੇਲ੍ਹ ਯਾਤਰਾ ਕੀਤੀ। ਉਹ ਸਿਰ ਚੁੱਕ ਕੇ ਜਿਉਣ ਲਈ ਮਾਣ ਮਹਿਸੂਸ ਕਰਦੇ ਸਨ।

6 ਦਸੰਬਰ 1922 ਨੂੰ ਬਿਸ਼ਨ ਸਿੰਘ ਪੁੱਤਰ ਦਿਆਲ ਸਿੰਘ ਅਤੇ ਮਾਤਾ ਮਹਿਤਾਬ ਕੌਰ, ਪਿੰਡ ਸੋਹਲ (ਗੁਰਦਾਸਪੁਰ) ਪੁਲਿਸ ਦੀ ਅਸਹਿ ਕੁੱਟ ਕਾਰਨ ਅਟਕ ਜੇਲ੍ਹ 'ਚ ਦਮ ਤੋੜ ਗਏ। ਉਹ ਗੁਰੂ ਕੇ ਬਾਗ ਮੋਰਚੇ 'ਚ ਸ਼ਾਮਲ ਹੋਏ।

6 ਦਸੰਬਰ 1934 ਨੂੰ ਬਾਬਾ ਨਿਧਾਨ ਸਿੰਘ ਪੁੱਤਰ ਸੁੰਦਰ ਸਿੰਘ ਪਿੰਡ ਚੁੱਘ, ਜਿਲਾ ਫਿਰੋਜ਼ਪੁਰ ਸਦੀਵੀ ਵਿਛੋੜਾ ਦੇ ਗਏ। ਉਹ ਖਾਲਸਾ ਦੀਵਾਨ ਸਟਾਕਟਨ ਦੇ ਪ੍ਰਧਾਨ ਸਨ, ਗਦਰ ਲਹਿਰ ਦੇ ਆਗੂ ਦੇਸ਼ ਹਿਤੈਸ਼ੀ ਸਨ ਅਤੇ ਪਹਿਲੇ ਲਾਹੌਰ ਸਾਜਿਸ਼ ਕੇਸ 'ਚ ਸਜ਼ਾ-ਏ-ਮੌਤ ਤੇ ਜਾਇਦਾਦ ਕੁਰਕੀ ਦੀ ਸਜ਼ਾ ਹੋਈ ਸੀ, ਜੋ ਬਦਲ ਕੇ ਕਾਲੇ ਪਾਣੀ ਕੀਤੀ।

6 ਦਸੰਬਰ 1945 ਨੂੰ ਚਰਨ ਸਿੰਘ ਪੁੱਤਰ ਕਿਸ਼ਨ ਸਿੰਘ, ਪਿੰਡ ਰਾਮਗੜ੍ਹ ਡੇਕਵਾਲਾ, ਤਹਿਸੀਲ ਰੁਪਾਰ (ਅੰਬਾਲਾ) ਸਦੀਵੀ ਵਿਛੋੜਾ ਦੇ ਗਏ। ਉਹ ਆਈ. ਐਨ. ਏ. ਅਤੇ ਫੌਜ 'ਚ ਸਨ। ਕੱਚਾ ਕੈਂਪ 'ਚ ਪੀ. ਓ. ਵਾਰ ਦੇ ਕੈਦੀ ਰਹੇ।

6 ਦਸੰਬਰ 1971 ਨੂੰ ਤੇਜਵੰਤ ਸਿੰਘ ਰੰਧਾਵਾ ਪੁੱਤਰ ਪ੍ਰਭਾਕਰ ਸਿੰਘ ਰੰਧਾਵਾ ਤੇ ਮਾਤਾ ਗੁਰਨਾਮ ਕੌਰ, ਪਿੰਡ ਮੋਗਾ (ਫਿਰੋਜ਼ਪੁਰ) ਸਦੀਵੀ ਵਿਛੋੜਾ ਦੇ ਗਏ। ਉਹ ਸ਼੍ਰੋਮਣੀ ਕਮੇਟੀ ਦੇ ਖਾਤਾਕਾਰ ਸਨ। ਦੇਸ਼ ਆਜ਼ਾਦੀ ਲਈ ਆਗੂ ਰੋਲ ਕੀਤਾ ਅਤੇ ਛੇ ਮਹੀਨੇ ਜੇਲ੍ਹ ਯਾਤਰਾ ਕੀਤੀ।

8 ਦਸੰਬਰ 1930 ਨੂੰ ਬਾਦਲ ਗੁਪਤਾ ਉਰਫ ਸੁਧੀਰ ਗੁਪਤਾ, ਪਿੰਡ ਪੁਰਬਾ ਸ਼ੀਮੂਲੀਆ, ਬਿਕਰਮ ਪੁਰ (ਬੰਗਾਲ) ਹੁਣ ਦਾ ਬੰਗਲਾ ਦੇਸ਼ 'ਚ ਸਦੀਵੀ ਵਿਛੋੜਾ ਦੇ ਗਏ। ਉਹ ਅੰਗਰੇਜ਼ ਰਾਜ ਵਿਰੋਧੀ ਸਨ। ਲਿਖਾਰੀ ਇਮਾਰਤ ਉੱਤੇ ਹਮਲੇ 'ਚ ਘਿਰੇ।

8 ਦਸੰਬਰ 1945 ਨੂੰ ਚੰਦਗੀ ਰਾਮ ਪੁੱਤਰ ਰਾਮ ਲਾਲ, ਪਿੰਡ ਗੜ੍ਹੀ (ਹਿਸਾਰ) ਸਦੀਵੀ ਵਿਛੋੜਾ ਦੇ ਗਏ। ਉਹ ਆਈ. ਏ. ਅਤੇ ਆਈ. ਐਨ. ਏ. ਦੇ ਗੁਰੀਲਾ ਸਨ।

8 ਦਸੰਬਰ 1953 ਨੂੰ ਭੋਜਾ ਸਿੰਘ ਪੁੱਤਰ ਛੇਲੂ, ਪਿੰਡ ਖਰਕਾਰੀ ਸੋਹਨ, ਤਹਿਸੀਲ ਭਵਾਨੀ (ਹਿਸਾਰ) ਸਦੀਵੀ ਵਿਛੋੜਾ ਦੇ ਗਏ। ਉਹ ਹਿੰਦੋਸਤਾਨੀ ਫੌਜ ਦੀ ਹੈਦਰਾਬਾਦ ਰੈਜ਼ੀਮੈਂਟ ਅਤੇ ਆਈ. ਐਨ. ਏ. ਦੀ 950 ਰੈਜ਼ੀਮੈਂਟ 'ਚ ਬਤੌਰ ਲੈਂਸ ਨਾਇਕ ਸਨ।

8 ਦਸੰਬਰ 1959 ਨੂੰ ਦੁਰਗਾ ਦਾਸ ਪੁੱਤਰ ਮਹੰਤੂ, ਪਿੰਡ ਅਜੌਲੀ, ਤਹਿਸੀਲ ਊਨਾ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। ਉਹ ਗਵਰਨਰ ਨਿਵਾਸ ਸ਼ਿਮਲਾ ਦੇ ਘਿਰਾਉ 'ਚ ਸ਼ਾਮਲ ਹੋਏ ਤੇ ਤਿੰਨ ਮਹੀਨੇ ਅਟਕ ਜੇਲ੍ਹ ਯਾਤਰਾ ਕੀਤੀ।

8 ਦਸੰਬਰ 1975 ਨੂੰ ਰਾਮ ਕ੍ਰਿਸ਼ਨ ਭਤੋਲੀਆਂ, ਪਿੰਡ ਭਤੋਲੀਆਂ ਤਹਿਸੀਲ ਊਨਾ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। ਉਹ ਪੰਜਾਬ ਵਿਧਾਨ ਸਭਾ ਦੇ ਮੈਂਬਰ ਅਤੇ ਮਜ਼ਦੂਰ ਕਿਸਾਨਾਂ ਦੇ ਹਰਮਨ ਪਿਆਰੇ ਆਗੂ ਸਨ।

10 ਦਸੰਬਰ 1953 ਨੂੰ ਨਜ਼ੀਰ ਉਰਫ ਧਰਮ ਸਿੰਘ ਪੁੱਤਰ ਸੁਚੇਤ ਸਿੰਘ ਪਿੰਡ ਤੇ ਡਾਕਖਾਨਾ ਰਵੇਲੀ, ਜਿਲਾ ਫਿਰੋਜ਼ਪੁਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ ਅਤੇ ਪੰਦਰਾ ਮਹੀਨੇ ਨਾਭਾ ਬੀੜ ਤੇ ਕਮਾਲਪੁਰ ਦੀ ਜੇਲ੍ਹ ਕੱਟੀ।

11 ਦਸੰਬਰ 1924 ਨੂੰ ਗੰਗਾ ਸਿੰਘ ਪੁੱਤਰ ਸਮਰ ਸਿੰਘ, ਪਿੰਡ ਕੁੱਕੜ ਮਜਾਰਾ (ਹੁਸ਼ਿਆਰਪੁਰ) ਜੈਤੋਂ ਦੇ ਮੋਰਚੇ 'ਚ ਸ਼ਾਮਲ ਹੋਏ। ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ।

11 ਦਸੰਬਰ 1924 ਨੂੰ ਹਰੀ ਸਿੰਘ ਪਿੰਡ ਧਮੋਟ, ਤਹਿਸੀਲ ਨਾਭਾ (ਪਟਿਆਲਾ) ਨਾਭਾ ਬੀੜ ਜੇਲ੍ਹ 'ਚ ਸ਼ਹੀਦੀ ਪਾ ਗਏ। ਉਨ੍ਹਾਂ ਜੈਤੋਂ ਦੇ ਮੋਰਚਾ#11 'ਚ ਸ਼ਮੂਲੀਅਤ ਕੀਤੀ।

11 ਦਸੰਬਰ 1924 ਨੂੰ ਹਰੀ ਸਿੰਘ ਪਿੰਡ ਕੰਦੋਲਾ, ਜਿਲਾ ਜਲੰਧਰ ਨਾਭਾ ਬੀੜ ਜੇਲ੍ਹ 'ਚ ਦਮ ਤੋੜ ਗਏ। ਉਨ੍ਹਾਂ ਜੈਤੋਂ ਮੋਰਚਾ#12 'ਚ ਸ਼ਮੂਲੀਅਤ ਕੀਤੀ।

12 ਦਸੰਬਰ 1923 ਨੂੰ ਬੰਤਾ ਸਿੰਘ ਧਾਮੀਆਂ ਅਤੇ ਜੁਆਲਾ ਸਿੰਘ ਫਤਿਹਪੁਰ, ਪਿੰਡ ਮੁੰਡੇਰ (ਨੇੜੇ ਆਦਮਪੁਰ ਕਠਾਰ) ਜਿਲਾ ਜਲੰਧਰ ਪੁਲਿਸ ਮੁਕਾਬਲੇ ਵਿਚ ਸ਼ਹੀਦ ਹੋ ਗਏ। ਉਹ



ਗਿਆਨੀ ਜ਼ੈਲ ਸਿੰਘ

ਬੱਬਰ ਅਕਾਲੀ ਸਨ।

12 ਦਸੰਬਰ 1950 ਨੂੰ ਦੱਖਣ ਬਾਈ ਪੁੱਤਰ ਉੱਦਮੀ, ਪਿੰਡ ਤੇ ਡਾਕਖਾਨਾ ਥਾਨਾ ਕਲਾਂ, ਤਹਿਸੀਲ ਸੋਨੀਪਤ (ਰੋਹਤਕ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਕਾਂਗਰਸ ਮੂਵਮੈਂਟਾਂ 'ਚ ਹਿੱਸਾ



ਬਾਬਾ ਸੋਹਨ ਸਿੰਘ ਭਕਨਾ

ਲਿਆ, ਪੁਲਿਸ ਤਸ਼ੱਦਦ ਸਹੇ ਅਤੇ ਛੇ ਮਹੀਨੇ ਲਾਹੌਰ ਜੇਲ੍ਹ ਦੀ ਯਾਤਰਾ ਕੀਤੀ।

12 ਦਸੰਬਰ 1955 ਨੂੰ ਬਖਸ਼ੀਸ਼ ਸਿੰਘ ਪੁੱਤਰ ਵਧਾਵਾ ਸਿੰਘ, ਪਿੰਡ ਧਰੋਗਾਂ, ਜਿਲਾ ਲੁਧਿਆਣਾ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਅਤੇ ਗੁਰੂ ਕੇ ਬਾਗ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ। ਗੈਰ-ਮਨੁੱਖੀ ਲਾਠੀਚਾਰਜ ਦੇ ਸ਼ਿਕਾਰ ਹੋਏ, ਡੇਢ ਸਾਲ ਜੇਲ੍ਹ ਯਾਤਰਾ ਕੀਤੀ।

13 ਦਸੰਬਰ 1913 ਨੂੰ ਬਿਨੈ ਬੰਧੂ ਅਤੇ ਹੇਮੰਤ ਬੰਧੂ ਸ਼ਹੀਦੀ ਰੁਤਬਾ ਪਾ ਗਏ। (ਪੂਰੀ ਜਾਣਕਾਰੀ ਨਹੀਂ ਮਿਲ ਸਕੀ)

13 ਦਸੰਬਰ 1930 ਨੂੰ ਬਨੋਏ ਬਾਸੂ ਜਾਂ ਬੋਸ ਪੁੱਤਰ ਰੇਬਤੀ ਮੋਹਨ ਬਾਸੂ ਪਿੰਡ ਰੋਹਤਭੋਗ ਜਿਲਾ ਮੁਨਸ਼ੀ ਗੰਜ (ਹੁਣ ਬੰਗਲਾ ਦੇਸ਼) ਕਲਕੱਤਾ ਸ਼ਹੀਦੀ ਪਾ ਗਏ। ਉਹ ਯੁਗਾਂਤਰ ਪਾਰਟੀ ਅਤੇ ਮੁਕਤੀ ਸੰਘ ਖੁਫੀਆ ਸੁਸਾਇਟੀ ਦੇ ਮੈਂਬਰ ਸਨ।

13 ਦਸੰਬਰ 1957 ਨੂੰ ਫਕੀਰ ਚੰਦ ਪੁੱਤਰ ਕਰਮ ਚੰਦ, ਪਿੰਡ ਬਿਲਗਾ ਤਹਿਸੀਲ ਫਿਲੌਰ (ਜਲੰਧਰ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ 1930 'ਚ ਸਿਵਲ ਨਾ-ਫੁਰਮਾਨੀ ਲਹਿਰ 'ਚ ਹਿੱਸਾ ਲਿਆ। ਫਰੰਗੀ ਵਿਰੁੱਧ ਸਤਿਆਗ੍ਰਹਿ 'ਚ ਸ਼ਮੂਲੀਅਤ ਕੀਤੀ, ਅੱਠ ਮਹੀਨੇ ਜੇਲ੍ਹ ਕੱਟੀ।

13 ਦਸੰਬਰ 1960 ਨੂੰ ਹਰਬੰਸ ਸਿੰਘ ਪੁੱਤਰ ਨਰੈਣ ਸਿੰਘ ਪਿੰਡ ਤੇ ਡਾਕਖਾਨਾ ਬੱਚੀ ਪਿੰਡ, ਤਹਿਸੀਲ ਅਜਨਾਲਾ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਉਹ ਆਈ. ਐਨ. ਏ. ਦੇ ਸਿਪਾਹੀ ਸਨ ਤੇ ਪੀ. ਓ. ਡਬਲਿਊ. ਹੋਏ, 11 ਮਹੀਨੇ ਕੈਦੀ ਰਹੇ।

13 ਦਸੰਬਰ 1979 ਨੂੰ ਪ੍ਰਤਾਪ ਸਿੰਘ ਬਾਂਸਲ ਪੁੱਤਰ ਉੱਤਮ ਸਿੰਘ ਬਾਂਸਲ ਤੇ ਬੀਬੀ ਨਿਰੰਜਨ ਕੌਰ, ਕਸਬਾ ਹਰਿਆਣਾ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। 1902 'ਚ ਜਨਮੇ ਬਾਂਸਲ ਵੱਡੇ ਹੋ ਕੇ ਮਹਾਨ ਗਦਰੀ ਬਾਬਾ ਪੰਡਿਤ ਜਗਤ ਰਾਮ ਹਰਿਆਣਾ ਦੇ ਉਪਾਸ਼ਕ ਬਣੇ ਅਤੇ ਅੰਗਰੇਜ਼ ਹਕੂਮਤ ਵਿਰੁੱਧ ਗਰਮ ਤਕਰੀਰਾਂ ਕਰਨ ਦੇ ਦੋਸ਼ ਵਿਚ ਜਲੰਧਰ, ਕਸੂਰ ਅਤੇ ਲਾਹੌਰ ਜੇਲ੍ਹਾਂ ਦੀ ਯਾਤਰਾ ਕੀਤੀ।

14 ਦਸੰਬਰ 1947 ਨੂੰ ਰਘਬੀਰ ਸਿੰਘ ਪੁੱਤਰ ਛੱਜੂ ਰਾਮ, ਪਿੰਡ ਸਿੱਧਪੁਰ, ਜਿਲਾ ਕਾਂਗੜਾ ਸਦੀਵੀ ਵਿਛੋੜਾ ਦੇ ਗਏ। ਉਹ ਆਈ. ਏ. ਵਿਚ ਲੈਂਸ ਨਾਇਕ ਅਤੇ ਆਈ. ਐਨ. ਏ. ਦੇ ਲੈਫਟੀਨੈਂਟ ਸਨ। ਪੀ. ਓ. ਡਬਲਿਊ. ਹੋਏ। ਕਲਕੱਤਾ, ਦਿੱਲੀ ਅਤੇ ਮੁਲਤਾਨ ਦੀਆਂ ਜੇਲ੍ਹਾਂ ਦੀ ਯਾਤਰਾ ਕੀਤੀ। ਫਰੰਗੀਆਂ ਦੇ ਵਿਰੋਧ 'ਚ ਨੌਕਰੀ ਤੋਂ ਡਿਸਚਾਰਜ ਤੇ ਬਲੈਕ ਲਿਸਟਿਡ ਰਹੇ।

15 ਦਸੰਬਰ 1947 ਨੂੰ ਚੰਦਰ ਸਿੰਘ ਪੁੱਤਰ ਮੋਤੀ ਰਾਮ, ਪਿੰਡ ਭਰਥਲਾ, ਜਿਲਾ ਰੋਹਤਕ ਸਦੀਵੀ ਵਿਛੋੜਾ ਦੇ ਗਏ। ਉਹ ਫੌਜ 'ਚ ਲੈਫਟੀਨੈਂਟ ਸਨ।

16 ਦਸੰਬਰ 1956 ਨੂੰ ਆਤਮਾ ਰਾਮ ਪੁੱਤਰ ਝੰਡੂ ਲਾਲ, ਜਿਲਾ ਅੰਬਾਲਾ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਕਾਂਗਰਸ ਦੀਆਂ ਕਈ ਮੂਵਮੈਂਟਾਂ 'ਚ ਹਿੱਸਾ ਲਿਆ ਅਤੇ ਡੇਢ ਸਾਲ ਜੇਲ੍ਹ ਯਾਤਰਾ ਕੀਤੀ।

16 ਦਸੰਬਰ 1961 ਨੂੰ ਰਾਮ ਚਰਨ ਦਾਸ ਪੁੱਤਰ ਮੂਲਾ ਰਾਮ, ਪਿੰਡ ਕਕਰੋਲੀ ਹੱਥੀ, ਤਹਿਸੀਲ ਚਰਖੀ ਦਦਰੀ, ਜਿਲਾ ਮਹਿੰਦਰਗੜ੍ਹ ਸਦੀ ਵਿਛੋੜਾ ਦੇ ਗਏ। ਉਹ ਹਾਂਗਕਾਂਗ ਸਿੰਗਾਪੁਰ ਰੌਇਲ ਆਰਟਿਲਰੀ ਵਿਚ ਸਰਵੇਅਰ ਅਤੇ ਆਈ. ਐਨ. ਏ. ਦੇ ਸਿਪਾਹੀ ਰਹੇ। ਪੀ. ਓ. ਡਬਲਿਊ. ਹੋਏ। ਰੰਗੂਨ ਤੇ ਜਿਗਰ ਕੱਚਾ ਕੈਂਪ ਕਲਕੱਤਾ 'ਚ ਜੇਲ੍ਹ ਯਾਤਰਾ ਕੀਤੀ।

17 ਦਸੰਬਰ 1927 ਨੂੰ ਰਜਿੰਦਰ ਲਹਿਰੀ ਗੌਂਡਾ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕੀਤਾ, ਉਨ੍ਹਾਂ ਉੱਤੇ ਕਕੋਰੀ ਕਾਂਡ 'ਚ ਸ਼ਮੂਲੀਅਤ ਦੇ ਦੋਸ਼ ਸਨ।

18 ਦਸੰਬਰ 1924 ਨੂੰ ਕਿਸ਼ਨ ਸਿੰਘ ਪੁੱਤਰ ਸਮੁੰਦਰ ਸਿੰਘ, ਪਿੰਡ ਬਦਾਨਪੁਰ ਜਿਲਾ ਪਟਿਆਲਾ, ਜੇਲ੍ਹ ਵਿਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ।

19 ਦਸੰਬਰ 1927 ਨੂੰ ਅਸ਼ਫਾਕ ਉੱਲਾ ਨੂੰ ਫੈਜ਼ਾਬਾਦ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕੀਤਾ। ਉਹ ਸਹਾਰਨਪੁ (ਯੂ. ਪੀ.) ਤੋਂ ਸਨ। ਉਨ੍ਹਾਂ 'ਤੇ ਕਕੋਰੀ ਕਾਂਡ 'ਚ ਸ਼ਾਮਲ ਹੋਣ ਦੇ ਦੋਸ਼ ਸਨ।

19 ਦਸੰਬਰ 1927 ਨੂੰ ਰਾਮ ਪ੍ਰਸਾਦ ਬਿਸਮਿਲ ਨੂੰ ਕਕੋਰੀ ਕਾਂਡ 'ਚ ਸ਼ਮੂਲੀਅਤ ਦੇ ਦੋਸ਼ ਵਿਚ ਗੋਰਖਪੁਰ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਉਹ ਆਜ਼ਾਦੀ ਘੁਲਾਟੀਏ ਅਤੇ ਇਨਕਲਾਬੀ ਕਵੀ ਸਨ। 'ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ, ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ ਕਾਤਲ ਮੇਂ ਹੈ' ਗੀਤ ਦੇ ਰਚੈਤਾ ਸਨ।

19 ਦਸੰਬਰ 1944 ਨੂੰ ਅਮਰ ਸਿੰਘ ਪੁੱਤਰ ਸਨ੍ਹੇਹੀ ਰਾਮ, ਪਿੰਡ ਭੰਡਾਣਾ, ਤਹਿਸੀਲ ਚਰਖੀ ਦਦਰੀ, ਜਿਲਾ ਮਹਿੰਦਰਗੜ੍ਹ ਸਦੀਵੀ ਵਿਛੋੜਾ ਦੇ ਗਏ। ਉਹ ਆਈ. ਐਨ. ਏ. ਦੇ ਸਿਪਾਹੀ ਸਨ। ਪੀ. ਓ. ਡਬਲਿਊ. ਹੋਏ ਅਤੇ ਸਿੰਗਾਪੁਰ ਜੇਲ੍ਹ ਅਤੇ ਨੇਸੂਨ ਕੈਂਪ 'ਚ ਕੈਦੀ ਰਹੇ।

19 ਦਸੰਬਰ 1944 ਨੂੰ ਭਜਨ ਸਿੰਘ ਪੁੱਤਰ ਦਿਆਲ ਸਿੰਘ ਤੇ ਮਾਤਾ ਅਤਰ ਕੌਰ, ਪਿੰਡ ਰਾਠੀ ਰੋੜੀ, ਜਿਲਾ ਬਠਿੰਡਾ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਗੁਰੂ ਕੇ ਬਾਗ ਮੋਰਚੇ 'ਚ ਸ਼ਮੂਲੀਅਤ ਕੀਤੀ। ਉਨ੍ਹਾਂ 'ਤੇ ਬੇਰਹਿਮ ਪੁਲਿਸ ਤਸ਼ੱਦਦ ਹੋਇਆ ਅਤੇ ਅਟਕ ਜੇਲ੍ਹ 'ਚ ਸਾਢੇ ਛੇ ਮਹੀਨੇ ਕੈਦ ਕੱਟੀ।

20 ਦਸੰਬਰ 1968 ਨੂੰ ਗਦਰੀ ਬਾਬਾ ਸੋਹਨ ਸਿੰਘ ਭਕਨਾ ਪੁੱਤਰ ਕਰਮ ਸਿੰਘ ਸਦੀਵੀ ਵਿਛੋੜਾ ਦੇ ਕੇ ਦੇਸ਼ ਪ੍ਰੇਮੀਆਂ ਦੀ ਮਾਲਾ ਦੇ ਮਣਕੇ ਬਣੇ। ਉਹ ਗਦਰ ਪਾਰਟੀ ਦੇ ਮੋਢੀ ਅਤੇ ਗਦਰ ਲਹਿਰ ਦੇ ਆਗੂ ਸਨ। ਉਹ ਕਹਿੰਦੇ ਸਨ ਕਿ ਅੰਗਰੇਜ਼ ਨਾਲ ਝੱਟ ਕੋ ਲਤੇ, ਪਰ ਆਪਣਿਆਂ ਨਾਲ ਲੜਦਿਆਂ ਕੁੱਬ ਪੈ ਗਿਆ। ਸਾਰਾ ਜੀਵਨ ਦੇਸ਼ ਦੇ ਲੇਖੇ ਲਾਇਆ।

21 ਦਸੰਬਰ 1920 ਨੂੰ ਗੇਂਦਾ ਲਾਲ ਦੀਕਸ਼ਤ ਸ਼ਹਿਰ ਔਰਾਯਾ, ਜਿਲਾ ਇਟਾਵਾ ਬੀਮਾਰੀ ਕਾਰਨ ਸਰਕਾਰੀ ਹਸਪਤਾਲ ਦਿੱਲੀ 'ਚ ਸਦੀਵੀ ਵਿਛੋੜਾ ਦੇ ਗਏ। ਉਹ ਸਕੂਲ ਅਧਿਆਪਕ ਅਤੇ ਅੰਗਰੇਜ਼ ਰਾਜ ਵਿਰੋਧੀ ਸਰਗਰਮ ਆਗੂ ਸਨ।

21 ਦਸੰਬਰ 1927 ਨੂੰ ਠਾਕਰ ਰੋਸ਼ਨ ਸਿੰਘ ਨੂੰ ਅਲਾਹਾਬਾਦ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕੀਤਾ। ਉਹ ਕਕੋਰੀ ਕਾਂਡ ਦੇ ਦੋਸ਼ੀ ਸਨ।

21 ਦਸੰਬਰ 1955 ਨੂੰ ਸੰਤੋਖ ਸਿੰਘ ਪੁੱਤਰ ਕਰਮ ਸਿੰਘ, ਪਿੰਡ ਨੀਲਾ ਚੱਕਵਾਲ, ਜਿਲਾ ਜੇਹਲਮ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਫੌਜ ਦੀ ਨੌਕਰੀ ਛੱਡ ਕੇ ਗੁਰਦੁਆਰਾ ਸੁਧਾਰ ਲਹਿਰ 'ਚ, ਗੁਰੂ ਕੇ ਬਾਗ, ਖਡੂਰ ਸਾਹਿਬ ਅਤੇ ਭਾਈ ਦੇ ਮੋਰਚੇ 'ਚ ਹਿੱਸਾ ਲਿਆ। ਸੱਤ ਮਹੀਨੇ ਕੈਦ ਕੱਟੀ।

(ਬਾਕੀ ਅਗਲੇ ਸਫੇ 'ਤੇ)

# ਜੰਗ-ਏ-ਆਜ਼ਾਦੀ ਹਿੰਦੋਸਤਾਨ

*(ਪਿਛਲੇ ਸਫੇ ਦੀ ਬਾਕੀ)*

22 ਦਸੰਬਰ 1957 ਨੂੰ ਬੰਤਾ ਸਿੰਘ ਪੁੱਤਰ ਤੇਜਾ ਸਿੰਘ, ਪਿੰਡ ਤਾਹਿਰਪੁਰਾ, ਜਿਲਾ ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਗਏ। ਉਹ ਆਈ. ਐਨ. ਏ. ਅਤੇ ਆਈ. ਏ. 'ਚ ਰਹੇ। ਬ੍ਰਿਟਿਸ਼ ਆਰਮੀ ਦੇ ਪੀ. ਓ. ਡਬਲਿਊ. ਸਨ।

22 ਦਸੰਬਰ 1958 ਨੂੰ ਤਾਰਕਨਾਥ ਦਾਸ ਪੁੱਤਰ ਕਾਲੀ ਮੋਹਨ ਦਾਸ ਤੇ ਮਾਤਾ ਬ੍ਰਿਜ ਮੋਹਨੀ ਪਿੰਡ ਮਾਝੀਪਾਰਾ ਕਲਕੱਤਾ (ਬੰਗਾਲ) ਨਿਊ ਯਾਰਕ ਵਿਚ ਦਿਲ ਦਾ ਦੌਰਾ ਪੈਣ ਕਾਰਨ ਸਦੀਵੀ ਵਿਛੋੜਾ ਦੇ ਗਏ। ਉਹ ਅੰਗਰੇਜ਼ ਸਾਮਰਾਜ ਵਿਰੁੱਧ ਹਿੰਦੋਸਤਾਨੀਆਂ ਨੂੰ ਜਾਗ੍ਰਿਤ ਕਰਨ ਅਮਰੀਕਾ ਆਏ। ਉਨ੍ਹਾਂ ਨੇ ਪ੍ਰਚਾਰ ਕਰਨ ਲਈ 'ਫਰੀ ਹਿੰਦੋਸਤਾਨ' ਅਖਬਾਰ ਕੱਢੀ, ਜਿਸ ਦੇ ਪਹਿਲੇ ਸਫੇ ਉੱਤੇ ਲਿਖਿਆ ਸੀ, "ਜ਼ੁਲਮ ਵਿਰੁੱਧ ਲੜਨਾ ਰੱਬ ਦਾ ਹੁਕਮ ਮੰਨਣਾ ਹੈ।" ਬਾਕਮਾਲ ਬੁਲਾਰਾ ਸੀ, 30 ਅਕਤੂਬਰ 1909 ਨੂੰ ਵੈਨਕੂਵਰ 'ਚ ਅੰਗਰੇਜ਼ ਰਾਜ ਦੇ ਸਾਬਕਾ ਫੌਜੀਆਂ ਨੇ ਮੈਡਲ, ਤਮਗੇ ਅਤੇ ਸਰਟੀਫਿਕੇਟ ਲਾਹ ਸੁੱਟੇ ਸਨ। ਉਸ ਨੇ ਜਰਮਨ ਸਾਜਿਸ਼ ਕੇਸ 'ਚ 22 ਮਹੀਨੇ ਜੇਲ੍ਹ ਯਾਤਰਾ ਕੀਤੀ।

23 ਦਸੰਬਰ 1912 ਨੂੰ ਪ੍ਰਤਾਪ ਸਿੰਘ ਪੁੱਤਰ ਕੇਸਰੀ ਸਿੰਘ (ਰਾਜਸਥਾਨ) ਨੂੰ ਚਾਂਦਨੀ ਚੌਕ ਦਿੱਲੀ ਵਿਖੇ ਲਾਰਡ ਹਾਰਡਿੰਗ ਉੱਪਰ ਬੰਬ ਸੁੱਟਣ ਦੇ ਦੋਸ਼ 'ਚ ਫਾਂਸੀ ਦੇ ਕੇ ਸ਼ਹੀਦ ਕੀਤਾ।

23 ਦਸੰਬਰ 1960 ਨੂੰ ਕਪੂਰ ਰਾਮ ਨਾਥ ਪੁੱਤਰ ਹਰ ਭਗਵਾਨ ਕਪੂਰ, ਪਿੰਡ ਭੇਰਾ, ਜਿਲਾ ਸਰਗੋਧਾ ਸਦੀਵੀ ਵਿਛੋੜਾ ਦੇ ਗਏ। ਉਹ ਅੰਗਰੇਜ਼ ਰਾਜ ਵਿਰੁੱਧ ਲਾਮਬੰਦੀ ਦੇ ਦੋਸ਼ ਵਿਚ ਛੇ ਮਹੀਨੇ ਰਾਵਲ ਪਿੰਡੀ, ਸਿਆਲਕੋਟ ਅਤੇ ਲਾਹੌਰ ਜੇਲ੍ਹਾਂ 'ਚ ਕੈਦੀ ਰਹੇ।

24 ਦਸੰਬਰ 1924 ਨੂੰ ਕਰਤਾਰ ਸਿੰਘ ਪੁੱਤਰ ਸੰਤਾ ਸਿੰਘ ਤੇ ਮਾਤਾ ਬੀਬੀ ਜੁਆਲੀ, ਪਿੰਡ ਬਾਗਾ (ਨੇੜੇ ਗੜ੍ਹਦੀਵਾਲਾ), ਜਿਲਾ ਹੁਸ਼ਿਆਰਪੁਰ ਨਾਭਾ ਬੀੜ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ।

25 ਦਸੰਬਰ 1959 ਨੂੰ ਸਨਮ ਰਾਏ ਪੁੱਤਰ ਕਾਂਸ਼ੀ ਰਾਮ, ਮਾਤਾ ਸ਼ੋਭਨ ਬਾਈ, ਪਿੰਡ ਫਾਜ਼ਿਲਕਾ (ਫਿਰੋਜ਼ਪੁਰ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਕਈ ਡੀ. ਏ. ਵੀ. ਸਕੂਲ ਬਣਾਏ, ਉਹ ਐਮ. ਏ. ਸਨ ਤੇ ਹੈਡ ਮਾਸਟਰ ਰਹੇ। ਕਾਲੇ ਕਾਨੂੰਨਾਂ ਵਿਰੁੱਧ ਭਾਸ਼ਨ, ਕੁਇਟ ਇੰਡੀਆ ਮੂਵਮੈਂਟ 'ਚ ਹਿੱਸਾ ਤੇ ਸਾਢੇ 4 ਸਾਲ ਰੋਹਤਕ, ਮੀਆਂਵਾਲੀ, ਗੁਜਰਾਤ, ਮੁਲਤਾਨ, ਸਿਆਲਕੋਟ, ਫਿਰੋਜ਼ਪੁਰ ਤੇ ਜਲੰਧਰ ਜੇਲ੍ਹਾਂ ਦੀ ਯਾਤਰਾ ਕੀਤੀ।

25 ਦਸੰਬਰ 1994 ਨੂੰ ਗਿਆਨੀ ਜ਼ੈਲ ਸਿੰਘ ਪੁੱਤਰ ਕਿਸ਼ਨ ਸਿੰਘ ਪਿੰਡ ਸੰਧਵਾਂ ਜਿਲਾ ਫਰੀਦ ਕੋਟ ਇੱਕ ਸੜਕ ਹਾਦਸੇ 'ਚ ਸਦੀਵੀ ਵਿਛੋੜਾ ਦੇ ਗਏ। ਉਹ ਅੰਗਰੇਜ਼ ਰਾਜ ਵਿਰੁੱਧ ਲੜੇ, ਰਿਆਸਤੀ ਰਾਜਿਆਂ ਵਿਰੁੱਧ ਅਤੇ ਪਰਜਾ ਤੰਤਰ ਲਹਿਰ 'ਚ ਆਗੂ ਰੋਲ ਕੀਤੇ। ਆਜ਼ਾਦੀ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਅਤੇ ਦੇਸ਼ ਦੇ ਰਾਸ਼ਟਰਪਤੀ ਰਹੇ।

26 ਦਸੰਬਰ 1966 ਨੂੰ ਗੋਪੀ ਚੰਦ ਭਾਰਗੋ ਪੁੱਤਰ ਮੁਨਸ਼ੀ ਬਦਰੀ ਪ੍ਰਸਾਦ, ਪਿੰਡ ਸਿਰਸਾ (ਹਿਸਾਰ) ਸਦੀਵੀ ਵਿਛੋੜਾ ਦੇ ਗਏ। ਉਹ ਇੰਡੀਅਨ ਨੈਸ਼ਨਲ ਕਾਂਗਰਸ ਦੇ 1921 'ਚ ਮੈਂਬਰ ਬਣੇ। ਲਾਲਾ ਲਾਜਪਤ ਰਾਏ ਤੋਂ ਪ੍ਰਭਾਵਿਤ ਸਨ। ਪੜ੍ਹਾਈ ਐਮ. ਬੀ. ਬੀ. ਐਸ. ਸਨ। ਉਨ੍ਹਾਂ ਕਾਂਗਰਸ ਦੀਆਂ ਕਈ ਮੂਵਮੈਂਟਾਂ 'ਚ ਹਿੱਸਾ ਲਿਆ ਤੇ ਆਗੂ ਰੋਲ ਕੀਤਾ। 1927 'ਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣੇ। ਚੜ੍ਹਦੇ ਪੰਜਾਬ ਦੇ ਚੀਫ ਮਨਿਸਟਰ ਬਣੇ। ਲੋਕਾਂ ਦੀ ਸੇਵਾ ਕਰਦੇ ਤਰੱਕੀਆਂ ਦੇ ਪੰਧ ਨੂੰ ਪੂਰਾ ਕਰਦਿਆਂ ਆਖਰੀ ਸਾਹ ਲਿਆ।

28 ਦਸੰਬਰ 1979 ਨੂੰ ਲਛਮਣ ਸਿੰਘ ਪੁੱਤਰ ਚੰਦਾ ਸਿੰਘ, ਪਿੰਡ ਫਾਹੇਵਾਲ, ਜਿਲਾ ਲੁਧਿਆਣਾ ਸਦੀਵੀ ਵਿਛੋੜਾ ਦੇ ਗਏ। ਉਹ ਛੋਟੀ ਉਮਰ ਵਿਚ ਕਲਕੱਤਾ ਚਲ ਗਏ ਸਨ। ਪੰਜਾਬ ਅਤੇ ਬੰਗਾਲ ਦਾ ਆਪਸੀ ਸਬੰਧ ਗੁਰੂ ਨਾਨਕ ਸਾਹਿਬ ਤੋਂ ਹੀ ਚੱਲਦਾ ਆ ਰਿਹਾ ਹੈ। ਕਲਕੱਤਾ 'ਚ ਵੱਸਦੇ ਪੰਜਾਬੀ ਸਿੱਖਾਂ ਨੇ ਅਕਾਲੀ ਦਲ ਬੰਗਾਲ ਬਣਾਇਆ ਅਤੇ ਗੁਰਦੁਆਰਾ ਸੁਧਾਰ ਲਹਿਰ 'ਚ ਹਿੱਸਾ ਪਾਇਆ। ਜਿਸ ਵਿਚ ਛੋਟੀ ਉਮਰ ਦੇ ਲਛਮਣ ਸਿੰਘ ਨੇ ਹਿੱਸਾ ਪਾਇਆ। ਉਨ੍ਹਾਂ ਵੱਡੇ ਹੋ ਕੇ ਕਲਕੱਤੇ ਦੀ ਰਾਜਨੀਤੀ 'ਚ ਵੀ ਹਿੱਸਾ ਲਿਆ।

29 ਦਸੰਬਰ 1919 ਨੂੰ ਮੱਖਣ ਲਾਲ ਹਜ਼ਾਰੀ ਬਾਗ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਉਹ ਆਜ਼ਾਦੀ ਘੁਲਾਟੀਏ ਸਨ।

29 ਦਸੰਬਰ 1923 ਨੂੰ ਸਾਧਾ ਸਿੰਘ ਬੱਬਰ ਨੂੰ ਲਾਹੌਰ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕੀਤਾ। ਉਹ ਪਿੰਡ ਪੰਡੋਰੀ ਨਿੱਝਰਾਂ (ਜਲੰਧਰ) ਤੋਂ ਸਨ।



ਗੋਪੀ ਚੰਦ ਭਾਰਗਵ



ਰਾਮ ਪ੍ਰਸਾਦ ਬਿਸਮਿਲ

29 ਦਸੰਬਰ 1924 ਨੂੰ ਵਰਿਆਮ ਸਿੰਘ ਪੁੱਤਰ ਨਰਾਇਣ ਸਿੰਘ, ਪਿੰਡ ਕੋਟ ਫਤੂਹੀ, ਜਿਲਾ ਹੁਸ਼ਿਆਰਪੁਰ ਪੁਲਿਸ ਵਲੋਂ ਮਾਰੇ ਰੇਡ ਵਿਚ ਫੜੇ ਗਏ। ਉਹ ਬੱਬਰ ਅਕਾਲੀ ਸਨ। ਤਿੰਨ ਸਾਲ ਜੇਲ੍ਹ ਯਾਤਰਾ ਕੀਤੀ।

29 ਦਸੰਬਰ 1947 ਨੂੰ ਰਾਮ ਚਰਨ ਦਾਸ ਪੁੱਤਰ ਸੀਤਾ ਰਾਮ ਪਿੰਡ ਤੇ ਡਾਕਖਾਨਾ ਜੱਸੋਵਾਲ, ਜਿਲਾ ਲੁਧਿਆਣਾ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਅੰਗਰੇਜ਼ ਰਾਜ ਵਿਰੁੱਧ ਸਤਿਆਗ੍ਰਹਿ ਵਿਚ ਹਿੱਸਾ ਲਿਆ ਅਤੇ ਮਿੰਟਗੁਮਰੀ ਵਿਚ ਛੇ ਮਹੀਨੇ ਜੇਲ੍ਹ ਯਾਤਰਾ ਕੀਤੀ।

30 ਦਸੰਬਰ 1931 ਨੂੰ ਰੂਪ ਸਿੰਘ ਪੁੱਤਰ ਗੰਡਾ ਸਿੰਘ, ਪਿੰਡ ਕੋਟ ਕਰਮ ਚੰਦ, ਡਾਕਖਾਨਾ ਬਟਾਲਾ, ਜਿਲਾ ਗੁਰਦਾਸਪੁਰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਗੁਰੂ ਕੇ ਬਾਗ, ਫੇਰੂ ਅਤੇ ਡਸਕਾ ਮੋਰਚਿਆਂ 'ਚ ਹਿੱਸਾ ਲਿਆ।

31 ਦਸੰਬਰ 1924 ਨੂੰ ਚੰਨਣ ਸਿੰਘ ਪਿੰਡ ਸੁੱਗਾ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ ਤੇ ਨਾਭਾ ਬੀੜ ਜੇਲ੍ਹ ਦੀ ਯਾਤਰਾ ਕੀਤੀ।

31 ਦਸੰਬਰ 2006 ਨੂੰ ਸਦਾ ਰਾਮ ਬਾਤੀਆਂ ਪਿੰਡ ਬਾਤੀਆਂ, ਜਿਲਾ ਹੁਸ਼ਿਆਰਪੁਰ ਸਦੀਵੀ ਵਿਛੋੜਾ ਦੇ ਗਏ। ਉਹ ਖੇਤ ਮਜ਼ਦੂਰ ਆਗੂ ਸਨ। ਖੱਬੀ ਲਹਿਰ ਦੇ ਪ੍ਰਣਾਏ ਹੋਏ ਮੁਜੱਸਮ ਸਨ, ਜਿਨ੍ਹਾਂ ਆਖਰੀ ਸਾਹ ਤੱਕ ਮਜ਼ਦੂਰ ਕਿਸਾਨ ਦੇ ਹੱਕ ਹਕੂਕਾਂ ਲਈ ਖੜਨ ਅਤੇ ਲੜਨ ਲਈ ਸੰਘਰਸ਼ ਕੀਤਾ।

## ਦਸੰਬਰ ਮਹੀਨੇ ਦੇ ਹੋਰ ਸ਼ਹੀਦ ਅਤੇ ਸੰਗਰਾਮੀ

ਸ਼ਹੀਦ ਕੀ ਜੋ ਮੌਤ ਹੈ  
ਵੋ ਕੌਮ ਕੀ ਹਯਾਤ ਹੈ,  
ਸ਼ਹੀਦ ਕਾ ਜੋ ਹੈ ਲਹੂ  
ਵੋ ਕੌਮ ਕੀ ਜ਼ਕਾਤ ਹੈ।  
ਕਟੇਂ ਜੋ ਚੰਦ ਡਾਲੀਆਂ  
ਤੋ ਚਮਨ ਹੋ ਹਰਾ ਭਰਾ,  
ਕਟੇਂ ਜੋ ਚੰਦ ਗ਼ਰਦਨੇ  
ਤੋ ਕੌਮ ਕੀ ਹਯਾਤ ਹੈ।  
(ਮੌਲਾਨਾ ਜ਼ਫਰ ਅਲੀ)

1916 ਦਸੰਬਰ ਨੂੰ ਰੂੜ ਸਿੰਘ ਪੁੱਤਰ ਪਾਲ ਸਿੰਘ, ਪਿੰਡ ਸੰਘਵਾਲ, ਜਿਲਾ ਜਲੰਧਰ ਸਦੀਵੀ ਵਿਛੋੜਾ ਦੇ ਗਏ। ਉਹ ਗਦਰ ਪਾਰਟੀ ਦੇ ਮੈਂਬਰ ਸਨ। ਦੇਸ਼ ਆਜ਼ਾਦੀ ਦੀ ਲੜਾਈ ਵਿਚ ਕਈ ਪੁਲਿਸ ਵਾਲਿਆਂ ਨੂੰ ਸਬਕ ਸਿਖਾਇਆ। ਲਾਹੌਰ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

1924 ਦਸੰਬਰ ਨੂੰ ਅਮਰ ਸਿੰਘ ਪੁੱਤਰ ਸੰਤ ਸਿੰਘ, ਪਿੰਡ ਪੰਡੋਰੀ ਨਿੱਝਰਾਂ, ਜਿਲਾ ਜਲੰਧਰ ਸਦੀਵੀ ਵਿਛੋੜਾ ਦੇ ਗਏ। ਉਹ ਬੱਬਰ ਸਨ। 1923 ਦੇ ਕਤਲ ਕੇਸ ਦੇ ਟਰਾਇਲ 'ਚ ਦਮ ਤੋੜ ਗਏ।


1924 ਦਸੰਬਰ ਨੂੰ ਗੰਗਾ ਸਿੰਘ ਪੁੱਤਰ ਜਵਾਲਾ ਸਿੰਘ ਤੇ ਮਾਤਾ ਕਰਮੋ, ਪਿੰਡ ਤਲਵੰਡੀ ਭੇਵਰਾਂ ਵਾਲੀ, ਜਿਲਾ ਗੁਰਦਾਸਪੁਰ ਨਾਭਾ ਬੀੜ ਜੇਲ੍ਹ 'ਚ ਸ਼ਹੀਦੀ ਪਾ ਗਏ। ਉਹ ਜੈਤੋਂ ਦੇ ਮੋਰਚਾ#10 'ਚ ਸਨ।

1927 ਦਸੰਬਰ ਨੂੰ ਸੁੰਦਰ ਸਿੰਘ ਪੁੱਤਰ ਕਰਮ ਸਿੰਘ, ਪਿੰਡ ਚੱਕ# 260 ਜਿਲਾ ਲਾਇਲਪੁਰ ਨੂੰ ਲਾਹੌਰ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕੀਤਾ। ਉਨ੍ਹਾਂ ਬੱਬਰ ਅਕਾਲੀ ਮੂਵਮੈਂਟ 'ਚ ਹਿੱਸਾ ਲਿਆ।

1940 ਦਸੰਬਰ ਨੂੰ ਨਰੰਜਣ ਸਿੰਘ ਪੁੱਤਰ ਇੰਦਰ ਸਿੰਘ ਤੇ ਮਾਤਾ ਰਲੀ, ਪਿੰਡ ਤੇ ਡਾਕਖਾਨਾ



ਤਾਰਕਨਾਥ ਦਾਸ



The Free Hindusthan

An Organ of Freedom, and of Political, Social and Religious Reform.

RESISTANCE TO TYRANNY IS SERVICE TO HUMANITY AND A NECESSITY OF CIVILIZATION.

VOL. 1. NEW YORK CITY, NOVEMBER-DECEMBER, 1908. NO. 8

ਅਖਬਾਰ 'ਦਾ ਫਰੀ ਹਿੰਦੋਸਤਾਨ'

ਰਾਏਪੁਰ ਰਸੂਲਪੁਰ (ਜਲੰਧਰ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਬੱਬਰ ਮੂਵਮੈਂਟ, ਅਕਾਲੀ ਮੋਰਚਾ, ਜੈਤੋਂ ਦੇ, ਗੁਰੂ ਕੇ ਬਾਗ ਅਤੇ ਫੇਰੂ ਦੇ ਮੋਰਚੇ ਹਿੱਸਾ ਲਿਆ। ਦੋ ਸਾਲ, ਦੋ ਮਹੀਨੇ ਅੰਬਾਲਾ ਅਤੇ ਮੁਲਤਾਨ ਜੇਲ੍ਹ ਦੀ ਯਾਤਰਾ ਕੀਤੀ।

1941 ਦਸੰਬਰ ਨੂੰ ਸਵਰਨ ਸਿੰਘ ਪੁੱਤਰ ਬਸੰਤ ਸਿੰਘ, ਪਿੰਡ ਚੱਬੇਵਾਲ, ਡਾਕਖਾਨਾ ਬੱਸੀ ਕਲਾਂ ਆਈ. ਐਨ. ਏ. ਦੇ ਐਕਸ਼ਨ 'ਚ ਸ਼ਹੀਦੀ ਹੋਏ।

1945 ਦਸੰਬਰ ਨੂੰ ਪ੍ਰਿਥੀ ਸਿੰਘ ਪੁੱਤਰ ਤੋਖ ਰਾਮ, ਪਿੰਡ ਤੇ ਡਾਕਖਾਨਾ ਪਾਹਰੀਪੁਰ, ਤਹਿਸੀਲ ਝੱਜਰ, ਜਿਲਾ ਰੋਹਤਕ ਸਦੀਵੀ ਵਿਛੋੜਾ ਦੇ ਗਏ। ਉਹ ਆਈ. ਏ. ਅਤੇ ਆਈ. ਐਨ. ਏ. 'ਚ ਬਤੌਰ ਲੈਸ ਨਾਇਕ ਸਨ।

1946 ਦਸੰਬਰ ਨੂੰ ਬਹਾਦਰ ਸਿੰਘ ਪੁੱਤਰ ਬੂਟਾ ਸਿੰਘ, ਪਿੰਡ ਕੋਟ ਧੰਡਾਲ ਡਾਕਖਾਨਾ, ਕੋਟ ਟੋਡਰ ਮੱਲ, ਜਿਲਾ ਗੁਰਦਾਸਪੁਰ ਸਦੀਵੀ ਵਿਛੋੜਾ ਦੇ ਗਏ। ਉਹ ਆਈ. ਐਨ. ਏ. ਦੇ ਲੈਸ ਨਾਇਕ ਸਨ। ਪੀ. ਓ. ਡਬਲਿਊ. ਹੋਏ, ਰੰਗੂਨ ਜੇਲ੍ਹ ਯਾਤਰਾ ਕੀਤੀ ਅਤੇ ਸਿਹਤ ਖਰਾਬੀ ਕਾਰਨ ਅੰਮ੍ਰਿਤਸਰ ਹਸਪਤਾਲ 'ਚ ਚੜ੍ਹਾਈ ਕਰ ਗਏ।

1950 ਦਸੰਬਰ ਨੂੰ ਰਿਸ਼ੀ ਰਾਮ ਪੁੱਤਰ ਦੇਵੀ ਚੰਦ, ਪਿੰਡ ਭਮੀਪੁਰ, ਤਹਿਸੀਲ ਜਗਰਾਉਂ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਗਾਂਧੀ ਸਤਿਆਗ੍ਰਹਿ 'ਚ ਅਤੇ ਕੁਇਟ ਇੰਡੀਆ ਮੂਵਮੈਂਟ 'ਚ ਹਿੱਸਾ ਲਿਆ। ਲਗਭਗ ਤਿੰਨ ਸਾਲ ਲੁਧਿਆਣਾ, ਸ਼ਾਹਪੁਰ ਅਤੇ ਮੁਲਤਾਨ ਜੇਲ੍ਹਾਂ ਦੀ ਯਾਤਰਾ ਕੀਤੀ।

1951 ਦਸੰਬਰ ਨੂੰ ਅਮਰਾਓ ਸਿੰਘ ਪੁੱਤਰ ਨਿਹਾਲ ਸਿੰਘ, ਪਿੰਡ ਤੇ ਡਾਕਖਾਨਾ ਜੱਬੋਵਾਲ, ਜਿਲਾ ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਗਏ। ਉਹ ਜਲ੍ਹਿਆਂ ਵਾਲੇ ਮੋਰਚੇ 'ਚ ਜਖਮੀ ਹੋਏ। ਠੀਕ ਹੋ ਕੇ ਜੈਤੋਂ ਦੇ ਮੋਰਚੇ 'ਚ ਸ਼ਮੂਲੀਅਤ ਕੀਤੀ ਅਤੇ ਨੌਂ ਮਹੀਨੇ ਨਾਭਾ ਬੀੜ ਜੇਲ੍ਹ ਦੀ ਯਾਤਰਾ ਕੀਤੀ।

---

ਜਬ ਧਰਤੀ ਕਰਵਟ ਬਦਲੇਗੀ,  
ਜਬ ਕੈਦ ਸੇ ਕੈਦੀ ਛੂਟੇਂਗੇ।  
ਜਬ ਪਾਪ ਘਰੌਂਦੇ ਫੂਟੇਂਗੇ,  
ਜਬ ਜ਼ੁਲਮ ਕੇ ਬੰਧਨ ਟੂਟੇਂਗੇ।  
ਉਸ ਸੁਬਹਾ ਕੋ ਹਮ ਹੀ ਲਾਏਂਗੇ,  
ਵੋ ਸੁਬਹਾ ਹਮ ਸੇ ਆਏਗੀ।  
(ਸਾਹਿਰ ਲੁਧਿਆਣਵੀ)

ਹਿੰਦੋਸਤਾਨ ਬਹੁ-ਕੌਮੀ ਦੇਸ਼ ਹੈ, ਇਸ ਦੇ ਲੋਕਾਂ ਨੂੰ ਆਪਣੇ ਹੱਕ-ਹਕੂਕਾਂ ਲਈ, ਲੁੱਟ ਦੇ ਵਿਰੋਧ ਵਿਚ ਅਤੇ ਸੰਪੂਰਨ ਆਜ਼ਾਦੀ ਵਾਲਾ ਸਮਾਜ ਸਿਰਜਣ ਲਈ ਇੱਕ ਵਿਸ਼ਾਲ ਪਲੇਟਫਾਰਮ ਬਣਾਉਣ ਦੀ ਲੋੜ ਹੈ।

ਹਿੰਦੋਸਤਾਨ ਨੂੰ ਬਾਹਰਲੀਆਂ ਤਾਕਤਾਂ ਤੋਂ ਆਜ਼ਾਦ ਕਰਾਉਣ ਲਈ ਵੱਖ ਵੱਖ ਜਥੇਬੰਦੀਆਂ, ਲਹਿਰਾਂ, ਸੰਸਥਾਵਾਂ ਅਤੇ ਮੋਰਚਿਆਂ ਦੇ ਪਾਏ ਯੋਗਦਾਨ ਨੂੰ ਯਾਦ ਕਰਨਾ ਚਾਹੀਦਾ ਹੈ। ਸੰਗਰਾਮੀਆਂ ਅਤੇ ਸ਼ਹੀਦਾਂ ਨੂੰ ਯਾਦ ਕਰਨ ਦਾ ਅਰਥ ਹੈ ਕਿ ਅਸੀਂ ਉਨ੍ਹਾਂ ਪ੍ਰਤੀ ਜਾਣੀਏ ਕਿ ਉਹ ਕਿਹੋ ਜਿਹੀ ਸੋਚ ਅਤੇ ਕਿਹੋ ਜਿਹਾ ਦ੍ਰਿਸ਼ਟੀਕੋਣ ਰੱਖਦੇ ਸਨ।

**ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਨਿਊ ਯਾਰਕ** ਉਸ ਹਰ ਚਿੰਤਕ ਦੀ ਕਦਰ ਕਰਦੀ ਹੈ, ਜੋ ਲੁੱਟੇ ਜਾ ਰਹੇ ਸਮਾਜ ਦੇ ਵਿਰੁੱਧ ਹਾਅ ਦਾ ਨਾਅਰਾ ਮਾਰਦਾ ਹੈ ਤੇ ਆਪਣੀ ਮਾਂ ਬੋਲੀ ਨੂੰ ਤਰਜੀਹ ਦਿੰਦਾ ਹੈ। ਜਿਹੜੇ ਭੈਣਾਂ, ਭਰਾਵਾਂ, ਦੋਸਤਾਂ ਅਤੇ ਚਿੰਤਕਾਂ ਨੇ ਦਸੰਬਰ ਮਹੀਨੇ ਦੇ ਲੇਖ ਨੂੰ ਪੂਰਾ ਕਰਨ 'ਚ ਮਦਦ ਕੀਤੀ ਅਤੇ ਹੌਸਲਾ ਦਿੱਤਾ ਅਸੀਂ ਉਨ੍ਹਾਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ, ਅੱਗੇ ਤੋਂ ਵੀ ਸਾਥ ਲਈ ਆਸ ਰੱਖਦੇ ਹਾਂ।

ਦੇਸ਼ ਭਗਤਾਂ, ਸ਼ਹੀਦਾਂ ਅਤੇ ਸੰਗਰਾਮੀਆਂ ਦੇ ਜੀਵਨ ਦਰਸ਼ਨ ਕਰਾਉਣ ਲਈ ਯਤਨ ਜਾਰੀ ਹਨ। ਅਸੀਂ ਹਮੇਸ਼ਾ ਬੇਨਤੀ ਕਰਦੇ ਹਾਂ ਕਿ ਹਿੰਦੋਸਤਾਨ ਦੀ ਆਜ਼ਾਦੀ ਲਈ ਜੂਝੇ ਸੰਗਰਾਮੀ ਅਤੇ ਜਿਨ੍ਹਾਂ ਸ਼ਹੀਦਾਂ ਨੇ ਆਜ਼ਾਦੀ ਦੇ ਹਵਨਕੁੰਡ ਨੂੰ ਪ੍ਰਚੰਡ ਕਰਨ ਲਈ ਜਾਨਾਂ ਦੇ ਕੇ ਆਹੂਤੀਆਂ ਪਾਈਆਂ, ਉਨ੍ਹਾਂ ਵਿਚੋਂ ਬਹੁਤ ਭੁੱਲੇ ਅਤੇ ਵਿਸਰੇ ਹੋਏ ਹਨ। ਜੇ ਕਿਸੇ ਕੋਲ ਭੁੱਲੇ ਵਿਸਰੇ ਸ਼ਹੀਦਾਂ ਜਾਂ ਸੰਗਰਾਮੀਆਂ ਦੀ ਜਾਣਕਾਰੀ ਹੋਵੇ ਤਾਂ ਸਾਡੇ ਨਾਲ ਫੋਨ: 1-347-753-5940 ਰਾਹੀਂ ਸਾਂਝੀ ਕੀਤੀ ਜਾ ਸਕਦੀ ਹੈ ਤਾਂ ਜੋ ਉਨ੍ਹਾਂ ਨੂੰ ਇਤਿਹਾਸ ਨਾਲ ਜੋੜ ਕੇ ਕੁਰਬਾਨੀਆਂ ਦਾ ਰਿਣ ਉਤਾਰਿਆ ਜਾ ਸਕੇ। (ਨੋਟ: ਫੋਨ ਨਾ ਚੁੱਕ ਹੋਣ ਕਰਕੇ ਨੰਬਰ ਅਤੇ ਮੈਸੇਜ ਛੱਡ ਦੇਵੋ, ਅਸੀਂ ਤੁਹਾਡੇ ਨਾਲ ਰਾਬਤਾ ਕਰਾਂਗੇ।)

ਐਸੇ ਨਦਾਂ ਭੀ ਨ ਥੇ ਜਾਂ ਸੇ ਗੁਜ਼ਰਨੇ ਵਾਲੇ,  
ਨਾਸੇਹ-ਓ ਪੰਦਗਾਰੋ ਰਾਹਗੁਜ਼ਰ ਤੋ ਦੇਖੋ।  
(ਫੈਜ਼ ਅਹਿਮਦ ਫੈਜ਼)

---

# ਪੰਜਾਬ ਦਾ ਕੈਪਟਨ ਬਨਾਮ ਭਾਰਤ ਦਾ ਮੋਦੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ  
ਫੋਨ: 91-98157-78469  
Sandhugulzar@yahoo.com

ਸਾਡਾ ਦੇਸ਼ ਇੱਕ ਵਾਰ ਫਿਰ ਇਤਿਹਾਸ ਦੇ ਬਹੁਤ ਨਾਜ਼ੁਕ ਦੌਰ ਵਿਚੋਂ ਲੰਘ ਰਿਹਾ ਹੈ। ਜਿਥੇ ਕੋਵਿਡ-19 ਦੀ ਮਹਾਮਾਰੀ ਵਿਚ ਲੱਖਾਂ ਲੋਕਾਂ ਦੀਆਂ ਜਾਨਾਂ ਜਾ ਰਹੀਆਂ ਹਨ, ਦੇਸ਼ ਦੇ ਨੇਤਾ ਇਸ ਦਾ ਲਾਭ ਉਠਾ ਕੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਦੇ ਆਹਰ ਲੱਗੇ ਹੋਏ ਹਨ। ਦੇਸ਼ ਦਾ ਪ੍ਰਧਾਨ ਮੰਤਰੀ ਪੂੰਜੀਪਤੀਆਂ ਦਾ ਪੱਖ ਪੂਰਨ ਹਿੱਤ ਕਿਰਤੀ-ਕਿਸਾਨਾਂ ਤੇ ਉਨ੍ਹਾਂ ਵਰਗੇ ਹੋਰ ਅਨੇਕਾਂ ਨੂੰ ਦੇਸ਼ ਦੇ ਕਰੋੜਪਤੀਆਂ ਦੇ ਚੁੰਗਲ ਵਿਚ ਸਿੱਟ ਕੇ ਦੁਨੀਆਂ ਦੀ ਸਭ ਤੋਂ ਵੱਡੀ ਸੈਕੂਲਰ ਡੈਮੋਕਰੇਸੀ (ਧਰਮ ਨਿਰਪੇਖ ਲੋਕਤੰਤਰ) ਨੂੰ ਇੱਕ ਰਾਸ਼ਟਰ, ਇੱਕ ਭਾਸ਼ਾ ਅਤੇ ਇੱਕ ਰਹਿਣੀ-ਸਹਿਣੀ ਤੇ ਸਭਿਆਚਾਰ ਦੇ ਕੈਪਸਿਊਲ ਵੱਡੀ ਜਾ ਰਿਹਾ ਹੈ।

ਬੇਰੁਜ਼ਗਾਰੀ, ਅਨਪੜ੍ਹਤਾ ਤੇ ਗਰੀਬੀ ਦਾ ਇੱਕੋ ਇੱਕ ਹੱਲ ਕਿਰਤੀ, ਕਿਸਾਨਾਂ ਤੇ ਗਰੀਬਾਂ ਨੂੰ ਚੋਣਵੇਂ ਪੂੰਜੀਪਤੀਆਂ ਦੇ ਰਹਿਮ-ਓ-ਕਰਮ ਦਾ ਸ਼ਿਕਾਰ ਬਣਾਉਣਾ ਤਾਂ ਇੱਕ ਪਾਸੇ ਰਿਹਾ, ਧਾਰਮਿਕ ਘਟ ਗਿਣਤੀਆਂ, ਦਲਿਤਾਂ, ਔਰਤਾਂ ਅਤੇ ਆਦਿਵਾਸੀਆਂ ਨੂੰ ਵੀ ਲੋੜੀਂਦੀ ਸੁਰੱਖਿਆ ਨਹੀਂ ਦੇ ਰਿਹਾ। ਰਾਜ ਸਰਕਾਰਾਂ ਦੇ ਸੰਵਿਧਾਨਿਕ ਹੱਕਾਂ ਨੂੰ ਛਿੱਕੇ ਉੱਤੇ ਟੰਗ ਕੇ ਆਰਡੀਨੈਂਸਾਂ ਤੇ ਐਕਟਾਂ ਦਾ ਜਾਮਾ ਪਹਿਨਾ ਕੇ ਬਹੁਗਿਣਤੀ ਸਰਕਾਰ ਦਾ ਲਾਭ ਲੈ ਰਿਹਾ ਹੈ।

ਸਭ ਤੋਂ ਮਾੜੀ ਗੱਲ ਇਹ ਕਿ ਖੇਤੀ ਪ੍ਰਧਾਨ ਦੇਸ਼ ਕਿਸਾਨਾਂ ਕੋਲੋਂ ਵੀ ਉਨ੍ਹਾਂ ਦੇ ਹੱਕ ਖੋਹ ਕੇ ਧਨਾਢਾਂ ਦੇ ਹਵਾਲੇ ਕੀਤੇ ਜਾ ਰਹੇ ਹਨ। ਸ਼ਾਇਦ ਉਸ ਨੂੰ ਪੰਜਾਬੀਆਂ ਦੀ ਜਾਂਬਾਜ਼ੀ ਤੇ ਬੰਗਾਲੀਆਂ ਦੀ ਬੁੱਧੀ ਦੀ ਪੂਰੀ ਸਾਰ ਨਹੀਂ। ਉਹ ਭੁੱਲ ਚੁਕਾ ਹੈ ਕਿ ਮੁੱਢ ਕਦੀਮੋਂ ਭਾਰਤ ਉੱਤੇ ਹਮਲਾ ਕਰਨ ਵਾਲੇ ਜਰਵਾਣਿਆਂ ਨੂੰ ਪੰਜਾਬੀ ਸੂਰਮੇ ਹੀ ਅੜਾਏ ਹੱਥੀਂ ਲੈਂਦੇ ਆਏ ਹਨ। ਉਹ ਇਨ੍ਹਾਂ ਮਰਜੀਵੜਿਆਂ ਦੇ ਉੱਦਮ, ਸਿਰੜ ਤੇ ਹੌਸਲੇ ਨੂੰ ਭੁੱਲ ਚੁਕਾ ਜਾਪਦਾ ਹੈ। ਇਹ ਕਿੰਨੀਆਂ ਕੁਰਬਾਨੀਆਂ ਦੇ ਸਦਕੇ ਹਨ, ਉਸ ਨੂੰ ਚੇਤੇ ਨਹੀਂ। ਉਸ ਨੂੰ ਪੰਜਾਬੀ ਬੀਬੀਆਂ ਦੇ ਹੌਸਲਾ ਤੇ ਸਿਰੜ ਬਾਰੇ ਵੀ ਨਹੀਂ ਪਤਾ। ਸਥਿਤੀ ਕਿੰਨੀ ਗੰਭੀਰ ਹੈ, ਉਹ ਨਹੀਂ ਜਾਣਦਾ ਤੇ ਨਾ ਹੀ ਜਾਣਨ ਦਾ ਯਤਨ ਕਰ ਰਿਹਾ ਹੈ।

ਇਹ ਤਸੱਲੀ ਵਾਲੀ ਗੱਲ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਅਮਰਿੰਦਰ ਸਿੰਘ ਸਮੇਂ ਦੀ ਨਜ਼ਾਕਤ ਤੋਂ ਜਾਣੂ ਹੈ। ਉਸ ਨੂੰ ਜਾਣੂ ਕਰਵਾਉਣ ਵਾਲੇ ਪੰਜਾਬ ਦੇ ਕਿਸਾਨ ਹੀ ਨਹੀਂ, ਬੁੱਧੀਜੀਵੀ ਤੇ ਮੀਡੀਆ ਮਹਾਰਥੀ ਵੀ ਹਨ। ਅਖੰਡ ਹਿੰਦੁਸਤਾਨ ਦੇ ਕਿਸਾਨ ਮਸੀਹਾ ਸਰ ਛੋਟੂ ਰਾਮ ਨੂੰ ਠੀਕ ਮਾਰਗ ਦਿਖਾਉਣ ਵਾਲੇ ਵੀ ਪਸ਼ਾਵਰ ਤੋਂ ਦਿੱਲੀ ਪਾਰ ਦੇ ਕਿਰਸਾਨ ਹੀ ਸਨ। ਉਨ੍ਹਾਂ ਦੀ ਭਾਵਨਾ ਪਛਾਣਦਿਆਂ ਛੋਟੂ ਰਾਮ ਨੇ ਉਸ ਵੇਲੇ ਦੀ ਗੋਰੀ ਸਰਕਾਰ ਤੋਂ ਕਿਸਾਨਾਂ ਦੇ ਹੱਕ ਵਿਚ ਏਨੇ ਵਧੀਆ ਤੇ ਪ੍ਰਭਾਵੀ ਕਾਨੂੰਨ ਪਾਸ ਕਰਵਾ ਲਏ ਸਨ ਕਿ ਜ਼ਮਾਨਾ ਜਾਣਦਾ ਹੈ। ਸ਼੍ਰੋਮਣੀ ਅਕਾਲੀ ਦਲ ਤੇ ਪੰਜਾਬ ਦੀਆਂ ਟੁੱਟੀਆਂ ਭੱਜੀਆਂ ਬਾਕੀ ਪਾਰਟੀਆਂ ਕੁਝ ਵੀ ਕਹਿਣ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਜਾਂਬਾਜ਼ ਕਿਸਾਨਾਂ ਦੀ ਬਾਂਹ ਫੜ ਲਈ ਹੈ ਤੇ ਉਨ੍ਹਾਂ ਨੇ ਵੀ ਦਰਿਆ ਦਿਲੀ ਤੋਂ ਕੰਮ ਲੈਂਦਿਆਂ ਦੋ ਹਫਤੇ ਲਈ ਮਾਲ ਤੇ ਯਾਤਰੀ ਰੇਲ ਗੱਡੀਆਂ ਲਈ ਪਟੜੀਆਂ ਖਾਲੀ ਕਰ ਦਿੱਤੀਆਂ ਹਨ।

ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਪ੍ਰਧਾਨ ਮੰਤਰੀ ਮੋਦੀ ਨੂੰ ਵੀ ਦਰਿਆ ਦਿਲੀ ਤੋਂ ਕੰਮ ਲੈਣਾ ਚਾਹੀਦਾ ਹੈ। ਕਿਰਸਾਣੀ ਨਾਲ ਸਬੰਧਤ ਕਾਨੂੰਨਾਂ ਉੱਤੇ ਮੁੜ ਵਿਚਾਰ ਕਰਨ ਦੀ ਲੋੜ ਹੈ। ਆਪਣੇ ਹੱਕਾਂ ਲਈ ਜੂਝ ਰਹੀ ਦੇਸ਼ ਦੀ ਕਿਸਾਨੀ ਨੇ ਇਕ ਵਾਰੀ ਫਿਰ ਸਰ ਛੋਟੂ ਰਾਮ ਦੇ ਬੋਲ ਚੇਤੇ ਕਰਵਾ ਦਿੱਤੇ ਹਨ, "ਪੰਜਾਬ ਦੀ ਸਿਆਸਤ ਲਈ ਅਤਿਅੰਤ ਜ਼ਰੂਰੀ ਹੈ ਕਿ ਸਾਰੇ ਦੇ ਸਾਰੇ ਕਿਸਾਨ ਧਰਮਾਂ ਨੂੰ ਭੁੱਲਾ ਕੇ ਇੱਕਜੁੱਟ ਹੋ ਜਾਣ।"

ਇਹ ਚੰਗੀ ਗੱਲ ਹੈ ਕਿ ਭਾਰਤ ਸਰਕਾਰ ਨੇ ਤਿੰਨ ਦਸੰਬਰ 2020 ਨੂੰ ਕਿਸਾਨ ਜਥੇਬੰਦੀਆਂ ਨਾਲ ਗੱਲ ਕਰਨੀ ਮੰਨ ਲਈ ਹੈ। ਦੇਖੋ ਕੀ ਨਤੀਜਾ ਨਿਕਲਦਾ ਹੈ!

**ਅੰਤਿਕਾ: ਸਰ ਛੋਟੂ ਰਾਮ ਦੇ ਮਨਪਸੰਦ ਸ਼ਿਅਰ**

ਮੇਰਾ ਰੋਨਾ ਨਹੀਂ,  
ਰੋਨਾ ਹੈ ਯੇਹ ਸਾਰੇ ਗੁਲਿਸਤਾਂ ਕਾ।  
ਵਹ ਗੁਲ ਹੂੰ ਮੈਂ, ਖਿਜ਼ਾਂ  
ਹਰ ਗੁਲ ਕੀ ਹੈ ਖਿਜ਼ਾਂ ਮੇਰੀ,  
ਜਿਸ ਖੇਤ ਸੇ ਦਹਿਕਾਂ  
ਕੋ ਮੁਈਸਰ ਨਹੀਂ ਰੋਜ਼ੀ  
ਉਸ ਖੇਤ ਕੇ ਹਰ  
ਖੋਸ਼-ਏ-ਗੰਦਮ ਕੋ ਜਲਾ ਦੋ।  
ਯਹੀ ਆਈਨ-ਏ-ਕੁਦਰਤ ਹੈ,  
ਯਹੀ ਅਸਲੂਬ-ਏ-ਫਿਤਰਤ ਹੈ।  
ਜੋ ਹੈ ਰਾਹ-ਏ-ਅਮਲ ਮੇਂ ਗਾਮਜ਼ਨ,  
ਵਹੀ ਮਹਿਬੂਬ-ਏ-ਫਿਤਰਤ ਹੈ।  
ਚਮਨ ਜ਼ੋਰ ਸਿਆਸਤ ਸੇ  
ਖਾਮੋਸ਼ੀ ਮੌਤ ਹੈ ਬੁਲਬੁਲ,  
ਯਹਾਂ ਕੀ ਜ਼ਿੰਦਗੀ  
ਪਾਬੰਦੀ-ਏ-ਰਸਮ-ਏ-ਫੁਗਾਂ ਤੱਕ ਹੈ।  
-ਸਰ ਮੁਹੰਮਦ ਇਕਬਾਲ

# ਕੈਨੇਡਾ ਦੇ ਮੂਲਵਾਸੀ

***ਸੰਸਾਰ ਦੇ ਹਰ ਮੁਲਕ ਦੇ ਮੂਲਵਾਸੀਆਂ ਨੂੰ ਵੱਖ-ਵੱਖ ਸਮਿਆਂ ਦੌਰਾਨ ਦੁਸ਼ਵਾਰੀਆਂ ਨਾਲ ਜੂਝਣਾ ਪਿਆ ਹੈ। ਕੈਨੇਡਾ ਦੇ ਮੂਲਵਾਸੀਆਂ ਦਾ ਹਾਲ ਵੀ ਕੋਈ ਵੱਖਰਾ ਨਹੀਂ। ਇਨ੍ਹਾਂ ਦੀ ਆਪਣੀ ਨਿਵੇਕਲੀ ਜੀਵਨ ਸ਼ੈਲੀ ਹੈ ਜੋ ਪੱਛਮੀ ਰਹਿਣੀ-ਬਹਿਣੀ ਤੋਂ ਕੋਹਾਂ ਦੂਰ ਹੈ। ਪੱਛਮ ਪੰਥੀਆਂ ਨੇ ਇਨ੍ਹਾਂ ਲੋਕਾਂ ਨਾਲ ਬਹੁਤ ਵਧੀਕੀਆਂ ਕੀਤੀਆਂ ਹਨ। ਹੁਣ ਕਿਤੇ ਆ ਕੇ ਕੁਝ ਸਿਆਸਤਦਾਨਾਂ ਨੇ ਇਨ੍ਹਾਂ ਵਧੀਕੀਆਂ ਲਈ ਇਨ੍ਹਾਂ ਲੋਕਾਂ ਤੋਂ ਮੁਆਫੀ ਮੰਗੀ ਹੈ। ਇਸ ਬਾਰੇ ਚਰਚਾ ਉਘੇ ਲਿਖਾਰੀ ਆਤਮਜੀਤ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਕੈਨੇਡਾ ਦੇ ਮੂਲਵਾਸੀਆਂ ਨੂੰ ਕਿਸੇ ਇਕ ਪਰਿਭਾਸ਼ਾ ਵਿਚ ਬੰਨ੍ਹਣਾ ਬਹੁਤ ਔਖਾ ਹੈ। ਉਨ੍ਹਾਂ ਦੀਆਂ ਪੰਜਾਹ ਵੱਖ-ਵੱਖ ਕੌਮੀ ਸ਼ਨਾਖਤਾਂ ਹਨ ਅਤੇ ਉਹ ਛੇ ਸੌ ਅੱਡ-ਅੱਡ ਸਮੂਹਾਂ ਵਿਚ ਰਹਿੰਦੇ ਹਨ। ਉਹ ਕੈਨੇਡਾ ਵਿਚ ਵੀ ਹਨ ਅਤੇ ਅਮਰੀਕਾ ਵਿਚ ਵੀ। ਕੋਲੰਬਸ ਜਦੋਂ ਅਮਰੀਕਾ ਨੂੰ ਇੰਡੀਆ ਸਮਝ ਕੇ 1492 ਵਿਚ ਉਥੇ ਪਹੁੰਚਾ ਸੀ ਤਾਂ ਉਸ ਨੇ ਇਨ੍ਹਾਂ ਨੂੰ ਇੰਡੀਅਨ ਕਿਹਾ ਸੀ। ਇਸ ਲਈ ਉਨ੍ਹਾਂ ਨੂੰ ਰੈੱਡ ਇੰਡੀਅਨ ਵੀ ਕਿਹਾ ਜਾਂਦਾ ਰਿਹਾ। ਸਾਡੇ ਪੰਜਾਬੀ ਆਪਸੀ ਗੱਲਬਾਤ ਵਿਚ ਉਨ੍ਹਾਂ ਨੂੰ ਲਾਲ ਭਾਰਤੀ ਵੀ ਕਹਿੰਦੇ ਹਨ ਪਰ ਕਿਸੇ ਨਸਲ ਨਾਲ ਰੰਗ ਜੋੜ ਕੇ ਉਸ ਦਾ ਨਾਮਕਰਨ ਕਰਨਾ ਸਹੀ ਨਹੀਂ। ਅੱਜਕਲ੍ਹ ਭਾਰਤੀਆਂ-ਪਾਕਿਸਤਾਨੀਆਂ ਨੂੰ ਬਰਾਊਨ ਜਾਂ ਅਫਰੀਕੀ ਮੂਲ ਦੇ ਲੋਕਾਂ ਨੂੰ ਬਲੈਕ ਆਖਣ ਤੋਂ ਵੀ ਬਚਿਆ ਜਾਂਦਾ ਹੈ। ਹਾਂ, ਗੋਰਿਆਂ ਨੂੰ ਆਮ ਕਰ ਕੇ ਵ੍ਹਾਈਟ ਕਹਿ ਦਿੱਤਾ ਜਾਂਦਾ ਹੈ; ਸ਼ਾਇਦ ਇਸ ਸ਼ਬਦ ਵਿਚ ਕਿਸੇ ਕਿਸਮ ਦੀ ਹਕਾਰਤ ਜਾਂ ਤੌਹੀਨ ਸ਼ਾਮਲ ਨਹੀਂ। ਮੂਲਵਾਸੀਆਂ ਨੂੰ ਦੇਸੀ ਜ਼ਰੂਰ ਕਿਹਾ ਜਾ ਸਕਦਾ ਹੈ ਪਰ ਕਿਉਂਕਿ ਪੰਜਾਬੀ ਉਥੇ ਆਪਣੇ-ਆਪ ਨੂੰ ਦੇਸੀ ਕਹਿੰਦੇ ਹਨ, ਇਸ ਲਈ ਅਸੀਂ ਸਭ ਕਿਸਮ ਦੇ ਪੁਰਾਣੇ ਲੋਕਾਂ ਵਾਸਤੇ ਮੂਲਵਾਸੀ ਲਫਜ਼ ਦੀ ਵਰਤੋਂ ਕੀਤੀ ਹੈ। ਇਨ੍ਹਾਂ ਨੂੰ ਐਬੋਰਿਜਨਲ ਵੀ ਕਿਹਾ ਜਾਂਦਾ ਹੈ ਪਰ ਹੁਣ ਇਨ੍ਹਾਂ ਨੂੰ ਇੰਡੀਜਨਸ



**ਆਤਮਜੀਤ**

ਲੋਕ ਦਾ ਨਵਾਂ ਨਾਂ ਦਿੱਤਾ ਗਿਆ ਹੈ। ਇਹ ਤਿੰਨ ਪ੍ਰਕਾਰ ਦੇ ਹੁੰਦੇ ਹਨ।

ਇਨਿਊਟ: ਉਹ ਲੋਕ ਜਿਹੜੇ ਉਤਰੀ ਪੋਲ ਵਿਚ ਬਹੁਤ ਜ਼ਿਆਦਾ ਠੰਢੇ ਇਲਾਕਿਆਂ ਵਿਚ ਰਹਿੰਦੇ ਹਨ। ਇਹਨਾਂ ਦਾ ਵਸੇਬਾ ਆਰਕਟਿਕ ਸਾਗਰ ਦੇ ਆਸੇ-ਪਾਸੇ ਵੱਸੇ ਅਮਰੀਕਾ ਦੇ ਅਲਾਸਕਾ ਸੂਬੇ ਅਤੇ ਕੈਨੇਡਾ ਦੇ ਧੁਰ-ਉਤਰੀ ਇਲਾਕਿਆਂ ਵਿਚ ਹੈ। ਉਨ੍ਹਾਂ ਦੇ ਨੇੜੇ ਕੁਝ ਯੂਰਪੀ ਮੁਲਕਾਂ ਦੇ ਇਲਾਕੇ ਵੀ ਹਨ। ਇਨ੍ਹਾਂ ਨੂੰ ਪਹਿਲਾਂ ਐਸਕੀਮੋ ਵੀ ਕਿਹਾ ਜਾਂਦਾ ਸੀ।

ਮੇਤੀ: ਇਹ ਮੂਲਵਾਸੀ ਅਤੇ ਯੂਰਪੀ ਮਾਪਿਆਂ, ਵਿਸ਼ੇਸ਼ ਕਰ ਕੇ ਫਰਾਂਸੀਸੀਆਂ ਦੇ ਮੇਲ ਚੋਂ ਪੈਦਾ ਹੋਈ ਔਲਾਦ ਹਨ।

ਬਾਕੀ ਸਾਰਿਆਂ ਨੂੰ ਫਸਟ ਨੇਸ਼ਨ ਲੋਕ ਕਿਹਾ ਜਾਂਦਾ ਹੈ। ਅਸੀਂ ਸਾਰਿਆਂ ਨੂੰ ਮਿਲਾ ਕੇ ਮੂਲਵਾਸੀ ਕਹਿ ਰਹੇ ਹਾਂ। 2016 ਦੀ ਜਨ-ਗਣਨਾ ਅਨੁਸਾਰ ਕੈਨੇਡਾ ਵਿਚ ਮੂਲਵਾਸੀਆਂ ਦੀ ਕੁੱਲ ਗਿਣਤੀ ਲਗਭਗ 17 ਲੱਖ ਸੀ। 2016 ਦੀ ਜਨ-ਗਣਨਾ ਮੁਤਾਬਿਕ ਐਡਮੰਟਨ ਵਿਚ 76 ਹਜ਼ਾਰ, ਵੈਨਕੂਵਰ ਵਿਚ 61 ਹਜ਼ਾਰ ਅਤੇ ਟੋਰਾਂਟੋ ਵਿਚ 46 ਹਜ਼ਾਰ ਐਸੇ ਲੋਕ ਰਹਿੰਦੇ ਸਨ ਪਰ ਵਿਨੀਪੈੱਗ ਸ਼ਹਿਰ ਵਿਚ ਇਨ੍ਹਾਂ ਦੀ ਗਿਣਤੀ 92000 ਤੋਂ ਵੀ ਵੱਧ ਸੀ ਜਿੱਥੇ ਮੇਤੀਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਇਨ੍ਹਾਂ ਦੇ ਨੇਤਾ ਲੂਈ ਰਿਆਲ ਦਾ ਜ਼ਿਕਰ ਅਸੀਂ ਪਹਿਲਾਂ ਕਰ ਚੁੱਕੇ ਹਾਂ। ਜਦੋਂ 16ਵੀਂ ਸਦੀ ਵਿਚ ਯੂਰਪੀਨਾਂ ਨੇ ਇਸ ਧਰਤੀ 'ਤੇ ਕਬਜ਼ਾ ਜਮਾਉਣਾ ਸ਼ੁਰੂ ਕੀਤਾ ਤਾਂ ਮੂਲਵਾਸੀਆਂ ਦੀ ਗਿਣਤੀ ਘਟਣੀ ਸ਼ੁਰੂ ਹੋ ਗਈ ਸੀ। ਜੰਗਾਂ, ਬਿਮਾਰੀਆਂ, ਜ਼ਿਆਦਤੀਆਂ ਅਤੇ ਹੋਰ ਅਲਾਮਤਾਂ ਨੇ ਉਨ੍ਹਾਂ ਨੂੰ ਉਖਾੜ ਦਿੱਤਾ ਸੀ ਪਰ ਪਿਛਲੇ ਪੰਜਾਹ ਸਾਲਾਂ ਵਿਚ ਸਿਹਤ ਸਹੂਲਤਾਂ ਦੇ ਸੁਧਾਰ ਨਾਲ ਉਨ੍ਹਾਂ ਦੀ ਗਿਣਤੀ ਵਿਚ ਦੁਬਾਰਾ ਵਾਧਾ ਹੋ ਰਿਹਾ ਹੈ। ਅਸਲ ਵਿਚ ਹੁਣ ਉਹ ਸਭ ਤੋਂ ਤੇਜ਼ੀ ਨਾਲ ਵਧ ਰਹੇ ਹਨ।

ਮੂਲਵਾਸੀਆਂ ਦੀ ਆਪਣੀ ਨਿਵੇਕਲੀ ਜੀਵਨ ਸ਼ੈਲੀ ਹੈ ਜੋ ਪੱਛਮੀ ਰਹਿਣੀ-ਬਹਿਣੀ ਤੋਂ ਕੋਹਾਂ ਦੂਰ ਹੈ। ਭਾਰਤ ਦੇ ਮੂਲ ਵਾਸੀਆਂ ਵਾਂਗ ਉਹ ਵੀ ਧਰਤੀ, ਹਵਾ, ਸੂਰਜ ਆਦਿ ਜਿਹੇ ਕੁਦਰਤੀ ਸ੍ਰੋਤਾਂ ਦੀ ਪੂਜਾ ਕਰਦੇ ਹਨ। ਇਵੇਂ ਹੀ ਉਨ੍ਹਾਂ ਦੀ 'ਸਮੱਜ ਸੈਰੇਮਨੀ' ਵਿਚ ਧੂੰਏਂ ਦਾ ਬਹੁਤ ਮਹੱਤਵ ਹੈ। ਜੜੀਆਂ-ਬੂਟੀਆਂ ਨੂੰ ਬਾਲ ਕੇ ਧੂੰਆਂ ਇਨਸਾਨਾਂ ਵੱਲ ਭੇਜਿਆ ਜਾਂਦਾ ਹੈ ਜਿਸ ਨਾਲ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਦੀ ਸਰੀਰਕ ਅਤੇ ਅਧਿਆਤਮਕ ਸ਼ੁੱਧੀ ਹੁੰਦੀ ਹੈ। ਮੂਲਵਾਸੀਆਂ ਕੋਲ ਲੋਕਧਾਰਾ ਦਾ ਅਨੂਠਾ ਖਜ਼ਾਨਾ ਹੈ। ਕਥਾਵਾਂ, ਪਹਿਰਾਵੇ, ਇਲਾਜ ਦੇ ਨੁਸਖੇ ਅਤੇ ਹੱਥੀਂ ਬਣਾਈਆਂ ਵਸਤਾਂ ਦਾ ਵੱਡਾ ਖਜ਼ਾਨਾ ਹੈ ਜੋ ਹੁਣ ਰੁਲਣ ਕੰਢੇ ਆ ਪਹੁੰਚਾ ਹੈ। ਉਨ੍ਹਾਂ ਦੇ ਮਿਥਿਹਾਸ ਵਿਚ ਬਹੁਤ ਗਹਿਰਾਈ ਹੈ ਜੋ ਉਨ੍ਹਾਂ ਦੀਆਂ ਅਮੀਰ ਪਰੰਪਰਾਵਾਂ ਦੀ ਗੁਆਹੀ ਭਰਦਾ ਹੈ। ਇਕ ਇਨਿਊਟ (ਐਸਕੀਮੋ) ਮਿਥ ਅਨੁਸਾਰ ਦੋ ਔਰਤਾਂ ਇਸ ਗੱਲ 'ਤੇ ਬਹਿਸ ਕਰਦੀਆਂ ਹਨ ਕਿ ਕਿਹੜੀ ਜ਼ਿੰਦਗੀ ਚੰਗੀ ਹੈ; ਜਿਸ ਵਿਚ ਬੰਦਾ ਕਦੇ ਮਰੇ ਹੀ ਨਾ ਪਰ ਸਦਾ ਹਨੇਰਾ ਰਹੇ। ਜਾਂ ਉਹ, ਜਿਸ ਵਿਚ ਚਾਨਣ ਤਾਂ ਹੋਵੇ ਪਰ ਮਰਨਾ ਵੀ ਪਵੇ? ਅਖੀਰ ਵਿਚ ਚਾਨਣ ਵਾਲੀ ਮੌਤ ਦੇ ਹੱਕ ਵਿਚ ਫੈਸਲਾ ਹੁੰਦਾ ਹੈ। ਮੂਲਵਾਸੀਆਂ ਦੇ ਮਿਥਿਹਾਸ ਵਿਚ ਇਹ ਗੱਲ ਵਾਰ-ਵਾਰ ਆਉਂਦੀ ਹੈ ਕਿ ਨਾਇਕ ਕਿਵੇਂ ਆਪਣੇ ਅਜਿੱਤ ਦਿੱਸਦੇ ਵਿਰੋਧੀਆਂ ਨੂੰ ਢਾਹ ਸਕਦਾ ਹੈ। ਇਵੇਂ ਹੀ ਦੁਨੀਆਂ ਦੇ ਬਹੁਤ ਸਾਰੇ ਸਭਿਆਚਾਰਾਂ ਵਿਚ ਪ੍ਰਸਿੱਧ ਚਾਲਬਾਜ਼ ਦੇਵਤਿਆਂ ਵਾਂਗ ਕੈਨੇਡਾ ਦੇ ਮੈਦਾਨੀ ਇਲਾਕਿਆਂ ਦੀਆਂ ਕਥਾਵਾਂ ਵਿਚ 'ਕੋਯੋਟ' ਇਕ ਬਹੁ-ਪਰਤੀ ਅਤੇ ਗੁੰਝਲਦਾਰ ਪਾਤਰ ਹੈ। ਕੋਯੋਟ ਕੁੱਤਾ ਨਸਲ ਦਾ ਇਕ ਜਾਨਵਰ ਹੈ ਜਿਹੜਾ ਦੁਨੀਆ ਦੇ ਹੋਰ ਖਿੱਤਿਆਂ ਵਿਚ ਨਹੀਂ ਪਹੁੰਚਿਆ। ਕਥਾਵਾਂ ਵਿਚ ਕੋਯੋਟ ਜ਼ਾਲਮ, ਧੋਖੇਬਾਜ਼ ਅਤੇ ਦੁਰਾਚਾਰੀ ਹੁੰਦਾ ਹੈ, ਆਪਣੀ ਧੀ ਜਾਂ ਨਾਨੀ-ਦਾਦੀ ਨੂੰ ਵੀ ਛਲ ਨਾਲ ਆਪਣੇ ਮੋਹ-ਜਾਲ ਵਿਚ ਫਸਾ ਸਕਦਾ ਹੈ। ਉਸ ਵਿਚ ਤਰਸ ਦੀ ਭਾਵਨਾ ਨਹੀਂ। ਜਿਹੜੇ ਉਸ ਦੀ ਮਦਦ ਕਰਦੇ ਹਨ, ਉਨ੍ਹਾਂ ਵਾਸਤੇ ਵੀ ਦੈਂਤ ਬਣ ਸਕਦਾ ਹੈ। ਉਹ ਬੜਾ ਵੱਡਾ ਭੁੱਖੜ ਵੀ ਹੈ ਅਤੇ ਲੋਕਾਂ ਦਾ ਭੋਜਨ ਖਾ ਜਾਂਦਾ ਹੈ। ਪਰ ਕੁਝ ਹੋਰ ਕਹਾਣੀਆਂ ਵਿਚ ਕੋਯੋਟ ਨੂੰ ਐਸੇ ਮਹਾਨ ਜਾਦੂਗਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਜਿਹੜਾ ਦੁਨੀਆਂ ਨੂੰ ਕਾਬੂ ਵਿਚ ਰੱਖ ਕੇ ਮਨੁੱਖਤਾ ਦੇ ਭਲੇ ਵਾਸਤੇ ਕੰਮ ਕਰਦਾ ਹੈ। ਇਸੇ ਤਰ੍ਹਾਂ ਦਾ ਇਕ ਹੋਰ ਦਿਲਚਸਪ ਪਾਤਰ 'ਰੇਵਨ' (ਇਕ ਪੰਛੀ) ਹੈ ਜੋ ਉਤਰੀ ਤੱਟ ਦੀਆਂ ਕਥਾਵਾਂ ਵਿਚ ਹੁੰਦਾ ਹੈ। ਕਰੋ (ਕਾਂ) ਵੀ ਐਸਾ ਹੀ ਪਾਤਰ ਹੈ। ਅਫਰੀਕਨ ਕਹਾਣੀਆਂ ਵਾਂਗ ਉਤਰ-ਅਮਰੀਕਾ ਦੇ ਮੂਲਵਾਸੀਆਂ ਦੀਆਂ ਕਥਾਵਾਂ ਵਿਚ ਬਹੁਤੀ ਸ਼ਿਸ਼ਟਤਾ ਨਹੀਂ ਹੁੰਦੀ ਪਰ ਉਹ ਅਰਥਾਂ ਨਾਲ ਭਰੀਆਂ ਹੁੰਦੀਆਂ ਹਨ ਪਰ ਇਨ੍ਹਾਂ ਮਿਥਾਂ ਨੂੰ ਖੋਲ੍ਹਣਾ ਸੌਖਾ ਨਹੀਂ, ਇਸ ਵਾਸਤੇ ਉਨ੍ਹਾਂ ਦੀ ਬੋਲੀ ਅਤੇ ਸੰਸਾਰ ਦੇ ਧੁਰ ਅੰਦਰ ਜਾਣਾ ਪੈਂਦਾ ਹੈ। ਇਹ ਮਿਥਾਂ ਸਿਰਫ ਰੰਗੀਨ ਕਹਾਣੀਆਂ ਨਹੀਂ, ਜੀਵਨ ਨਾਲ ਜੁੜੇ ਯਥਾਰਥ ਦਾ ਸ਼ੀਸ਼ਾ ਹਨ, ਸਚਾਈ ਦਾ ਨਾਟਕੀ ਰੂਪ ਹਨ।

ਇਕ ਕਥਾ ਅਨੁਸਾਰ ਇਕ ਔਰਤ ਦੇ ਸੱਪ ਨਾਲ ਸੰਬੰਧ ਬਣ ਜਾਂਦੇ ਹਨ। ਉਸ ਦਾ ਪਤੀ ਪਹਿਲਾਂ ਸੱਪ ਅਤੇ ਫਿਰ ਪਤਨੀ ਨੂੰ ਮਾਰ ਕੇ ਉਸ ਦਾ ਸਿਰ ਵੱਢ ਦਿੰਦਾ ਹੈ ਪਰ ਵੱਢਿਆ ਸਿਰ ਉਸ ਬੰਦੇ ਅਤੇ ਉਹਦੇ ਪਰਿਵਾਰ ਪਿੱਛੇ ਭੱਜਣ ਲੱਗ ਪੈਂਦਾ ਹੈ। ਉਹ ਸਾਰੇ ਬੜੀ ਮੁਸ਼ਕਿਲ ਨਾਲ ਉਸ ਤੋਂ ਬਚਦੇ ਹਨ। ਇਸ ਕਥਾ ਵਿਚ ਸੱਪ ਅਤੇ ਵੱਢੇ ਸਿਰ ਦਾ ਸਾਰੇ ਪਰਿਵਾਰ ਪਿੱਛੇ ਦੌੜਨਾ ਬਹੁਤ ਮਾਇਨੇ ਭਰਪੂਰ ਹੈ।

ਅਮੀਰ ਸਭਿਆਚਾਰ ਵਾਲੇ ਇਨ੍ਹਾਂ ਪ੍ਰਾਚੀਨ ਲੋਕਾਂ ਦੀ ਅਜੋਕੀ ਹਾਲਤ ਤਰਸਯੋਗ ਹੈ। ਇਸ ਵਾਸਤੇ ਉਹ ਕਿਸੇ ਹੱਦ ਤੱਕ ਖੁਦ ਵੀ ਜ਼ਿੰਮੇਵਾਰ ਹਨ ਪਰ ਉਨ੍ਹਾਂ ਨੂੰ ਉਥੋਂ ਦੇ ਸਿਸਟਮ ਨੇ ਬਿਲਕੁਲ ਰੋਲ ਕੇ ਰੱਖ ਦਿੱਤਾ। ਯੂਰਪੀਨ ਉਨ੍ਹਾਂ ਦੀ ਧਰਤੀ 'ਤੇ ਵਪਾਰੀ ਬਣ ਕੇ ਗਏ ਅਤੇ ਹੌਲੀ-ਹੌਲੀ ਆਪਣੀ ਯੁੱਧ ਕਲਾ ਦੀ ਬਿਹਤਰੀ ਕਰ ਕੇ ਉਨ੍ਹਾਂ ਉਤੇ ਕਾਬਜ਼ ਹੋ ਗਏ। ਬਹੁਤ ਸਾਰੇ ਮੂਲਵਾਸੀ ਬਿਮਾਰੀਆਂ ਨੇ ਮਾਰ ਦਿੱਤੇ ਅਤੇ ਬਾਕੀਆਂ ਨੂੰ ਖਤਮ ਕਰਨ ਦੀਆਂ ਯੋਜਨਾਵਾਂ ਘੜੀਆਂ ਗਈਆਂ। ਇਹ ਗੱਲਾਂ ਅਮਰੀਕਾ ਅਤੇ ਕੈਨੇਡਾ ਦੇ ਮੂਲਵਾਸੀਆਂ ਉਤੇ ਸਾਂਝੇ ਤੌਰ 'ਤੇ ਢੁਕਦੀਆਂ ਹਨ। 1824 ਵਿਚ 'ਇੰਡੀਅਨ ਰਿਮੂਵਲ ਐਕਟ' ਬਣਾਇਆ ਗਿਆ ਜਿਸ ਅਧੀਨ ਉਨ੍ਹਾਂ ਦੇ ਖਾਣ-ਪੀਣ ਦੇ ਸ੍ਰੋਤਾਂ ਨੂੰ ਖਤਮ ਕਰ ਦਿੱਤਾ ਗਿਆ, ਭਾਵ ਉਹ ਸਾਰੇ ਜੰਗਲੀ ਜਾਨਵਰ ਮਾਰ ਦਿੱਤੇ ਗਏ ਜਿਨ੍ਹਾਂ ਦਾ ਸ਼ਿਕਾਰ ਕਰ ਕੇ ਉਨ੍ਹਾਂ ਦਾ ਜੀਵਨ ਚਲਦਾ ਸੀ। ਅਮਰੀਕਾ ਦੀ ਖਾਨਾਜੰਗੀ (ਸਿਵਲ ਵਾਰ, 1861-1865) ਤੋਂ ਬਾਅਦ ਇਹ ਸੋਚਿਆ ਗਿਆ ਕਿ ਇਨ੍ਹਾਂ ਨੂੰ ਵ੍ਹਾਈਟ ਕਮਿਊਨਿਟੀ ਦੀ ਜੀਵਨ-ਸ਼ੈਲੀ ਵਿਚ ਢਾਲ ਦਿੱਤਾ ਜਾਵੇ। ਇਸ ਕੰਮ ਲਈ ਪੈਨਸਿਲਵੇਨੀਆ ਵਿਚ ਇਕ ਕ੍ਰਿਸਚੀਅਨ ਸਕੂਲ ਬਣਾਇਆ ਗਿਆ ਜਿਸ ਦੇ ਮੋਢੀ ਰਿਚਰਡ ਹੈਨਰੀ ਪਰਾਟ ਦਾ ਖਿਆਲ ਸੀ, "ਇਕ ਜਰਨੈਲ ਨੇ ਕਿਹਾ ਸੀ ਕਿ ਸਿਰਫ ਮਰਿਆ ਮੂਲਵਾਸੀ ਹੀ ਚੰਗਾ ਬੰਦਾ ਹੋ ਸਕਦਾ ਹੈ ਪਰ ਮੈਂ ਕਹਾਂਗਾ ਕਿ ਮੂਲਵਾਸੀਆਂ ਨੂੰ ਜ਼ਿੰਦਾ ਰਹਿਣ ਦੇਵੋ, ਉਨ੍ਹਾਂ ਦੇ ਅੰਦਰਲੀ ਮੂਲਵਾਸੀ-ਆਤਮਾ ਨੂੰ ਮਸਲ ਦਿਉ।" ਇਸ ਮੰਤਵ ਲਈ ਸਾਰੇ ਅਮਰੀਕਾ ਅਤੇ ਕੈਨੇਡਾ ਵਿਚ ਅਨੇਕ ਰਿਹਾਇਸ਼ੀ ਈਸਾਈ ਸਕੂਲ ਖੋਲ੍ਹੇ ਗਏ। ਭਾਰਤ ਵਿਚ ਲਾਰਡ ਮੈਕਾਲੇ ਦਾ 1860 ਵਿਚ ਅੰਗਰੇਜ਼ੀ ਪੜ੍ਹਾਉਣ ਦਾ ਫੈਸਲਾ ਓਨਾ ਮਾਰੂ ਨਹੀਂ ਸੀ ਜਿੰਨੀ ਘਾਤਕ ਗੋਰਿਆਂ ਦੀ ਮੂਲਵਾਸੀਆਂ ਪ੍ਰਤੀ ਪਹੁੰਚ ਸੀ। ਇਨ੍ਹਾਂ ਸਕੂਲਾਂ ਨੂੰ ਮਿਲਟਰੀ ਵਰਗੇ ਕਠੋਰ ਅਨੁਸ਼ਾਸਨ ਨਾਲ ਚਲਾਇਆ ਜਾਂਦਾ। ਉਨ੍ਹਾਂ ਦੇ ਸਾਰੇ ਦਿਨ ਦੇ ਕੈਲੰਡਰ ਨੂੰ ਘੰਟੀਆਂ ਵਜਾ-ਵਜਾ ਕੇ ਬੰਨ੍ਹਿਆ ਹੁੰਦਾ ਸੀ। ਮਾਂ-ਪਿਉ ਤੋਂ ਦੂਰ ਇਨ੍ਹਾਂ ਬੱਚਿਆਂ ਦਾ ਸੌਣਾ-ਉਠਣਾ, ਨ੍ਹਾਉਣਾ-ਧੋਣਾ, ਖਾਣਾ-ਪੀਣਾ, ਪੜ੍ਹਨਾ-ਖੇਡਣਾ ਸਭ ਕੁਝ ਘੰਟੀਆਂ ਦੇ ਅਧੀਨ ਸੀ ਜਿਸ ਨਾਲ ਬੱਚਿਆਂ ਦੀ ਜ਼ਿੰਦਗੀ ਮਸ਼ੀਨ ਬਣ ਗਈ। ਉਨ੍ਹਾਂ ਦੇ ਸਭਿਆਚਾਰ ਨੂੰ ਜ਼ਿੰਦਾ ਰੱਖਣ ਵਾਲੇ ਸਭ ਤੱਤਾਂ ਨੂੰ ਹੌਲੀ-ਹੌਲੀ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਉਹ ਆਪਣੀ ਬੋਲੀ ਬੋਲਦੇ ਤਾਂ ਉਨ੍ਹਾਂ ਨੂੰ ਸਜ਼ਾ ਮਿਲਦੀ ਸੀ। ਯੂਰਪੀਨਾਂ ਦੇ ਆਉਣ ਤੋਂ ਪਹਿਲਾਂ ਮੂਲਵਾਸੀਆਂ ਦੀਆਂ ਤਿੰਨ ਸੌ ਬੋਲੀਆਂ ਸਨ, ਹੁਣ ਡੇਢ ਸੌ ਰਹਿ ਗਈਆਂ ਹਨ ਅਤੇ ਇਹ ਬੱਚੇ ਉਨ੍ਹਾਂ ਵਿਚੋਂ ਵੀ 125 ਬੋਲੀਆਂ ਨੂੰ ਭੁੱਲ ਚੁੱਕੇ ਹਨ। ਉਹ ਸਕੂਲਾਂ ਵਿਚੋਂ ਭੱਜਦੇ ਸਨ ਤਾਂ ਵੀ ਸਜ਼ਾ ਸੀ; ਡੰਡੇ ਮਾਰਨੇ, ਭੁੱਖੇ ਰੱਖਣਾ ਅਤੇ ਕਾਲ-ਕੋਠੜੀਆਂ ਵਿਚ ਬੰਦ ਕਰ ਦੇਣਾ ਉਥੋਂ ਦਾ ਜੀਵਨ ਸੀ। ਕਈ ਵਾਰ ਉਨ੍ਹਾਂ ਦੇ ਵਾਲ ਕੱਟ ਦਿੱਤੇ ਜਾਂਦੇ ਸਨ ਜਿਨ੍ਹਾਂ ਨੂੰ ਉਹ ਬਹੁਤ ਪਿਆਰ ਕਰਦੇ ਸਨ। ਕੈਨੇਡਾ ਵਿਚ ਸੰਨ 1870 ਤੋਂ 1996 ਤੱਕ ਡੇਢ ਲੱਖ ਅਜਿਹੇ ਬੱਚੇ ਘਰਾਂ ਤੋਂ ਖੋਹ ਲਏ ਗਏ ਸਨ। ਜੇ ਮਾਪੇ ਬੱਚਿਆਂ ਨੂੰ ਭੇਜਣੋਂ ਇਨਕਾਰੀ ਹੁੰਦੇ ਤਾਂ ਉਨ੍ਹਾਂ ਨੂੰ ਮੁਫਤ ਭੋਜਨ ਅਤੇ ਹੋਰ ਮਿਲਦੀਆਂ ਸਹੂਲਤਾਂ ਤੋਂ ਵਾਂਝਾ ਕਰ ਦਿੱਤਾ ਜਾਂਦਾ। ਕਈ ਵਾਰ ਬੱਚਿਆਂ ਨੂੰ ਰਿਹਾਇਸ਼ੀ ਸਕੂਲਾਂ ਵਿਚ ਲਿਜਾ ਕੇ ਮਾਪਿਆਂ ਨੂੰ ਕਿਤੇ ਹੋਰ ਭੇਜ ਦਿੱਤਾ ਜਾਂਦਾ ਅਤੇ ਉਨ੍ਹਾਂ ਦੇ ਘਰ ਅਤੇ ਪਿੰਡ ਤਬਾਹ ਕਰ ਦਿੱਤੇ ਜਾਂਦੇ ਤਾਂ ਕਿ ਉਹ ਪਰਤਣ ਜੋਗੇ ਹੀ ਨਾ ਰਹਿਣ।



*ਆਪਣੇ ਰਵਾਇਤੀ ਲਿਬਾਸ ਵਿਚ ਸਜੇ ਮੂਲਵਾਸੀ ਬੱਚੇ।*

ਇਹਨਾਂ ਸਕੂਲਾਂ ਵਿਚ ਜਾਣ-ਬੁਝ ਕੇ ਬੱਚਿਆਂ ਨਾਲ ਬਹੁਤ ਬੁਰਾ ਸਲੂਕ ਕਰਨ ਵਾਲੇ ਕੁਰਖਤ ਕਰਨਾ ਪੈਂਦਾ ਸੀ। ਗਿਰਜਿਆਂ ਦੇ ਪਾਦਰੀ ਵੀ ਓਨੇ ਹੀ ਮਾੜੇ ਹੁੰਦੇ। ਬਿਮਾਰੀ, ਬੇਧਿਆਨੀ ਅਤੇ ਘਟੀਆ ਖਾਣੇ ਦੀ ਵਜ੍ਹਾ ਨਾਲ ਅਨੇਕਾਂ ਬੱਚੇ ਮਰ ਗਏ। ਉਨ੍ਹਾਂ ਦੇ ਦਫਨ ਦਾ ਸਹੀ ਰਿਕਾਰਡ ਵੀ ਨਹੀਂ ਰੱਖਿਆ ਗਿਆ ਤਾਂ ਕਿ ਉਨ੍ਹਾਂ ਦੇ ਮਾਪੇ ਕਬਰਾਂ 'ਤੇ ਬਹਿ ਕੇ ਕੀਰਨੇ ਵੀ ਨਾ ਪਾ ਸਕਣ। ਜਿਹੜੇ ਬੱਚੇ ਇਨ੍ਹਾਂ ਸਕੂਲਾਂ ਵਿਚ ਪੜ੍ਹੇ ਉਹ ਆਪਣੇ ਮਾਪਿਆਂ ਅਤੇ ਘਰਾਂ ਤੋਂ ਇੰਨੀ ਬੁਰੀ ਟੁੱਟ ਗਏ ਕਿ ਉਨ੍ਹਾਂ ਵਿਚ 'ਪਰਿਵਾਰ' ਦੀ ਕੋਈ ਭਾਵਨਾ ਹੀ ਨਹੀਂ ਪੈਦਾ ਹੋ ਸਕੀ; ਇਸ ਲਈ ਉਹ ਆਪਣਾ ਪਰਿਵਾਰ ਬਣਾਉਣ ਦੇ ਕਾਬਲ ਵੀ ਨਾ ਰਹੇ। ਜਦੋਂ ਇਹ ਸਕੂਲ ਬੰਦ ਕੀਤੇ ਗਏ ਤਾਂ ਵੀ ਸਰਕਾਰਾਂ ਦਾ ਵਿਸ਼ਵਾਸ ਇਹ ਸੀ ਕਿ ਮੂਲਵਾਸੀ ਲੋਕ ਇਨ੍ਹਾਂ ਬੱਚਿਆਂ ਦਾ ਸਹੀ ਪਾਲਣ-ਪੋਸ਼ਣ ਨਹੀਂ ਕਰ ਸਕਦੇ। ਫਿਰ ਗੋਰੇ ਲੋਕਾਂ ਨੂੰ ਖੁੱਲ੍ਹ ਦਿੱਤੀ ਗਈ ਕਿ ਉਹ ਇਨ੍ਹਾਂ ਬੱਚਿਆਂ ਨੂੰ ਗੋਦ ਲੈ ਕੇ ਪਾਲਣ ਜਿਸ ਵਾਸਤੇ ਸਰਕਾਰ ਆਰਥਿਕ ਮਦਦ ਦਿੰਦੀ ਸੀ ਪਰ ਜਿਨ੍ਹਾਂ ਬੱਚਿਆਂ ਨੂੰ ਮੂਲਵਾਸੀਆਂ ਕੋਲੋਂ ਖੋਹ ਲਿਆ ਜਾਂਦਾ ਉਨ੍ਹਾਂ ਦੇ ਮਾਪਿਆਂ ਕੋਲ ਕਿਸੇ ਕਿਸਮ ਦੀ ਅਪੀਲ-ਦਲੀਲ ਜਾਂ ਹੋਰ ਚਾਰਾਗੋਈ ਨਹੀਂ ਸੀ। ਕੁਝ ਬੱਚੇ ਚੰਗੀ ਤਰ੍ਹਾਂ ਵੀ ਪਲੇ ਪਰ ਬਹੁਤੇ ਆਪਣੀ ਪਛਾਣ ਗੁਆ ਬੈਠੇ। ਉਨ੍ਹਾਂ ਲਈ ਜ਼ਿੰਦਗੀ ਇਕ ਭੰਬਲਭੂਸੇ ਤੋਂ ਜ਼ਿਆਦਾ ਕੁਝ ਵੀ ਨਹੀਂ ਸੀ। ਮੂਲਵਾਸੀਆਂ ਦੀ ਸਮੁੱਚੀ ਹੋਣੀ ਦਾ ਅੰਦਾਜ਼ਾ ਲੋਰੇਨ ਮੇਅਰ ਦੀ ਇਸ ਕਵਿਤਾ ਤੋਂ ਲਾਇਆ ਜਾ ਸਕਦਾ ਹੈ ਜਿਸ ਵਿਚ ਉਹ ਜ਼ਮੀਨਾਂ ਤੋਂ ਲੈ ਕੇ ਆਪਣੀ ਪਰੰਪਰਾ ਤੱਕ ਦੇ ਖੁੱਸਣ ਦਾ ਜ਼ਿਕਰ ਕਰਦੀ ਹੈ। ਅੰਤ 'ਤੇ 1870 ਦਾ ਜ਼ਿਕਰ ਹੈ ਜਦੋਂ ਮੈਨੀਟੋਬਾ ਦੀ 'ਰੈੱਡ ਰਿਵਰ ਸੈਟਲਮੈਂਟ' ਹੋਈ ਸੀ ਅਤੇ ਗੋਰਿਆਂ ਨੇ ਕਾਬਜ਼ ਹੋਣ ਪਿੱਛੋਂ ਬਾਇਸਨਜ਼ ਨਾਂ ਦੇ ਲੱਖਾਂ ਜਾਨਵਰਾਂ ਨੂੰ ਮਾਰ ਦਿੱਤਾ ਸੀ। ਇਹ ਮੂਲਵਾਸੀਆਂ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਸਨ; ਉਹੀ ਉਨ੍ਹਾਂ ਦੀ ਖੁਰਾਕ ਸਨ ਅਤੇ ਉਨ੍ਹਾਂ ਤੋਂ ਹੀ ਵਸਤਰ ਬਣਾਏ ਜਾਂਦੇ ਸਨ। ਬਾਇਸਨਾਂ ਦੇ ਮਰਨ ਪਿੱਛੋਂ ਮੂਲਵਾਸੀ ਆਪਣੀ ਹਰ ਲੋੜ ਵਾਸਤੇ ਗੋਰਿਆਂ ਦੇ ਰਹਿਮ ਹੇਠ ਆ ਗਏ:



*20ਵੀਂ ਸਦੀ ਦੇ ਸ਼ੁਰੂ ਵਿਚ ਖਿੱਚੀ ਮੂਲਵਾਸੀਆਂ ਦੀ ਇਕ ਤਸਵੀਰ।*

ਸਾਡੀ ਜ਼ਮੀਨ ਹਥਿਆਉਣ ਲਈ
ਸਰਕਾਰ ਨੇ ਦਿੱਤਾ ਇਕ ਰੁੱਕਾ
ਸਾਰੇ ਅਮਲ ਨੂੰ
ਛਲ-ਕਪਟ ਦਾ ਜਾਮਾ ਪਵਾ
ਬੇਘਰੇ 'ਮੇਤੀਆਂ' ਨੂੰ ਬੌਂਦਲਾ ਦਿਤਾ।
ਸੋਨੇ ਦੇ ਲਾਲਚ ਵਿਚ
ਝਪਟ ਪਏ ਸਨ
ਨਵੇਂ ਆਏ ਸਮੁੰਦਰੀ ਲੁਟੇਰੇ।
ਦੌਲਤ-ਪ੍ਰੇਮੀ ਠੱਗਾਂ
ਸਾਥੋਂ ਜ਼ਮੀਨਾਂ ਖੋਹਣ ਲਈ
ਸੁੱਟੇ ਸਨ ਗਲੇ-ਸੜੇ ਦਾਣੇ।
ਸਰਕਾਰੀ ਕਾਰਿੰਦਿਆਂ, ਅਫਸਰਾਂ
ਤੇ ਕਾਨੂੰਨ ਨੇ
ਖੋਹਿਆ ਲਾਚਾਰ ਬਾਲਾਂ ਦਾ ਵਿਰਸਾ
ਤੇ ਉਹਨਾਂ ਦੀ ਪਛਾਣ
ਹੁਣ ਅਸੀਂ ਗਾਉਂਦੇ ਹਾਂ
ਆਪਣਾ ਰਾਸ਼ਟਰ ਗੀਤ:
'ਓ ਕੈਨੇਡਾ, ਸਾਡਾ ਘਰ,
ਸਾਡੀ ਮਾਤ-ਭੂਮੀ...।'
ਪਰ ਮੈਨੂੰ ਨਹੀਂ ਭੁਲਦਾ
ਉਹ ਸਰਕਾਰੀ ਰੁੱਕਾ
ਮੈਨੀਟੋਬਾ ਨਹੀਂ ਭੁਲਦਾ
ਤੇ ਯਾਦ ਰਹਿੰਦਾ ਹੈ 1870

ਰਿਹਾਇਸ਼ੀ ਸਕੂਲਾਂ ਵਿਚ ਬੱਚਿਆਂ ਨਾਲ ਹੋਈਆਂ ਜ਼ਿਆਦਤੀਆਂ ਬਾਰੇ 'ਸਚਾਈ' ਖੋਜਣ ਵਾਲਾ ਕਮਿਸ਼ਨ ਬਿਠਾਇਆ ਗਿਆ ਸੀ ਜਿਸ ਨੇ ਆਪਣੀ ਰਿਪੋਰਟ ਵਿਚ ਇਸ ਨੂੰ ਮੂਲਵਾਸੀਆਂ ਦੀ 'ਸਭਿਆਚਾਰਕ ਨਸਲਕੁਸ਼ੀ' ਕਰਾਰ ਦਿੱਤਾ ਅਤੇ ਇੱਥੋਂ ਤੱਕ ਕਿਹਾ ਕਿ ਸ਼ਾਇਦ ਹੀ ਕੋਈ ਮੂਲਵਾਸੀ ਪਰਿਵਾਰ ਇਸ ਆਤੰਕ ਦੇ ਪ੍ਰਭਾਵ ਤੋਂ ਬਚਿਆ ਹੋਵੇ। ਪ੍ਰਾਈਮ ਮਿਨਿਸਟਰ ਹਾਰਪਰ (2006-15) ਦੀ ਸਰਕਾਰ ਨੇ ਇਸ ਗੱਲ ਵਾਸਤੇ ਮੂਲਵਾਸੀਆਂ ਪਾਸੋਂ ਮੁਆਫੀ ਮੰਗੀ ਅਤੇ ਆਰਥਿਕ ਸਹਾਇਤਾ ਵੀ ਦਿੱਤੀ। ਪੁਲਾਂ ਹੇਠੋਂ ਭਾਵੇਂ ਬਹੁਤ ਪਾਣੀ ਵਹਿ ਚੁੱਕਾ ਹੈ, ਫਿਰ ਵੀ ਮੂਲਵਾਸੀਆਂ ਨੂੰ ਜਜ਼ਬਾਤੀ ਠੁੰਮ੍ਹਣਾ ਮਿਲ ਰਿਹਾ ਹੈ। ਉਨ੍ਹਾਂ ਦੇ ਰਾਖਵੇਂ ਇਲਾਕਿਆਂ ਨੂੰ, ਜਿੱਥੇ ਅਜੇ ਵੀ ਉਨ੍ਹਾਂ ਦਾ ਆਪਣੇ ਕਾਨੂੰਨ ਮੁਤਾਬਕ ਰਾਜ ਚਲਦਾ ਹੈ, ਬਿਹਤਰ ਬਣਾਉਣ ਲਈ ਸਕੀਮਾਂ ਘੜੀਆਂ ਜਾ ਰਹੀਆਂ ਹਨ। ਸਸਤੀ ਸ਼ਰਾਬ ਨੇ ਕਈ ਨਸਲਾਂ ਨੂੰ ਪੁੱਟ ਕੇ ਰੱਖ ਦਿੱਤਾ ਹੈ। ਮੌਜੂਦਾ ਨਿਜ਼ਾਮ ਇਨ੍ਹਾਂ ਸਮੱਸਿਆਵਾਂ ਬਾਰੇ ਹਾਂ-ਪੱਖੀ ਸੋਚ ਨਾਲ ਚੱਲ ਰਿਹਾ ਹੈ। ਜਸਟਿਨ ਟਰੂਡੋ ਨੇ ਉਨ੍ਹਾਂ ਬੱਚਿਆਂ ਕੋਲੋਂ ਵੀ ਮੁਆਫੀ ਮੰਗੀ ਜਿਨ੍ਹਾਂ ਦੀਆਂ ਰਿਹਾਇਸ਼ੀ ਸਕੂਲਾਂ ਨੇ ਜ਼ਿੰਦਗੀਆਂ ਤਬਾਹ ਕਰ ਦਿੱਤੀਆਂ। ਮੈਨੀਟੋਬਾ ਪਹਿਲੀ ਸੂਬਾਈ ਸਰਕਾਰ ਹੈ ਜਿਸ ਦੇ ਪ੍ਰੀਮੀਅਰ ਗਰੇਗ ਸੀਲਿੰਗਰ ਨੇ 2015 'ਚ ਖੁੱਲ੍ਹੇ ਸ਼ਬਦਾਂ ਵਿਚ ਬੱਚਿਆਂ ਨੂੰ ਮਾਪਿਆਂ ਪਾਸੋਂ ਖੋਹ ਕੇ ਯੂਰਪੀਨ ਪਾਲਕਾਂ ਦੇ ਹਵਾਲੇ ਕਰਨ ਵਾਸਤੇ ਮੁਆਫੀ ਮੰਗੀ। ਰਿਪੋਰਟ ਤਿਆਰ ਕਰਨ ਵਾਲੇ ਜੱਜ ਜਸਟਿਸ ਸਿੰਕਲੇਅਰ ਨੇ ਆਖਿਆ ਸੀ ਕਿ ਇਸ ਮੁਆਫੀ ਦਾ ਉਦੋਂ ਤੱਕ ਕੋਈ ਅਰਥ ਨਹੀਂ, ਜਦ ਤੱਕ ਕਿ ਇਸ ਨੂੰ ਵਿਹਾਰ ਵਿਚ ਨਹੀਂ ਬਦਲਿਆ ਜਾਂਦਾ। ਸੀਲਿੰਗਰ ਨੇ ਕਿਹਾ ਸੀ ਕਿ ਆਸ ਹੈ ਕਿ ਹੁਣ ਅਸੀਂ ਸਮਝੌਤੇ, ਪੁਰਾਣੇ ਜ਼ਖਮਾਂ ਨੂੰ ਭਰਨ ਅਤੇ ਆਪਸੀ ਸਹਿਯੋਗ ਦੇ ਨਵੇਂ ਰਾਹ 'ਤੇ ਤੁਰ ਸਕਦੇ ਹਾਂ। ਇਹ ਲੰਮਾ ਸਫਰ ਹੋਵੇਗਾ ਕਿਉਂਕਿ ਜ਼ਖਮ ਭਰਦਿਆਂ ਵਕਤ ਲੱਗਦਾ ਹੈ ਪਰ ਇਹ ਇਸ ਗੱਲ ਦੀ ਜ਼ਿੰਦਾ ਮਿਸਾਲ ਹੈ ਕਿ ਕੋਈ ਸਟੇਟ ਸੱਚੇ ਦਿਲੋਂ ਮੁਆਫੀ ਮੰਗ ਕੇ ਦੁਖੀਆਂ ਦੇ ਜ਼ਖਮਾਂ ਉਤੇ ਫੇਹੇ ਧਰ ਸਕਦੀ ਹੈ। ਇਹ ਦੇਖ ਕੇ ਮਨ ਨੂੰ ਧਰਵਾਸ ਹੁੰਦਾ ਹੈ ਕਿ ਅੱਜਕਲ੍ਹ ਸਰਕਾਰੀ ਇਮਾਰਤਾਂ ਦੇ ਬਾਹਰ ਇਸ ਤਰ੍ਹਾਂ ਦਾ ਬੋਰਡ ਲੱਗਾ ਹੁੰਦਾ ਹੈ: "ਯੂਨੀਵਰਸਟੀ ਆਫ ਮੈਨੀਟੋਬਾ ਦੇ ਕੈਂਪਸ ਦੀ ਇਮਾਰਤ ਅਨੀਸ਼ਾਬੇਗ, ਕ੍ਰੀ, ਓਜੀ-ਕ੍ਰੀ, ਡਕੋਟਾ ਅਤੇ ਡੀਨ ਲੋਕਾਂ ਦੀ ਮੂਲ-ਧਰਤੀ ਅਤੇ ਮੇਤੀਆਂ ਦੀ ਜਨਮ-ਭੂਮੀ ਉਤੇ ਬਣੀ ਹੋਈ ਹੈ। ਇਨ੍ਹਾਂ ਇਲਾਕਿਆਂ ਬਾਰੇ ਹੋਏ ਸਮਝੌਤਿਆਂ ਦੀ ਅਸੀਂ ਕਦਰ ਕਰਦੇ ਹਾਂ ਅਤੇ ਸਵੀਕਾਰ ਕਰਦੇ ਹਾਂ ਕਿ ਬੀਤੇ ਵਿਚ ਸਾਥੋਂ ਗਲਤੀਆਂ ਹੋਈਆਂ ਜਿਨ੍ਹਾਂ ਨਾਲ ਨੁਕਸਾਨ ਹੋਏ। ਅਸੀਂ ਸਮਝੌਤੇ ਅਤੇ ਸਹਿਯੋਗ ਦੀ ਭਾਵਨਾ ਵਿਚ ਮੂਲਵਾਸੀਆਂ ਦੇ ਭਾਈਵਾਲ ਬਣ ਕੇ ਕੰਮ ਕਰਨ ਲਈ ਆਪਣੇ ਆਪ ਨੂੰ ਸਮਰਪਿਤ ਕਰਦੇ ਹਾਂ।" ਇਹ ਸੁਫਨੇ ਵਰਗਾ ਸਵਸਥ ਅਤੇ ਸੱਚਾ ਬਹੁ-ਸਭਿਆਚਾਰਵਾਦ ਹੈ।

ਕੀ ਹਿੰਦੋਸਤਾਨ ਦੀਆਂ ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਦਿੱਲੀ ਦੇ ਸਿੱਖ-ਵਿਰੋਧੀ ਨਸਲਘਾਤ, ਗੁਜਰਾਤ ਦੇ ਮੁਸਲਿਮ-ਵਿਰੋਧੀ ਦੰਗਿਆਂ, ਕਸ਼ਮੀਰ ਦੇ ਪੰਡਿਤ-ਦੇਸ਼-ਨਿਕਾਲੇ ਵਰਗੀਆਂ ਦਿਲ-ਦਹਿਲਾਊ ਘਟਨਾਵਾਂ ਅਤੇ ਅਕਾਲ ਤਖਤ ਨੂੰ ਤਬਾਹ ਕਰਨ ਦੀ ਬੇਅਕਲੀ ਵਾਸਤੇ ਮੁਆਫੀ ਮੰਗਦਿਆਂ ਐਸੇ ਬੋਰਡ ਲਗਾ ਸਕਦੀਆਂ ਹਨ?

# ਤਾਨਾਸ਼ਾਹ ਦਾ ਖਾਕਾ: ਦਿ ਗਰੇਟ ਡਿਕਟੇਟਰ

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330



***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸੰਸਾਰ ਪ੍ਰਸਿੱਧ ਫਿਲਮਸਾਜ਼ ਚਾਰਲੀ ਚੈਪਲਿਨ ਦੀ ਫਿਲਮ 'ਦਿ ਗਰੇਟ ਡਿਕਟੇਟਰ' ਬਾਰੇ ਚਰਚਾ ਕੀਤੀ ਗਈ ਹੈ। ਇਹ ਫਿਲਮ ਫਾਸ਼ੀਵਾਦ 'ਤੇ ਤਿੱਖੀ ਟਿੱਪਣੀ ਹੈ ਅਤੇ ਫਿਲਮਸਾਜ਼ ਨੇ ਫਾਸ਼ੀਵਾਦ ਬਾਰੇ ਸਵਾਲ-ਦਰ-ਸਵਾਲ ਖੜ੍ਹੇ ਕੀਤੇ ਹਨ। । -ਸੰਪਾਦਕ***




***ਫਿਲਮ 'ਦਿ ਗਰੇਟ ਡਿਕਟੇਟਰ' ਦੇ ਕਰਤਾ-ਧਰਤਾ ਚਾਰਲੀ ਚੈਪਲਿਨ ਦੀ ਕਿਤਾਬ ਦਾ ਮੁਖੜਾ।***

ਸੰਸਾਰ ਪ੍ਰਸਿੱਧ ਕਾਮੇਡੀਅਨ ਚਾਰਲੀ ਚੈਪਲਿਨ ਅਤੇ ਐਡੋਲਫ ਹਿਟਲਰ ਦਾ ਜਨਮ 1899 ਵਿਚ ਇਕੋ ਹਫਤੇ ਵਿਚ ਹੋਇਆ। ਉਹਨਾਂ ਵਿਚ ਸਭ ਤੋਂ ਵੱਡੀ 'ਸਾਂਝ' ਉਹਨਾਂ ਦੀਆਂ ਮੁੱਛਾਂ ਅਤੇ ਉਹਨਾਂ ਦਾ ਕੱਦ ਸੀ ਜਿਸ ਕਾਰਨ 1938 ਵਿਚ ਜਦੋਂ ਅਮਰੀਕੀ ਹਾਲੇ ਨਾਜ਼ੀ ਜਰਮਨੀ ਨਾਲ ਪਾਈ ਨਾਪਾਕ ਦੋਸਤੀ ਦਾ ਨਿੱਘ ਮਾਣ ਰਹੇ ਸਨ, ਚਾਰਲੀ ਚੈਪਲਿਨ ਨੇ ਆਪਣੇ ਕਰੀਅਰ ਅਤੇ ਜ਼ਿੰਦਗੀ ਵਿਚ ਫਿਲਮ 'ਦਿ ਗਰੇਟ ਡਿਕਟੇਟਰ' ਬਣਾ ਕੇ ਨਾ ਸਿਰਫ ਜਲਾਵਤਨੀ ਨੂੰ ਸੱਦਾ ਦਿੱਤਾ ਸਗੋਂ ਨਾਜ਼ੀਆਂ ਨੇ ਉਸ ਦੀ ਫਿਲਮਾਂ, ਦਫਤਰ ਤੇ ਘਰ ਨੂੰ ਵੀ ਤਹਿਸ-ਨਹਿਸ ਕਰ ਦਿੱਤਾ। ਇਸ ਫਿਲਮ ਨੂੰ ਬਣਾਉਣ ਤੱਕ ਚਾਰਲੀ ਚੈਪਲਿਨ ਅਦਾਕਾਰ, ਨਿਰਮਾਤਾ ਤੇ ਫਿਲਮਸਾਜ਼ ਵਜੋਂ ਸਿਨੇਮਾ ਵਿਚ ਇਤਿਹਾਸ ਰਚ ਚੁੱਕੇ ਸਨ ਅਤੇ ਉਹਨਾਂ ਨੂੰ ਸੁਹਿਰਦ ਤੇ ਮਾਨਵਤਾਵਾਦੀ ਕਲਾਕਾਰ ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਫਿਰ ਉਹਨਾਂ ਨੇ ਇਸ ਫਿਲਮ ਰਾਹੀ ਆਪਣਾ ਕੀਮਤੀ ਕਰੀਅਰ ਇੱਥੋਂ ਤੱਕ ਕਿ ਆਪਣੀ ਜਾਨ ਤੱਕ ਨੂੰ ਖਤਰੇ ਵਿਚ ਕਿਉਂ ਪਾਇਆ? ਅੱਜ ਦੇ ਦੌਰ ਵਿਚ ਜਦੋਂ ਵੱਖੋ-ਵੱਖ ਮੁਲਕਾਂ ਵਿਚ ਫਿਰ ਤੋਂ ਨਵ-ਫਾਸ਼ੀਵਾਦ ਦੀ ਆਮਦ ਹੋ ਰਹੀ ਹੈ ਜਾਂ ਹੋ ਚੁੱਕੀ ਹੈ, ਤਾਂ ਚਾਰਲੀ ਚੈਪਲਿਨ ਦੀ ਇਸ ਫਿਲਮ ਨੂੰ ਯਾਦ ਕਰਨਾ ਫਾਸ਼ੀਵਾਦ ਦੀਆਂ ਪਰਤਾਂ ਨੂੰ ਸਮਝਣ ਅਤੇ ਉਸ ਖਿਲਾਫ ਸਾਂਝਾ ਮੁਹਾਜ਼ ਖੜ੍ਹਾ ਕਰਨ ਲਈ ਬੇਹੱਦ ਮਹੱਤਵਪੂਰਨ ਹੈ।

ਇਸ ਫਿ.ਲਮ ਵਿਚ ਚਾਰਲੀ ਚੈਪਲਿਨ ਨੇ ਦੋ ਕਿਰਦਾਰ ਅਦਾ ਕੀਤੇ ਹਨ। 1938 ਤੱਕ ਅਜੇ ਹਿਟਲਰ ਦਾ ਖ਼ੂੰਖਾਰ ਤੇ ਤਾਨਾਸ਼ਾਹੀ ਵਾਲਾ ਰੂਪ ਉਘੜਨਾ ਸ਼ੁਰੂ ਨਹੀਂ ਹੋਇਆ ਸੀ। ਅਮਰੀਕਾ ਤੇ ਬਾਕੀ ਮੋਹਰੀ ਮੁਲਕਾਂ ਨੂੰ ਹਿਟਲਰ ਦੀ ਰਾਸ਼ਟਰੀਵਾਦੀ ਪਾਰਟੀ ਦੀਆਂ ਨੀਤੀਆਂ ਅਤੇ ਯੋਜਨਾਵਾਂ ਵਿਚ ਕੋਈ ਜ਼ਿਆਦਾ ਦਿੱਕਤ ਨਜ਼ਰ ਸੀ ਆ ਰਹੀ ਅਤੇ ਉਥੇ ਦੇ ਨਸਲਵਾਦੀ ਤੇ ਉਚ ਤਬਕਿਆਂ ਦਾ ਮੰਨਣਾ ਸੀ ਕਿ ਜਰਮਨੀ ਤੇ ਇਟਲੀ ਵਿਚ ਕੋਈ ਦਖਲ ਦੇਣ ਦੀ ਜ਼ਰੂਰਤ ਨਹੀਂ। ਇਸ ਫਾਸ਼ੀਵਾਦ ਦੇ ਉਭਰਨ ਦੀ ਸ਼ੁਰੂ ਦੇ ਦਿਨਾਂ ਵਿਚ ਹੀ ਚਾਰਲੀ ਚੈਪਲਿਨ ਨੇ ਇਸ ਫਿਲਮ ਬਣਾ ਕੇ ਸਾਬਿਤ ਕਰ ਦਿੱਤਾ ਕਿ ਉਸ ਨੇ ਦੂਰ-ਅੰਦੇਸ਼ ਕਲਾਕਾਰ ਵਾਂਗ ਆਉਣ ਵਾਲੇ ਭਿਅੰਕਰ ਦੌਰ ਨੂੰ ਪਹਿਲਾ ਹੀ ਭਾਂਪ ਲਿਆ ਸੀ। ਬਾਅਦ ਵਿਚ ਇੰਟਰਵਿਊ ਵਿਚ ਉਹ ਕਹਿੰਦਾ ਹੈ, ''ਮੈਨੂੰ ਇਸ ਗੱਲ ਦਾ ਬਿਲਕੁਲ ਅੰਦਾਜ਼ਾ ਨਹੀਂ ਸੀ, ਇਹ ਸਭ ਇੰਨੇ ਬੁਰੇ ਰੂਪ ਵਿਚ ਵਾਪਰੇਗਾ। ਮੈਂ ਇਸ ਸਿਆਸਤ ਨੂੰ ਸਮਝਦਾ ਸੀ ਪਰ ਬਾਅਦ ਵਿਚ ਨਾਜ਼ੀ ਕੈਂਪਾਂ ਵਿਚ ਵਾਪਰੀਆਂ ਤਰਾਸਦੀਆਂ ਤੇ ਤਸੀਹਿਆਂ ਬਾਰੇ ਪੜ੍ਹਣ-ਸੁਣਨ ਤੋਂ ਬਾਅਦ ਮੈਨੂੰ ਲੱਗਿਆ ਕਿ ਮੈਂ ਤਾਂ ਇਸ ਦੇ ਖਿਲਾਫ ਕੁਝ ਵੀ ਨਹੀਂ ਕਰ ਸਕਿਆ।''

ਇਹ ਫਿਲਮ ਰਿਲੀਜ਼ ਹੁੰਦੇ ਸਾਰ ਹੀ ਸਪੇਨ, ਇਟਲੀ ਅਤੇ ਆਇਰਲੈਂਡ ਵਿਚ ਇਸ ਉਤੇ ਪਾਬੰਦੀ ਲੱਗ ਗਈ। ਪਾਬੰਦੀ ਦਾ ਸਭ ਤੋਂ ਵੱਡਾ ਕਾਰਨ ਇਸ ਵਿਚ ਮੌਜੂਦ ਇੱਕ ਖਾਸ ਭਾਸ਼ਣ ਸੀ ਜਿਹੜਾ ਟੁਕੜਿਆਂ-ਟੁਕੜਿਆਂ ਵਿਚ ਰੇਡੀਓ ਰਾਹੀ ਸਾਰੀ ਦੁਨੀਆ ਦੇ ਕੋਨਿਆਂ ਵਿਚ ਪਹੁੰਚਿਆ। ਇਸ ਭਾਸ਼ਣ ਨੇ ਸਿਆਸੀ ਤੌਰ 'ਤੇ ਨਵੀਂ ਉਭਰ ਰਹੀ ਤਾਨਾਸ਼ਾਹੀ ਦੇ ਚਿੰਨ੍ਹਾਂ, ਬਿੰਬਾਂ ਤੇ ਸੰਕੇਤਾਂ ਤੇ ਨਾ ਸਿਰਫ ਸਿੱਧਾ ਵਾਰ ਕੀਤਾ ਸਗੋਂ ਇਹਨਾਂ ਦੇ ਪਿੱਛੇ ਕੰਮ ਕਰਦੀ ਵਿਚਾਰਧਾਰਾ ਤੇ ਸੋਚ ਨੂੰ ਵੀ ਨੰਗਿਆਂ ਕੀਤਾ। ਫਿਲਮ ਵਿਚ ਪਹਿਲੀ ਵਿਸ਼ਵ ਜੰਗ ਦੌਰਾਨ ਇੱਕ ਸੈਨਿਕ ਜਿਸ ਦਾ ਮੂਲ ਪੇਸ਼ਾ ਨਾਈ ਹੈ, ਇੱਕ ਜਰਮਨ ਪਾਇਲਟ ਸਚਿਉਲਿਟ ਦੀ ਜਾਨ ਬਚਾਉਂਦਾ ਹੈ ਜਦੋਂ ਕਿ ਉਸ ਨੂੰ ਇਸ ਗੱਲ ਦਾ ਇਲਮ ਤੱਕ ਨਹੀਂ ਕਿ ਉਹ ਅਸਲ ਵਿਚ ਉਸ ਦਾ ਦੁਸ਼ਮਣ ਹੈ। ਜਾਨ ਬਚਾਉਣ ਦੇ ਇਸ ਚੱਕਰ ਵਿਚ ਉਸ ਦੀ ਯਾਦ ਸ਼ਕਤੀ ਖੋ ਜਾਂਦੀ ਹੈ। ਪੂਰੇ ਵੀਹ ਸਾਲ ਤਕ ਉਸ ਨੂੰ ਪਤਾ ਹੀ ਨਹੀਂ ਸੀ ਕਿ ਉਹ ਕੌਣ ਹੈ। ਜਦੋਂ ਉਹ ਠੀਕ ਹੁੰਦਾ ਹੈ ਕਿ ਉਹ ਆਪਣੀ ਦੁਕਾਨ ਤੇ ਵਾਪਿਸ ਆਉਂਦਾ ਹੈ। ਉਥੇ ਆ ਕੇ ਆ ਕੇ ਉਸ ਨੂੰ ਪਤਾ ਲੱਗਦਾ ਹੈ ਕਿ ਮੁਲਕ ਵਿਚ ਹੈਕਲ ਨਾਮ ਦਾ ਤਾਨਾਸ਼ਾਹ ਸੱਤਾ ਹਥਿਆ ਚੁੱਕਾ ਹੈ ਅਤੇ ਉਸ ਦੀਆਂ ਫੌਜੀ ਟੁਕੜੀਆਂ ਸਾਰੇ ਮੁਲਕ ਵਿਚ ਹਰਲ-ਹਰਲ ਕਰਦੀਆਂ ਸ਼ਿਕਾਰੀ ਕੁੱਤਿਆਂ ਵਾਂਗ ਯਹੂਦੀਆਂ ਦਾ ਖੁਰਾ-ਖੋਜ ਮਿਟਾਉਣ ਲਈ ਤਾਹੂ ਹਨ। ਉਹਨਾਂ ਨੇ ਸ਼ਹਿਰਾਂ ਵਿਚ ਯਹੂਦੀਆਂ ਦੇ ਘਰਾਂ ਦੀ ਨਿਸ਼ਾਨਦੇਹੀ ਕਰ ਲਈ ਹੈ ਅਤੇ ਉਹ ਉਹਨਾਂ ਦੀ ਜੜ੍ਹ ਮੂਲੋਂ ਹੀ ਨਾਸ ਕਰਨ ਤੇ ਉਤਾਰੂ ਹਨ। ਜਰਮਨ ਪਾਇਲਟ ਸਚਿਉਲਿਟ ਉਸ ਦੀ ਦੁਕਾਨ ਤੇ ਹਮਲੇ ਸਮੇਂ ਉਸ ਨੂੰ ਪਛਾਣ ਲੈਂਦਾ ਹੈ ਅਤੇ ਉਸ ਦੀ ਜਾਨ ਬਚਾ ਲੈਂਦਾ ਹੈ। ਅੰਤ ਵਿਚ ਉਹਨਾਂ ਦੀ ਦੋਸਤੀ ਉਹਨਾਂ ਨੂੰ ਨਾਜ਼ੀ ਤਸੀਹਾ ਕੇਂਦਰ ਵਿਚ ਪੁਚਾ ਦਿੰਦਾ ਹੈ। ਇਸ ਦੌਰਾਨ ਹੀ ਕਿਸ਼ਤੀ ਦੀ ਇੱਕ ਦੁਰਘਟਨਾ ਹੋਣ ਦੌਰਾਨ ਤਾਨਾਸ਼ਾਹ ਗੁੰਮ ਹੋ ਜਾਂਦਾ ਹੈ ਤੇ ਉਸ ਨਾਈ ਨੂੰ ਸੈਨਿਕ ਤਾਨਾਸ਼ਾਹ ਸਮਝ ਲੈਂਦੇ ਹਨ। ਉਸ ਨੂੰ ਸੈਨਿਕਾਂ ਨੂੰ ਸੰਬੋਧਿਤ ਕਰਨ ਲਈ ਬੁਲਾਇਆ ਜਾਂਦਾ ਹੈ। ਇੱਥੇ ਉਹ ਅਜਿਹਾ ਭਾਸ਼ਣ ਦਿੰਦਾ ਹੈ ਜਿਹੜਾ ਤਾਨਾਸ਼ਾਹੀ ਦੇ ਖਿਲਾਫ ਨਵਾਂ ਵਿਰੋਧਾਤਮਿਕ ਸਿਧਾਂਤਕ ਢਾਂਚਾ ਖੜ੍ਹਾ ਕਰ ਦਿੰਦਾ ਹੈ। ਉਹ ਆਖਦਾ ਹੈ, ''ਮੈਨੂੰ ਮੁਆਫ ਕਰਿਉ, ਮੈਂ ਬਾਦਸ਼ਾਹ ਨਹੀਂ ਬਣਨਾ ਚਾਹੁੰਦਾ। ਅਸਲ ਵਿਚ ਇਹ ਮੇਰਾ ਕੰਮ ਹੀ ਨਹੀਂ। ਮੈਂ ਕਿਸੇ ਨੂੰ ਜਿੱਤਣਾ ਨਹੀਂ ਚਾਹੁੰਦਾ, ਨਾ ਹੀ ਮੈਂ ਕਿਸੇ ਤੇ ਰਾਜ ਕਰਨਾ। ਮੈਂ ਤਾਂ ਸਭ ਦੀ ਮਦਦ ਕਰਨਾ ਚਾਹੁੰਦਾ। ਅਸੀਂ ਸਾਰੇ ਇੱਕ-ਦੂਜੇ ਦੀ ਮਦਦ ਕਰਨਾ ਚਾਹੁੰਦੇ ਹਾਂ। ਅਸੀਂ ਇਨਸਾਨ ਤਾਂ ਹੁੰਦੇ ਹੀ ਇੱਦਾਂ ਦੇ ਹਾਂ। ਅਸੀਂ ਦੂਜਿਆਂ ਦੀ ਖੁਸ਼ੀ ਜਿਊਣਾ ਚਾਹੁੰਦੇ ਹਾਂ, ਉਸ ਨੂੰ ਗਮਗੀਨ ਨਹੀਂ ਕਰ ਸਕਦੇ। ਅਸੀਂ ਇੱਕ-ਦੂਜੇ ਨਾਲ ਨਫਰਤ ਜਾਂ ਰੰਜ਼ ਰੱਖਣ ਲਈ ਪੈਂਦਾ ਹੀ ਨਹੀਂ ਹੋਏ। ਧਰਤੀ ਸਾਰਿਆਂ ਦੀ ਹੈ ਤੇ ਸਾਰਿਆਂ ਲਈ ਕਾਫੀ ਹੈ। ਜਿਊਣ ਦਾ ਰਸਤਾ ਤਾਂ ਬਹੁਤ ਖੂਬਸੂਰਤ ਹੈ ਪਰ ਸ਼ਾਇਦ ਅਸੀਂ ਹੀ ਰਸਤਾ ਭਟਕ ਚੁੱਕੇ ਹਾਂ। ਹਵਸ ਤੇ ਲਾਲਚ ਨੇ ਬੰਦੇ ਦੀ ਆਤਮਾ ਵਿਚ ਜ਼ਹਿਰ ਖੋਲ੍ਹ ਦਿੱਤਾ ਹੈ, ਦੁਨੀਆ ਵਿਚ ਨਫਰਤਾਂ ਦੀ ਵਾੜ ਕਰ ਦਿੱਤੀ ਹੈ, ਸਾਨੂੰ ਸਾਰਿਆਂ ਨੂੰ ਆਪਸੀ ਖੂਨ ਖਰਾਬੇ ਤੇ ਦਲਿੱਦਰਪੁਣੇ ਵਿਚ ਧੱਕ ਦਿੱਤਾ ਹੈ। ਸਾਡੇ ਕੋਲ ਮਸ਼ੀਨਾਂ ਨੇ ਪਰ ਅਸੀਂ ਧੜਾ-ਧੜ ਹੋਰ ਬਣਾ ਰਹੇ ਹਾਂ। ਸਾਡੇ ਗਿਆਨ ਨੇ ਸਾਨੂੰ ਸਨਕੀ ਬਣਾ ਧਰਿਆ ਹੈ। ਸਾਡੇ ਝੂਠਾਂ ਨੇ ਸਾਨੂੰ ਪੱਥਰ ਦਿਲ ਤੇ ਸਖਤ ਬਣਾ ਧਰਿਆ ਹੈ। ਅਸੀਂ ਸੋਚਦੇ ਬਹੁਤ ਹਾਂ, ਮਹਿਸੂਸ ਕੁਝ ਵੀ ਨਹੀਂ ਕਰਦੇ। ਮਸ਼ੀਨਾਂ ਤੋਂ ਵੱਧ ਸਾਨੂੰ ਮਾਨਵਤਾ ਦੀ ਜ਼ਰੂਰਤ ਹੈ। ਸਾਨੂੰ ਕੋਮਲਤਾ ਦੀ ਲੋੜ ਹੈ। ਸਾਨੂੰ ਸੁਹਿਰਦਤਾ ਦੀ ਲੋੜ ਹੈ। ਇਹਨਾਂ ਤੋਂ ਬਿਨਾ ਅਸੀਂ ਅਧੂਰੇ ਹਾਂ, ਹਿੰਸਕ ਹਾਂ ਤੇ ਸਾਰਾ ਕੁਝ ਗੁਆ ਬੈਠੇ ਹਾਂ। ਅੱਜ ਰੇਡੀਓ ਤੇ ਹਵਾਈ ਜ਼ਹਾਜ਼ ਨੇ ਸਾਨੂੰ ਆਪਸ ਵਿਚ ਜੋੜਿਆ ਹੈ। ਇਹ ਸਾਰੀਆਂ ਨਵੀਆਂ ਤਕਨੀਕਾਂ ਸਾਡੇ ਤੋਂ ਚੰਗਿਆਈ ਦੀ, ਆਪਸੀ ਸਾਂਝਾਂ ਦੀ ਤੇ ਏਕਤਾ ਦੀ ਮੰਗ ਕਰਦੀਆਂ ਹਨ। ਤੁਸੀਂ ਸਾਰੇ ਜੋ ਮੇਰੀ ਆਵਾਜ਼ ਸੁਣ ਰਹੇ ਹੋ: ਨਿਰਾਸ਼ ਨਾ ਹੋਵੇ। ਇਹ ਨਫਰਤਾਂ ਗੁਜ਼ਰ ਜਾਣਗੀਆਂ। ਤਾਨਾਸ਼ਾਹਾਂ ਨੇ ਮਰ ਜਾਣਾ ਤੇ ਲੋਕਾਂ ਦੀ ਤਾਕਤ ਵਾਪਸ ਉਹਨਾਂ ਕੋਲ ਮੁੜ ਆਉਂਣੀ ਹੈ। ਜਦੋਂ ਤੱਕ ਬੰਦਾ ਜਿਊਂਦਾ ਹੈ ... ਆਜ਼ਾਦੀ ਦੀ ਚਿਣਗ ਨਹੀਂ ਬੁਝ ਸਕਦੀ।

ਪਿਆਰੇ ਸਿਪਾਹੀਓ, ਖੁਦ ਨੂੰ ਨਿਰੰਕਸ਼ਾਂ ਦੇ ਹਵਾਲੇ ਨਾ ਕਰੋ, ਜਿਹਨਾਂ ਨੇ ਤੁਹਾਨੂੰ ਗੁਲਾਮ ਬਣਾਇਆ ਹੋਇਆ ਹੈ, ਤੁਹਾਡੀਆਂ ਜ਼ਿੰਦਗੀਆਂ ਨੂੰ ਖਾਨਿਆਂ ਵਿਚ ਵੰਡ ਧਰਿਆ ਹੈ, ਜਿਹੜੇ ਦਿਨ-ਰਾਤ ਤੁਹਾਨੂੰ ਦੱਸਦੇ ਨੇ ਕਿ ਤੁਸੀਂ ਕੀ ਕਰਨਾ ਤੇ ਕੀ ਨਹੀਂ ਕਰਨਾ, ਕੀ ਸੋਚਣਾ ਤੇ ਕੀ ਨਹੀਂ ਸੋਚਣਾ। ਉਹ ਤੁਹਾਡੇ ਕੋਲੋਂ ਮੁਸ਼ੱਕਤਾਂ ਕਰਵਾਉਂਦੇ ਨੇ, ਖਾਲੀ ਪੇਟ ਰੱਖਦੇ ਨੇ, ਤੁਹਾਡੇ ਨਾਲ ਡੰਗਰਾਂ ਵਾਲਾ ਵਰਤਾਉ ਕਰਦੇ ਨੇ। ਇਹਨਾਂ ਗੈਰ-ਮਨੁੱਖੀ ਖਸਲਤ ਵਾਲੇ ਬੰਦਿਆਂ ਸਾਹਮਣੇ ਨਾ ਝੁਕੋ, ਇਹ ਮਸ਼ੀਨੀ ਨੇ, ਇਹਨਾਂ ਦੇ ਦਿਲ ਮਸ਼ੀਨੀ ਨੇ। ਤੁਸੀਂ ਮਸ਼ੀਨਾਂ ਨਹੀਂ ,ਤੁਸੀ ਡੰਗਰ ਨਹੀਂ, ਤੁਸੀਂ ਜਿਊਂਦੇ ਜਾਗਦੇ ਇਨਸਾਨ ਹੋ। ਨਫਰਤ ਸਿਰਫ ਉਹ ਕਰਦੇ ਨੇ ਜਿਹਨਾਂ ਨੇ ਕਦੇ ਪਿਆਰ ਨਹੀਂ ਕੀਤਾ। ਸਿਰਫ ਗੈਰ-ਮਨੁੱਖੀ ਦਿਲ ਪਿਆਰ ਨਹੀਂ ਕਰਦੇ।'

ਕਿਸੇ ਤਾਨਾਸ਼ਾਹ ਲਈ ਗੈਰ-ਮਨੁੱਖੀ ਹੋਣ ਤੋਂ ਵੱਡੀ ਗਾਲ ਕੀ ਹੋ ਸਕਦੀ ਹੈ? ***(ਨੋਟ: ਪੂਰਾ ਭਾਸ਼ਣ ਸੁਣਨ ਲਈ ਫਿਲਮ ਦੇਖੋ)***




***ਫਿਲਮ 'ਦਿ ਗਰੇਟ ਡਿਕਟੇਟਰ' ਦੇ ਦੋ ਪੋਸਟਰ।***



***ਸੰਸਾਰ ਭਰ ਵਿਚ ਪ੍ਰਸਿੱਧ ਹੋਈ ਚਾਰਲੀ ਚੈਪਲਿਨ ਦੀ ਫਿਲਮ 'ਦਿ ਗਰੇਟ ਡਿਕਟੇਟਰ' ਦੇ ਤਿੰਨ ਵੱਖ-ਵੱਖ ਦ੍ਰਿਸ਼।***

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ



ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com